## Reo-Bankowned Properties

From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763



## Hardeep S.Rai

ਇੰਮੇਗਰੇਸ਼ਨ ਵਕੀਲ
Attorney-at-Law

• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

Fremont
TEL: 510-791-1111
FAX: 510-791-1119



## Kuldip Singh Dhariwal

Attorney At Law

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ

Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538
E-mail: kuldipdhariwal@yahoo.com



Thirteenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 40, October 6, 2012
20451 N Plum Grove Rd. Palatine, IL 60074
Ph:847-359-0746, Fax:847-705-9388


## ਜਨਰਲ ਕੁਲਦੀਪ ਸਿੰਘ ਬਰਾੜ 'ਤੇ ਲੰਡਨ 'ਚ ਹਮਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** 1984 ਵਿਚ ਅਪਰੇਸ਼ਨ ਬਲਿਊ ਸਟਾਰ ਦੀ ਕਮਾਨ ਸੰਭਾਲਣ ਵਾਲੇ ਸੇਵਾਮੁਕਤ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ 'ਤੇ

### ਅਪਰੇਸ਼ਨ ਬਲਿਊ ਸਟਾਰ ਦੀ ਕੀਤੀ ਸੀ ਅਗਵਾਈ

ਲੰਡਨ 'ਚ ਚਾਕੂ ਨਾਲ ਹਮਲਾ ਕਰ ਦਿੱਤਾ ਗਿਆ। 78 ਸਾਲਾ ਜਨਰਲ ਬਰਾੜ 'ਤੇ ਇਹ ਹਮਲਾ ਹੋਟਲ ਦੇ ਬਾਹਰ ਹੋਇਆ। ਇਸ ਮੌਕੇ ਉਨ੍ਹਾਂ ਦੀ ਪਤਨੀ ਵੀ ਨਾਲ ਸੀ। ਉਨ੍ਹਾਂ ਦੇ ਦੋ ਪੁੱਤਰ ਹਨ ਤੇ ਦੋਵੇਂ ਅਮਰੀਕਾ ਵਸੇ ਹੋਏ ਹਨ। ਅਪਰੇਸ਼ਨ ਬਲਿਊ ਸਟਾਰ ਦੀ ਯੋਜਨਾ ਬਣਾਉਣ ਵਾਲੇ ਪੰਜ ਅਹਿਮ ਵਿਅਕਤੀਆਂ 'ਚੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਜਨਰਲ ਵੈਦਿਆ ਦੀ ਹੱਤਿਆ ਹੋ ਚੁੱਕੀ ਹੈ। ਜਨਰਲ ਸੁੰਦਰਜੀ ਤੇ ਜਨਰਲ ਰਣਜੀਤ ਸਿੰਘ ਦਿਆਲ ਕੁਦਰਤੀ ਮੌਤ ਮਰੇ ਅਤੇ ਹੁਣ ਜਨਰਲ ਬਰਾੜ ਉਤੇ ਹਮਲਾ ਹੋ ਗਿਆ ਹੈ।

ਜਨਰਲ ਬਰਾੜ ਦਾ ਕਹਿਣਾ ਹੈ ਕਿ 1984 ਦੇ ਅਪਰੇਸ਼ਨ ਬਲਿਊ ਸਟਾਰ ਕਾਰਨ ਖਾਲਿਸਤਾਨ ਪੱਖੀ ਉਨ੍ਹਾਂ ਦੀ ਜਾਨ ਦੇ ਦੁਸ਼ਮਣ ਬਣੇ ਹੋਏ ਹਨ ਤੇ ਇਹ ਹਮਲਾ ਉਨ੍ਹਾਂ ਵੱਲੋਂ ਹੀ ਕੀਤਾ ਗਿਆ ਹੈ ਪਰ ਫੌਜ ਦੇ ਸਾਬਕਾ ਲੈਫਟੀਨੈਂਟ ਜਨਰਲ ਪੀ ਐਨ ਹੂਣ ਨੇ ਲੈਫਟੀਨੈਂਟ ਜਨਰਲ ਕੇ ਐਸ ਬਰਾੜ 'ਤੇ ਖਾਲਿਸਤਾਨੀ ਪੱਖੀਆਂ ਵੱਲੋਂ ਪੂਰੀ ਯੋਜਨਾ ਨਾਲ ਹਮਲਾ ਕਰਨ ਦੀਆਂ ਰਿਪੋਰਟਾਂ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਇਹ ਹਮਲਾ ਪੂਰੀ ਯੋਜਨਾ ਨਾਲ ਕੀਤਾ ਜਾਂਦਾ ਤਾਂ ਉਨ੍ਹਾਂ ਦਾ ਬਚਣਾ ਮੁਸ਼ਕਿਲ ਸੀ।

ਹਸਪਤਾਲ ਵਿਚੋਂ ਛੁੱਟੀ ਮਿਲਣ ਤੋਂ ਪਹਿਲਾਂ ਜਨਰਲ ਬਰਾੜ ਨੇ ਟੀ.ਵੀ. ਚੈਨਲ ਨਾਲ ਗੱਲਬਾਤ



ਕਰਦਿਆਂ ਕਿਹਾ ਕਿ ਇਹ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਹੀ ਕੋਸ਼ਿਸ਼ ਸੀ। ਉਨ੍ਹਾਂ ਨੂੰ ਇੰਟਰਨੈੱਟ 'ਤੇ ਵੀ ਨਿੱਤ ਧਮਕੀਆਂ ਮਿਲ ਰਹੀਆਂ ਸਨ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਉਹ ਕਈ ਵਾਰ ਬਚ ਚੁੱਕਾ ਹੈ ਪਰ ਅਗਲੇ ਹਮਲੇ ਵਿਚ ਬਚਣਾ ਮੁਸ਼ਕਲ ਹੀ ਨਹੀਂ, ਬਲਕਿ ਨਾਮੁਮਕਿਨ ਹੈ। ਹਰ ਸਾਲ ਛੇ ਜੂਨ ਨੂੰ ਜਦੋਂ ਅਪਰੇਸ਼ਨ ਬਲਿਊ ਸਟਾਰ ਦੀ ਬਰਸੀ ਮਨਾਈ ਜਾਂਦੀ ਹੈ ਤਾਂ ਖਾਸ ਤੌਰ 'ਤੇ ਲੰਡਨ ਵਿਚ ਖਾਲਿਸਤਾਨ ਪੱਖੀ ਸਿੱਖਾਂ ਵੱਲੋਂ ਪ੍ਰਦਰਸ਼ਨ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਨੂੰ ਮਾਰਨ ਦੀ ਸਹੁੰ ਖਾਧੀ ਜਾਂਦੀ ਹੈ।

ਇਸ ਹਮਲੇ ਦੀ ਜਾਂਚ ਕਰ ਰਹੀ ਸਕਾਟਲੈਂਡ ਯਾਰਡ ਨੇ ਇਸ ਹਮਲੇ ਬਾਰੇ ਆਮ ਜਨਤਾ ਤੋਂ ਸਹਿਯੋਗ ਮੰਗਿਆ ਹੈ। ਸਕਾਟਲੈਂਡ ਯਾਰਡ ਨੇ ਦੱਸਿਆ ਕਿ ਲੰਮੀਆਂ ਦਾੜ੍ਹੀਆਂ ਵਾਲੇ ਚਾਰ ਹਮਲਾਵਰਾਂ ਨੇ ਗੂੜ੍ਹੇ ਰੰਗ ਦੇ ਕੱਪੜੇ ਤੇ ਲੰਮੀਆਂ ਕਾਲੀਆਂ ਜੈਕਟਾਂ ਪਹਿਨੀਆਂ ਹੋਈਆਂ ਸਨ। ਮਹਿਕਮੇ ਦੇ ਸੂਹੀਆ ਵਿੰਗ ਵੱਲੋਂ ਹਰ ਪੱਖ ਦੀ ਘੋਖ ਕੀਤੀ ਜਾ ਰਹੀ ਹੈ ਤੇ ਹਮਲੇ ਪਿਛਲੇ ਉਦੇਸ਼ ਦਾ ਪਤਾ ਲਾਇਆ ਜਾ ਰਿਹਾ ਹੈ।

ਇਸੇ ਦੌਰਾਨ ਹਮਲੇ ਲਈ ਕੁਝ ਹੱਦ ਤੱਕ ਭਾਰਤੀ ਅਧਿਕਾਰੀਆਂ ਵਿਚਾਲੇ ਤਾਲਮੇਲ ਦੀ ਕਮੀ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਕਿਉਂਕਿ ਜਨਰਲ ਬਰਾੜ ਨਿੱਜੀ ਦੌਰੇ 'ਤੇ ਆਏ ਸਨ ਪਰ ਇਥੇ ਬਗੈਰ ਕਿਸੇ ਸੁਰੱਖਿਆ ਤੋਂ ਵਿਚਰਨਾ ਉਨ੍ਹਾਂ ਪ੍ਰਤੀ ਭਾਰਤੀ ਅਧਿਕਾਰੀਆਂ ਦੀ ਜ਼ਿੰਮੇਵਾਰੀ 'ਤੇ ਸੁਆਲ ਖੜ੍ਹੇ ਕਰਦਾ ਹੈ। ਸੂਤਰਾਂ ਅਨੁਸਾਰ ਲੰਡਨ ਵਿਚਲੇ ਭਾਰਤੀ ਹਾਈ ਕਮਿਸ਼ਨ ਨੂੰ ਉਨ੍ਹਾਂ ਦੇ ਦੌਰੇ ਬਾਰੇ ਕੁਝ ਵੀ ਪਤਾ ਨਹੀਂ ਸੀ।

ਲੰਡਨ ਵਿਖੇ ਛੁੱਟੀਆਂ ਮਨਾਉਣ ਜਾਣ ਤੋਂ ਕਈ ਮਹੀਨੇ ਪਹਿਲਾਂ ਦਿੱਤੀ ਇੰਟਰਵਿਊ ਦੌਰਾਨ ਜਨਰਲ ਬਰਾੜ ਨੇ ਕਿਹਾ ਸੀ ਕਿ ਉਹ ਅਪਰੇਸ਼ਨ ਬਲਿਊ ਸਟਾਰ ਦੀ ਗੱਲ ਕਰਦੇ ਹਨ ਤਾਂ ਕਈ ਜ਼ਖਮ ਹਰੇ ਹੋ ਜਾਂਦੇ ਹਨ। ਉਨ੍ਹਾਂ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ ਯੋਜਨਾ ਜੇ ਕੁਝ ਦਿਨ ਹੋਰ ਪਛੜ ਜਾਂਦੀ ਤਾਂ ਉਨ੍ਹਾਂ ਨੇ ਆਪਣੀ ਪਤਨੀ ਨਾਲ ਮਹੀਨੇ ਦੀਆਂ ਛੁੱਟੀਆਂ ਮਨਾਉਣ ਲਈ ਮਨੀਲਾ ਚਲੇ ਜਾਣਾ ਸੀ। ਉਦੋਂ ਹੀ ਪੱਛਮੀ ਕਮਾਂਡ ਦੇ ਮੁਖੀ ਜਨਰਲ ਸੁੰਦਰਜੀ, ਚੀਫ਼ ਆਫ

(ਬਾਕੀ ਸਫਾ 6 'ਤੇ)

## ਖੁਫੀਆ ਏਜੰਸੀਆਂ ਦੀ ਚਿਤਾਵਨੀ ਮਗਰੋਂ ਪੰਜਾਬ ਪੁਲਿਸ ਚੌਕਸ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਖੁਫੀਆ ਏਜੰਸੀਆਂ ਵੱਲੋਂ ਚੌਕਸ ਕਰਨ ਤੋਂ ਬਾਅਦ ਪੰਜਾਬ ਪੁਲਿਸ ਸਰਗਰਮ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਪ੍ਰਧਾਨ ਕੁਲਬੀਰ ਸਿੰਘ ਬੜਾ ਪਿੰਡ ਤੇ ਭਾਈ ਦਲਜੀਤ ਸਿੰਘ ਬਿੱਟੂ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੁਣ ਜਲੰਧਰ ਪੁਲਿਸ ਨੇ ਵਿਦੇਸ਼ ਵਿਚੋਂ ਸਰਗਰਮੀਆਂ ਚਲਾਉਣ ਅਤੇ ਖਾੜਕੂ ਜਥੇਬੰਦੀਆਂ ਨੂੰ ਫੰਡ ਮੁਹੱਈਆ ਕਰਵਾਉਣ ਦੇ ਦੋਸ਼ ਤਹਿਤ ਜਸਵੰਤ ਸਿੰਘ ਆਜ਼ਾਦ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਹੀ ਪੁਲਿਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਹੋਰ ਵਧਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕੇਂਦਰੀ ਖੁਫ਼ੀਆ ਏਜੰਸੀ ਨੇ ਪੰਜਾਬ ਪੁਲਿਸ ਨੂੰ ਚੌਕਸ ਕੀਤਾ ਸੀ ਕਿ ਖਾਲਿਸਤਾਨ ਪੱਖੀ ਪੰਜਾਬ 'ਚ ਮੁੜ ਉਭਰ ਲਈ

### ਖਾੜਕੂ ਸਰਗਰਮੀ ਦੇ ਦੋਸ਼ 'ਚ ਜਸਵੰਤ ਸਿੰਘ ਆਜ਼ਾਦ ਗ੍ਰਿਫ਼ਤਾਰ

(ਬਾਕੀ ਸਫਾ 6 'ਤੇ)

## ਭਾਈ ਬੜਾ ਪਿੰਡ 'ਤੇ ਤਸ਼ੱਦਦ ਦਾ ਦੋਸ਼



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂਆਂ ਨੇ ਦੋਸ਼ ਲਾਇਆ ਹੈ ਕਿ ਪੁਲਿਸ ਵਲੋਂ ਪਾਰਟੀ ਪ੍ਰਧਾਨ ਕੁਲਬੀਰ ਸਿੰਘ ਬੜਾ ਪਿੰਡ 'ਤੇ ਤਸ਼ੱਦਦ ਕੀਤਾ ਹੈ। ਪੰਚ ਪ੍ਰਧਾਨੀ ਦੇ ਆਗੂਆਂ ਹਰਪਾਲ ਸਿੰਘ ਚੀਮਾ, ਮਨਧੀਰ ਸਿੰਘ, ਬੀਬੀ ਕਸ਼ਮੀਰ ਕੌਰ ਪਤਨੀ ਭਾਈ ਕੁਲਬੀਰ ਸਿੰਘ, ਮਨਜੀਤ ਸਿੰਘ ਦਾ ਕਹਿਣਾ ਹੈ ਕਿ ਪੁਲਿਸ ਭਾਈ ਕੁਲਬੀਰ ਸਿੰਘ ਬੜਾ ਪਿੰਡ ਨੂੰ ਕਰੰਟ ਲਾ ਕੇ ਤਸੀਹੇ ਦਿੱਤੇ ਹਨ।

ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਪੁਲਿਸ ਨੇ ਬਿਨਾਂ ਕਿਸੇ ਸਬੂਤ ਭਾਈ ਬੜਾ ਪਿੰਡ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਹਿਰਾਸਤ 'ਚ ਉਨ੍ਹਾਂ 'ਚ ਤੀਜੇ ਦਰਜੇ ਦਾ ਤਸ਼ੱਦਦ ਕੀਤਾ। ਉਧਰ, ਅਦਾਲਤ ਨੇ ਭਾਈ ਕੁਲਬੀਰ ਸਿੰਘ ਬੜਾ ਪਿੰਡ ਨੂੰ 10 ਅਕਤੂਬਰ ਤੱਕ ਜੁਡੀਸ਼ੀਅਲ ਰਿਮਾਂਡ 'ਤੇ ਭੇਜ ਦਿੱਤਾ। ਭਾਈ ਬੜਾ ਪਿੰਡ ਦੇ ਵਕੀਲ ਕਸ਼ਮੀਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਉਨ੍ਹਾਂ ਦਾ ਪੁਲਿਸ ਰਿਮਾਂਡ ਇਹ ਕਹਿ ਕੇ ਮੰਗਿਆ ਸੀ ਕਿ ਉਨ੍ਹਾਂ ਕੋਲ 1 ਕਰੋੜ 75 ਲੱਖ ਰੁਪਏ ਵਿਦੇਸ਼ ਵਿਚੋਂ ਆਏ ਹਨ ਜਿਸ ਬਾਰੇ ਪੁਲਿਸ ਨੂੰ ਅਜੇ ਤੱਕ ਜਾਣਕਾਰੀ ਨਹੀਂ ਮਿਲੀ।


## REAL ESTATE & HOME LOANS

ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।



- Low Interest Rate
- 3.5% Down Payment
- Free Credit Report
- Free Pre–Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।

ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।

Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL
Broker / Associate
MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350
SFR Short Sales & Foreclosure Resource
CDPE Certified Distressed Property Expert



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

## Raja™ SWEETS & CATERING®

AUTHORIZED CATERER FOR MAJOR 5-STAR HOTELS

Follow us on:

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com



## Law Office of Manpreet S. Gahra

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
Attorny At Law

Criminal Defense (DUI, simple battery, domestic violence, immigration post-conviction relief)

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617
Email: manpreet@gahralaw.com

# ਪੰਜਾਬੀ ਯੂਨੀਵਰਸਿਟੀ ਗਦਰ ਲਹਿਰ ਦੇ ਇਤਿਹਾਸ ਨੂੰ ਸਿਲੇਬਸ ਵਿਚ ਪੜ੍ਹਾਏਗੀ

**ਸਟਾਕਟਨ (ਬਿਊਰੋ):** ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਗਲੇ ਅਕਾਦਮਿਕ ਸੈਸ਼ਨ ਤੋਂ ਗਦਰ-ਇਤਿਹਾਸ ਨੂੰ ਸਿਲੇਬਸ ਦਾ ਹਿੱਸਾ ਬਣਾਵੇਗੀ। ਇਹ ਇੰਕਸ਼ਾਫ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਗੁਰਦੁਆਰਾ ਸਟਾਕਟਨ ਦੀ ਸੌਵੀਂ ਵਰ੍ਹੇਗੰਢ ਸਬੰਧੀ ਕਰਵਾਈ ਗਈ ਕਾਨਫਰੰਸ ਦੌਰਾਨ ਕੀਤਾ। ਆਪਣੇ ਪ੍ਰਧਾਨਗੀ ਭਾਸ਼ਨ ਵਿਚ ਵਾਈਸ ਚਾਂਸਲਰ ਨੇ ਗਦਰ ਲਹਿਰ ਦੇ ਪਿਛੋਕੜ ਦੀ ਗੱਲ



ਕਰਦਿਆਂ ਕਿਹਾ ਕਿ ਗਦਰ ਲਹਿਰ ਦਾ ਮੁੱਖ ਪ੍ਰੇਰਣਾ ਸਰੋਤ ਗੁਰਬਾਣੀ ਤੇ ਸ਼ਹਾਦਤ ਦਾ ਸੰਕਲਪ ਸੀ ਪਰ ਆਜ਼ਾਦ ਭਾਰਤ ਵਿਚ ਅਹਿੰਸਾ ਦੇ ਬੇਲੋੜੇ ਪ੍ਰਚਾਰ ਨੇ ਗਦਰ ਲਹਿਰ ਨੂੰ ਬਣਦਾ ਥਾਂ ਨਹੀ ਲੈਣ ਦਿਤਾ ਜਿਸ ਕਰਕੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਵਿਦਿਆਰਥੀ ਆਪਣੇ ਮਾਣਮੱਤੇ ਇਤਿਹਾਸ ਤੋ ਅਣਜਾਣ ਰਹਿ ਗਏ।

ਜ਼ਿਕਰਯੋਗ ਹੈ ਕਿ ਸਟਾਕਟਨ ਗੁਰੂ ਘਰ ਦੀ ਸੌਵੀਂ ਵਰ੍ਹੇਗੰਢ ਸਬੰਧੀ ਸਮਾਗਮਾਂ ਦੀ ਲੜੀ ਵਿਚ ਦੋ ਵਿਸ਼ਵ ਪੱਧਰੀ ਅਕਾਦਮਿਕ ਕਾਨਫ਼ਰੰਸਾਂ ਕੀਤੀਆਂ ਗਈਆਂ ਜੋ ਕਿ ਪੈਸਿਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਦੇ ਇਤਿਹਾਸ ਵਿਚ ਸਫਲ ਸਿੱਧ ਹੋਈਆਂ। ਪਿਛਲੇ ਐਤਵਾਰ 30 ਸਤੰਬਰ ਨੂੰ ਯੂਨੀਵਰਸਿਟੀ ਆਫ ਦਾ ਪੈਸਿਫਿਕ, ਸਟਾਕਟਨ ਦੇ 'ਡੀ ਰੋਜ਼ਾ ਬਾਲਰੂਮ' ਵਿਚ ਸਵੇਰੇ 9 ਤੋਂ 5 ਵਜੇ ਤੱਕ ਚੱਲੇ ਸਮਾਗਮ ਦੌਰਾਨ ਸਰੋਤਿਆਂ ਦੀ ਚੌਖੀ ਹਾਜਰੀ ਦਰਸਾਉਂਦੀ ਸੀ ਕਿ ਪੰਜਾਬੀਆਂ ਵਿਚ ਆਪਣੇ ਇਤਿਹਾਸ ਨੂੰ ਜਾਣਨ ਲਈ ਚਾਹਨਾ ਵੱਧ ਰਹੀ ਹੈ। ਕਾਨਫਰੰਸ ਦੇ ਸ਼ੁਰੂ ਵਿਚ ਡਾ. ਤਰਲੋਚਨ ਸਿੰਘ ਨੇ ਸੈਂਟੇਨੀਅਲ ਕਮੇਟੀ ਦੇ ਮੁੱਖੀ ਮਨਜੀਤ ਸਿੰਘ ਉਪਲ ਨੂੰ ਸਵਾਗਤੀ ਸ਼ਬਦ ਕਹਿਣ ਤੇ



ਕਾਨਫਰੰਸ ਨੂੰ ਸ਼ੁਰੂ ਕਰਨ ਲਈ ਸੱਦਾ ਦਿਤਾ।

ਪਹਿਲੇ ਸੈਸ਼ਨ ਦੇ ਪੇਸ਼ਕਰਤਾ ਕੈਲੀਫ਼ੋਰਨੀਆ ਸਟੇਟ ਯੂਨੀਵਰਸਿਟੀ ਸੈਕਰਾਮੈਂਟੋ ਦੇ ਵਿਦਿਆਰਥੀ ਅੰਮ੍ਰਿਤ ਸਿੰਘ ਕੰਡੋਲਾ ਸਨ। ਪਹਿਲਾ ਪਰਚਾ ਭਾਸ਼ਾ ਵਿਗਿਆਨੀ ਡਾ. ਜਸਪਾਲ ਸਿੰਘ ਦਾ ਸੀ ਜਿਨ੍ਹਾਂ 1849 ਤੋਂ ਗਦਰ ਲਹਿਰ ਦੇ ਇਤਿਹਾਸ ਦੀ ਪੜਚੋਲ ਕਰਦਿਆਂ ਅਗਸਤ 15, 1947 ਨੂੰ ਆਜ਼ਾਦੀ ਕਹਿਣ ਦੀ ਥਾਂ ਮਹਿਜ ਇੱਕ ਸੱਤਾ ਦਾ ਤਬਾਦਲਾ ਗਰਦਾਨਿਆ ਜੋ ਕਿ ਪਹਿਲੇ ਦਰਜੇ ਦੇ ਬਸਤੀਵਾਦੀਆਂ ਨੇ ਦੂਜੇ ਦਰਜੇ ਦੇ ਬਸਤੀਵਾਦੀਆਂ ਦੇ ਹੱਥਾਂ ਵਿਚ ਸੌਂਪ ਦਿਤਾ। ਗਦਰੀਆਂ ਦੇ ਸੁਪਨਿਆਂ ਦੀ ਆਜ਼ਾਦੀ ਦੇ ਉਲਟ ਆਜ਼ਾਦੀ ਨੇ ਭਾਰਤ ਦੀ ਸਮਾਜਿਕ, ਸਿਆਸੀ ਤੇ ਭਾਵਨਾਤਮਕ ਜਿੰਦਗੀ ਨੂੰ ਢਾਹ ਲਾਈ।

ਦੂਜੇ ਪੇਪਰ ਵਿਚ ਡਾ. ਜਸਵੀਰ ਸਿੰਘ ਮਾਨ ਨੇ 1918 ਵਿਚ ਸੈਨ ਫਰਾਂਸਿਸਕੋ ਦੇ ਹਿੰਦੂ-ਜਰਮਨ ਸਾਜਿਸ਼ ਕੇਸ ਦੇ ਆਲੇ-ਦੁਆਲੇ ਦੇ ਹਾਲਾਤ ਨੂੰ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕਰਦਿਆਂ ਦੱਸਿਆ ਕਿ ਇਸ ਕੇਸ ਵਿਚ ਗਦਰੀ ਰਾਮ ਸਿੰਘ ਨੇ ਗਦਰੀ ਰਾਮ ਚੰਦਰ ਨੂੰ ਸੈਨ ਫਰਾਂਸਿਸਕੋ ਦੀ ਇੱਕ ਅਦਾਲਤ ਵਿਚ ਗੋਲੀ ਮਾਰ ਕੇ ਮਾਰ ਦਿਤਾ ਸੀ। ਅੰਗਰੇਜ਼ਾਂ ਨਾਲ ਮਿਲੇ ਹੋਣ, ਗਦਰ ਸਮੇਂ ਭਾਰਤ ਗਏ ਗਦਰੀਆਂ ਨੂੰ ਹਥਿਆਰ ਨਾ ਪਹੁੰਚਾਣ ਦੇ ਸ਼ੱਕ ਵਿਚ ਅਤੇ ਜਰਮਨੀ ਤੋਂ ਵਸੂਲੀ ਧੰਨ-ਰਾਸ਼ੀ ਨੂੰ ਹੜੱਪਣ ਦੇ ਦੋਸ਼ ਵਿਚ ਰਾਮ ਚੰਦਰ ਸ਼ੱਕ ਦੇ ਘੇਰੇ ਵਿਚ ਸੀ। ਡਾ. ਮਾਨ ਨੇ ਇਸ ਕੇਸ ਦੀਆਂ ਕਈ ਪਰਤਾਂ ਨੂੰ ਪਹਿਲੀ ਵਾਰ ਨੰਗਿਆਂ ਕੀਤਾ। ਡਾ. ਅਮਰੀਕ ਸਿੰਘ ਨੇ ਆਪਣੇ ਪਰਚੇ ਵਿਚ ਦਸਿਆ ਕਿ ਜਿਨ੍ਹਾਂ ਦੇਸ਼ ਭਗਤਾਂ ਨੇ ਕੌਮੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿਤਾ ਉਨ੍ਹਾਂ ਦੀਆਂ ਮਾਣਮੱਤੀਆਂ ਕਹਾਣੀਆਂ ਤੋਂ ਭਾਰਤੀ ਇਤਿਹਾਸ ਵਿਚ ਦੇਸ਼ ਦੀ ਜਨਤਾ ਨੂੰ ਵਾਂਝਿਆਂ ਰੱਖਿਆ ਜਾ ਰਿਹਾ ਹੈ।

ਦੂਜੇ ਸੈਸ਼ਨ ਵਿਚ ਕੈਨੇਡਾ ਤੋਂ ਆਏ ਇਤਿਹਾਸਕਾਰ ਪ੍ਰੋ. ਸੋਹਣ ਸਿੰਘ ਪੂਨੀ ਨੇ ਕੈਨੇਡਾ ਦੇ ਸਿਰਕੱਢ ਗਦਰੀਆਂ ਦੀ ਦੇਸ਼ ਭਗਤੀ ਤੇ ਕੁਰਬਾਨੀ ਬਾਰੇ ਆਪਣੇ ਪੇਪਰ ਵਿਚ ਦੱਸਿਆ ਕਿ ਕੈਨੇਡਾ ਦੇ ਗਦਰੀਆਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਕੀਤੇ ਘੋਲ ਦੇ ਨਾਲ ਨਾਲ ਕੈਨੇਡਾ ਵਿਚ ਆਪਣੇ ਹੱਕਾਂ ਲਈ ਵੀ ਸੰਘਰਸ਼ ਕੀਤਾ। ਪ੍ਰੋ. ਪੂਨੀ ਨੇ ਕਿਹਾ ਕਿ ਬ੍ਰਿਟਿਸ਼ ਸਾਮਰਾਜ ਨੇ ਗਦਰੀਆਂ ਨੂੰ ਦਹਿਸ਼ਤਗਰਦੀ ਦੇ ਇਲਜ਼ਾਮ ਲਾ ਕੇ ਮੌਤ ਦੇ ਘਾਟ ਉਤਾਰ ਦਿਤਾ ਸੀ। ਉਨ੍ਹਾਂ ਗਦਰੀ ਸ਼ਹੀਦ ਭਾਈ ਮੇਵਾ ਸਿੰਘ ਦੇ ਜੀਵਨ 'ਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਜਸੂਸ ਹਾਪਕਿਨਸਨ ਨੇ ਮੇਵਾ ਸਿੰਘ ਦਾ ਜੀਣਾ ਹਰਾਮ ਕਰ ਦਿਤਾ ਸੀ ਜਿਸ ਕਰਕੇ ਉਹਦੇ ਮਨ ਵਿਚ ਗੁਰੂ ਘਰ ਦੀ ਬੇਅਦਬੀ ਦਾ ਬਦਲਾ ਲੈਣ ਦੀ ਭਾਵਨਾ ਜਾਗ ਪਈ।

ਪਾਕਿਸਤਾਨ ਦੇ ਡਾ. ਇਕਤਿਦਾਰ ਕਰਾਮਾਤ ਚੀਮਾ ਨੇ ਆਪਣੇ ਪੇਪਰ ਵਿਚ ਗਦਰ ਲਹਿਰ ਵਿਚ ਪੈਨ-ਇਸਲਾਮਿਸਟ ਦੇ ਰੋਲ ਨੂੰ ਚੰਗੀ ਤਰ੍ਹਾਂ ਪੇਸ਼ ਕੀਤਾ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਰਹੇ ਡਾ. ਬਲਕਾਰ ਸਿੰਘ ਨੇ 'ਗਦਰ ਲਹਿਰ ਦਾ ਸਿੱਖ ਪ੍ਰਸੰਗ' ਵਿਸ਼ੇ 'ਤੇ ਆਪਣਾ ਪਰਚਾ ਪੇਸ਼ ਕਰਦਿਆਂ ਸਪਸ਼ਟ ਕੀਤਾ ਕਿ ਜੁਝਾਰੂ ਬਿਰਤੀਆਂ ਸਿੱਖ ਸੁਭਾ ਦਾ ਅੰਗ ਹਨ ਅਤੇ ਚਲ ਰਹੇ ਸੰਘਰਸ ਵਾਸਤੇ ਅਨੁਕੂਲ ਸਨ। ਉਨ੍ਹਾਂ ਕਿਹਾ ਕਿ ਖੱਬੇ ਪੱਖੀਆਂ ਦਾ ਪ੍ਰਭਾਵ ਭਾਵੇਂ 'ਕਿਰਤੀ' ਅਖਬਾਰ ਤੋਂ ਨਜ਼ਰ ਆਉਂਦਾ ਹੈ ਪਰ ਹੋ ਸਕਦਾ ਹੈ ਕਿ ਇਹ ਸਿਰਫ਼ ਪੈਂਤੜੇ ਵਜੋਂ ਹੀ ਹੋਵੇ। ਇਤਿਹਾਸਕਾਰ ਅਜਮੇਰ ਸਿੰਘ ਨੇ 'ਗਦਰ ਲਹਿਰ' ਦੇ ਰਾਸ਼ਟਰੀ ਸਰੋਕਾਰਾਂ ਬਾਰੇ ਆਪਣੇ ਪਰਚੇ ਵਿਚ ਕਿਹਾ ਕਿ ਪੱਛਮ ਵਿਚ ਧਰਮ ਨਿਰਪੇਖਤਾ ਇੱਕ ਬਾਹਰੀ ਦਿਖਾਵਾ ਹੈ। ਅਸਲ ਵਿਚ ਅਜਿਹੀ ਧਰਮ-ਨਿਰਪੇਖਤਾ ਹੀ ਤੰਗਦਿਲੀ, ਫਿਰਕਾਪ੍ਰਸਤੀ ਤੇ ਕੱਟੜਵਾਦੀ ਸੋਚ ਨੂੰ ਜਨਮ ਦਿੰਦੀ ਹੈ। ਭਾਰਤੀ ਸ੍ਰੇਸ਼ਠਵਾਦੀਆਂ ਨੇ ਅਜਿਹੀ ਵਿਵਸਥਾ ਨੂੰ ਘੱਟਗਿਣਤੀਆਂ, ਦਲਿਤਾਂ ਤੇ ਹੋਰ ਕਮਜੋਰ ਵਰਗਾਂ ਨੂੰ ਕੁਚਲਣ ਲਈ ਹੀ ਵਰਤਿਆ ਹੈ। ਇਸ ਸੈਸ਼ਨ ਦਾ ਮੰਚ ਸੰਚਾਲਨ ਯੂ ਸੀ ਡੇਵਿਸ ਦੇ ਭਾਈ ਬਚਿੱਤਰ ਸਿੰਘ ਨੇ ਕੀਤਾ। ਸਵਾਲ ਜਵਾਬ ਸਮੇਂ ਉਨ੍ਹਾਂ ਦੀ ਮਦਦ ਭਾਈ ਦਵਿੰਦਰ ਸਿੰਘ ਬੱਬਰ ਤੇ ਜਸਜੀਤ ਸਿੰਘ ਨੇ ਕੀਤੀ।

ਤੀਜੇ ਸੈਸ਼ਨ ਵਿਚ ਡਾ. ਪ੍ਰਿਥੀਪਾਲ ਸਿੰਘ ਕਪੂਰ ਨੇ ਆਪਣੇ ਪਰਚੇ ਵਿਚ ਗਦਰ ਲਹਿਰ ਦੇ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਗਦਰੀ ਯੋਧੇ ਆਪਣੇ ਵਿਰਸੇ ਤੋਂ ਪੂਰੀ ਤਰ੍ਹਾਂ ਵਾਕਫ਼ ਸਨ। ਉਨ੍ਹਾਂ ਨੇ ਸਿੱਖੀ ਵਿਚ ਕੁਰਬਾਨੀ ਦੇ ਜਜਬੇ ਤੋਂ ਪ੍ਰੇਰਣਾ ਲੈਂਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕਰ ਦਿਤੀਆਂ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੀ ਸਾਬਕਾ ਮੁਖੀ ਡਾ. ਗੁਰਨਾਮ ਕੌਰ ਨੇ ਗਦਰੀਆਂ ਦੇ ਮਨਾਂ ਵਿਚ ਚੜ੍ਹਦੀ ਕਲਾ ਦੇ ਜਜਬੇ ਦੀ ਗੱਲ ਕਰਦਿਆਂ ਕਿਹਾ ਕਿ ਅੰਗਰੇਜ਼ਾਂ ਦੇ ਜ਼ੁਲਮ ਅੱਗੇ ਉਨ੍ਹਾਂ ਨੇ ਕਮਾਲ ਦੀ ਬਹਾਦਰੀ ਦਿਖਾਈ ਜਿਸ ਨਾਲ ਅੰਗਰੇਜ਼ਾਂ ਦਾ ਰਾਜ ਡਾਵਾਂਡੋਲ ਹੋ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਸਟਡੀਜ਼ ਵਿਭਾਗ ਦੇ ਮੁਖੀ ਡਾ. ਸਰਬਜਿੰਦਰ ਸਿੰਘ ਨੇ ਸਵਾਲ ਕੀਤਾ ਕਿ ਜੇਕਰ ਸਿੱਖ ਪ੍ਰਭਾਵ ਨੇ ਗਦਰੀਆਂ ਨੂੰ ਕੁਰਬਾਨੀ ਦੇਣ ਲਈ ਪ੍ਰੇਰਿਆ ਹੈ ਤਾਂ ਫੇਰ ਕੁੱਝ ਸਿੱਖ ਅੰਗਰੇਜ਼ਪ੍ਰਸਤ ਕਿਉਂ ਬਣ ਗਏ ਸਨ? ਅੰਗਰੇਜ਼ਾਂ ਦੇ ਝੂਠੇ ਪ੍ਰਚਾਰ ਨੇ ਗਦਰ ਲਹਿਰ ਨੂੰ ਅਤਿਵਾਦੀ ਤੇ ਸਮਾਜ ਵਿਰੋਧੀ ਬਣਾ ਦਿਤਾ ਸੀ ਜਿਸ ਕਰਕੇ ਬਹੁਤ ਸਾਰੇ ਸਿੱਖਾਂ ਨੇ ਇਹਦੇ ਨਾਲੋਂ ਆਪਣੀ ਦੂਰੀ ਬਣਾ ਲਈ ਸੀ। ਡਾ. ਤਰਲੋਚਨ ਸਿੰਘ ਨਾਹਲ ਨੇ ਗਦਰ ਲਹਿਰ ਤੇ

## ਸਟਾਕਟਨ ਗੁਰੂ ਘਰ ਦੇ ਸੌ ਸਾਲਾ ਸਥਾਪਨਾ ਦਿਵਸ ਮੌਕੇ ਕਾਨਫਰੰਸ

ਜਲਿਆਂਵਾਲਾ ਬਾਗ ਦੇ ਖੂਨੀ ਸਾਕੇ ਬਾਰੇ ਆਪਣਾ ਪਰਚਾ ਪੇਸ਼ ਕਰਦਿਆਂ ਇਹ ਘੋਖਣ ਦੀ ਕੋਸ਼ਸ ਕੀਤੀ ਕਿ ਕਿਵੇਂ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਇਨ੍ਹਾਂ ਨੇ ਪ੍ਰਭਾਵਿਤ ਕੀਤਾ। ਇਸ ਸੈਸ਼ਨ ਦਾ ਸੰਚਾਲਨ ਯੂਨੀਵਰਸਿਟੀ ਆਫ਼ ਸੈਨ ਫ਼ਰਾਂਸਿਸਕੋ ਦੀ ਵਿਦਿਆਰਥਣ ਜਸਜੋਤ ਕੌਰ ਨੇ ਕੀਤਾ।

ਕਿੱਤੇ ਵਜੋਂ ਇੰਜੀਨੀਅਰ ਜਤਿੰਦਰ ਸਿੰਘ ਹੁੰਦਲ ਨੇ ਲਾਲਾ ਹਰਦਿਆਲ ਦੇ ਗਦਰ ਲਹਿਰ ਵਿਚ ਰੋਲ ਦੀ ਗੱਲ ਕਰਦਿਆਂ ਦਾਅਵਾ ਕੀਤਾ ਕਿ ਲਾਲਾ ਹਰਦਿਆਲ ਦਾ ਨਾਂ 'ਗਦਰ' ਡਾਇਰੈਕਟਰੀ ਵਿਚ ਕਿਤੇ ਨਹੀਂ ਮਿਲਦਾ। ਉਹ ਆਪਣੀ ਵਿਚਾਰਧਾਰਾ ਤੋਂ ਉਲਟ ਗਿਆ ਸੀ ਤੇ ਉਹ ਸਿਰਫ਼ ਅੰਗਰੇਜ਼ਪ੍ਰਸਤ ਹੀ ਨਹੀਂ ਬਣ ਗਿਆ ਸੀ ਸਗੋਂ ਇੱਕ ਕੱਟੜਵਾਦੀ ਹਿੰਦੂ ਹੋਣ ਦੇ ਸਬੂਤ ਦੇਣ ਲੱਗ ਪਿਆ ਸੀ। ਅੰਗਰੇਜ਼ਾਂ ਪ੍ਰਤੀ ਭਗਤੀ ਨੇ



ਉਸ ਨੂੰ ਆਪਣੇ ਕਿਸੇ ਸਮੇਂ ਰਹੇ ਸਾਥੀਆਂ ਪ੍ਰਤੀ ਨਿਰਦਈ ਬਣਾ ਦਿਤਾ ਸੀ। ਸ. ਹੁੰਦਲ ਨੇ ਕੁੱਝ ਨਵੇਂ ਤੱਥ ਪੇਸ਼ ਕੀਤੇ। ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਗਦਰ ਲਹਿਰ ਨੂੰ 1857 ਦੇ ਪਿਛੋਕੜ ਵਿਚ ਦੇਖਣ ਦਾ ਯਤਨ ਕਰਦਿਆਂ ਕਿਹਾ ਕਿ ਗਦਰ ਲਹਿਰ ਹੀ ਪੂਰਣ ਆਜ਼ਾਦੀ ਦੀ ਪਹਿਰੇਦਾਰ ਸੀ ਜਦੋਂ ਕਿ 1857 ਦਾ ਵਿਦਰੋਹ ਅਜਿਹੀ ਕੋਈ ਮਿਸਾਲ ਪੇਸ਼ ਨਹੀਂ ਕਰਦਾ। ਸ. ਰਾਜਵਿੰਦਰ ਸਿੰਘ ਰਾਹੀ ਦੇ ਖੁਦ ਨਾ ਹੋਣ ਕਰਕੇ, ਉਨ੍ਹਾਂ ਦੇ ਲੈਕਚਰ ਦੀ ਵੀਡੀਓ ਦਿਖਾਈ ਗਈ। ਡੈਲਟਾ ਕਾਲਜ ਦੀ ਵਿਦਿਆਰਥਣ ਕੁਲਵੀਰ ਕੌਰ ਬੈਨੀਵਾਲ ਨੇ ਇਸ ਆਖਰੀ ਸੈਸ਼ਨ ਦਾ ਸੰਚਾਲਨ ਕੀਤਾ।

ਅਖੀਰ ਵਿਚ ਡਾ. ਅਮਰੀਕ ਸਿੰਘ ਨੇ ਸਰੋਤਿਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸਵੇਰ ਤੋਂ ਸ਼ਾਮ ਤੱਕ ਵਿਦਵਾਨਾਂ ਦੇ ਵਿਚਾਰਾਂ ਨੂੰ ਪੂਰੀ ਦਿਲਚਸਪੀ ਨਾਲ ਸੁਣਿਆ। ਸਟਾਕਟਨ ਗੁਰਦੁਆਰੇ ਦੇ ਹੈਡ ਗ੍ਰੰਥੀ ਭਾਈ ਸੁੱਖਜੀਵਨ ਸਿੰਘ ਨੇ ਭੁਲੇ-ਵਿਸਰੇ ਗਦਰੀਆਂ ਅਤੇ ਕਾਨਫਰੰਸ ਦੀ ਸਫਲਤਾ ਲਈ ਅਰਦਾਸ ਕੀਤੀ। ਇਸ ਤੋਂ ਪਹਿਲਾਂ 22 ਸਤੰਬਰ ਨੂੰ ਪਹਿਲੀ ਕਾਨਫਰੰਸ ਕਰਵਾਈ ਗਈ ਸੀ ਜਿਸ ਵਿਚ ਵਿਦੇਸ਼ੀ ਵਿਦਵਾਨਾਂ ਨੇ ਸੌ ਸਾਲ ਪਹਿਲਾਂ ਸਿੱਖਾਂ ਦੀ ਇਸ ਧਰਤੀ ਉਤੇ ਆਮਦ ਬਾਰੇ ਆਪਣੇ ਪਰਚੇ ਪੇਸ਼ ਕੀਤੇ। ਸ਼ਤਾਬਦੀ ਕਮੇਟੀ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਿਹਨਤ ਸਦਕਾ ਦੋਵੇਂ ਕਾਨਫਰੰਸਾਂ ਸਫਲ ਰਹੀਆਂ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਨੇਕ ਸਿੰਘ ਅਟਵਾਲ, ਮੀਤ ਪ੍ਰਧਾਨ ਅਮਰਜੀਤ ਸਿੰਘ ਪਨੇਸਰ, ਜਨਰਲ ਸਕੱਤਰ ਕੁਲਜੀਤ ਸਿੰਘ ਨਿੱਜਰ, ਗੁਰਮੇਲ ਸਿੰਘ ਖੇਲਾ, ਰਣਜੀਤ ਸਿੰਘ ਚੰਦੋਵਾਲੀਆ, ਖਜ਼ਾਨਚੀ ਛਿੰਦਰਪਾਲ ਸਿੰਘ, ਕ੍ਰਿਸ਼ਨ ਸਿੰਘ, ਸੁਖਵਿੰਦਰ ਸਿੰਘ ਧਾਲੀਵਾਲ, ਜਸਵੰਤ ਸਿੰਘ ਸ਼ਾਦ, ਇਕਬਾਲ ਗਿੱਲ, ਦਲਜੀਤ ਸਿੰਘ, ਗੁਰਨਾਮ ਸਿੰਘ, ਜੋਗਿੰਦਰ ਸਿੰਘ, ਗੁਲਵਿੰਦਰ ਸਿੰਘ ਭਿੰਦਾ, ਕਰਮਜੀਤ ਸਿੰਘ ਗਿੱਲ ਤੇ ਹਰਪਾਲ ਸਿੰਘ ਨੇ ਕਾਨਫਰੰਸ ਨੂੰ ਸਫਲ ਬਣਾਉਣ ਲਈ ਭਰਵੀਂ ਮਿਹਨਤ ਕੀਤੀ। ਸ਼ਤਾਬਦੀ ਸਮਾਰੋਹ ਕੋਆਰਡੀਨੇਟਰ ਭਜਨ ਸਿੰਘ ਭਿੰਡਰ ਤੇ ਪੀਟਰ ਨੈਵਰਜ਼ ਨੇ ਕਾਨਫਰੰਸ ਦੀ ਤਿਆਰੀ ਵਿਚ ਪੂਰਾ ਯੋਗਦਾਨ ਪਾਇਆ। ਡਾ. ਪ੍ਰਿਤਪਾਲ ਸਿੰਘ, ਜਸਜੀਤ ਸਿੰਘ, ਅਤੇ ਦਵਿੰਦਰ ਸਿੰਘ ਬੱਬਰ ਨੇ ਵੀ ਆਪਣਾ ਹਿੱਸਾ ਪਾਇਆ।

## ਪਾਕਿ ਮੰਤਰੀ ਸਿਰ ਦੇ ਮੁੱਲ ਦੇ ਦਾਅਵੇ 'ਤੇ ਕਾਇਮ

**ਇਸਲਾਮਾਬਾਦ:** ਇਸਲਾਮ ਵਿਰੋਧੀ ਫਿਲਮ ਬਣਾਉਣ ਵਾਲੇ ਦੇ ਸਿਰ ਦਾ ਮੁੱਲ ਪਾਉਣ ਵਾਲੇ ਪਾਕਿਸਤਾਨੀ ਮੰਤਰੀ ਨੇ ਕਿਹਾ ਹੈ ਕਿ ਉਸ ਵੱਲੋਂ ਭਵਿੱਖ ਵਿਚ ਵੀ ਕੁਫ਼ਰ ਤੋਲਣ ਵਾਲਿਆਂ ਦੇ ਸਿਰਾਂ ਦੇ ਮੁੱਲ ਪਾਏ ਜਾਣਗੇ। ਰੇਲਵੇ ਮੰਤਰੀ ਗੁਲਾਮ ਅਹਿਮਦ ਬਿਲੌਰ ਨੇ ਕਿਹਾ ਕਿ ਉਹ ਫਿਲਮ 'ਇਨੋਸੈਂਸ ਆਫ ਮੁਸਲਿਮਜ਼' ਬਣਾਉਣ ਵਾਲੇ ਦਾ ਸਿਰ ਕਲਮ ਕਰਨ ਵਾਲੇ ਨੂੰ 1,00,000 ਅਮਰੀਕੀ ਡਾਲਰ ਦੇਣ ਦੇ ਵਾਅਦੇ 'ਤੇ ਕਾਇਮ ਹਨ। ਉਨ੍ਹਾਂ ਕਿਹਾ ਕਿ ਪੱਛਮੀ ਮੁਲਕਾਂ ਵੱਲੋਂ ਉਨ੍ਹਾਂ ਦਾ ਇਸ ਮਾਮਲੇ ਵਿਚ ਵਿਰੋਧ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਆਪਣਾ ਫੈਸਲਾ ਵਾਪਸ ਨਹੀਂ ਲਿਆ ਹੈ।



Alltech ENTERPRISE®

# Solar Electric LED Lighting Energy Solutions

## Be a partner of Green Energy

## ਆਪਣੇ ਘਰ ਜਾਂ ਬਿਜਨਸ ’ਤੇ ਸੋਲਰ ਸਿਸਟਮ ਲੁਆਓ, ਪੈਸੇ ਬਚਾਓ

We install high quality Solar System with 80% power guaranty for 30 years.

ਸੋਲਰ ਸਿਸਟਮ ਲਾਉਣ ਦਾ ਖਰਚਾ ਇਸ ਵੇਲੇ ਬਹੁਤ ਹੀ ਘੱਟ ਹੈ। ਸੋਲਰ ਸਿਸਟਮ ਖਰੀਦਣ ਅਤੇ ਬਿਜਲੀ ਦੇ ਵੱਡੇ ਵੱਡੇ ਬਿਲਾਂ ਤੋਂ ਬਚਣ ਦਾ ਇਹ ਸੁਨਹਿਰੀ ਮੌਕਾ ਹੈ।

ਤੁਸੀਂ ਆਪਣੀ ਸਾਲਾਨਾ ਇਨਕਮ ਟੈਕਸ ਰਿਟਰਨ ਭਰਨ ਵੇਲੇ ਅਦਾ ਕੀਤੀ ਕੁਲ ਕੀਮਤ ਦੇ 30% ਦਾ ਕਰੈਡਿਟ ਲੈ ਸਕਦੇ ਹੋ



Low interest financing available for commercial properties. Term 20 years. Minimum $50,000.00

We sell and install Grid-tied complete solar systems including drawings, permit, provide all the paper work and commissioning.

**Alltech Enterprise presents: Energy Solutions for your businesses.**

We sell led lighting for gas station canopy, area and parking lot, building lighting and for cooler/freezer door lighting.





ਅਸੀਂ ਗੈਸ ਸਟੇਸ਼ਨ ਕੈਨੋਪੀ, ਏਰੀਆ ਅਤੇ ਪਾਰਕਿੰਗ ਲਾਟ, ਬਿਲਡਿੰਗ ਦੁਆਲੇ ਲਾਈਟਾਂ ਤੋਂ ਇਲਾਵਾ ਕੂਲਰ/ਫਰੀਜ਼ਰ ਲਈ LED ਲਾਈਟਾਂ ਵੀ ਵੇਚਦੇ ਹਾਂ

We sell best brand of America. Beta LED, GE and LED Power.



**Case LED** lighting fixture replaces 85-watt fluorescent lamps saves average $90.00 per door per year.

**ECM fan motors**: By changing fan motors (cooler & freezer) with two speed EC motors by using fan control you can save significant energy and then money. **Example**: For 15 door walk-in cooler when you replace 8 (1/20 HP) fan motors with ECM, install fan control and install **ASH control** for doors, saves up to **$4200.00** per year.

*We are Trade Professional Alliance of PG&E and reducing your bill at no cost in PG&E territory. And provide no fee, no interest On-Bill Financing from PG&E.*

**For More Info., Call Toll Free 1-855-292-2800 or 408-223-2800**

ਹੋਰ ਜਾਣਕਾਰੀ ਲਈ ਟੌਲ ਫਰੀ ਕਾਲ ਕਰੋ:

ਬਲਜਿੰਦਰ ਕੈਲੇ 1-855-292-2800 ਜਾਂ 408-223-2800

# ਕੈਲੀਫੋਰਨੀਆ ਵਿਚ ਸਿੱਖਾਂ ਬਾਰੇ ਬਿਲ ਸਮੂਹ ਭਾਈਚਾਰੇ ਦੇ ਯਤਨਾਂ ਸਦਕਾ ਪਾਸ ਹੋਏ-ਮੁੰਡੀ

**ਸੈਕਰਾਮੈਂਟੋ (ਬਿਊਰੋ):** ਲੰਘੀ 8 ਸਤੰਬਰ ਨੂੰ ਇਥੇ ਓਕ ਕਰੀਕ ਗੋਲੀ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਵਜੋਂ ਕੀਤੀ ਗਈ ਸਦਭਾਵਨਾ ਰੈਲੀ ਦੌਰਾਨ ਜਿਹੜੇ ਦੋ ਬਿਲਾਂ- ਏ ਬੀ 1964 ਅਤੇ ਐਸ ਬੀ 1540 ਉਤੇ ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਦਸਤਖਤ ਕਰ ਕੇ ਉਨ੍ਹਾਂ ਨੂੰ ਕਾਨੂੰਨੀ ਰੂਪ ਦਿੱਤਾ ਸੀ, ਉਹ ਸਮੁੱਚੇ ਸਿੱਖ ਭਾਈਚਾਰੇ ਅਤੇ ਬਹੁਤ ਸਾਰੀਆਂ ਸੰਸਥਾਵਾਂ ਦੇ ਸਾਂਝੇ ਯਤਨਾਂ ਸਦਕਾ ਸੰਭਵ ਹੋ ਸਕਿਆ ਸੀ। ਕਿਸੇ ਇਕ ਸੰਸਥਾ ਜਾਂ ਕਿਸੇ ਇਕ ਵਿਅਕਤੀ ਵਲੋਂ ਇਹ ਕਾਨੂੰਨ ਪਾਸ ਕਰਵਾਉਣ ਦਾ ਸਿਹਰਾ ਲੈਣਾ ਕੋਰਾ ਝੂਠ ਹੀ ਨਹੀਂ ਸਗੋਂ ਸਿੱਖ ਭਾਈਚਾਰੇ ਨਾਲ ਇਕ ਤਰ੍ਹਾਂ ਦਾ ਧੋਖਾ ਵੀ ਹੈ। ਇਹ ਵਿਚਾਰ ਸਥਾਨਕ ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਲੋਕ ਸੰਪਰਕ ਇੰਚਾਰਜ ਤੇ ਉਘੇ ਸਿੱਖ ਆਗੂ ਸ. ਦਰਸ਼ਨ ਸਿੰਘ ਮੁੰਡੀ ਨੇ ਇਥੇ ਜਾਰੀ ਇਕ ਬਿਆਨ ਵਿਚ ਪ੍ਰਗਟਾਏ।



ਦਰਸ਼ਨ ਸਿੰਘ ਮੁੰਡੀ

ਬਿਆਨ ਵਿਚ ਉਨ੍ਹਾਂ ਕਿਹਾ ਹੈ ਕਿ ਇਨ੍ਹਾਂ ਬਿਲਾਂ ਦੀ ਕਹਾਣੀ ਉਦੋਂ ਤੋਂ ਸ਼ੁਰੂ ਹੁੰਦੀ ਹੈ ਜਦੋਂ ਕੋਈ ਦਸ ਸਾਲ ਪਹਿਲਾਂ ਮੈਂ ਜਿਊਰੀ ਡਿਊਟੀ ਲਈ ਕੋਰਟ ਗਿਆ ਸਾਂ ਤੇ ਮੇਰੀ ਪਗੜੀ ਵੇਖ ਕੇ ਸਕਿਉਰਿਟੀ ਵਾਲਿਆਂ ਨੇ ਦੁਰਵਿਹਾਰ ਕੀਤਾ ਸੀ। ਇਸ ਘਟਨਾ ਤੋਂ ਬਾਅਦ ਉਨ੍ਹਾਂ ਇਹ ਮਾਮਲਾ ਅਸੈਂਬਲੀ ਵੂਮਨ ਮਿਰਾਕੋ ਯਮਾਡਾ ਦੇ ਧਿਆਨ ਵਿਚ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਚ ਹੋਏ ਇਕ ਸਮਾਗਮ ਦੌਰਾਨ ਲਿਆਂਦਾ। ਉਨ੍ਹੀਂ ਹੀ ਦਿਨੀਂ ਉਨ੍ਹਾਂ (ਸ੍ਰੀ ਮੁੰਡੀ) ਨੂੰ ਇੰਟਰਫੇਥ ਦਾ ਮੈਂਬਰ ਬਣਾਇਆ ਗਿਆ ਸੀ। ਉਨ੍ਹਾਂ ਇਹ ਗੱਲ ਬਾਕੀ ਧਰਮਾਂ ਦੇ ਆਗੂਆਂ ਤੱਕ ਵੀ ਪੁੱਜਦੀ ਕੀਤੀ ਅਤੇ ਸਾਰੇ ਧਰਮਾਂ ਨੇ ਰਲ ਕੇ ਇਸ ਸਬੰਧੀ ਕਾਨੂੰਨ ਬਣਵਾਉਣ ਲਈ ਯਤਨ ਅਰੰਭਣ ਦੀ ਯੋਜਨਾ ਬਣਾਈ।

ਆਪਣੀ ਗੱਲ ਜਾਰੀ ਰੱਖਦਿਆਂ ਸ. ਮੁੰਡੀ ਨੇ ਬਿਆਨ ਵਿਚ ਕਿਹਾ ਹੈ ਕਿ ਇਸੇ ਦੌਰਾਨ ਉਨ੍ਹਾਂ ਦੀ ਗੱਲ ਕਾਊਂਟੀ ਸੁਪਰਵਾਈਜ਼ਰ ਨਾਲ ਹੋਈ ਅਤੇ ਉਸ ਤੋਂ ਥੋੜ੍ਹਾ ਚਿਰ ਪਿਛੋਂ ਹੀ ਉਨ੍ਹਾਂ ਨੂੰ ਗਵਰਨਰ ਦੀ ਹੋਮਲੈਂਡ ਸਕਿਉਰਿਟੀ ਐਡਵਾਈਜ਼ਰੀ ਟੀਮ ਵਿਚ ਲੈ ਲਿਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸ਼ੈਰਿਫ ਤੇ ਪੁਲਿਸ ਸਲਾਹਕਾਰ ਬੋਰਡ ਦਾ ਮੈਂਬਰ ਵੀ ਲਿਆ ਗਿਆ। ਇਨ੍ਹਾਂ ਮੰਚਾਂ ਉਤੇ ਉਨ੍ਹਾਂ ਵਾਰ ਵਾਰ ਸਿੱਖਾਂ ਨਾਲ ਹੁੰਦੇ ਵਿਤਕਰੇ ਦਾ ਮਾਮਲਾ ਉਠਾਇਆ। ਇਸ ਸਭ ਵਾਸਤੇ ਅਸੈਂਬਲੀ ਵੂਮਨ ਮਿਰਾਕੋ ਯਮਾਡਾ ਦਾ ਸਹਿਯੋਗ ਵੀ ਬਰਾਬਰ ਮਿਲਦਾ ਰਿਹਾ।

## ਨਾਪਾ ਵਲੋਂ ਸਿਹਰਾ ਲੈਣ ਦੀ ਕੋਸ਼ਿਸ਼ ਗਲਤ

ਉਨ੍ਹਾਂ ਕਿਹਾ ਕਿ ਸੰਨ 2011 ਦੌਰਾਨ ਵੈਸਟ ਸੈਕਰਾਮੈਂਟੋ ਵਿਚ ਇਕ ਟੈਕਸੀ ਡਰਾਈਵਰ ਦੀ ਕੁੱਟ ਮਾਰ ਦਾ ਮਾਮਲਾ ਸਾਹਮਣੇ ਆਇਆ। ਇਸ ਮਾਮਲੇ ਵਿਚ ਦੋਸ਼ੀ ਲੋਕਾਂ ਨੂੰ ਸਜ਼ਾ ਦਿਵਾਉਣ ਵਿਚ ਮਿਰਾਕੋ ਯਮਾਡਾ, ਸੈਨੇਟਰ ਡੈਰਲ ਸਟਾਈਨਬਰਗ, ਯੂ ਐਸ ਅਟਾਰਨੀ ਵੈਗਨਰ ਦਾ ਪੂਰਾ ਸਹਿਯੋਗ ਮਿਲਿਆ। ਇਸ ਘਟਨਾ ਨੇ ਪਾਸ ਹੋਏ ਇਨ੍ਹਾਂ ਬਿਲਾਂ ਨੂੰ ਅੱਗੇ ਤੋਰਨ ਲਈ ਰਾਹ ਪੱਧਰਾ ਕੀਤਾ। ਸਿੱਖਾਂ ਵਿਰੁਧ ਹੇਟ ਕਰਾਈਮ ਦੀ ਇਹ ਪਹਿਲੀ ਘਟਨਾ ਸੀ ਜਿਸ ਬਾਰੇ ਕੇਸ ਦਰਜ ਹੋਇਆ। ਇਸ ਪਿਛੋਂ 11 ਅਪਰੈਲ 2011 ਨੂੰ ਸਟੇਟ ਕੈਪੀਟਲ ਵਿਚ ਹੋਈ ਇਕ ਰੈਲੀ ਦੌਰਾਨ ਸਿੱਖਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਮਨੋਰਥ ਨਾਲ 25 ਸੈਨੇਟਰਾਂ ਤੇ ਵਿਧਾਨਕਾਰਾਂ, ਜਿਨ੍ਹਾਂ ਵਿਚ ਗੋਰੇ ਤੇ ਕਾਲੇ ਵੀ ਸਨ, ਨੇ ਪਗੜੀਆਂ ਬੰਨ੍ਹੀਆਂ ਅਤੇ ਔਰਤਾਂ ਨੇ ਪੰਜਾਬੀ ਸੂਟ ਪਾ ਕੇ ਮੁਜਾਹਰਾ ਕੀਤਾ।

ਸ. ਮੁੰਡੀ ਅਨੁਸਾਰ ਇੰਜ ਲੰਮਾ ਸਫਰ ਤੈਅ ਕਰਦੇ ਇਹ ਬਿਲ ਅੱਗੇ ਤੁਰੇ ਪਰ ਖਦਸ਼ਾ ਇਹ ਸੀ ਕਿ ਅਸੈਂਬਲੀ ਤੇ ਸੈਨੇਟਰ ਵਿਚ ਇਨ੍ਹਾਂ ਦਾ ਵਿਰੋਧ ਨਾ ਹੋ ਜਾਵੇ ਪ੍ਰੰਤੂ ਸਿੱਖ ਭਾਈਚਾਰੇ ਦੇ ਸਾਂਝੇ ਯਤਨਾਂ ਨਾਲ ਅਸੈਂਬਲੀ ਵੂਮਨ ਮਿਰਾਕੋ ਯਮਾਡਾ ਨੂੰ ਨਾਲ ਲੈ ਕੇ ਅਸੀਂ ਵੱਖ ਵੱਖ ਅਸੈਂਬਲੀ ਮੈਂਬਰਾਂ ਨੂੰ ਮਿਲਦੇ ਰਹੇ। 12 ਦਸੰਬਰ 2011 ਨੂੰ ਡੈਰਲ ਸਟਾਈਨਬਰਗ ਇਨ੍ਹਾਂ ਬਿਲਾਂ-ਏ ਬੀ 1964 ਅਤੇ ਐਸ ਬੀ 1540 ਨੂੰ ਪਾਸ ਕਰਨ ਵਿਚ ਮਦਦ ਕਰਨ ਲਈ ਸਹਿਮਤ ਹੋ ਗਏ। ਇਸ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਵੀ ਪਾਏ ਗਏ। ਇਨ੍ਹਾਂ ਯਤਨਾਂ ਦੌਰਾਨ ਸ. ਨਰਿੰਦਰ ਸਿੰਘ ਥਾਂਦੀ ਮੁਫਤ ਬੱਸਾਂ ਮੁਹੱਈਆ ਕਰਦੇ ਰਹੇ। ਗੁਰਦੁਆਰਾ ਓਕ ਕਰੀਕ ਦੀ ਘਟਨਾ ਪਿਛੋਂ ਇਕ ਸਮਾਗਮ ਵਿਚ ਮਿਰਾਕੋ ਯਮਾਡਾ ਅਤੇ ਡੈਰਲ ਸਟਾਈਨਬਰਗ ਨੂੰ ਵੈਸਟ ਸੈਕਰਾਮੈਂਟੋ ਬੁਲਾਇਆ ਗਿਆ ਅਤੇ ਉਨ੍ਹਾਂ ਨੂੰ ਕਿਰਪਾਨਾਂ ਭੇਟ ਕੀਤੀਆਂ ਗਈਆਂ। ਸਿੱਖ ਭਾਈਚਾਰੇ ਦੀ ਬੇਨਤੀ 'ਤੇ ਇਨ੍ਹਾਂ ਆਗੂਆਂ ਨੇ ਪਹਿਲ ਦੇ ਆਧਾਰ 'ਤੇ ਇਹ ਬਿਲ ਪਾਸ ਕਰਵਾਉਣ ਦਾ ਭਰੋਸਾ ਦਿੱਤਾ ਕਿਉਂਕਿ ਅਸੈਂਬਲੀ ਵਿਚ 900 ਤੋਂ ਵੱਧ ਬਿਲ ਵਿਚਾਰ ਅਧੀਨ ਪਏ ਸਨ। ਗੁਰਦੁਆਰਾ ਵੈਸਟ ਸੈਕਰਾਮੈਂਟੋ ਦੀ ਕਮੇਟੀ ਸੈਨੇਟਰ ਡੈਰਲ ਸਟਾਈਨਬਰਗ ਦੇ ਦਫਤਰ ਗਈ ਅਤੇ ਉਨ੍ਹਾਂ ਨੇ ਇਸ ਪਿਛੋਂ ਸਪੀਕਰ ਜੌਹਨ ਪਰੇਜ਼ ਨਾਲ ਗੱਲ ਕੀਤੀ ਅਤੇ ਅਖੀਰ ਐਜੂਕੇਸ਼ਨ ਬਿਲ ਸੈਨੇਟ ਅਤੇ ਅਸੈਂਬਲੀ ਵਿਚ ਸਰਬਸੰਮਤੀ ਨਾਲ ਪਾਸ ਹੋ ਗਿਆ। ਇਸ ਦਾ ਕੋਈ ਵਿਰੋਧ ਨਾ ਹੋਇਆ। ਬਿਲ ਗਵਰਨਰ ਦੇ ਦਸਤਖਤਾਂ ਲਈ ਚਲਾ ਗਿਆ।

ਆਪਣੀ ਗੱਲ ਜਾਰੀ ਰੱਖਦਿਆਂ ਉਨ੍ਹਾਂ ਆਖਿਆ ਕਿ ਇਸ ਬਿਲ ਨੂੰ ਪਾਸ ਕਰਵਾਉਣ ਲਈ ਵਿਸ਼ੇਸ਼ ਤੌਰ 'ਤੇ ਬਲਬੀਰ ਸਿੰਘ ਢਿੱਲੋਂ, ਸੁਰਜੀਤ ਸਿੰਘ ਢਿੱਲੋਂ, ਅਮਰਜੀਤ ਸਿੰਘ ਢਿੱਲੋਂ, ਭਜਨ ਸਿੰਘ ਭਿੰਡਰ, ਅਮਰ ਸ਼ੇਰਗਿੱਲ, ਜੇ ਪੀ ਸਿੰਘ, ਓਂਕਾਰ ਸਿੰਘ ਬਿੰਦਰਾ, ਨਰਿੰਦਰ ਸਿੰਘ ਥਾਂਦੀ ਅਤੇ ਸਿੱਖ ਕੁਲੀਸ਼ਨ ਤੇ ਇੰਟਰਫੇਥ ਸੈਕਰਾਮੈਂਟੋ ਨੇ ਵੀ ਭਰਵਾਂ ਯੋਗਦਾਨ ਪਾਇਆ। ਪੱਤਰਕਾਰਾਂ ਦਾ ਵੀ ਪੂਰਾ ਸਹਿਯੋਗ ਰਿਹਾ ਪ੍ਰੰਤੂ ਨਾਰਥ ਅਮੈਰਿਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਵਲੋਂ ਇਹ ਬਿਲ ਪਾਸ ਕਰਾਉਣ ਦਾ ਸਿਹਰਾ ਲੈਣਾ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ ਅਤੇ ਇਸ ਦੀ ਜਿੰਨੀ ਨਿੰਦਾ ਕੀਤੀ ਜਾਵੇ, ਥੋੜ੍ਹੀ ਹੈ।

ਸ. ਦਰਸ਼ਨ ਸਿੰਘ ਮੁੰਡੀ ਨੇ ਇਹ ਵੀ ਕਿਹਾ ਕਿ ਮੈਂ ਨਾਪਾ ਦੇ ਪ੍ਰਬੰਧਕਾਂ ਨੂੰ ਜਾਣਦਾ ਤੱਕ ਵੀ ਨਹੀਂ ਸੀ ਅਤੇ ਪਹਿਲੀ ਵਾਰ 8 ਸਤੰਬਰ ਦੇ ਸਮਾਗਮ ਵਿਚ ਹੀ ਦੇਖਿਆ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੈਂ ਇਸ ਗੱਲ ਦਾ ਗਵਾਹ ਹਾਂ ਕਿ 8 ਸਤੰਬਰ ਦੇ ਸਮਾਗਮ ਮੌਕੇ ਅੱਧੇ ਤੋਂ ਵੱਧ ਕੁਰਸੀਆਂ ਖਾਲੀ ਸਨ ਅਤੇ ਨਾਪਾ ਦੇ ਕੁਝ ਪ੍ਰਬੰਧਕਾਂ ਨੂੰ ਕੁਝ ਲੋਕਾਂ ਨਾਲ ਝਗੜਦੇ ਵੀ ਵੇਖਿਆ ਸੀ। ਇਸ ਸਬੰਧੀ ਬਹੁਤੇ ਅਖਬਾਰਾਂ ਵਿਚ ਛਪੀ ਖਬਰ ਬਿਲਕੁਲ ਸਹੀ ਹੈ ਅਤੇ ਇਹ ਖਬਰ ਛਾਪਣ ਕਰਕੇ ਕਿਸੇ ਇਕ ਪੱਤਰਕਾਰ ਉਪਰ ਮਿਆਰ ਤੋਂ ਹੇਠਾਂ ਗਿਰ ਕੇ ਚਿੱਕੜ ਉਛਾਲਣਾ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ। ਉਨ੍ਹਾਂ ਪੱਤਰਕਾਰ ਹੁਸਨ ਲੜੋਆ ਬੰਗਾ ਦਾ ਉਚੇਚਾ ਨਾਂ ਲੈਂਦਿਆਂ ਕਿਹਾ ਕਿ ਇਸ ਪੱਤਰਕਾਰ ਵਲੋਂ ਦਿੱਤੀ ਗਈ ਖਬਰ ਬਿਲਕੁਲ ਸਹੀ ਤੱਥਾਂ 'ਤੇ ਆਧਾਰਤ ਸੀ।

# ਵਲਟੋਹਾ ਵਿਰੁੱਧ ਕੇਸ ਵਾਪਸ ਲੈਣ 'ਤੇ ਕਾਂਗਰਸੀ ਭੜਕੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਕੁਮਾਰ ਜਾਖੜ ਵੱਲੋਂ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਯਾਦ ਪੱਤਰ ਦਿੰਦਿਆਂ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਖੇਮਕਰਨ ਤੋਂ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਵਿਰੁੱਧ ਸਾਧਨਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਅਦਾਲਤ ਵਿਚ ਦਾਇਰ ਚਾਰਜਸ਼ੀਟ ਵਾਪਸ ਲਏ ਜਾਣ ਦੀ ਕਾਰਵਾਈ ਦਾ ਵਿਰੋਧ ਕਰਦਿਆਂ ਇਸ ਨੂੰ ਮੌਜੂਦਾ ਅਕਾਲੀ-ਭਾਜਪਾ ਸਰਕਾਰ ਵੱਲੋਂ ਆਪਣੇ ਸਮਰਥਕਾਂ ਨੂੰ ਗ਼ੈਰ ਵਿਧਾਨਿਕ ਤੇ ਗ਼ੈਰ ਕਾਨੂੰਨੀ ਢੰਗ ਨਾਲ ਬਚਾਉਣ ਦੇ ਕੋਸ਼ਿਸ਼ ਕਰਾਰ ਦਿੱਤਾ।

ਸ੍ਰੀ ਜਾਖੜ ਨੇ ਕਿਹਾ ਕਿ ਜਦੋਂ ਇਕ ਪਾਸੇ ਕਾਂਗਰਸ ਵਰਕਰਾਂ ਤੇ ਆਗੂਆਂ ਨੂੰ ਬਿਲਕੁਲ ਫ਼ਰਜ਼ੀ ਤੇ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ, ਦੂਜੇ ਪਾਸੇ ਅਕਾਲੀ ਆਗੂਆਂ ਵਿਰੁੱਧ ਸਾਬਤ ਦੋਸ਼ ਵਾਪਸ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਜੀਲੈਂਸ ਬਿਊਰੋ ਵੱਲੋਂ 2002 ਵਿਚ ਸ. ਵਲਟੋਹਾ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ, ਜਦੋਂ ਉਹ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਮੈਂਬਰ ਸਨ ਤੇ 29 ਮਾਰਚ, 2003 ਨੂੰ ਵਿਜੀਲੈਂਸ ਬਿਊਰੋ ਵੱਲੋਂ ਉਨ੍ਹਾਂ ਵਿਰੁੱਧ ਜੋ ਚਾਰਜਸ਼ੀਟ ਅਦਾਲਤ ਵਿਚ ਦਾਇਰ ਕੀਤੀ ਗਈ ਸੀ, ਉਸ ਵਿਚ ਦੱਸਿਆ ਗਿਆ ਸੀ ਕਿ ਉਨ੍ਹਾਂ ਦੀ ਜਾਇਦਾਦ ਉਨ੍ਹਾਂ ਦੇ ਮਾਲੀ ਸਾਧਨਾਂ ਤੋਂ 63 ਲੱਖ ਰੁਪਏ ਵਾਧੂ ਹੈ ਜਦੋਂਕਿ 2012 ਵਿਚ ਹੁਣ ਵਿਜੀਲੈਂਸ ਬਿਊਰੋ ਵੱਲੋਂ ਅਦਾਲਤ ਵਿਚ ਇਕ ਨਵੀਂ ਅਰਜ਼ੀ ਦਾਇਰ ਕਰਕੇ ਕਿਹਾ ਜਾ ਰਿਹਾ ਹੈ ਕਿ ਸ. ਵਲਟੋਹਾ ਵਿਰੁੱਧ ਬਿਊਰੋ ਵੱਲੋਂ ਲਗਾਏ ਗਏ ਪਹਿਲੇ ਦੋਸ਼ਾਂ ਦੀ ਨਵੇਂ ਸਿਰੇ ਤੋਂ ਕੀਤੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਉਨ੍ਹਾਂ ਦੀ ਆਮਦਨ ਉਨ੍ਹਾਂ ਦੇ ਖ਼ਰਚੇ ਤੋਂ ਕੋਈ ਨੌਂ ਲੱਖ ਰੁਪਏ ਜ਼ਿਆਦਾ ਸੀ।

# ਇਸਲਾਮ ਵਿਰੋਧੀ ਫ਼ਿਲਮ ਦਾ ਨਿਰਮਾਤਾ ਗ੍ਰਿਫ਼ਤਾਰ

**ਵਾਸ਼ਿੰਗਟਨ:** ਇਸਲਾਮ ਵਿਰੋਧੀ ਫ਼ਿਲਮ ਦੇ ਨਿਰਮਾਤਾ ਨਕੋਲਾ ਬੈਸਲੇ ਨਕੋਲਾ ਨੂੰ ਕੈਲੀਫੋਰਨੀਆ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਅਦਾਲਤ ਨੇ ਬੈਂਕ ਨਾਲ ਧੋਖਾਧੜੀ ਕਰਨ ਦੇ ਮਾਮਲੇ ਵਿਚ ਸਜ਼ਾ ਦੇਣ ਤੋਂ ਬਾਅਦ ਕੁਝ ਸਮੇਂ ਲਈ ਆਪਣੇ ਤੌਰ 'ਤੇ ਕੰਪਿਊਟਰ ਤੇ ਇੰਟਰਨੈਟ ਦੀ ਵਰਤੋਂ ਕਰਨ ਤੋਂ ਮਨ੍ਹਾ ਕੀਤਾ ਸੀ। ਹੁਣ ਉਸ ਨੂੰ ਇਸ ਮਾਮਲੇ ਵਿਚ ਕਾਨੂੰਨ ਦੀ ਉਲੰਘਣਾ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ।

55 ਸਾਲਾ ਨਕੋਲਾ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਲਾਸ ਏਂਜਲਸ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਮੁਕੱਦਮੇ ਦੀ ਸੁਣਵਾਈ ਦੌਰਾਨ ਜੱਜ ਸੁਜ਼ੈਨ ਸੀਗਲ ਨੇ ਕਿਹਾ ਕਿ ਨਕੋਲਾ ਨੇ ਅਦਾਲਤੀ ਹੁਕਮਾਂ ਦੀ ਉਲੰਘਣਾ ਕੀਤੀ ਹੈ।



# ਹਾਲ ਵਿਚ ਨਾਮ ਸਿਮਰਨ ਤੋਂ ਰੋਕਣਾ ਸੈਨ ਹੋਜ਼ੇ ਗੁਰੂ ਘਰ ਦੇ ਪ੍ਰਬੰਧਕਾਂ ਦੀ ਜ਼ਿਆਦਤੀ ਕਰਾਰ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਸੰਗਤ ਦੇ ਮੈਂਬਰਾਂ ਨੂੰ ਗੁਰੂ ਘਰ ਦੇ ਹਾਲ ਵਿਚ ਸਿਮਰਨ ਕਰਨ ਤੋਂ ਰੋਕਣਾ ਸਰਾਸਰ ਜ਼ਿਆਦਤੀ ਹੈ ਅਤੇ ਉਨ੍ਹਾਂ ਦਾ ਇਹ ਫੈਸਲਾ ਗੁਰਮਤਿ ਵਿਰੋਧੀ ਹੈ। ਇਹ ਦੋਸ਼ ਭਾਈ ਭੁਪਿੰਦਰ ਸਿੰਘ, ਸੁਖਦੀਪ ਸਿੰਘ, ਓਅੰਕਾਰ ਸਿੰਘ, ਗੁਰਜਿੰਦਰ ਸਿੰਘ ਅਤੇ ਬੀਬੀ ਗੁਰਜੀਤ ਕੌਰ ਵਲੋਂ ਜਾਰੀ ਕੀਤੇ ਗਏ ਇਕ ਸਾਂਝੇ ਬਿਆਨ ਵਿਚ ਲਾਇਆ ਗਿਆ ਹੈ।

ਇਸ ਬਿਆਨ ਵਿਚ ਕਿਹਾ ਗਿਆ ਹੈ ਕਿ ਗੁਰਦੁਆਰਾ ਸੈਨ ਹੋਜ਼ੇ ਦੀ ਧਾਰਮਿਕ ਕਮੇਟੀ ਦੇ ਪਿਛਲੇ ਵੀਹ ਸਾਲ ਤੋਂ ਮੈਂਬਰ ਚਲੇ ਆ ਰਹੇ ਅਤੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਰਹੇ ਸ. ਗੁਰਮੇਲ ਸਿੰਘ ਬਾਠ ਸੰਗਤਾਂ ਨੂੰ ਪਿਛਲੇ ਕਈ ਸਾਲਾਂ ਤੋਂ ਗੁਰੂ ਘਰ ਅੰਦਰ ਨਾਮ ਸਿਮਰਨ ਕਰਵਾਉਂਦੇ ਆ ਰਹੇ ਹਨ ਤੇ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਵੀ ਦਿੰਦੇ ਆ ਰਹੇ ਹਨ। ਬਿਆਨ ਅਨੁਸਾਰ ਪਿਛਲੇ ਦਿਨੀਂ ਜਦੋਂ ਸੰਗਤ ਨਾਮ ਸਿਮਰਨ ਲਈ ਗੁਰੂ ਘਰ ਪਹੁੰਚੀ ਤਾਂ ਇਸ ਗੱਲ 'ਤੇ ਹੈਰਾਨ ਰਹਿ ਗਈ ਪ੍ਰਬੰਧਕਾਂ ਵਲੋਂ ਨਾਰਥ ਹਾਲ, ਜਿਥੇ ਕਿ ਸਿਮਰਨ ਕੀਤਾ ਜਾਂਦਾ ਸੀ, ਨੂੰ ਸੰਗਲ ਲਾ ਕੇ ਜਿੰਦਰਾ ਲਾਇਆ ਹੋਇਆ ਸੀ।

ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਪ੍ਰਬੰਧਕਾਂ ਨਾਲ ਇਸ ਬਾਰੇ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਤੁਹਾਡੇ ਵਲੋਂ ਸਿਮਰਨ ਕਰਨ ਨਾਲ ਸਾਡੀ ਸ਼ਾਂਤੀ ਭੰਗ ਹੁੰਦੀ ਹੈ। ਨਾਮ ਸਿਮਰਨ ਕਰਨ ਵਾਲੀਆਂ ਸੰਗਤਾਂ ਨੇ ਵਿਚਾਰ ਕੀਤੀ ਕਿ ਉਨ੍ਹਾਂ ਵਲੋਂ ਨਾਮ ਸਿਮਰਨ ਤੋਂ ਬਿਨਾ ਕੋਈ ਤਕਰੀਰ ਵਗੈਰਾ ਨਹੀਂ ਕੀਤੀ ਜਾਂਦੀ ਤਾਂ ਸ਼ਾਂਤੀ ਕਿਵੇਂ ਭੰਗ ਹੋ ਗਈ? ਇਸ ਪਿਛੋਂ ਹਾਲ ਦੇ ਬਾਹਰ ਬਰਾਂਡੇ ਵਿਚ ਬੈਠ ਕੇ ਨਾਮ ਸਿਮਰਨ ਕਰਨ ਦਾ ਫੈਸਲਾ ਲਿਆ ਗਿਆ ਅਤੇ ਹੁਣ ਇਹ ਇਸੇ ਤਰ੍ਹਾਂ ਜਾਰੀ ਹੈ।

ਦੂਜੇ ਪਾਸੇ ਪ੍ਰਬੰਧਕਾਂ ਨੇ ਸਿਮਰਨ ਤੋਂ ਰੋਕੇ ਜਾਣ ਦੇ ਦੋਸ਼ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਸੰਗਤ ਦੇ ਇਕ ਛੋਟੇ ਜਿਹੇ ਹਿੱਸੇ ਵਲੋਂ ਨਾਮ ਸਿਮਰਨ ਦੇ ਬਹਾਨੇ ਹੇਠ ਪ੍ਰਬੰਧਕਾਂ ਵਿਰੁਧ ਸਿਆਸਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਇੱਕ ਬਿਆਨ ਵਿਚ ਆਖਿਆ ਕਿ ਗੁਰੂ ਘਰ ਵਿਚ ਹਰ ਕੋਈ ਨਾਮ ਸਿਮਰਨ ਕਰ ਸਕਦਾ ਅਤੇ ਸੰਥਿਆ ਲੈ ਸਕਦਾ ਹੈ। ਇਸੇ ਲਈ ਭਾਈ ਸਾਹਿਬ ਸਿੰਘ ਨੂੰ ਆਫੀਸ਼ੀਅਲ ਤੌਰ 'ਤੇ ਨਿਯੁਕਤ ਕੀਤਾ ਗਿਆ ਹੈ। ਜਿੱਥੋਂ ਤੱਕ ਨਾਰਥ ਹਾਲ ਦੀ ਗੱਲ ਹੈ, ਜਿੱਥੇ ਬੈਠ ਕੇ ਕੁਝ ਸੱਜਣ ਨਾਮ ਸਿਮਰਦੇ ਸਨ, ਇਹ ਹਾਲ ਵਰਤਣ ਤੋਂ ਇਸ ਕਰਕੇ ਮਨ੍ਹਾਂ ਕੀਤਾ ਗਿਆ ਹੈ ਕਿ ਇਹ ਲੋਕ ਅਕਸਰ ਇਸ ਹਾਲ ਦੇ ਦਰਵਾਜੇ ਖੁੱਲ੍ਹੇ ਛੱਡ ਜਾਂਦੇ ਸਨ। ਇੱਕ ਵਾਰ ਦਰਵਾਜਾ ਖੁੱਲ੍ਹਾ ਹੋਣ ਕਰਕੇ ਸੱਪ ਵੀ ਅੰਦਰ ਆ ਗਿਆ, ਦੋ ਸੂਟਕੇਸ ਅਤੇ ਹੋਰ ਸਾਮਾਨ ਗੁੰਮ ਹੋ ਗਿਆ, ਕਈ ਵਾਰ ਸਾਰੀ-ਸਾਰੀ ਰਾਤ ਏਅਰਕੰਡੀਸ਼ਨ ਚਲਦਾ ਰਹਿ ਜਾਂਦਾ। ਹਾਲ ਖੁੱਲਾ ਰਹਿ ਜਾਣ ਕਾਰਨ ਕਈ ਸ਼ਰਾਰਤੀ ਬੱਚੇ ਖਿਲਾਰਾ ਖਿਲਾਰ ਜਾਂਦੇ। ਅਗਲੇ ਦਿਨ ਕਿਸੇ ਪਰਿਵਾਰ ਦਾ ਕੋਈ ਧਾਰਮਿਕ ਜਾਂ ਸਮਾਜਕ ਪ੍ਰੋਗਰਾਮ ਹੁੰਦਾ ਤਾਂ ਉਹ ਹਾਲ ਦੇਖ ਕੇ ਕਾਫੀ ਪ੍ਰੇਸ਼ਾਨ ਹੁੰਦੇ।

ਭਾਈ ਢਿੱਲੋਂ ਨੇ ਆਖਿਆ ਕਿ ਵੈਸੇ ਵੀ ਗੁਰਦੁਆਰਾ ਸਾਹਿਬ ਦੀ ਨੀਤੀ ਹੈ ਕਿਸੇ ਵੀ ਸ਼ਰਧਾਲੂ ਨੂੰ ਕੋਈ ਕਮਰਾ ਜਾਂ ਹਾਲ ਚਾਹੀਦਾ ਹੈ, ਉਸ ਨੂੰ ਪ੍ਰਬੰਧਕਾਂ ਨਾਲ ਸੰਪਰਕ ਕਰਕੇ ਬਾਕਾਇਦਾ ਇੱਕ ਫਾਰਮ ਭਰਨਾ ਪੈਂਦਾ ਹੈ ਕਿ ਕਿਹੜੇ ਕੰਮ ਲਈ ਹਾਲ ਜਾਂ ਕਮਰਾ ਚਾਹੀਦਾ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਲਈ ਇਹ ਨੀਤੀਆਂ ਬਣਾਈਆਂ ਗਈਆਂ ਹਨ। ਉਂਜ ਗੁਰੂ ਘਰ ਦਾ ਦਰਬਾਰ ਹਾਲ ਹਰ ਕਿਸੇ ਲਈ ਨਾਮ ਸਿਮਰਨ ਵਾਸਤੇ ਹਮੇਸ਼ਾ ਖੁਲ੍ਹਾ ਰਹਿੰਦਾ ਹੈ।

# ਰੇਡੀਓ ਚੜ੍ਹਦੀ ਕਲਾ 'ਤੇ ਕਬੱਡੀ ਸ਼ਖਸੀਅਤਾਂ ਦਾ ਟਾਕ ਸ਼ੋਅ 9 ਨੂੰ

**ਫਰੀਮਾਂਟ :** ਪਿਛਲੇ ਤਿੰਨ ਮਹੀਨਿਆਂ ਤੋਂ ਨਸ਼ਿਆਂ ਖਿਲਾਫ਼ ਮੁਹਿੰਮ ਚਲਾ ਰਹੀ ਸੰਸਥਾ ਯੂਨਾਈਟਡ ਸਪੋਰਟਸ ਕਲੱਬ ਵਲੋਂ 9 ਅਕਤੂਬਰ ਮੰਗਲਵਾਰ ਨੂੰ ਰੇਡੀਓ ਚੜ੍ਹਦੀ ਕਲਾ ਉਪਰ ਇਕ ਵਿਸ਼ੇਸ਼ ਟਾਕ ਸ਼ੋਅ ਕੀਤਾ ਜਾਏਗਾ ਜਿਸ ਵਿਚ ਵਿਸ਼ਵ ਭਰ ਤੋਂ ਕਬੱਡੀ ਨਾਲ ਜੁੜੀਆਂ ਅਹਿਮ ਸ਼ਖਸੀਅਤਾਂ ਸਰੋਤਿਆਂ ਦੇ ਰੂ-ਬ-ਰੂ ਹੋਣਗੀਆਂ।

ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਇਕ ਬੁਲਾਰੇ ਸ੍ਰੀ ਗੁਰਦਾਵਰ ਸਿੰਘ ਮਹੇੜੂ ਨੇ ਦਸਿਆ ਕਿ ਇਹ ਟਾਕ ਸ਼ੋਅ ਹਰ ਕਬੱਡੀ ਪ੍ਰੇਮੀ ਲਈ ਆਪਣੇ ਵਿਚਾਰ ਰਖਣ ਵਾਸਤੇ ਇਕ ਨਿਰਪੱਖ ਪਲੇਟਫਾਰਮ ਹੋਵੇਗਾ। ਪੇਸ਼ ਕੀਤੇ ਗਏ ਵਿਚਾਰਾਂ ਨਾਲ ਰੇਡੀਓ ਚੜ੍ਹਦੀ ਕਲਾ ਦਾ ਕੋਈ ਵਾਹ-ਵਾਸਤਾ ਨਹੀਂ ਹੋਵੇਗਾ ਅਤੇ ਪੇਸ਼ ਕੀਤੇ ਗਏ ਵਿਚਾਰਾਂ ਦੇ ਜੱਜ ਦੇਸ਼-ਵਿਦੇਸ਼ ਵਿਚ ਬੈਠੇ ਸਰੋਤੇ ਹੋਣਗੇ। ਸੰਜੀਦਾ ਅਤੇ ਉਸਾਰੂ ਵਿਚਾਰਾਂ ਨੂੰ ਪਹਿਲ ਦੇ ਆਧਰ 'ਤੇ ਜਾਰੀ ਰਖਿਆ ਜਾਵੇਗਾ। ਹੋਰ ਜਾਣਕਾਰੀ ਲਈ ਫੋਨ 510-468-9381'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲਾਲ ਚੰਦ ਯਮਲਾ ਜੱਟ ਦੀ ਯਾਦ 'ਚ ਮੇਲਾ 14 ਅਕਤੂਬਰ ਨੂੰ

**ਫਰਿਜ਼ਨੋ (ਕੁਲਵੰਤ ਉੱਭੀ/ਨੀਟਾ ਮਾਛੀਕੇ):** ਤੂੰਬੀ ਦੇ ਬਾਦਸ਼ਾਹ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਨਿੱਘੀ ਯਾਦ ਵਿਚ ਉਨ੍ਹਾਂ ਦੇ ਸਾਗਿਰਦ ਇੰਜੀਨੀਅਰ ਰਾਜਿੰਦਰ ਸਿੰਘ ਬਰਾੜ ਦੇ ਉਦਮ ਨਾਲ 12ਵਾਂ ਮੇਲਾ ਇਥੋਂ ਨਜ਼ਦੀਕੀ ਸ਼ਹਿਰ ਕਰਮਨ ਦੇ ਕਮਿਊਨਟੀ ਸੈਂਟਰ ਹਾਲ ਵਿਚ 14 ਅਕਤੂਬਰ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।


ਲਾਲ ਚੰਦ ਯਮਲਾ ਜੱਟ

ਰਾਜ ਬਰਾੜ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪਵਨਜੋਤ ਯਮਲਾ ਜੱਟ (ਕੈਨੇਡਾ), ਐਚ. ਐਸ. ਭਜਨ, ਪ੍ਰੋ. ਗਗਨਦੀਪ ਸਿੱਧੂ (ਐਲ. ਏ.), ਧਰਮਵੀਰ ਥਾਂਦੀ, ਦਿਲਦਾਰ ਮਿਊਜ਼ੀਕਲ ਬ੍ਰਦਰਜ਼ ਗਰੁਪ ਫਰਿਜ਼ਨੋ, ਅਵਤਾਰ ਗਰੇਵਾਲ, ਰਾਣਾ ਗਿੱਲ, ਕਾਂਤਾ, ਪੱਪੂ ਬਰਾੜ, ਪੱਪੀ ਭਦੌੜ, ਬਲਿਹਾਰ ਥਾਂਦੀ, ਇਕਬਾਲ ਗਿੱਲ ਰਣੀਆਂ, ਗੈਰੀ ਢੇਸੀ, ਮਨਜੀਤ ਸਿੰਘ ਪੱਤਰ ਤੇ ਸਾਥੀ (ਕਵੀਸ਼ਰੀ), ਸੁੱਖੀ ਧਾਲੀਵਾਲ ਆਦਿ ਕਲਾਕਾਰ ਆਪਣੀ ਗਾਇਕੀ ਤੇ ਸ਼ਾਇਰੀ ਨਾਲ ਸਰੋਤਿਆਂ ਦਾ ਮਨੋਰੰਜਨ ਕਰਨਗੇ। ਜੀ. ਐਚ. ਜੀ. ਅਕੈਡਮੀ ਦੀਆਂ ਟੀਮਾਂ ਗਿੱਧਾ ਤੇ ਭੰਗੜਾ ਪੇਸ਼ ਕਰਨਗੀਆਂ, ਬਾਬਿਆਂ ਦਾ ਮਲਵਈ ਗਿੱਧਾ ਵਿਸ਼ੇਸ਼ ਆਕਰਸ਼ਣ ਹੋਵੇਗਾ। ਉਨ੍ਹਾਂ ਕਿਹਾ ਕਿ ਪ੍ਰੋਗਰਾਮ ਪੂਰੀ ਤਰ੍ਹਾਂ ਪਰਿਵਾਰਕ ਹੋਵੇਗਾ, ਸ਼ਰਾਬ ਆਦਿ ਨਸ਼ੇ ਵਰਤਣ ਦੀ ਮਨਾਹੀ ਹੋਵੇਗੀ ਅਤੇ ਸਕਿਉਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ। ਚਾਹ, ਪਕੌੜੇ ਅਤੇ ਮਿਠਾਈਆਂ ਆਦਿ ਦਾ ਮੇਲੀਆਂ ਲਈ ਮੁਫਤ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਰਾਜ ਬਰਾੜ ਨਾਲ ਫੋਨ 559-824-9028 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਨਗਰ ਕੀਰਤਨ 28 ਅਕਤੂਬਰ ਨੂੰ

**ਫਰਿਜ਼ਨੋ (ਨੀਟਾ ਮਾਛੀਕੇ/ਕੁਲਵੰਤ ਉਭੀ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀ ਸਮੂਹ ਸੰਗਤ ਵਲੋਂ ਗੁਰੂ ਨਾਨਕ ਪਾਤਸ਼ਾਹ ਦੇ ਅਵਤਾਰ ਪੁਰਬ ਮੌਕੇ 28 ਅਕਤੂਬਰ ਐਤਵਾਰ ਨੂੰ ਤੀਜਾ ਮਹਾਨ ਨਗਰ ਕੀਰਤਨ 28 ਅਕਤੂਬਰ ਨੂੰ ਸਜਾਇਆ ਜਾ ਰਿਹਾ ਹੈ। ਇਸ ਸਬੰਧੀ ਅਖੰਡ ਪਾਠ ਦੇ ਭੋਗ ਸਵੇਰੇ 8 ਤੋਂ 10 ਵਜੇ ਤੱਕ ਗੁਰੂ ਘਰ ਵਿਖੇ ਪਾਏ ਜਾਣਗੇ। ਉਪਰੰਤ 10 ਤੋਂ 11 ਵਜੇ ਤੱਕ ਦੀਵਾਨ ਸਜਣਗੇ। ਨਗਰ ਕੀਰਤਨ ਗੁਰੂ ਘਰ ਤੋਂ 11 ਵਜੇ ਰਵਾਨਾ ਹੋਵੇਗਾ।

ਇਸ ਨਗਰ ਕੀਰਤਨ ਵਿਚ ਸ਼ਮੂਲੀਅਤ ਲਈ ਪੰਜਾਬ ਤੋਂ ਦਰਬਾਰ ਸਹਿਬ ਅੰਮ੍ਰਿਤਸਰ ਦੇ ਹੈਡ ਗ੍ਰੰਥੀ ਗਿਆਨੀ ਮੱਲ ਸਿੰਘ, ਹਜ਼ੂਰੀ ਰਾਗੀ ਭਾਈ ਹਰਪ੍ਰੀਤ ਸਿੰਘ ਅਤੇ ਪੰਡਿਤ ਬਖਸੀਸ਼ ਸਿੰਘ ਦਮਦਮੀ ਟਕਸਾਲ ਵਾਲੇ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁਮਾਂ ਵੱਲੋਂ ਸਮੂਹ ਸਿੱਖ ਸੰਗਤਾਂ ਨੂੰ ਇਸ ਮੌਕੇ ਹੁਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਨਗਰ ਕੀਰਤਨ ਸਬੰਧੀ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ ਨਾਲ ਫੋਨ 559-261-5899 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਾਕਿਸਤਾਨ 'ਚ ਹਿਜੜਿਆਂ ਨੂੰ ਬਰਾਬਰ ਅਧਿਕਾਰ

**ਇਸਲਾਮਾਬਾਦ:** ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਫੈਸਲਾ ਦਿਤਾ ਹੈ ਕਿ ਹਿਜੜਿਆਂ ਨੂੰ ਵੀ ਦੇਸ਼ ਦੇ ਹੋਰਾਂ ਨਾਗਰਿਕਾਂ ਦੀ ਤਰ੍ਹਾਂ ਪੜ੍ਹਾਈ, ਰੁਜ਼ਗਾਰ ਤੇ ਵਿਰਾਸਤ ਦਾ ਬਰਾਬਰ ਅਧਿਕਾਰ ਹੈ। ਚੀਫ ਜਸਟਿਸ ਇਫਤਿਖਾਰ ਚੌਧਰੀ ਦੀ ਅਗਵਾਈ ਹੇਠਲੇ ਬੈਂਚ ਨੇ ਫੈਸਲਾ ਸੁਣਾਇਆ ਕਿ ਇਸ ਭਾਈਚਾਰੇ ਨੂੰ ਵੀ ਸੰਵਿਧਾਨ ਵੱਲੋਂ ਦਿੱਤਾ ਗਿਆ ਹਰ ਹੱਕ ਪ੍ਰਾਪਤ ਹੈ। ਇਕ ਸਾਲ ਪਹਿਲਾਂ ਅਦਾਲਤ ਨੇ ਅਧਿਕਾਰੀਆਂ ਨੂੰ ਹਿਜੜਿਆਂ ਦੀਆਂ ਵੋਟਾਂ ਬਣਾਉਣ, ਸ਼ਨਾਖਤੀ ਪੱਤਰ ਜਾਰੀ ਕਰਨ ਤੇ ਰੁਜ਼ਗਾਰ ਦੇਣ ਸਬੰਧੀ ਨਿਰਦੇਸ਼ ਦਿੱਤੇ ਸਨ।


**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision


Bhupinder Gill, Esq.
Attorney at Law
(Admitted in CA)

*Call for initial consultation*
Attorney Bhupinder Gill, Esq.
Attorney George Heridis, Esq.

**(408) 940-6065, (408) 736-5203**
Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085

KAUR eye institute
*Putting Patient Care First*

Dr. Harrup Kaur, MD, FACS
Eye Surgeon

CATARACT SPECIALIST, San Jose, CA
- Top 10% of eye surgeons in the U.S.
- Trained at the prestigious Mayo Clinc
- Board Certified: American Board of Ophthalmology
- Fellow, American College of Surgeons

ਆਪਣੀਆਂ ਅੱਖਾਂ ਦੀ ਸਰਜਰੀ ਦੀ ਜ਼ਿੰਮੇਵਾਰੀ ਡਾ. ਹਰਿਰੂਪ ਕੌਰ 'ਤੇ ਛੱਡੋ

Cataract surgery continues to evolve. Trust your eyes to a surgeon who has been trained in and uses the most advanced surgical techniques. *Dr. Kaur has been successfully helping patients see without glasses for the past 8 years.*

MICRO-INCISION SURGERY • NO STITCHES • PREMIUM LENSES
*We accept all major health insurances, including Medicare.*

CALL TODAY TO SCHEDULE YOUR SURGERY CONSULTATION
888-940-3940 • 408-940-3940
Kaur Eye Institute • 555 Knowles Dr., Suite 117 • Los Gatos, CA 95032
www.KaurEye.com

**Buy or Sell** *House, Liquor Store, Gas Station etc.*
**In Bay Area & Central Valley**
- For Quick Short Sale
- Home Loans & SBA Loans
- Refinance @ Zero Cost
- Free Loan Approval Letter


**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**
www.singhraj.bayeastweb.com
Fax: 510-490-9703
MISSIONPEAK BROKERS, INC.
46560 Fremont Blvd., Suite#111, Fremont, CA 94538

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖੁਫੀਆ ਏਜੰਸੀਆਂ ਦੀ ਚਿਤਾਵਨੀ ਮਗਰੋਂ ਪੰਜਾਬ ਪੁਲਿਸ ਚੌਕਸ

*(ਸਫਾ ਇਕ ਦੀ ਬਾਕੀ)*

ਯਤਨਸ਼ੀਲ ਹਨ ਅਤੇ ਇਹ ਦੇਸ਼ 'ਚ ਵੱਡੀਆਂ ਵਾਰਦਾਤਾਂ ਕਰ ਸਕਦੇ ਹਨ। ਏਜੰਸੀਆਂ ਨੇ ਇਹ ਵੀ ਖੁਲਾਸਾ ਕੀਤਾ ਸੀ ਕਿ ਵਿਦੇਸ਼ਾਂ 'ਚ ਬੈਠੇ ਖਾਲਿਸਤਾਨ ਪੱਖੀ ਲੋਕ ਪੰਜਾਬ 'ਚ ਖਾੜਕੂ ਸਰਗਰਮੀਆਂ ਲਈ ਫੰਡ ਭੇਜ ਰਹੇ ਹਨ। ਇਸ ਤੋਂ ਇਲਾਵਾ ਏਜੰਸੀਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨਾ ਬਣਾਉਣ ਦਾ ਖਦਸ਼ਾ ਵੀ ਪ੍ਰਗਟਾਇਆ ਸੀ।

ਇਸ ਚਿਤਾਵਨੀ ਤੋਂ ਬਾਅਦ ਪੰਜਾਬ ਪੁਲਿਸ ਇਕਦਮ ਹਰਕਤ 'ਚ ਆਈ ਤੇ ਪਿਛਲੇ ਦਿਨੀਂ ਭਾਈ ਕੁਲਬੀਰ ਸਿੰਘ ਬੜਾ ਪਿੰਡ ਅਤੇ ਭਾਈ ਦਲਜੀਤ ਸਿੰਘ ਬਿੱਟੂ ਨੂੰ ਗ੍ਰਿਫਤਾਰ ਕਰ ਲਿਆ ਸੀ। ਉਂਜ ਇਨ੍ਹਾਂ ਆਗੂਆਂ ਦੀ ਗ੍ਰਿਫਤਾਰੀ ਲਈ ਕੋਈ ਠੋਸ ਸਬੂਤ ਪੇਸ਼ ਨਾ ਕਰ ਸਕਣ ਕਰ ਕੇ ਪੁਲਿਸ ਨੂੰ ਅਲੋਚਨਾ ਦਾ ਵੀ ਸਾਹਮਣਾ ਕਰਨਾ ਪਿਆ ਪਰ ਪੁਲਿਸ ਨੇ ਹੁਣ ਜਸਵੰਤ ਸਿੰਘ ਆਜ਼ਾਦ ਨੂੰ ਗ੍ਰਿਫਤਾਰ ਕਰ ਕੇ ਉਸ ਕੋਲੋਂ ਇਟਾਲੀਅਨ ਪਿਸਤੌਲ ਤੇ ਮੈਗਜ਼ੀਨ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਅਨੁਸਾਰ ਜਸਵੰਤ ਸਿੰਘ ਆਜ਼ਾਦ ਪੁੱਤਰ ਸੁੱਚਾ ਸਿੰਘ ਪਿੰਡ ਦੂਹੜਾ ਥਾਣਾ ਆਦਮਪੁਰ ਤੇ ਹਾਲ ਵਾਸੀ ਇੰਗਲੈਂਡ ਦੇ ਨਿਸ਼ਾਨੇ 'ਤੇ ਆਸ਼ੂਤੋਸ਼, ਡੇਰਾ ਸਿਰਸਾ ਮੁਖੀ ਤੇ ਹੋਰ ਕਈ ਸੰਤ ਸਨ। ਪੁਲਿਸ ਨੇ ਜਸਵੰਤ ਸਿੰਘ 'ਤੇ ਧਾਰਾ 120 ਬੀ/121-12/ਏ. ਆਈ.ਪੀ.ਸੀ. ਆਰਮਡ ਐਕਟ ਤੇ ਦੇਸ਼ ਵਿਰੋਧੀ ਤੇ ਅਤਿਵਾਦੀ ਸਰਗਰਮੀਆਂ ਤਹਿਤ ਧਾਰਾ 10, 13, 17, 18-ਬੀ, 20, 38, 39, 40 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਪੁਲਿਸ ਨੇ ਜਸਵੰਤ ਸਿੰਘ ਨੂੰ ਗੁਪਤ ਸੂਚਨਾ ਦੇ ਆਧਾਰ 'ਤੇ ਟਰਾਂਸਪੋਰਟ ਨਗਰ, ਜਲੰਧਰ ਕੋਲੋਂ ਗ੍ਰਿਫਤਾਰ ਕਰਨ ਦਾ ਦਾਅਵਾ ਹੈ। ਪੁਲਿਸ ਅਨੁਸਾਰ ਜਸਵੰਤ ਸਿੰਘ 1965 ਵਿਚ ਪਰਿਵਾਰ ਸਮੇਤ ਇੰਗਲੈਂਡ ਜਾ ਕੇ ਵਸ ਗਿਆ ਸੀ। 1989 ਨੂੰ ਉਹ ਡੇਹਰਾ ਸਾਹਿਬ (ਪਾਕਿਸਤਾਨ) ਗਿਆ ਜਿਥੇ ਕੁਝ ਖਾੜਕੂ ਜਥੇਬੰਦੀਆਂ ਤੇ ਦਲਜੀਤ ਸਿੰਘ ਬਿੱਟੂ ਦੇ ਸੰਪਰਕ ਵਿਚ ਆਇਆ। ਪਾਕਿਸਤਾਨ 'ਚ ਤਕਰੀਬਨ ਦੋ ਹਫ਼ਤੇ ਰਹਿਣ ਦੇ ਬਾਅਦ ਲਾਹੌਰ ਦੇ ਖਾੜਕੂ ਜਥੇਬੰਦੀਆਂ ਦੇ ਨੰਬਰ ਲੈ ਕੇ ਵਿਦੇਸ਼ ਚਲਾ ਗਿਆ ਤੇ ਉਥੋਂ ਖਾੜਕੂ ਜਥੇਬੰਦੀਆਂ ਬੱਬਰ ਖਾਲਸਾ ਇੰਟਰਨੈਸ਼ਨਲ ਤੇ ਕੇ.ਸੀ.ਐਫ. ਨੂੰ ਫੰਡ ਮੁਹੱਈਆ ਕਰਵਾਉਂਦਾ ਰਿਹਾ। ਇਸ ਤੋਂ ਬਾਅਦ 2011 ਵਿਚ ਵੀ ਭਾਰਤ ਆਇਆ ਤੇ 10 ਅਗਸਤ, 2012 ਨੂੰ ਮੁੜ ਆਪਣੇ ਪਿੰਡ ਦੂਹੜਾ ਆਇਆ। ਇਨ੍ਹਾਂ ਸਾਲਾਂ ਦੌਰਾਨ ਪੁਰਾਣੇ ਖਾੜਕੂਆਂ, ਉਨ੍ਹਾਂ ਦੇ ਪਰਿਵਾਰਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰ ਕੇ ਸਰਗਰਮੀ ਲਈ ਤਿਆਰ ਕਰਦਾ ਸੀ। ਇਨ੍ਹਾਂ ਸਾਲਾਂ ਵਿਚ ਨਿਰਦੇਸ਼ਕ ਦੇ ਤੌਰ 'ਤੇ ਕੰਮ ਕਰਦੇ ਹੋਏ ਕਈ ਖਾੜਕੂ ਸਰਗਰਮੀਆਂ ਕਰਵਾਈਆਂ ਤੇ ਵਾਰਦਾਤਾਂ 'ਚ ਸ਼ਾਮਲ ਲੋਕਾਂ ਨੂੰ ਵਿਦੇਸ਼ ਭੇਜ ਦਿੰਦਾ ਸੀ। ਉਹ ਦੋ ਸਾਲ ਤੋਂ ਪੰਜਾਬ ਦੇ ਚੱਕਰ ਲਾ ਰਿਹਾ ਸੀ। ਜਸਵੰਤ ਸਿੰਘ ਆਜ਼ਾਦ ਨੀਲਾ ਸਾਕਾ ਤੋਂ ਬਾਅਦ ਖਾੜਕੂ ਜਥੇਬੰਦੀਆਂ ਨਾਲ ਜੁੜਿਆ ਸੀ।

ਸੂਤਰਾਂ ਅਨੁਸਾਰ ਜਸਵੰਤ ਸਿੰਘ ਆਜ਼ਾਦ ਸਾਲ 2011 ਤੇ 2012 ਦੇ ਡੇਢ ਸਾਲ ਦੇ ਵਕਫੇ ਵਿਚ ਤੀਜੀ ਵਾਰ ਭਾਰਤ ਆਇਆ ਸੀ। 10 ਅਗਸਤ ਨੂੰ ਪੰਜਾਬ ਆਉਣ ਤੋਂ ਬਾਅਦ ਉਹ ਬਲਦੇਵ ਨਗਰ ਇਲਾਕੇ ਵਿਚ ਆਪਣੀ ਦੂਰ ਦੀ ਰਿਸ਼ਤੇਦਾਰ ਕੋਲ ਰਿਹਾ; ਹਾਲਾਂ ਕਿ ਉਸ ਦੀ ਪਿੰਡ ਦੂਹੜੇ ਵਿਚ ਆਲੀਸ਼ਾਨ ਕੋਠੀ ਹੈ।

ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਪੰਜਾਬ ਆਉਣ 'ਤੇ ਜਸਵੰਤ ਸਿੰਘ ਆਜ਼ਾਦ ਨੇ ਕੁਲਬੀਰ ਸਿੰਘ ਬੀਰਾ ਬੜਾ ਪਿੰਡ ਤੇ ਗੁਜਰਾਤ ਦੇ ਅਹਿਮਦਾਬਾਦ ਵਿਚ ਸਾਲ 1993 ਵਿਚ ਹੋਈਆਂ ਖਾੜਕੂ ਵਾਰਦਾਤਾਂ ਵਿਚ ਸ਼ਾਮਲ ਲਾਲ ਸਿੰਘ ਵਾਸੀ ਅਕਾਲਗੜ੍ਹ ਗੋਰਾਇਆ ਨੂੰ ਮਿਲ ਕੇ ਆਰਥਿਕ ਮਦਦ ਦਿੱਤੀ। ਲਾਲ ਸਿੰਘ ਖ਼ਿਲਾਫ਼ 1993 ਵਿਚ ਗੁਜਰਾਤ ਵਿਖੇ ਟਾਡਾ ਐਕਟ ਅਧੀਨ ਤਿੰਨ ਕੇਸ ਦਰਜ ਹਨ। ਅਦਾਲਤ ਵੱਲੋਂ ਸਜ਼ਾ ਦੇਣ ਤੋਂ ਬਾਅਦ ਉਸ ਨੂੰ ਨਾਭਾ ਜੇਲ੍ਹ ਵਿਚ ਭੇਜ ਦਿੱਤਾ ਗਿਆ। ਅੱਜਕੱਲ੍ਹ ਪੈਰੋਲ 'ਤੇ ਆਏ ਲਾਲ ਸਿੰਘ ਤੋਂ ਪੁਲਿਸ ਪੁੱਛਗਿੱਛ ਕਰ ਰਹੀ ਹੈ। ਖਾੜਕੂ ਜਥੇਬੰਦੀਆਂ ਨੂੰ ਕਰੋੜਾਂ ਰੁਪਏ ਦੀ ਮੱਦਦ ਦੇਣ ਵਾਲਾ ਜਸਵੰਤ ਸਿੰਘ ਆਜ਼ਾਦ ਪੰਜਾਬ ਵਿਚ ਕਿਸੇ ਲਗਜ਼ਰੀ ਗੱਡੀ ਵਿਚ ਨਹੀਂ ਸਗੋਂ ਲੋਕਾਂ ਤੋਂ ਲਿਫਟ ਮੰਗ ਕੇ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਂਦਾ ਸੀ।

# ਜਨਰਲ ਕੁਲਦੀਪ ਸਿੰਘ ਬਰਾੜ 'ਤੇ ਲੰਡਨ 'ਚ ਹਮਲਾ

*(ਸਫਾ ਇਕ ਦੀ ਬਾਕੀ)*

ਸਟਾਫ ਜਨਰਲ ਰਣਜੀਤ ਸਿੰਘ ਦਿਆਲ ਨੇ ਉਨ੍ਹਾਂ ਨੂੰ ਅਪਰੇਸ਼ਨ ਬਲਿਊ ਸਟਾਰ ਦੀ ਤਿਆਰੀ ਵਿਚ ਜੁਟ ਜਾਣ ਦੇ ਹੁਕਮ ਦਿੱਤੇ।

ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਉਹ ਜਿਥੇ ਖਾੜਕੂਆਂ ਦੇ ਨਿਸ਼ਾਨੇ 'ਤੇ ਆ ਗਏ, ਉਥੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਵੀ ਉਨ੍ਹਾਂ ਤੋਂ ਪਾਸਾ ਵੱਟ ਲਿਆ। ਉਨ੍ਹਾਂ ਦੇ ਲੰਡਨ ਰਹਿੰਦੇ ਇਕ ਮਾਮੇ ਨੇ ਆਪਣੇ ਇਸ ਭਾਣਜੇ ਨਾਲੋਂ ਨਾਤਾ ਤੋੜ ਲਿਆ ਸੀ। ਅਪਰੇਸ਼ਨ ਬਲਿਊ ਸਟਾਰ ਦੇ ਨੌਂ ਸਾਲਾਂ ਮਗਰੋਂ ਜਨਰਲ ਬਰਾੜ ਨੇ ਇਸ ਕਾਰਵਾਈ ਬਾਰੇ ਪੁਸਤਕ ਲਿਖੀ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਹਮਲਾ ਕਿਸੇ ਧਾਰਮਿਕ ਸਥਾਨ 'ਤੇ ਨਹੀਂ ਸਗੋਂ ਮੁਲਕ ਦੇ ਦੁਸ਼ਮਣ ਅਤਿਵਾਦੀਆਂ ਖ਼ਿਲਾਫ਼ ਸੀ।

***(ਵਿਸ਼ੇਸ਼ ਕਵਰੇਜ ਪੜ੍ਹੋਂ ਪੰਨਾ 10 ਉਤੇ ਪੜ੍ਹੋ)***

# ਕਾਂਗਰਸੀਆਂ ਵੱਲੋਂ ਸੋਨੀਆ ਕੋਲ ਬਾਦਲ ਦੀ ਸ਼ਿਕਾਇਤ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਵਿਧਾਇਕਾਂ ਦਾ ਵਫ਼ਦ ਦਿੱਲੀ ਵਿਖੇ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਮਿਲਿਆ। ਵਫ਼ਦ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਵੱਲੋਂ ਯੂ.ਪੀ.ਏ. ਫਲੈਗਸ਼ਿਪ ਸਕੀਮ ਤਹਿਤ ਪੰਜਾਬ ਨੂੰ ਭੇਜੀ ਕੇਂਦਰੀ ਗਰਾਂਟ ਖੁਰਦ-ਬੁਰਦ ਕਰਨ ਦੇ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੋਂ ਪੜਤਾਲ ਕਰਵਾਈ ਜਾਵੇ।ਵਫ਼ਦ ਨੇ ਪੰਜਾਬ ਵਿਚ ਪਹਿਲ ਦੇ ਅਧਾਰ 'ਤੇ ਆਧਾਰ ਕਾਰਡ ਯੂ.ਆਈ.ਡੀ. ਪ੍ਰਾਜੈਕਟ ਲਾਗੂ ਕਰਕੇ ਸਾਰੀਆਂ ਕੇਂਦਰੀ ਸਕੀਮਾਂ ਇਸ ਤਹਿਤ ਲਾਗੂ ਕਰਨ ਦੀ ਮੰਗ ਕੀਤੀ ਕਿਉਂਕਿ ਇਥੋਂ ਦੀ ਅਕਾਲੀ-ਭਾਜਪਾ ਸਰਕਾਰ ਕੇਂਦਰੀ ਸਕੀਮਾਂ ਲਾਗੂ ਕਰਨ ਵੇਲੇ ਖਾਸ ਕਰਕੇ ਦਲਿਤਾਂ ਤੇ ਗਰੀਬ ਤਬਕੇ ਨਾਲ ਵਿਤਕਰਾ ਕਰਦੀ ਆ ਰਹੀ ਹੈ।

ਇਸ ਮੌਕੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਚੌਧਰੀ ਸੁਨੀਲ ਜਾਖੜ ਨੇ ਸੋਨੀਆ ਗਾਂਧੀ ਨੂੰ ਮੰਗ ਪੱਤਰ ਸੌਂਪਿਆ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੇ ਕਿਸਾਨਾਂ ਲਈ ਸੋਕਾ ਰਾਹਤ ਪੈਕਜ ਜਾਰੀ ਕਰਵਾਉਣ ਲਈ ਤੁਰੰਤ ਕਦਮ ਚੁੱਕੇ ਜਾਣ ਤੇ ਇਹ ਰਾਹਤ ਸਿੱਧੀ ਪ੍ਰਭਾਵਿਤ ਕਿਸਾਨਾਂ ਨੂੰ ਅਦਾ ਕੀਤੀ ਜਾਵੇ ਕਿਉਂਕਿ ਅਕਾਲੀ-ਭਾਜਪਾ ਸਰਕਾਰ ਵੱਲੋਂ ਪਹਿਲਾਂ ਹੀ ਵੱਡੇ ਪੱਧਰ 'ਤੇ ਕੇਂਦਰੀ ਗਰਾਂਟਾਂ ਦੀ ਦੁਰਵਰਤੋਂ ਦੇ ਮਾਮਲੇ ਸਾਹਮਣੇ ਆ ਰਹੇ ਹਨ।

ਉਨ੍ਹਾਂ ਪੰਜਾਬ ਦੇ ਛੋਟੇ ਵਪਾਰੀਆਂ ਤੇ ਉਦਯੋਗਪਤੀਆਂ ਲਈ ਵੀ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ। ਸ੍ਰੀ ਜਾਖੜ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਰਾਜ ਦੇ ਸਨਅਤਕਾਰ ਆਪਣੇ ਯੂਨਿਟ ਬੰਦ ਕਰਕੇ ਹੋਰ ਰਾਜਾਂ ਵੱਲ ਜਾ ਰਹੇ ਹਨ ਜਿਸ ਕਾਰਨ ਸੂਬੇ ਦੀ ਆਰਥਿਕਤਾ ਨੂੰ ਢਾਹ ਲੱਗ ਰਹੀ ਹੈ। ਵਫ਼ਦ ਨੇ ਡੀਜ਼ਲ ਅਦੀਆਂ ਵਧੀਆਂ ਕੀਮਤਾਂ ਨੂੰ ਮੁੱਖ ਰੱਖਦਿਆਂ ਮੰਗ ਕੀਤੀ ਕੇ ਝੋਨੇ ਸਮੇਤ ਹੋਰ ਫ਼ਸਲਾਂ ਦਾ ਭਾਅ ਵਧਾਇਆ ਜਾਵੇ ਤੇ ਕਿਸਾਨਾਂ ਨੂੰ 50 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ।



ਵਫ਼ਦ ਵਿਚ ਚੌਧਰੀ ਜਾਖੜ ਸਮੇਤ ਕੇਂਦਰੀ ਮੰਤਰੀ ਅੰਬਿਕਾ ਸੋਨੀ ਤੇ ਅਸ਼ਵਨੀ ਕੁਮਾਰ, ਸੰਸਦ ਮੈਂਬਰ ਸੰਤੋਸ਼ ਚੌਧਰੀ ਤੇ ਪੰਜਾਬ ਦੇ ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਲਾਲ ਸਿੰਘ, ਅਸ਼ਵਨੀ ਸ਼ੇਖੜੀ, ਜਗਮੋਹਨ ਸਿੰਘ ਕੰਗ, ਰਾਣਾ ਗੁਰਮੀਤ ਸਿੰਘ ਸੋਢੀ, ਸੁਖਜਿੰਦਰ ਰੰਧਾਵਾ, ਅਰਵਿੰਦ ਖੰਨਾ, ਸੁਖਜਿੰਦਰ ਸਿੰਘ ਸੁੱਖ ਸਰਕਾਰੀਆ, ਓ.ਪੀ.ਸੋਨੀ, ਮੁਹੰਮਦ ਸਦੀਕ, ਅਜੈਬ ਸਿੰਘ ਭੱਟੀ, ਪ੍ਰਮਿੰਦਰ ਸਿੰਘ ਪਿੰਕੀ, ਅਰੁਣ ਚੌਧਰੀ, ਚਰਨਜੀਤ ਕੌਰ ਬਾਜਵਾ ਤੇ ਗੁਰਇਕਬਾਲ ਕੌਰ ਸ਼ਾਮਲ ਸਨ।

# ਆਸਟਰੇਲੀਆ 'ਚ ਪੰਜਾਬੀ ਨੌਜਵਾਨ ਨੂੰ ਕੈਦ

**ਮੈਲਬਰਨ:** ਕੁਇਨਜ਼ਲੈਂਡ ਸੂਬੇ ਦੇ ਸ਼ਹਿਰ ਬ੍ਰਿਸਬਨ ਦੀ ਜ਼ਿਲ੍ਹਾ ਅਦਾਲਤ ਨੇ 28 ਸਾਲਾ ਪੰਜਾਬੀ ਕਾਰ ਚਾਲਕ ਸਨਵੀਰ ਜੱਸੜ ਨੂੰ ਬਲਾਤਕਾਰ ਦੇ ਜੁਰਮ ਵਿਚ ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਪਰੈਲ 2011 ਵਿਚ ਵਾਪਰੀ ਇਸ ਘਟਨਾ ਦੀ ਅਦਾਲਤੀ ਸੁਣਵਾਈ ਦੌਰਾਨ ਸਾਹਮਣੇ ਆਇਆ ਹੈ ਕਿ ਥਾਈਲੈਂਡ ਤੋਂ ਇਥੇ ਵਿਦਿਆਰਥੀ ਵੀਜ਼ੇ 'ਤੇ ਆਈ ਪੀੜਤ ਲੜਕੀ ਆਪਣੀਆਂ ਸਹੇਲੀਆਂ ਸਮੇਤ ਰਾਤ ਨੂੰ ਘਰ ਜਾਣ ਲਈ ਸਨਵੀਰ ਦੀ ਟੈਕਸੀ ਵਿਚ ਬੈਠੀ। ਰਸਤੇ ਵਿਚ ਉਸ ਦੀਆਂ ਸਹੇਲੀਆਂ ਉਤਰ ਗਈਆਂ ਤਾਂ ਸਨਵੀਰ ਨੇ ਇਸ ਲੜਕੀ ਨੂੰ ਨਸ਼ੇ ਦੀ ਹਾਲਤ ਵਿਚ ਦੇਖ ਕੇ ਟੈਕਸੀ ਕਿਸੇ ਹੋਰ ਰਸਤੇ ਪਾ ਲਈ। ਸ਼ਹਿਰ ਦੇ ਇਕ ਪੁਲ ਨੇੜੇ ਸੁੰਨਸਾਨ ਪਾਰਕ ਵਿਚ ਇਸ ਟੈਕਸੀ ਚਾਲਕ ਨੇ ਵਿਦਿਆਰਥਣ ਨਾਲ ਬਲਾਤਕਾਰ ਕੀਤਾ ਤੇ ਉਥੋਂ ਦੌੜ ਗਿਆ।

2008 ਵਿਚ ਪੜ੍ਹਾਈ ਲਈ ਆਸਟਰੇਲੀਆ ਆਏ ਸਨਵੀਰ ਨੂੰ ਜੱਜ ਟੈਰੀ ਮਾਰਟਿਨ ਦੀ ਅਦਾਲਤ ਵੱਲੋਂ ਇਹ ਸਜ਼ਾ ਸੁਣਾਈ ਗਈ। ਜ਼ਿਕਰਯੋਗ ਹੈ ਕਿ ਅਦਾਲਤ ਨੇ ਸੁਣਵਾਈ ਦੌਰਾਨ ਪੀੜਤ ਲੜਕੀ ਤੇ ਘਟਨਾ ਵਾਲੀ ਰਾਤ ਉਸ ਨਾਲ ਹਾਜ਼ਰ ਲੜਕੀਆਂ ਦੇ ਬਿਆਨ ਵੀ ਸੁਣੇ। ਪੀੜਤ ਲੜਕੀ ਨੇ ਦੱਸਿਆ ਕਿ ਉਸਨੂੰ ਇੰਨੀ ਕੁ ਹੋਸ਼ ਸੀ ਕਿ ਜਦੋਂ ਸਨਵੀਰ ਨੇ ਟੈਕਸੀ ਗਲਤ ਰਾਹ ਪਾਈ ਤਾਂ ਉਸ ਨੂੰ ਇਸ ਬਾਰੇ ਪਤਾ ਲੱਗ ਗਿਆ ਸੀ ਤੇ ਉਸ ਨੇ ਆਪਣੀਆਂ ਸਹੇਲੀਆਂ ਨੂੰ ਫੋਨ ਕਰਕੇ ਸਨਵੀਰ ਨੂੰ ਸਹੀ ਪਤਾ ਦੱਸਣ ਲਈ ਵੀ ਕਿਹਾ, ਫਿਰ ਵੀ ਜਾਣਬੁੱਝ ਕੇ ਉਸ ਨੇ ਟੈਕਸੀ ਸਹੀ ਰਾਸਤੇ ਨਹੀਂ ਪਾਈ। ਬ੍ਰਿਸਬੇਨ ਜ਼ਿਲਾ ਅਦਾਲਤ ਵਿਚ ਇਸ ਮੁਕੱਦਮੇ 'ਤੇ ਚਾਰ ਘੰਟੇ ਸੁਣਵਾਈ ਹੋਈ। ਜਿਊਰੀ ਨੇ ਪੀੜਤ ਲੜਕੀ ਤੇ ਉਸ ਦੇ ਦੋ ਦੋਸਤਾਂ ਦੇ ਬਿਆਨ ਦਰਜ ਕੀਤੇ ਸਨ।

# ਭਾਰਤ ਮਿਲਨ ਨਿਆਸ ਵੱਲੋਂ ਸ਼ਹੀਦੀ ਯਾਦਗਾਰ ਦਾ ਵਿਰੋਧ

**ਅੰਮ੍ਰਿਤਸਰ:** ਅੰਮ੍ਰਿਤਸਰ: ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਬਣ ਰਹੀ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦਾ ਵਿਰੋਧ ਕਰ ਰਹੀ ਭਾਰਤ ਮਿਲਨ ਨਿਆਸ ਜਥੇਬੰਦੀ ਦੇ ਆਗੂਆਂ ਦੀ ਆਮਦ ਨੂੰ ਲੈ ਕੇ ਜਲ੍ਹਿਆਂਵਾਲਾ ਬਾਗ ਵਿਚ ਤਣਾਅ ਬਣ ਗਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਦਲਜੀਤ ਸਿੰਘ ਬੇਦੀ ਨੇ ਜਲ੍ਹਿਆਂਵਾਲਾ ਬਾਗ ਪੁੱਜ ਕੇ ਇਨ੍ਹਾਂ ਆਗੂਆਂ ਕੋਲੋਂ ਮੰਗ ਪੱਤਰ ਲਿਆ ਜਿਸ ਵਿਚ ਉਨ੍ਹਾਂ ਮੰਗ ਕੀਤੀ ਹੈ ਕਿ ਬਣ ਰਹੇ ਸਮਾਰਕ ਵਿਚ ਸ਼ਹੀਦ ਫੌਜੀਆਂ ਦੀਆਂ ਤਸਵੀਰਾਂ ਵੀ ਲਾਈਆਂ ਜਾਣ।

ਮੱਧ ਪ੍ਰਦੇਸ਼ ਨਾਲ ਸਬੰਧਤ ਇਸ ਜਥੇਬੰਦੀ ਦੇ ਤਕਰੀਬਨ ਅੱਧੀ ਦਰਜਨ ਆਗੂ ਜਲ੍ਹਿਆਂਵਾਲਾ ਬਾਗ ਪੁੱਜ ਗਏ ਸਨ ਜਿਥੇ ਉਨ੍ਹਾਂ ਗਾਂਧੀ ਜਯੰਤੀ ਮਨਾਈ। ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਜਾ ਕੇ ਮੰਗ ਪੱਤਰ ਸੌਂਪਣਾ ਸੀ ਪਰ ਇਥੇ ਧਰਨਾ ਦੇਣ ਦੇ ਕੀਤੇ ਐਲਾਨ ਕਾਰਨ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਕਰਮਚਾਰੀ ਵੀ ਚੌਕਸ ਸਨ। ਇਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਲ ਜਾਣ ਤੋਂ ਰੋਕ ਦਿੱਤਾ ਗਿਆ ਸੀ। ਬਾਅਦ 'ਚ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਦਲਜੀਤ ਸਿੰਘ ਬੇਦੀ ਜਲ੍ਹਿਆਂਵਾਲਾ ਬਾਗ ਪੁੱਜੇ ਤੇ ਜਥੇਬੰਦੀ ਦੇ ਆਗੂਆਂ ਕੋਲੋਂ ਮੰਗ ਪੱਤਰ ਲੈ ਲਿਆ।

ਸ. ਬੇਦੀ ਨੂੰ ਦਿੱਤੇ ਗਏ ਮੰਗ ਪੱਤਰ ਵਿਚ ਜਥੇਬੰਦੀ ਦੇ ਆਗੂਆਂ ਨੇ ਮੰਗ ਕੀਤੀ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਬਣ ਰਹੇ ਸ਼ਹੀਦੀ ਸਮਾਰਕ ਵਿਚ ਸ਼ਹੀਦ ਹੋਏ ਫੌਜੀਆਂ ਦੀਆਂ ਤਸਵੀਰਾਂ ਲਾਈਆਂ ਜਾਣ, ਅਜਾਇਬ ਘਰ ਵਿਚ ਖਾੜਕੂ ਸਿੰਘਾਂ ਦੀਆਂ ਲਾਈਆਂ ਗਈਆਂ ਤਸਵੀਰਾਂ ਹਟਾ ਦਿੱਤੀਆਂ ਜਾਣ ਤੇ ਉਥੇ ਜਨਰਲ ਵੈਦਿਯ ਦੀਆਂ ਤਸਵੀਰਾਂ ਲਾਈਆਂ ਜਾਣ। ਉਨ੍ਹਾਂ ਆਖਿਆ ਕਿ 30 ਅਕਤੂਬਰ ਤਕ ਉਨ੍ਹਾਂ ਦੀਆਂ ਮੰਗਾਂ ਨੂੰ ਮੰਨ ਕੇ ਇਸ ਬਾਰੇ ਸੁਪਰੀਮ ਕੋਰਟ ਨੂੰ ਜਾਣਕਾਰੀ ਦਿੱਤੀ ਜਾਵੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਇੰਡੋ-ਕੈਨੇਡੀਅਨ ਬੱਸ ਕੰਪਨੀ 'ਤੇ ਵੀ ਬਾਦਲਾਂ ਦਾ ਕਬਜ਼ਾ

**ਚੰਡੀਗੜ੍ਹ:** ਜਲੰਧਰ-ਦਿੱਲੀ ਕੌਮਾਂਤਰੀ ਹਵਾਈ ਅੱਡੇ ਵਿਚਕਾਰ ਤਕਰੀਬਨ ਦੋ ਦਹਾਕੇ ਤੋਂ ਵਿਦੇਸ਼ਾਂ ਨੂੰ ਜਾਣ-ਆਉਣ ਵਾਲੇ ਮੁਸਾਫਰਾਂ ਨੂੰ ਬੱਸ ਸੇਵਾ ਮੁਹੱਈਆ ਕਰਦੀ ਆ ਰਹੀ ਮਸ਼ਹੂਰ ਇੰਡੋ-ਕੈਨੇਡੀਅਨ ਟਰਾਂਸਪੋਰਟ ਕੰਪਨੀ ਬੱਸ ਸੇਵਾ ਖੇਤਰ ਵਿਚੋਂ ਬਾਹਰ ਹੋ ਗਈ ਹੈ ਤੇ ਇਹ ਕੰਪਨੀ ਬਾਦਲ ਪਰਿਵਾਰ ਨੇ ਖਰੀਦ ਲਈ ਹੈ।

ਬਾਦਲ ਪਰਿਵਾਰ ਪਿਛਲੇ ਕਈ ਦਹਾਕਿਆਂ ਤੋਂ ਬੱਸ ਸਰਵਿਸ ਦੇ ਖੇਤਰ ਵਿਚ ਕੰਮ ਕਰਦਾ ਆ ਰਿਹਾ ਹੈ। 2007 ਤੱਕ ਇਸ ਪਰਿਵਾਰ ਦੀਆਂ ਬੱਸਾਂ ਦਾ ਫਲੀਟ ਬਠਿੰਡਾ-ਡੱਬਵਾਲੀ, ਗਿੱਦੜਬਾਹਾ ਤੇ ਹੋਰ ਆਸ-ਪਾਸ ਦੇ ਖੇਤਰਾਂ ਤੱਕ ਹੀ ਸੀਮਤ ਸੀ ਪਰ 2007 ਤੋਂ ਬਾਅਦ ਮੁੜ ਪੰਜਾਬ ਦੀ ਸੱਤਾ ਹਾਸਲ ਕਰਨ ਬਾਅਦ ਬਾਦਲ ਪਰਿਵਾਰ ਦੀ ਬੱਸ ਸੇਵਾ ਦੇ ਘੇਰੇ ਵਿਚ ਕਰੀਬ ਪੂਰਾ ਪੰਜਾਬ ਹੀ ਆ ਗਿਆ ਤੇ ਵੱਡੀ ਗਿਣਤੀ ਵਿਚ ਛੋਟੇ ਟਰਾਂਸਪੋਰਟਰਾਂ ਤੋਂ ਪਰਮਿਟ ਖਰੀਦ ਕੇ ਇਸ ਪਰਿਵਾਰ ਨੇ ਆਪਣੀ




ਕੰਪਨੀ ਦਾ ਆਧਾਰ ਕਾਫੀ ਚੌੜਾ ਕਰ ਲਿਆ।

ਪੰਜਾਬ ਵਿਚ ਚਲਦੀਆਂ ਏ.ਸੀ. ਬੱਸਾਂ ਵਿਚ ਸਰਕਾਰੀ ਹਲਕਿਆਂ ਅਨੁਸਾਰ ਬਾਦਲ ਪਰਿਵਾਰ ਦੀਆਂ ਬੱਸਾਂ ਦੀ ਹੀ ਅਜ਼ਾਰੇਦਾਰੀ ਹੈ। ਹੁਣ ਇਸ ਪਰਿਵਾਰ ਨੇ ਆਮ ਬੱਸਾਂ ਦੇ ਨਾਲ ਅੰਤਰਰਾਜੀ ਚੱਲਣ ਵਾਲੀ ਵੱਡੀ ਕੰਪਨੀ ਨੂੰ ਕਲਾਵੇ ਵਿਚ ਲੈ ਕੇ ਪਹਿਲੀ ਵਾਰ ਟੂਰਿਸਟ ਬੱਸ ਸੇਵਾ ਵਿਚ ਵੀ ਆਪਣਾ ਦਖ਼ਲ ਬਣਾ ਲਿਆ। ਇੰਡੋ-ਕੈਨੇਡੀਅਨ ਕੰਪਨੀ ਵਾਲੀ ਬੱਸ ਕੰਪਨੀ ਦੀਆਂ ਪੁਰਾਣੀਆਂ ਸਾਰੀਆਂ ਬੱਸਾਂ ਤਬਦੀਲ ਕਰ ਦਿੱਤੀਆਂ ਗਈਆਂ ਹਨ ਤੇ ਇਨ੍ਹਾਂ ਦੀ ਥਾਂ 80-80 ਲੱਖ ਰੁਪਏ ਦੇ ਮੁੱਲ ਵਾਲੀਆਂ ਏ.ਸੀ. ਲਗਜ਼ਰੀ ਨਵੀਆਂ ਬੱਸਾਂ ਫਲੀਟ ਵਿਚ ਸ਼ਾਮਲ ਕੀਤੀਆਂ ਗਈਆਂ ਹਨ।

ਨਵੀਂ ਗੱਲ ਇਹ ਵੀ ਹੈ ਕਿ ਮੋਟਰ ਵਹੀਕਲ ਕਾਨੂੰਨ ਅਨੁਸਾਰ ਟੂਰਿਸਟ ਬੱਸਾਂ ਦਾ ਰੰਗ ਚਿੱਟਾ ਤੇ ਨੀਲੀ ਜਾਂ ਪੀਲੀ ਧਾਰੀ ਵਾਲਾ ਹੁੰਦਾ ਸੀ ਪਰ ਹੁਣ ਬਾਦਲ ਪਰਿਵਾਰ ਵੱਲੋਂ ਪਾਈਆਂ ਬੱਸਾਂ ਪੀਲੇ ਰੰਗ ਵਿਚ ਟਰਾਂਸਪੋਰਟ ਵਿਭਾਗ ਵੱਲੋਂ ਪਾਸ ਕੀਤੀਆਂ ਹਨ ਤੇ ਪਹਿਲੀ ਵਾਰੀ ਪੀ.ਬੀ. 01 ਨੰਬਰ ਵਾਲੀਆਂ ਪੀਲੇ ਰੰਗ ਦੀਆਂ ਬੱਸਾਂ ਸੜਕਾਂ ਉੱਪਰ ਚੱਲ ਰਹੀਆਂ ਹਨ। ਸ਼ਾਇਦ ਟਰਾਂਸਪੋਰਟ ਵਿਭਾਗ ਇਸ ਕਾਨੂੰਨ ਵਿਚ ਵੀ ਤਬਦੀਲੀ ਕਰ ਦੇਵੇ। ਨਵੀਆਂ ਲਗਜ਼ਰੀ ਬੱਸਾਂ ਜਿਥੇ ਮੁਸਾਫਰਾਂ ਨੂੰ ਕੌਮਾਂਤਰੀ ਸਹੂਲਤ ਵਾਲੀ ਸਫ਼ਰ ਸਹੂਲਤ ਤਾਂ ਦੇਣਗੀਆਂ ਪਰ ਇਹ ਥੋੜ੍ਹੀ ਮਹਿੰਗੀ ਕਰ ਦਿੱਤੀ ਗਈ ਹੈ।

ਪਹਿਲਾਂ ਇੰਡੋ-ਕੈਨੇਡੀਅਨ ਬੱਸ ਸਰਵਿਸ ਵਾਲਿਆਂ ਨੇ ਦਿੱਲੀ-ਜਲੰਧਰ ਦਾ ਕਿਰਾਇਆ 1000 ਰੁਪਏ ਰੱਖਿਆ ਸੀ ਪਰ ਬਾਅਦ ਵਿਚ ਘਟਾ ਕੇ 850 ਰੁਪਏ ਕਰ ਦਿੱਤਾ ਸੀ ਪਰ ਹੁਣ ਨਵੇਂ ਪ੍ਰਬੰਧਕਾਂ ਨੇ ਕਿਰਾਇਆ 1200 ਰੁਪਏ ਪ੍ਰਤੀ ਟਿਕਟ ਰੱਖਿਆ ਹੈ। ਜ਼ਿਕਰਯੋਗ ਹੈ ਕਿ ਨਿੱਜੀ ਕੰਪਨੀਆਂ ਦੀ ਲਗਜ਼ਰੀ ਬੱਸ ਸੇਵਾ ਤਾਂ ਲਗਾਤਾਰ ਵਧ ਰਹੀ ਹੈ ਪਰ ਪੰਜਾਬ ਰੋਡਵੇਜ਼ ਵੱਲੋਂ ਮਹਿੰਗੇ ਭਾਅ ਖਰੀਦ ਕੇ ਦਿੱਲੀ ਨੂੰ ਚੱਲਣੀ ਸ਼ੁਰੂ ਕੀਤੀ ਏ.ਸੀ. ਲਗਜ਼ਰੀ ਵੋਲਵੋ ਬੱਸ ਸੇਵਾ ਬੰਦ ਹੀ ਕਰ ਦਿੱਤੀ ਹੈ।

## ਹਾਈ ਕੋਰਟ ਵੱਲੋਂ ਰਣੀਕੇ ਮਾਮਲੇ 'ਚ ਰਿਕਾਰਡ ਤਲਬ

**ਚੰਡੀਗੜ੍ਹ:** ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੇ ਹਲਕਾ ਅਟਾਰੀ ਵਿਚ ਸਰਕਾਰੀ ਗਰਾਂਟਾਂ ਦੇ ਘੁਟਾਲੇ ਸਬੰਧੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਬਾਰੇ ਦਾਇਰ ਜਨਹਿੱਤ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰਿਕਾਰਡ ਤਲਬ ਕੀਤਾ ਹੈ।

ਵਿਜੀਲੈਂਸ ਬਿਊਰੋ ਵੱਲੋਂ ਨਿਰਪੱਖ ਜਾਂਚ ਕੀਤੇ ਜਾਣ 'ਤੇ ਸ਼ੰਕਾ ਪ੍ਰਗਟ ਕਰਦਿਆਂ ਪਟੀਸ਼ਨਰ ਹਰੀ ਸਿੰਘ ਨਾਗਰਾ ਵਾਸੀ ਡੇਰਾਬਸੀ ਨੇ ਕਿਹਾ ਕਿ ਇਸ ਮਾਮਲੇ ਵਿਚ ਸੱਤਾਧਾਰੀ ਧਿਰ ਦੇ ਸਾਬਕਾ ਮੰਤਰੀ ਦੀ ਕਥਿਤ ਸ਼ਮੂਲੀਅਤ ਉਜਾਗਰ ਹੋਈ ਹੈ ਜਿਸ ਕਰਕੇ ਨਿਰਪੱਖ ਜਾਂਚ ਦੀ ਸੰਭਾਵਨਾ ਘੱਟ ਹੈ।

## ਨੂੰਹ ਵੱਲੋਂ ਸੁੱਤੀ ਪਈ ਸੱਸ ਦਾ ਹਥੌੜਾ ਮਾਰ ਕੇ ਕਤਲ

**ਫਿਰੋਜ਼ਪੁਰ:** ਸ਼ਹਿਰ ਦੇ ਮੁਹੱਲਾ ਬੁੱਧਵਾਰਾਂ ਵਾਲਾ ਵਿਖੇ ਨੂੰਹ ਨੇ ਆਪਣੀ ਸੁੱਤੀ ਪਈ ਸੱਸ ਦਾ ਹਥੌੜਾ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕਾ ਦੇ ਸਿਰ 'ਤੇ ਇੰਨੇ ਵਾਰ ਕੀਤੇ ਗਏ ਸਨ ਕਿ ਉਸ ਦੇ ਚਿਹਰੇ ਦੀ ਪਛਾਣ ਨਾ ਹੋ ਰਹੀ ਸੀ। ਪੁਲਿਸ ਨੇ ਮ੍ਰਿਤਕਾ ਸਮਿੱਤਰਾ ਦੇਵੀ ਉਰਫ ਨੀਨਾ (60) ਦੀ ਨੂੰਹ ਨੂੰ ਹਥੌੜੇ ਸਣੇ ਗ੍ਰਿਫ਼ਤਾਰ ਕਰ ਲਿਆ।

ਮ੍ਰਿਤਕਾ ਦੇ ਪਤੀ ਨਰਿੰਦਰ ਵਰਮਾ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਨ੍ਹਾਂ ਦੇ ਲੜਕੇ ਵਿਕਰਮ ਉਰਫ ਮੋਨੂੰ ਦਾ ਵਿਆਹ ਕੁਝ ਸਾਲ ਪਹਿਲਾਂ ਚੰਡੀਗੜ੍ਹ ਦੀ ਜਯੋਤੀ ਨਾਲ ਹੋਇਆ ਸੀ ਤੇ ਉਨ੍ਹਾਂ ਦਾ ਦੋ ਸਾਲ ਦਾ ਲੜਕਾ ਵੀ ਹੈ। ਜਯੋਤੀ ਆਪਣੇ ਪਤੀ ਨਾਲ ਚੰਡੀਗੜ੍ਹ ਰਹਿਣ ਲਈ ਜ਼ਿੱਦ ਕਰਦੀ ਰਹਿੰਦੀ ਸੀ ਜਿਸ ਕਾਰਨ ਅਕਸਰ ਪਰਿਵਾਰ ਵਿਚ ਝਗੜਾ ਹੁੰਦਾ ਰਹਿੰਦਾ ਸੀ। ਸਵੇਰੇ ਸਾਢੇ ਚਾਰ ਵਜੇ ਜਦੋਂ ਸਮਿੱਤਰਾ ਦੇਵੀ ਆਪਣੇ ਕਮਰੇ ਵਿਚ ਸੁੱਤੀ ਪਈ ਸੀ ਤਾਂ ਜਯੋਤੀ ਨੇ ਹਥੌੜੇ ਨਾਲ ਵਾਰ ਕਰਕੇ ਉਸ ਦੀ ਹੱਤਿਆ ਕਰ ਦਿੱਤੀ। ਜਯੋਤੀ ਨੇ ਪੁਲਿਸ ਕੋਲ ਆਪਣਾ ਜ਼ੁਰਮ ਕਬੂਲ ਕਰ ਲਿਆ ਹੈ।

## ਬਾਦਲਾਂ ਦੀ ਸੁਰੱਖਿਆ ਵਿਚ ਹੋਰ ਵਾਧਾ

**ਲੁਧਿਆਣਾ:** ਪੰਜਾਬ ਪੁਲਿਸ ਵੱਲੋਂ ਮੁੱਖ ਮੰਤਰੀ ਤੇ ਉੱਪ ਮੁੱਖ ਮੰਤਰੀ ਦੀ ਸੁਰੱਖਿਆ ਵਿਚ ਅਚਾਨਕ ਵਾਧਾ ਕਰ ਦਿੱਤਾ ਗਿਆ ਹੈ ਤੇ ਕੁਝ ਸ਼ਹਿਰਾਂ ਵਿਚੋਂ ਆਈ.ਪੀ.ਐਸ. ਅਧਿਕਾਰੀਆਂ ਨੂੰ ਬੁਲਾ ਕੇ ਉਨ੍ਹਾਂ ਦੀ ਸੁਰੱਖਿਆ ਵਿਚ ਤਾਇਨਾਤ ਕੀਤਾ ਗਿਆ। ਹਾਸਲ ਜਾਣਕਾਰੀ ਅਨੁਸਾਰ ਪੁਲਿਸ ਉੱਚ ਅਧਿਕਾਰੀਆਂ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਦੀ ਮੁੜ ਤੋਂ ਸਮੀਖਿਆ ਕੀਤੀ ਗਈ ਹੈ ਜਿਸ ਤਹਿਤ ਅਧਿਕਾਰੀਆਂ ਵੱਲੋਂ ਦੋਵਾਂ ਦੀ ਸੁਰੱਖਿਆ ਵਿਚ ਪੀ.ਸੀ.ਐਸ. ਅਧਿਕਾਰੀਆਂ ਦੀ ਤੈਨਾਤੀ ਦੀ ਥਾਂ ਆਈ.ਪੀ.ਐਸ. ਅਧਿਕਾਰੀਆਂ ਨੂੰ ਤਾਇਨਾਤ ਕਰਨ ਦੀ ਪਹਿਲ ਦਿੱਤੀ ਗਈ ਹੈ।

ਸੂਤਰਾਂ ਅਨੁਸਾਰ ਅਧਿਕਾਰੀਆਂ ਵੱਲੋਂ ਇਹ ਕਾਰਵਾਈ ਕੇਂਦਰੀ ਗ੍ਰਹਿ ਮੰਤਰਾਲੇ ਤੇ ਖੁਫ਼ੀਆ ਵਿਭਾਗ ਵੱਲੋਂ ਮਿਲੀਆਂ ਹਦਾਇਤਾਂ ਤੋਂ ਬਾਅਦ ਅਮਲ ਵਿਚ ਲਿਆਂਦੀ ਹੈ। ਪੁਲਿਸ ਵੱਲੋਂ ਬੀਤੇ ਦਿਨ ਗ੍ਰਿਫ਼ਤਾਰ ਕੀਤੇ ਭਾਈ ਦਲਜੀਤ ਸਿੰਘ ਬਿੱਟੂ ਤੇ ਕੁਲਬੀਰ ਸਿੰਘ ਦੀ ਪੁੱਛ ਪੜਤਾਲ ਤੋਂ ਬਾਅਦ ਕੀਤੇ ਅਹਿਮ ਪ੍ਰਗਟਾਵਿਆਂ ਨੂੰ ਵੀ ਸੁਰੱਖਿਆ ਵਧਾਉਣ ਦਾ ਇਕ ਕਾਰਨ ਮੰਨਿਆ ਜਾ ਰਿਹਾ ਹੈ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਐਨ.ਐਸ.ਜੀ ਦੀ ਹੈ ਪਰ ਰਾਜ ਸਰਕਾਰ ਵੱਲੋਂ ਵੀ ਇਨ੍ਹਾਂ ਦੀ ਸੁਰੱਖਿਆ ਦੀ ਪੂਰੀ ਨਿਗਰਾਨੀ ਕੀਤੀ ਜਾਂਦੀ ਹੈ।


ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577



**Short Sale Specialist**

*We Can Sell Your Home in Short Sale at No Cost to You*



**For Buying & Selling Residential Property And For Loans**

*Call: Sohanpreet 'Sam' Chahal*

**@916-612-5773**

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



**Yarra, Kharazi & Associates**

Phone: (888) 97YARRA (92772)

**Bankruptcy & Criminal Law**

Offices in Bakersfield, Fresno and Merced
Bring this ad in and receive a free consultation

ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ 'ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com

# ਸ਼ਹੀਦ ਭਗਤ ਸਿੰਘ ਦੀਆਂ ਯਾਦਾਂ ਧੁੰਦਲੀਆਂ ਪੈਣ ਲੱਗੀਆਂ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਸਰਕਾਰ ਵੱਲੋਂ ਲਾਹੌਰ ਵਿਚਲੇ ਸ਼ਾਦਮਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖ ਦਿੱਤਾ ਹੈ ਪਰ ਭਾਰਤ 'ਚ ਉਸ ਮਹਾਨ ਸ਼ਹੀਦ ਦੀਆਂ ਯਾਦਗਾਰਾਂ ਧੁੰਦਲੀਆਂ ਹੋਈਆਂ ਸ਼ੁਰੂ ਹੋ ਗਈਆਂ ਹਨ। ਹੈਰਾਨੀ ਦੀ ਗੱਲ ਹੈ ਕਿ ਅੰਮ੍ਰਿਤਸਰ 'ਚ ਸ਼ਹੀਦ ਭਗਤ ਸਿੰਘ ਨਾਲ ਜੁੜੀਆਂ ਯਾਦਗਾਰਾਂ ਨੂੰ ਸੰਭਾਲਣ ਲਈ ਸਰਕਾਰੀ ਤੌਰ 'ਤੇ ਕੋਈ ਉਪਰਾਲਾ ਨਹੀਂ ਕੀਤਾ ਗਿਆ। ਇਹ ਦੁਖ ਦੀ ਗੱਲ ਹੈ ਕਿ ਅੰਮ੍ਰਿਤਸਰ ਵਿਚ ਬਾਰਾਂ ਮਕਾਨ ਖੇਤਰ ਵਿਚ ਜਿਥੇ ਸ਼ਹੀਦ ਨੇ ਲਾਹੌਰ ਦੇ ਏ.ਐਸ.ਪੀ. ਜੇ.ਪੀ. ਸਾਂਡਰਸ ਨੂੰ ਮਾਰਨ ਮਗਰੋਂ ਸ਼ਰਨ ਲਈ ਤੇ ਪੜਾਅ ਕੀਤਾ ਸੀ, ਉਹ ਇਲਾਕਾ ਆਪਣੀ ਮੌਲਿਕਤਾ ਤੇ ਸ਼ਹੀਦ ਨਾਲ ਜੁੜੀ ਪਛਾਣ ਗਵਾ ਚੁੱਕਾ ਹੈ।

ਇਥੇ ਵੱਡੇ ਪੱਧਰ 'ਤੇ ਨਵੇਂ ਮਕਾਨ ਬਣ ਚੁੱਕੇ ਹਨ ਤੇ ਪ੍ਰਸ਼ਾਸਨ ਨੂੰ ਇਸ ਥਾਂ ਦੀ ਮੌਲਿਕਤਾ ਬਰਕਰਾਰ ਰੱਖਣ ਦਾ ਚਿੱਤ ਚੇਤਾ ਵੀ ਨਹੀਂ। ਸ਼ਹਿਰ ਦੇ ਇਸਲਾਮਾਬਾਦ ਖੇਤਰ ਵਿਚ ਬਾਰਾਂ ਮਕਾਨ ਗਲੀ ਅੱਜ-ਕੱਲ੍ਹ ਵੱਡੀਆਂ ਵੱਡੀਆਂ ਇਮਾਰਤਾਂ ਦੇ ਪਰਛਾਵੇਂ ਵਿਚ ਹੈ ਭਾਵੇਂਕਿ ਗਲੀ ਦੇ ਦੋ ਗੇਟਾਂ ਦੇ ਹਿੱਸੇ ਉਵੇਂ ਹੀ ਹਨ। ਰੂਪੋਸ਼ ਹੋਏ ਕ੍ਰਾਂਤੀਕਾਰੀ ਜਿਸ ਖੂਹ ਤੋਂ ਪਾਣੀ ਲਿਆ ਕਰਦੇ ਸਨ, ਉਹ ਪੂਰਿਆ ਜਾ ਚੁੱਕਿਆ ਹੈ ਤੇ ਉਸ ਦੀ ਥਾਂ ਇਮਾਰਤ ਬਣ ਗਈ ਹੈ। ਬਾਰਾਂ ਮਕਾਨ ਨਾਲ ਲੱਗਦੀਆਂ ਹੋਰ ਸੜਕਾਂ ਦੇ ਨਾਂ ਗਾਂਧੀ ਗਲੀ, ਜਵਾਹਰ ਗਲੀ, ਤਿਲਕ ਗਲੀ ਤੇ ਲਾਜਪਤ ਗਲੀ ਰੱਖੇ ਗਏ ਹਨ।

ਇਨ੍ਹਾਂ ਗਲੀਆਂ ਦੇ ਸਾਰੇ ਮਕਾਨ ਨਵੀਂ ਦਿੱਖ ਵਾਲੇ ਹਨ, ਪੁਰਾਣੇ ਰੂਪ ਵਾਲੇ ਤਾਂ ਉਂਗਲਾਂ 'ਤੇ ਗਿਣੇ ਜਾਣ ਜੋਗੇ ਹਨ। ਸਰਕਾਰੀ ਰਿਕਾਰਡ ਅਨੁਸਾਰ ਬਾਰਾਂ ਮਕਾਨ ਗਲੀ ਵਿਚ ਦੋਵੇਂ ਪਾਸੇ ਛੇ-ਛੇ ਮਕਾਨ (ਕੁੱਲ ਬਾਰਾਂ) ਸਨ। ਸਿਆਸੀ ਪੱਖੋਂ ਕ੍ਰਾਂਤੀਕਾਰੀਆਂ ਲਈ ਰੂਪੋਸ਼ ਹੋਣ ਵਾਸਤੇ ਇਹ



ਸਭ ਤੋਂ ਸੁਰੱਖਿਅਤ ਟਿਕਾਣਾ ਸੀ ਕਿਉਂਕਿ ਇਸ ਦੇ ਦੋਵੇਂ ਪਾਸੇ ਵੱਡੇ ਵੱਡੇ ਦਰਵਾਜ਼ੇ ਸਨ ਜਿਥੋਂ ਨਜ਼ਰ ਰੱਖੀ ਜਾ ਸਕਦੀ ਸੀ। ਇਸ ਤੋਂ ਇਲਾਵਾ ਇਸ ਖੇਤਰ ਦੁਆਲੇ ਬਾਗ਼ ਤੇ ਵਾਹੀ ਹੋਈ ਜ਼ਮੀਨ ਹੁੰਦੀ ਸੀ।

ਸਾਂਡਰਸ ਨੂੰ ਮਾਰਨ ਮਗਰੋਂ ਭਗਤ ਸਿੰਘ ਤੇ ਸੁਖਦੇਵ ਨੇ ਸੋਹਣ ਸਿੰਘ ਜੋਸ਼ ਦੇ ਇਥੇ ਸਥਿਤ ਕਿਰਾਏ ਦੇ ਘਰ 'ਚ ਪਨਾਹ ਲਈ ਸੀ। ਇਹ ਕੇਸ ਮਗਰੋਂ ਲਾਹੌਰ ਸਾਜ਼ਿਸ਼ ਕੇਸ ਦੇ ਨਾਂ ਨਾਲ ਚੱਲਿਆ। ਬਾਰਾਂ ਮਕਾਨ ਖੇਤਰ ਕ੍ਰਾਂਤੀਕਾਰੀਆਂ ਦੇ ਰੂਪੋਸ਼ ਹੋਣ ਵਾਲੇ ਸਥਾਨ ਤੋਂ ਇਲਾਵਾ ਲੁਕਵੇਂ ਤੌਰ 'ਤੇ ਛਪਦੇ ਪੰਜਾਬੀ ਮੈਗਜ਼ੀਨ 'ਕਿਰਤੀ' ਦਾ ਹੈੱਡਕੁਆਰਟਰ ਵੀ ਸੀ। ਤਿੰਨ ਮਹੀਨੇ ਭਗਤ ਸਿੰਘ ਨੇ ਵੀ ਇਸ ਦੇ ਸੰਪਾਦਕੀ ਬੋਰਡ ਵਿਚ ਕੰਮ ਕੀਤਾ।

ਬਾਰਾਂ ਮਕਾਨ ਖੇਤਰ ਵਿਚ ਰਹਿੰਦੇ ਪ੍ਰਸਿੱਧ ਸ਼ਾਇਰ ਦੇਵ ਦਰਦ ਨੇ ਦੱਸਿਆ ਕਿ ਸੋਹਣ ਸਿੰਘ ਜੋਸ਼ ਦੀਆਂ ਲਿਖਤਾਂ ਦੇ ਰੂਪ ਵਿਚ ਉਨ੍ਹਾਂ ਕੋਲ ਭਗਤ ਸਿੰਘ ਹੋਰਾਂ ਦੀ ਇਲਾਕੇ ਵਿਚ ਫੇਰੀ ਬਾਰੇ ਦਸਤਾਵੇਜ਼ੀ ਸਬੂਤ ਹਨ। ਦੇਵ ਦਰਦ ਅਨੁਸਾਰ ਜੋਸ਼ ਨੇ ਆਪਣੀ ਸਵੈ-ਜੀਵਨੀ ਦੇ ਨਾਲ ਨਾਲ ਇਕ ਹੋਰ ਪੁਸਤਕ 'ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ ਤੇ ਚਾਰ ਹੋਰ ਇਨਕਲਾਬੀ' ਵਿਚ ਇਸ ਗੱਲ ਦਾ ਜ਼ਿਕਰ ਕੀਤਾ ਹੈ।

ਦੇਵ ਨੇ ਕਿਹਾ ਕਿ ਜਿਥੇ ਭਗਤ ਸਿੰਘ ਰਹਿੰਦੇ ਰਹੇ ਹਨ, ਉਸ ਘਰ ਨੂੰ ਸਰਕਾਰ ਨੂੰ ਸਾਂਭ ਕੇ ਰੱਖਣਾ ਚਾਹੀਦਾ ਹੈ। ਸਾਂਡਰਸ ਦੇ ਮਾਰੇ ਜਾਣ ਮਗਰੋਂ ਪੁਲੀਸ ਛਾਪੇ ਵਜਦੇ ਸਨ ਤੇ ਸੀ.ਆਈ.ਡੀ. ਤੇ ਪੁਲਿਸ ਦੇ ਰਿਕਾਰਡ ਵਿਚ ਉਹ ਘਰ ਜ਼ਰੂਰ ਹੋਵੇਗਾ। ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਪਿੰਡ ਨਾਰਲੀ ਨਾਲ ਵੀ ਭਗਤ ਸਿੰਘ ਦੀ ਸਾਂਝ ਸੀ। ਸਮਝਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਤੋਂ ਪਹਿਲਾਂ ਭਗਤ ਸਿੰਘ ਦੇ ਵਡੇਰੇ ਨਾਰਲੀ ਤੋਂ ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਖਟਕੜ ਕਲਾਂ ਜਾ ਵਸੇ ਸਨ। ਨਾਰਲੀ ਦੇ ਸਾਬਕਾ ਸਰਪੰਚ ਮੁਖ਼ਤਾਰ ਸਿੰਘ ਅਨੁਸਾਰ ਪਿੰਡ ਵਿਚ ਸ਼ਹੀਦ ਦੇ ਨਾਂ 'ਤੇ ਛੇ ਕਨਾਲ ਜ਼ਮੀਨ ਬੋਲਦੀ ਹੈ। ਉਸ ਨੇ ਦੱਸਿਆ ਕਿ ਸ਼ਹੀਦ ਦੀ ਮਾਂ ਇਸ ਪਿੰਡ ਤੋਂ ਸੀ ਤੇ ਉਸ ਦੀ ਭੈਣ ਅਕਸਰ ਇਥੇ ਆਇਆ ਕਰਦੀ ਸੀ। ਉਨ੍ਹਾਂ ਦੱਸਿਆ ਕਿ ਉਹ ਇਸ ਮਹਾਨ ਸ਼ਹੀਦ ਦੇ ਨਾਂ 'ਤੇ ਪਿੰਡ ਵਿਚ ਸਟੇਡੀਅਮ ਬਣਾਉਣ ਦੀ ਯੋਜਨਾ ਬਣਾ ਰਹੇ ਹਨ।

## ਲਾਹੌਰ ਵਿਚ ਬਣਿਆ ਸ਼ਹੀਦ ਭਗਤ ਸਿੰਘ ਚੌਕ



**ਲਾਹੌਰ:** ਪਾਕਿਸਤਾਨੀ ਅਧਿਕਾਰੀਆਂ ਨੇ ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਸੋਚ ਤੇ ਅੰਗਰੇਜ਼ੀ ਸ਼ਾਸਕਾਂ ਵਿਰੁੱਧ ਅੰਦੋਲਨ ਵਿਚ ਉਨ੍ਹਾਂ ਦੀ ਭੂਮਿਕਾ ਨੂੰ ਮਾਨਤਾ ਦਿੰਦੇ ਹੋਏ ਉਨ੍ਹਾਂ ਦੇ ਨਾਂ 'ਤੇ ਚੌਕ ਦਾ ਨਾਂ ਰੱਖਿਆ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਂ ਹੁਣ ਭਗਤ ਸਿੰਘ ਚੌਕ ਹੋਵੇਗਾ। ਅੰਗਰੇਜ਼ਾਂ ਨੇ ਭਗਤ ਸਿੰਘ ਨੂੰ 23 ਮਾਰਚ, 1931 ਨੂੰ ਲਾਹੌਰ ਦੀ ਪੁਰਾਣੀ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਸੀ ਜਿਥੇ ਕਿ ਬਾਅਦ ਵਿਚ ਚੌਕ ਬਣਾ ਦਿੱਤਾ ਗਿਆ ਸੀ। ਪਿਛਲੇ ਸਾਲਾਂ ਦੌਰਾਨ ਅਧਿਕਾਰੀਆਂ ਵੱਲੋਂ ਲਾਹੌਰ ਵਿਚ ਅਨੇਕਾਂ ਥਾਵਾਂ ਦੇ ਹਿੰਦੂ ਨਾਂ ਬਦਲ ਦਿੱਤੇ ਗਏ ਹਨ। ਸਥਾਨਕ ਵਾਸੀਆਂ ਨੇ ਚੌਕ ਦਾ ਨਾਂ ਬਦਲ ਕੇ ਭਗਤ ਸਿੰਘ ਦੇ ਨਾਂ 'ਤੇ ਰੱਖਣ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਇਕ ਖੁੱਲ੍ਹਦਿਲੀ ਵਾਲਾ ਕਦਮ ਹੈ। ਜ਼ਿਲ੍ਹਾ ਪ੍ਰਸ਼ਾਸਨ ਦੇ ਮੁਖੀ ਨੂਰੁਲ ਆਮਿਨ ਮੈਂਗਲ ਨੇ ਹੁਣ ਜਿਹੇ ਹੀ ਸਥਾਨਕ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਇਕ ਹਫ਼ਤੇ ਵਿਚ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਣ ਦਾ ਪ੍ਰਬੰਧ ਕੀਤਾ ਜਾਵੇ।

ਸਥਾਨਕ ਸਰਕਾਰ ਦੇ ਅਧਿਕਾਰੀ ਨਦੀਮ ਗਿਲਾਨੀ ਇਸ ਚੌਕ ਦਾ ਨਾਂ ਚੌਧਰੀ ਰਹਿਮਤ ਅਲੀ ਚੌਕ ਦੇ ਨਾਂ 'ਤੇ ਰੱਖਣ ਬਾਰੇ ਆਈ ਇਕ ਹੋਰ ਬੇਨਤੀ 'ਤੇ ਵਿਚਾਰ ਕਰ ਰਹੇ ਸਨ। ਮੈਂਗਲ ਨੇ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਕਿਹਾ। ਉਨ੍ਹਾਂ ਗਿਲਾਨੀ ਨੂੰ ਕਿਹਾ ਕਿ ਉਹ ਭਗਤ ਸਿੰਘ ਬਾਰੇ ਜਾਣਦੇ ਹਨ ਕਿ ਉਹ ਕੌਣ ਸੀ। ਉਸ ਨੂੰ ਇਸ ਸਥਾਨ (ਸ਼ਾਦਮਾਨ ਚੌਕ) 'ਤੇ ਸ਼ਹੀਦ ਕਰ ਦਿੱਤਾ ਗਿਆ ਸੀ ਕਿਉਂਕਿ ਉਹ ਅੰਗਰੇਜ਼ਾਂ ਖਿਲਾਫ ਲੜਿਆ ਸੀ ਤੇ ਉਸ ਨੇ ਇਨਕਲਾਬ ਦਾ ਨਾਅਰਾ ਬੁਲੰਦ ਕੀਤਾ ਸੀ।

# ਸਰਹੱਦਾਂ ਦੀ ਕੰਧ ਕਾਰਨ ਸੱਧਰਾਂ ਰਹੀਆਂ ਅਧੂਰੀਆਂ

**ਚੰਡੀਗੜ੍ਹ:** ਭਾਰਤੀਆਂ ਤੇ ਪਾਕਿਸਤਾਨੀਆਂ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ 105ਵਾਂ ਜਨਮ ਦਿਹਾੜਾ ਪਹਿਲੀ ਵਾਰ ਸਾਂਝੇ ਤੌਰ 'ਤੇ ਮਨਾਉਣ ਦੀ ਇੱਛਾ 'ਤੇ ਅਫਸਰਸ਼ਾਹੀ ਨੇ ਵੀਜ਼ੇ ਨਾ ਦੇ ਕੇ ਪਾਣੀ ਫੇਰ ਦਿੱਤਾ। ਦੋਵਾਂ ਮੁਲਕਾਂ ਦੇ ਲੋਕਾਂ ਨੂੰ ਇਸ ਗੱਲ ਦੀ ਚਾਅ ਸੀ ਕਿ ਉਹ ਸਾਂਝੇ ਸ਼ਹੀਦ ਦਾ ਇਕੱਠੇ ਹੋ ਕੇ ਜਨਮ ਦਿਹਾੜਾ ਮਨਾਉਣਗੇ ਪਰ ਅਫਸਰਸ਼ਾਹੀ ਵੱਲੋਂ ਵੀਜ਼ੇ ਨਾ ਦੇਣ ਕਾਰਨ ਇਹ ਸਦਰਾਂ ਪੂਰੀਆਂ ਨਾ ਹੋ ਸਕੀਆਂ।



ਸ਼ਹੀਦ-ਏ-ਆਜ਼ਮ ਦਾ ਜਨਮ ਪਾਕਿਸਤਾਨ ਦੇ ਲਾਇਲਪੁਰ (ਹੁਣ ਫੈਸਲਾਬਾਦ) ਦੇ ਪਿੰਡ ਜੜ੍ਹਾਂਵਾਲਾ ਵਿਖੇ 28, ਸਤੰਬਰ 1907 ਵਿਚ ਹੋਇਆ ਸੀ। ਦੋਵਾਂ ਮੁਲਕਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਭਾਰਤ-ਪਾਕਿ ਦੀਆਂ ਸਿਵਲ ਸੁਸਾਇਟੀਜ਼ ਨੇ ਲਾਹੌਰ ਵਿਖੇ ਸਾਂਝੇ ਤੌਰ 'ਤੇ ਸ਼ਹੀਦ-ਏ-ਆਜ਼ਮ ਦਾ ਜਨਮ ਦਿਨ ਮਨਾਉਣ 'ਤੇ ਸਹਿਮਤੀ ਪ੍ਰਗਟਾਈ ਸੀ।

ਇਸ ਸਮਾਗਮ ਦੀ ਮੇਜ਼ਬਾਨੀ ਪਾਕਿਸਤਾਨ ਲੇਬਰ ਪਾਰਟੀ ਨੇ ਕੀਤੀ ਹੈ ਤੇ ਇਹ ਸਮਾਗਮ ਲਾਹੌਰ ਦੇ ਨਿਸਬਤ ਰੋਡ ਤੇ ਸਥਿਤ ਦਿਆਲ ਸਿੰਘ ਆਡੀਟੋਰੀਅਮ ਵਿਚ ਹੋਇਆ। ਸ਼ਹੀਦ-ਏ-ਆਜ਼ਮ ਨੂੰ 23 ਮਾਰਚ 1931 ਵਿਚ ਜਿਹੜੇ ਸ਼ਾਦਮਾਨ ਚੌਕ ਵਿਚ ਫਾਂਸੀ ਦਿੱਤੀ ਗਈ ਸੀ, ਉਥੇ ਪਹਿਲਾਂ ਜਨਮ ਦਿਨ ਦਾ ਕੇਕ ਕੱਟਿਆ ਗਿਆ ਪਰ ਅਫਸੋਸ ਦੀ ਗੱਲ ਹੈ ਕਿ ਇਸ ਸਮਾਗਮ ਵਿਚ ਭਾਰਤੀ ਵਫਦ ਸ਼ਾਮਲ ਨਾ ਹੋ ਸਕਿਆ। ਸ਼ਹੀਦ-ਏ-ਆਜ਼ਮ ਦੇ ਭਤੀਜੇ ਕਿਰਨਜੀਤ ਸੰਧੂ ਦੀ ਅਗਵਾਈ ਵਿਚ 32 ਮੈਂਬਰੀ ਭਾਰਤੀ ਵਫਦ ਨੇ ਜਨਮ ਦਿਨ ਸਮਾਗਮ ਵਿਚ ਸ਼ਰੀਕ ਹੋਣ ਲਈ ਵੀਜ਼ੇ ਲਈ ਅਰਜ਼ੀਆਂ ਦਿੱਤੀਆਂ ਸਨ ਤੇ ਵੀਜ਼ੇ ਲੈਣ ਲਈ ਟਿੱਲ ਲਾ ਦਿੱਤਾ।

ਵਫਦ ਮੈਂਬਰਾਂ ਨੇ ਦੱਸਿਆ ਕਿ ਪਾਕਿਸਤਾਨ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੇ ਵੀ ਵੀਜ਼ੇ ਦਿਵਾਉਣ ਲਈ ਕੋਈ ਕਸਰ ਨਾ ਛੱਡੀ ਪਰ ਉਹ ਵੀ ਪਾਕਿਸਤਾਨੀ ਗ੍ਰਹਿ ਮੰਤਰਾਲੇ ਅੱਗੇ ਬੇਵੱਸ ਹੋ ਗਏ ਕਿਉਂਕਿ ਉਸ ਨੇ ਵੀਜ਼ੇ ਦੇਣ ਲਈ ਹਰੀ ਝੰਡੀ ਹੀ ਨਾ ਦਿੱਤੀ।

ਪਾਕਿਸਤਾਨ ਲੇਬਰ ਪਾਰਟੀ ਨੇ ਦੇਸ਼ ਦੇ ਗ੍ਰਹਿ ਮੰਤਰਾਲੇ ਦੀ ਇਸ ਹਰਕਤ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਆਸ ਸੀ ਕਿ ਸ਼ਹੀਦ-ਏ-ਆਜ਼ਮ ਦੇ ਜਨਮ ਦਿਹਾੜੇ 'ਤੇ ਭਾਰਤੀ ਮਿੱਤਰ ਆਉਣਗੇ ਤੇ ਇਸ ਲਈ ਸਮਾਗਮ ਦੀ ਚਿਰਾਂ ਤੋਂ ਤਿਆਰੀ ਕਰੀ ਬੈਠੇ ਸੀ। ਇਸ ਤੋਂ ਇਲਾਵਾ ਭਾਰਤੀ ਵਫਦ ਨੇ ਵੀ ਵੀਜ਼ਿਆਂ ਲਈ ਮਹੀਨਾ ਪਹਿਲਾਂ ਅਰਜ਼ੀਆਂ ਦਿੱਤੀਆਂ ਸਨ।

# ਕੋਲਕਾਤਾ 'ਚ ਲਾਇਆ 20 ਫੁੱਟ ਉੱਚਾ ਬੁੱਤ



**ਕੋਲਕਾਤਾ:** ਕੋਲਕਾਤਾ ਨੂੰ ਇਸ ਗੱਲ 'ਤੇ ਮਾਣ ਹੈ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਆਪਣੇ ਜੀਵਨ ਦੇ ਕੁਝ ਦਿਨ ਇਥੇ ਵੀ ਬਤਾਏ ਸਨ। ਉੱਤਰੀ ਕੋਲਕਾਤਾ ਦੇ ਜਿਸ ਇਲਾਕੇ ਵਿਚ ਉਹ ਰਹੇ, ਉਸ ਇਲਾਕੇ ਦੇ ਲੋਕਾਂ ਨੂੰ ਹੀ ਨਹੀਂ ਬਲਕਿ ਸਮੁੱਚੇ ਸ਼ਹਿਰ ਦੇ ਲੋਕਾਂ ਨੂੰ ਹੁਣ ਹਰ ਰੋਜ਼ ਉਨ੍ਹਾਂ ਦੇ ਬੁੱਤ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਕਰੇਗਾ। ਬੁੱਤ ਲਾਉਣ ਦਾ ਉਪਰਾਲਾ ਡਨਲਪ ਬ੍ਰਿਜ ਪੰਜਾਬ ਯੂਥ ਕਲੱਬ ਵੱਲੋਂ ਕੀਤਾ ਗਿਆ ਹੈ। ਡਨਲਪ ਜਿਸ ਨੂੰ ਕੋਲਕਾਤਾ ਦਾ ਮਿੰਨੀ ਪੰਜਾਬ ਵੀ ਕਿਹਾ ਜਾਂਦਾ ਹੈ, ਵਿਖੇ ਪੱਛਮੀ ਬੰਗਾਲ ਸਰਕਾਰ ਵੱਲੋਂ ਬੀਟੀ ਰੋਡ ਨੂੰ ਦਖਨੇਸ਼ਵਰ ਨਾਲ ਜੋੜਨ ਲਈ ਬਣਾਏ ਗਏ 600 ਮੀਟਰ ਲੰਮੇ ਫਲਾਈਓਵਰ ਦੇ ਹੇਠ ਜਿਥੋਂ ਇਹ ਦਖਨੇਸ਼ਵਰ ਵੱਲ ਮੋੜ ਲੈਂਦਾ ਹੈ, ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਬੁੱਤ ਸਥਾਪਤ ਕੀਤਾ ਗਿਆ ਹੈ। ਇਸ ਦਾ ਉਦਘਾਟਨ ਪੀ.ਡਬਲਿਊ.ਡੀ ਮੰਤਰੀ ਸੁਦਰਸ਼ਨ ਘੋਸ਼ ਦਸਤੀਦਰ ਨੇ ਕੀਤਾ। ਸ੍ਰੀ ਦਸਤੀਦਰ ਨੇ ਇਸ ਦੇ ਨਾਲ ਹੀ ਫਲਾਈਓਵਰ ਦਾ ਉਦਘਾਟਨ ਕਰਦਿਆਂ ਉਸ ਨੂੰ ਸ਼ਹੀਦ ਭਗਤ ਸਿੰਘ ਦਾ ਨਾਂ ਦਿੱਤਾ। ਦਸਤੀਦਰ ਨੇ ਉਸ ਸਮੇਂ ਕਿਹਾ ਕਿ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਆਦੇਸ਼ ਅਨੁਸਾਰ ਹੀ ਨਵੇਂ ਬਣੇ ਫਲਾਈਓਵਰ ਦਾ ਨਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਇਹ 20 ਫੁੱਟ ਉੱਚਾ ਬੁੱਤ ਪ੍ਰਸਿੱਧ ਮੂਰਤੀਕਾਰ ਗੌਤਮ ਪਾਲ ਨੇ ਬਣਾਇਆ ਹੈ। ਕਿਹਾ ਗਿਆ ਹੈ ਕਿ ਭਗਤ ਸਿੰਘ ਦਾ ਏਡਾ ਵੱਡਾ ਬੁੱਤ ਦੇਸ਼ ਅੰਦਰ ਹੋਰ ਕਿਤੇ ਵੀ ਨਹੀਂ ਹੈ।

## ਪਾਕਿਸਤਾਨ ਵਿਚ ਆਮ ਚੋਣਾਂ ਦੀ ਤਿਆਰੀ

**ਲਾਹੌਰ:** ਪਾਕਿਸਤਾਨ 'ਚ ਅਗਲੇ ਸਾਲ ਹੋਣ ਜਾ ਰਹੀਆਂ ਆਮ ਚੋਣਾਂ ਦੇ ਪ੍ਰਬੰਧਾਂ ਲਈ ਪਾਕਿਸਤਾਨ ਪੀਪਲਜ਼ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਮਾਰਚ ਵਿਚ ਨਿਗਰਾਨ ਸਰਕਾਰ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਆਮ ਚੋਣਾਂ 18 ਮਈ ਤੱਕ ਹੋਣ ਦੀ ਉਮੀਦ ਹੈ। ਸੂਚਨਾ ਮੰਤਰੀ ਕਮਰ ਜ਼ਮਾਨ ਕੈਰਾ ਦਾ ਕਹਿਣਾ ਹੈ ਕਿ ਇਸ ਸਾਲ ਦੇ ਅੰਤ ਵਿਚ ਅੰਤਰਿਮ ਸਰਕਾਰ ਬਣਾਉਣਾ ਸੰਭਵ ਨਹੀਂ ਹੈ। ਇਸ ਲਈ ਮਾਰਚ ਵਿਚ ਹੀ ਨਿਗਰਾਨ ਸਰਕਾਰ ਕਾਇਮ ਕੀਤੀ ਜਾਵੇਗੀ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



Healthcare/Medical Programs

Study @ Home and Get Certified.
Overseas degrees given credit
Specially designed for working people.
Make your dreams come true
Onetime Investment, Lifelong Reward

ਘਰ ਬੈਠ ਕੇ ਪੜ੍ਹਾਈ ਕਰੋ ਤੇ ਸਰਟੀਫਿਕੇਟ ਹਾਸਲ ਕਰੋ। ਹੋਰ ਦੇਸ਼ਾਂ ਤੋਂ ਕੀਤੀ ਡਿਗਰੀ ਲਈ ਕਰੈਡਿਟ ਮਿਲੇਗਾ। ਇਹ ਪ੍ਰੋਗਰਾਮ ਖਾਸ ਕਰਕੇ ਕੰਮ ਕਰਦੇ ਲੋਕਾਂ ਲਈ ਹੈ। ਆਪਣੇ ਸੁਪਨੇ ਸੱਚੇ ਕਰੋ। ਇਕ ਵਾਰ ਦਾ ਖਰਚਾ, ਉਮਰ ਭਰ ਦਾ ਲਾਭ।

ਹੋਰ ਜਾਣਕਾਰੀ ਲਈ ਸੰਪਰਕ ਕਰੋ: 206-575-7961
www.royalcollegeusa.com

## Matrimonials

### ਵਰ ਦੀ ਲੋੜ ਹੈ

ਇੰਡੀਆ ਵਿਚ ਰਜਿਸਟਰਡ ਨਰਸ ਜੱਟ ਸਿੱਖ ਲੜਕੀ, ਉਮਰ 28 ਸਾਲ, ਕੱਦ 5',7" ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਲੜਕੀ ਦੇ ਮਾਤਾ-ਪਿਤਾ ਅਤੇ ਭੈਣ-ਭਰਾ ਅਮਰੀਕਾ ਵਿਚ ਸੈਟਲ ਹਨ। ਸੰਪਰਕ ਕਰੋ: 630-656-0536

Well settled Saini Sikh parents seek stricktly Gursikh match for US Citizen innocently divorced daughter, 28, 5'-6", M Ed., school teacher. Email biodata @ bsinghmdus@yahoo.com

Suitable match wanted for US born Jatt sikh girl, 35year, 5'-6", working as financial manager with a reputed company in Chicago area. Family well settled in US. E-mail bio @ mgs2808@yahoo.com

### ਕੰਨਿਆ ਦੀ ਲੋੜ ਹੈ

Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.

ਇੰਡੀਆ ਰਹਿੰਦੇ ਗੁਰਸਿੱਖ ਜੱਟ ਲੜਕੇ, 28, 5'-7" ਐੱਮ ਬੀ ਏ (ਯੂ ਕੇ ਯੂਨੀਵਰਸਿਟੀ) ਲਈ ਅਮਰੀਕਾ/ਕੈਨੇਡਾ ਜਾਂ ਇੰਡੀਆ ਰਹਿੰਦੀ ਗੁਰਸਿੱਖ (ਜਾਂ ਵਿਆਹ ਤੋਂ ਪਹਿਲਾਂ ਅੰਮ੍ਰਿਤ ਛਕਣ ਲਈ ਤਿਆਰ ਹੋਵੇ) ਸੋਹਣੀ-ਸੁਨੱਖੀ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 98152-37747 ਜਾਂ 414-745-1676 ਜਾਂ ਈਮੇਲ ਕਰੋ:jeeta1970singh@yahoo.com

Sikh parents seek match for handsome US educated son, MBA, MS, BS, Engineering, 28/ 5'-11''. Employed with a highly reputed company. Email: photo/ bio: sps1083@gmail.com

ਜੱਟ ਸਿੱਖ ਅਮਰੀਕਨ ਸਿਟੀਜ਼ਨ ਲੜਕੇ, 21 ਸਾਲ, 6 ਫੁਟ ਲਈ ਯੋਗ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ 24 ਸਾਲਾ (6 ਫੁਟ) ਭਰਾ ਲਈ ਅਮਰੀਕਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ ਕਰੋ ਫੋਨ:408-694-8554

# ਪਾਕਿਸਤਾਨ ਵਿਚ ਵੀ ਮਨਾਇਆ ਭਗਤ ਸਿੰਘ ਦਾ ਜਨਮ ਦਿਹਾੜਾ

**ਲਾਹੌਰ:** ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਸਰਹੱਦ ਪਾਰ ਲਾਹੌਰ ਤੇ ਜੜਾਂਵਾਲਾ (ਫੈਸਲਾਬਾਦ) ਸ਼ਹਿਰਾਂ ਵਿਚ ਵੀ ਮਨਾਇਆ ਗਿਆ। ਪਾਕਿਸਤਾਨ ਦੇ ਫੈਸਲਾਬਾਦ ਸ਼ਹਿਰ (ਪੁਰਾਣਾ ਨਾਂ ਲਾਇਲਪੁਰ) ਜਿੱਥੇ ਸ਼ਹੀਦ ਭਗਤ ਸਿੰਘ ਦਾ ਜਨਮ ਹੋਇਆ ਸੀ, ਦੇ ਜੜਾਂਵਾਲਾ ਸਰਕਾਰੀ ਕਾਲਜ ਵਿਚ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ 10ਵਾਂ ਲੋਕ ਮੇਲਾ ਕਰਵਾਇਆ ਗਿਆ।

ਲਾਹੌਰ ਪਾਰਕ ਐਂਡ ਹਾਰਟੀ ਕਲਚਰ ਅਥਾਰਟੀ ਦੇ ਮੀਡੀਆ ਡਾਇਰੈਕਟਰ ਜਾਵੇਦ ਸ਼ਾਹਿਦਾ ਅਨੁਸਾਰ ਜੜਾਂਵਾਲਾ ਦੇ ਨਾਲ-ਨਾਲ ਲਾਹੌਰ ਦੀ ਨਿਸਬਤ ਰੋਡ 'ਤੇ ਸਥਿਤ ਦਿਆਲ ਸਿੰਘ ਆਡੀਟੋਰੀਅਮ ਵਿਚ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਭਾਰਤ ਤੋਂ ਗਏ 32 ਮੈਂਬਰੀ ਵਫ਼ਦ ਨੇ ਵੀ ਹਿੱਸਾ ਲਿਆ। ਇਸ ਮੌਕੇ ਅਜੋਕਾ ਥੀਏਟਰ ਵੱਲੋਂ ਸ਼ਹੀਦ ਭਗਤ ਸਿੰਘ ਬਾਰੇ ਇਕ ਨਾਟਕ ਵੀ ਪੇਸ਼ ਕੀਤਾ ਗਿਆ। ਲਾਹੌਰ ਦੇ ਸ਼ਾਦਮਨ ਚੌਕ ਜਿਥੇ 23 ਮਾਰਚ, 1931 ਨੂੰ ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਦਿੱਤੀ ਗਈ ਸੀ, 'ਤੇ ਕੇਕ ਕੱਟ ਕੇ ਸ਼ਹੀਦ ਭਗਤ ਸਿੰਘ ਮੈਮੋਰੀਅਲ ਕਮੇਟੀ ਪਾਕਿਸਤਾਨ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਗਿਆ।

ਪਾਕਿਸਤਾਨ ਸਰਕਾਰ ਵੱਲੋਂ ਫੈਸਲਾਬਾਦ ਦੀ ਜੜਾਂਵਾਲਾ-ਫੈਸਲਾਬਾਦ ਰੋਡ 'ਤੇ ਪਿੰਡ ਬੰਗਾ ਨੂੰ ਜਾਣ ਵਾਲੀ ਸੜਕ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਰੋਡ ਰੱਖ ਦਿੱਤਾ ਗਿਆ ਹੈ ਤੇ ਇਸ 'ਤੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਵਾਲਾ ਇਕ ਬੋਰਡ ਵੀ ਲਾ ਦਿੱਤਾ ਗਿਆ ਹੈ।

## ਆਇਰਲੈਂਡ 'ਤੇ ਵੀ ਨਜ਼ਰ ਸੀ ਹਿਟਲਰ ਦੀ

**ਲੰਡਨ:** ਹਿਟਲਰ ਨੇ ਦੂਜੀ ਸੰਸਾਰ ਜੰਗ ਦੌਰਾਨ ਆਇਰਲੈਂਡ 'ਤੇ ਵੀ ਹਮਲੇ ਦੀ ਯੋਜਨਾ ਬਣਾਈ ਸੀ ਪਰ ਜਰਮਨੀ ਵੱਲੋਂ ਇੰਗਲੈਂਡ 'ਤੇ ਹਵਾਈ ਗਲਬਾ ਨਾ ਪਾ ਸਕਣ ਕਾਰਨ ਉਸ ਨੂੰ ਆਪਣੀ ਯੋਜਨਾ ਛੱਡਣੀ ਪਈ ਸੀ। ਨਾਜ਼ੀ ਜੰਗੀ ਦਸਤਾਵੇਜ਼ ਤੋਂ ਇਹ ਖੁਲਾਸਾ ਹੋਇਆ ਹੈ ਜਿਸ ਵਿਚ ਆਇਰਲੈਂਡ ਦੇ ਨਕਸ਼ੇ ਤੇ ਖ਼ਤ ਵੀ ਸ਼ਾਮਲ ਹਨ।

'ਡੇਲੀ ਮੇਲ' ਦੀ ਰਿਪੋਰਟ ਅਨੁਸਾਰ ਹਾਲਾਂਕਿ ਆਇਰਲੈਂਡ ਨੇ ਜੰਗ ਦੌਰਾਨ ਨਿਰਲੇਪਤਾ ਦਾ ਐਲਾਨ ਕੀਤਾ ਸੀ ਪਰ ਤਾਂ ਵੀ ਉਹ ਹਿਟਲਰ ਦੇ ਨਿਸ਼ਾਨੇ 'ਤੇ ਸੀ। ਆਇਰਲੈਂਡ ਨੇ ਜੰਗ ਦੌਰਾਨ ਜਰਮਨ ਯੂ-ਬੋਟਾਂ ਤੇ ਪਣਡੁੱਬੀਆਂ ਨੂੰ ਆਪਣੇ ਜਲ ਖੇਤਰ ਵਿਚ ਆਉਣ ਦੀ ਆਗਿਆ ਦਿੱਤੀ ਸੀ ਪਰ ਇਸ ਖੂਫੀਆ ਦਸਤਾਵੇਜ਼ ਵਿਚ ਆਇਰਲੈਂਡ ਦੇ ਪ੍ਰਮੁੱਖ ਸ਼ਹਿਰਾਂ ਤੇ ਕਈ ਹੋਰ ਟਿਕਾਣਿਆਂ ਦੀ ਤਬਾਹੀ ਲਈ ਨਿਸ਼ਾਨਦੇਹੀ ਕੀਤੀ ਗਈ ਸੀ।

# ਸੈਕਰਾਮੈਂਟੋ ਵਿਚ ਕੀਤੀ ਗਈ ਸਦਭਾਵਨਾ ਰੈਲੀ ਲਈ ਨਾਪਾ ਦੀ ਸ਼ਲਾਘਾ

**ਐਲ ਸਬਰਾਂਟੇ (ਬਿਊਰੋ):** ਬੇਏਰੀਆ ਸਿੱਖ ਅਲਾਇੰਸ ਅਤੇ ਕੁਝ ਹੋਰ ਪੰਥਕ ਜਥੇਬੰਦੀਆਂ ਨੇ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਵਲੋਂ ਹਾਲ ਹੀ ਵਿਚ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਕੀਤੀ ਗਈ ਸਦਭਾਵਨਾ ਰੈਲੀ ਲਈ ਨਾਪਾ ਨੂੰ ਵਧਾਈ ਦਿੰਦਿਆਂ ਉਨ੍ਹਾਂ ਸਭਨਾਂ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਇਸ ਨੂੰ ਸਫਲ ਬਣਾਉਣ ਲਈ ਯੋਗਦਾਨ ਪਾਇਆ ਪਰ ਨਾਲ ਹੀ ਉਨ੍ਹਾਂ ਧਿਰਾਂ ਦੀ ਸਖਤ ਆਲੋਚਨਾ ਕੀਤੀ ਹੈ ਜਿਨ੍ਹਾਂ ਨੇ ਇਸ ਨੂੰ ਅਸਫਲ ਬਣਾਉਣ ਲਈ ਕੋਸ਼ਿਸ਼ਾਂ ਕੀਤੀਆਂ।

ਪਰਮਜੀਤ ਸਿੰਘ ਦਾਖਾ, ਸੁਦੇਸ਼ ਸਿੰਘ ਅਟਵਾਲ ਤੇ ਜਸਵੀਰ ਸਿੰਘ ਤੱਖਰ ਵਲੋਂ ਜਾਰੀ ਕੀਤੇ ਗਏ ਇਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਬੇਏਰੀਆ ਸਿੱਖ ਅਲਾਇੰਸ ਦੇ ਸੱਦੇ ਉਤੇ ਇਥੇ ਹੋਈ ਇਕ ਮੀਟਿੰਗ ਵਿਚ ਨਾਪਾ ਅਤੇ ਹੋਰ ਪੰਥ ਦਰਦੀਆਂ ਦੇ ਉਦਮ ਸਦਕਾ ਗਵਰਨਰ ਜੈਰੀ ਬਰਾਊਨ ਵੱਲੋਂ ਸਿੱਖ ਹੱਕਾਂ ਦੀ ਰਾਖੀ ਲਈ ਪਾਸ ਕੀਤੇ ਦੋ ਬਿਲਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਉਨ੍ਹਾਂ ਲੋਕਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਜਿਨ੍ਹਾਂ ਨੇ ਨਾਪਾ ਦੇ ਇਸ ਪੰਥਕ ਕਾਜ ਨੂੰ ਅਸਫਲ ਬਣਾਉਣ ਲਈ ਰੋਲ ਅਦਾ ਕੀਤਾ।

ਬਿਆਨ ਅਨੁਸਾਰ ਮੀਟਿੰਗ ਵਿਚ ਬੇਏਰੀਆ ਸਿੱਖ ਅਲਾਇੰਸ ਤੋਂ ਇਲਾਵਾ ਇੰਟਰਨੈਸ਼ਨਲ ਗਦਰ ਮੈਮੋਰੀਅਲ, ਦਲ ਖਾਲਸਾ ਅਲਾਇੰਸ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਤੇ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਨੇ ਹਿੱਸਾ ਲਿਆ। ਮੀਟਿੰਗ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਦੇ ਕੁੱਝ ਭਾਈਵਾਲਾਂ ਦੀਆਂ ਗਤੀਵਿਧੀਆਂ ਦੀ ਘੋਖ ਕਰਦਿਆਂ ਸਿੱਖ ਭਾਈਚਾਰੇ ਨੂੰ ਇਨ੍ਹਾਂ ਤੋਂ ਸੁਚੇਤ ਰਹਿਣ ਲਈ ਆਖਿਆ ਗਿਆ ਕਿਉਂਕਿ ਇਨ੍ਹਾਂ ਨੇ 'ਆਪਣੀ ਚੌਧਰ ਕਾਇਮ ਰੱਖਣ ਲਈ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਨਾਈ ਹੋਈ ਹੈ। ਇਹ ਲੋਕ ਜਿਥੇ ਇਨ੍ਹਾਂ ਦੀ ਹਉਮੇ ਨੂੰ ਪੱਠੇ ਪੈਂਦੇ ਹਨ ਉਥੇ ਚੁੱਪ ਰਹਿੰਦੇ ਹਨ ਅਤੇ ਜਿਥੇ ਇਨ੍ਹਾਂ ਦੀ ਚੌਧਰ ਨੂੰ ਪੱਠੇ ਨਹੀਂ ਪੈਂਦੇ ਉਥੇ ਇਹ ਸਿੱਖ ਵਿਰੋਧੀ ਗਤੀਵਿਧੀਆਂ 'ਤੇ ਉਤਾਰੂ ਹੋ ਜਾਂਦੇ ਹਨ।'

ਬਿਆਨ ਅਨੁਸਾਰ ਮੀਟਿੰਗ ਵਿਚ ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਯੂ ਐਸ ਏ ਤੋਂ ਆਉਣ ਵਾਲੇ ਸਮੇਂ ਚੰਗੀਆਂ ਉਮੀਦਾਂ ਦੀ ਆਸ ਰੱਖਦਿਆਂ ਪ੍ਰਬੰਧਕਾਂ ਨੂੰ ਅਪੀਲ ਕੀਤੀ ਗਈ ਕਿ ਕੋਈ ਵੀ ਕਾਰਜ ਸਿੱਖ ਸਿਧਾਂਤਾਂ ਅਤੇ ਸਿੱਖ ਭਾਵਨਾਵਾਂ ਦੇ ਆਧਾਰ 'ਤੇ ਕੀਤਾ ਜਾਵੇ ਕਿਉਂਕਿ ਪਹਿਲਾਂ ਬਣੀ ਹੋਈ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਭਾਵਨਾਵਾਂ ਦੀ ਸਹੀ ਤਰਜਮਾਨੀ ਨਹੀਂ ਕਰ ਸਕੀ। ਸਿੱਖ ਸਮਾਜ 'ਚ ਵੱਧ ਰਹੇ ਡੇਰਾਵਾਦ, ਨਸ਼ਾਖੋਰੀ, ਭਰੂਣ ਹਤਿਆ, ਸਿੱਖ ਕੌਮ ਦੀ ਅੰਦਰੂਨੀ ਆਜ਼ਾਦੀ ਆਦਿ ਵਿਸ਼ਿਆਂ 'ਤੇ ਚਰਚਾ ਕਰਦਿਆਂ ਅਮਰੀਕਨ ਸਿੱਖਾਂ ਨੂੰ ਬੇਨਤੀ ਕੀਤੀ ਗਈ ਕਿ ਗਵਰਨਰ ਜੈਰੀ ਬਰਾਊਨ ਵੱਲੋਂ ਪਾਸ ਕੀਤੇ ਗਏ ਦੋ ਇਤਿਹਾਸਕ ਬਿਲਾਂ ਤੋਂ ਬਾਅਦ ਆਪਣੀ ਦਿੱਖ ਨੂੰ ਉਭਾਰਨ ਲਈ ਯਤਨਸ਼ੀਲ ਰਹਿਣ ਅਤੇ ਸਥਾਨਕ ਸਿਆਸਤ ਵਿਚ ਵਧ ਤੋਂ ਵਧ ਸਰਗਰਮ ਹੋਣ। ਮੀਟਿੰਗ ਦੌਰਾਨ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਗਈ ਕਿ ਬੇਏਰੀਆ ਅੰਦਰ ਬੇਏਰੀਆ ਸਿੱਖ ਅਲਾਇੰਸ ਨੂੰ ਸਿੱਖ ਆਵਾਮ ਦੀ ਆਵਾਜ਼ ਬਣਾਇਆ ਜਾਵੇ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

Asiana Airlines Emirates KOREAN AIR
India Vacation tour package also available.
SINGAPORE AIRLINES CATHAY PACIFIC Lufthansa CHINA AIRLINES

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi ਰੇਡੀਓ ਚੰਨ ਪ੍ਰਦੇਸੀ
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਜਨਰਲ ਬਰਾੜ ਉਤੇ ਹਮਲਾ: ਕੁਝ ਪੱਖ

*1984 ਵਿਚ ਅਪਰੇਸ਼ਨ ਬਲਿਊ ਸਟਾਰ ਦੀ ਅਗਵਾਈ ਕਰਨ ਵਾਲੇ ਸਾਬਕਾ ਲੈਫਟੀਨੈਂਟ ਜਨਰਲ ਬਰਾੜ ਉਤੇ ਹਮਲੇ ਤੋਂ ਬਾਅਦ ਨਵੀਂ ਚਰਚਾ ਛਿੜ ਗਈ ਹੈ। ਇਸ ਹਮਲੇ ਲਈ ਜ਼ਿੰਮੇਵਾਰ ਪੰਜ ਬੰਦਿਆਂ ਵਿਚੋਂ ਸਿਰਫ ਜਰਨਲ ਬਰਾੜ ਹੀ ਇਸ ਵੇਲੇ ਜੀਵਤ ਹਨ। ਇਸ ਮਾਮਲੇ ਦੇ ਕੁਝ ਅਹਿਮ ਪੱਖ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਨ। ਇਨ੍ਹਾਂ ਪੱਖਾਂ ਬਾਰੇ ਪਹਿਲਾਂ ਚਰਚਾ ਤਾਂ ਬਹੁਤ ਵਾਰ ਚੱਲੀ ਹੈ, ਪਰ ਇਸ ਬਾਰੇ ਗਹਿਰਾਈ ਨਾਲ ਪੁਣ-ਛਾਣ ਹੋਣੀ ਅਜੇ ਵੀ ਬਾਕੀ ਹੈ।*




## ਖੁਫੀਆ ਏਜੰਸੀਆਂ ਦਾ ਕਾਰੋਬਾਰ?

ਪੰਜਾਬ ਦੇ ਹਾਲਾਤ 'ਤੇ ਲਗਾਤਾਰ ਨਿਗਾਹ ਰੱਖ ਰਹੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਖੁਫੀਆ ਏਜੰਸੀਆਂ ਅੱਜਕੱਲ੍ਹ ਖੁਦ ਪੰਜਾਬ ਵਿਚ ਉਥਲ-ਪੁਥਲ ਕਰਵਾਉਣ ਦੀ ਯੋਜਨਾ ਘੜ ਰਹੀਆਂ ਹਨ। ਕਾਂਗਰਸ ਪਾਰਟੀ ਦੇ ਆਧਾਰ ਨੂੰ ਲੱਗ ਰਿਹਾ ਖੋਰਾ ਰੋਕਣਾ ਇਸ ਯੋਜਨਾ ਵਿਚ ਸ਼ਾਮਲ ਹੈ। ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਜਿਸ ਤਰ੍ਹਾਂ ਕਾਂਗਰਸ ਨੂੰ ਸੂਬੇ ਵਿਚੋਂ ਖਦੇੜਨ ਦਾ ਯਤਨ ਕੀਤਾ ਹੈ, ਉਸ ਤੋਂ ਕਾਂਗਰਸ ਦੇ ਉਚ ਕੇਂਦਰੀ ਆਗੂ ਅਤੇ ਖੁਫੀਆ ਏਜੰਸੀਆਂ ਨਾਲ ਸਬੰਧਤ ਉਚ ਅਫਸਰ ਫਿਕਰਮੰਦ ਹਨ। ਇਹ ਚਾਹੁੰਦੇ ਹਨ ਕਿ ਪੰਜਾਬ ਵਿਚ ਉਥਲ-ਪੁਥਲ ਸ਼ੁਰੂ ਕਰ ਕੇ ਇਕ ਵਾਰ ਫਿਰ ਪੰਜਾਬੀਆਂ ਦਾ ਘਾਣ ਕੀਤਾ ਜਾਵੇ ਅਤੇ ਕਾਂਗਰਸ ਨੂੰ ਪੱਕੇ ਪੈਰੀਂ ਕੀਤਾ ਜਾਵੇ।

ਦੱਸਣਯੋਗ ਹੈ ਕਿ ਪਿਛਲੇ ਪੰਜ-ਸੱਤ ਸਾਲ ਤੋਂ ਖੁਫੀਆ ਏਜੰਸੀਆਂ ਪੰਜਾਬ ਬਾਰੇ ਲਗਾਤਾਰ ਇਹ ਰਿਪੋਰਟ ਦੇ ਰਹੀਆਂ ਹਨ ਕਿ ਸੂਬੇ ਵਿਚ ਦੁਬਾਰਾ ਅਤਿਵਾਦ ਸ਼ੁਰੂ ਹੋ ਸਕਦਾ ਹੈ। ਇਸ ਮਾਮਲੇ ਵਿਚ ਕਈ ਵਾਰ ਨਕਸਲਵਾਦ/ਮਾਓਵਾਦ ਦੇ ਦੁਆਰਾ ਪੈਰ ਜਮਾਉਣ ਬਾਰੇ ਰਿਪੋਰਟਾਂ ਵੀ ਪੇਸ਼ ਕੀਤੀਆਂ ਗਈਆਂ ਹਨ। ਪਿਛਲੇ ਸਮੇਂ ਦੌਰਾਨ ਕੁਝ ਨਕਸਲਵਾਦੀ ਆਗੂਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਪੁਲਿਸ ਨੇ ਮਾਓਵਾਦੀਆਂ ਵੱਲੋਂ ਪੰਜਾਬ ਬਾਰੇ ਤਿਆਰ ਕੀਤੀ ਇਕ ਰਿਪੋਰਟ ਵੀ ਨਸ਼ਰ ਕੀਤੀ ਸੀ ਜਿਸ ਵਿਚ ਮਾਓਵਾਦੀਆਂ ਦੀ ਪੰਜਾਬ ਬਾਰੇ ਯੋਜਨਾ ਦਾ ਖੁਲਾਸਾ ਕੀਤਾ ਗਿਆ ਸੀ। ਉਂਜ, ਮਾਓਵਾਦੀਆਂ ਦੀ ਇਸ ਰਿਪੋਰਟ ਵਿਚ ਪੰਜਾਬ ਦੇ ਆਰਥਿਕ ਵਿਸ਼ਲੇਸ਼ਣ ਉਤੇ ਵੱਧ ਜ਼ੋਰ ਸੀ।

ਫੌਜ ਦੇ ਸਾਬਕਾ ਸੇਵਾ ਮੁਕਤ ਲੈਫਟੀਨੈਟ ਜਨਰਲ ਪੀ.ਐਨ. ਹੂਣ ਨੇ ਜਨਰਲ ਬਰਾੜ ਉਤੇ ਖਾਲਿਸਤਾਨੀਆਂ ਦੇ ਹਮਲੇ ਦੀਆਂ ਰਿਪੋਰਟਾਂ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਖਾਲਿਸਤਾਨੀਆਂ ਨੇ ਇਹ ਹਮਲਾ ਪੂਰੀ ਯੋਜਨਾ ਨਾਲ ਉਨ੍ਹਾਂ ਦਾ ਪਿੱਛਾ ਕਰ ਕੇ ਕੀਤਾ ਹੁੰਦਾ ਤਾਂ ਜਨਰਲ ਬਰਾੜ ਦਾ ਬਚ ਸਕਣਾ ਮੁਸ਼ਕਿਲ ਸੀ।

ਇਸ ਹਾਲਤ ਵਿਚ ਸੂਈ ਇਕ ਵਾਰ ਫਿਰ ਖੁਫੀਆ ਏਜੰਸੀਆਂ ਵੱਲ ਮੁੜਦੀ ਹੈ। ਚੇਤੇ ਰਹੇ ਕਿ ਖਾੜਕੂਵਾਦ ਦੇ ਸਮੇਂ ਦੌਰਾਨ ਵੀ ਖੁਫੀਆ ਏਜੰਸੀਆਂ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਬਹੁਤ ਵਧਵੇਂ ਰੂਪ ਸਰਗਰਮੀ ਕੀਤੀ ਸੀ। ਉਦੋਂ ਸੁਰੱਖਿਆ ਬਲਾਂ ਅਤੇ ਖੁਫੀਆ ਏਜੰਸੀਆਂ ਦੀਆਂ ਸਰਗਰਮੀਆਂ ਤਕਰੀਬਨ ਰਲਗੱਡ ਹੀ ਹੋ ਗਈਆਂ ਸਨ।

## ਖਾਲਿਸਤਾਨ ਸਿਰਫ਼ ਵਿਦੇਸ਼ਾਂ ਵਿਚ!

1992 ਵਿਚ ਖਾਲਿਸਤਾਨੀ ਲਹਿਰ ਮੱਠੀ ਪੈ ਗਈ ਸੀ। ਭਾਈ ਦਲਜੀਤ ਸਿੰਘ ਬਿੱਟੂ ਦੀ ਅਗਵਾਈ ਹੇਠ ਪੰਜਾਬ ਵਿਚ ਖਾੜਕੂ ਸਿਆਸਤ ਦਾ ਮੁੱਢ ਬੰਨ੍ਹਣ ਦਾ ਯਤਨ ਤਾਂ ਕੀਤਾ ਗਿਆ ਪਰ ਅਜੇ ਤੱਕ ਇਸ ਮਾਮਲੇ ਵਿਚ ਇਨ੍ਹਾਂ ਨੂੰ ਜ਼ਿਕਰਯੋਗ ਕਾਮਯਾਬੀ ਹਾਸਲ ਨਹੀਂ ਹੋਈ ਹੈ। ਪੰਜਾਬ ਵਿਚ ਇਸ ਲਹਿਰ ਦੇ ਮੁੜ ਪੈਰ ਨਹੀਂ ਲੱਗੇ ਹਨ। ਭਾਈ ਬਿੱਟੂ ਦੀ ਅਗਵਾਈ ਵਿਚ ਚੋਣਾਂ ਵੀ ਲੜੀਆਂ ਗਈਆਂ ਅਤੇ ਅਕਾਲੀ ਆਗੂ ਸਿਮਰਨਜੀਤ ਸਿੰਘ ਮਾਨ ਨਾਲ ਰਾਬਤਾ ਵੀ ਬਣਾਇਆ ਗਿਆ ਪਰ ਰਾਬਤਾ ਬਹੁਤੀ ਦੇਰ ਨਹੀਂ ਚੱਲ ਸਕਿਆ। ਇਹ ਆਗੂ ਪੰਜਾਬ ਦੇ ਲੋਕਾਂ ਨੂੰ ਖਾਲਿਸਤਾਨ ਵਾਲੀ ਗੱਲ ਸਮਝਾ ਹੀ ਨਹੀਂ ਸਕੇ ਹਨ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਐਨੇ ਸਾਲਾਂ ਬਾਅਦ ਵੀ ਖਾੜਕੂ ਲੀਡਰਸ਼ਿਪ ਕੋਲ ਕਿਸੇ ਵੀ ਪ੍ਰਕਾਰ ਦੀ ਕੋਈ ਰਣਨੀਤੀ ਨਹੀਂ ਹੈ। ਸਾਰੀ ਸਰਗਰਮੀ ਅਤੇ ਜ਼ੋਰ ਆਧੁਨਿਕ ਹਥਿਆਰ ਅਤੇ ਪੈਸਾ ਇਕੱਠਾ ਕਰਨ ਉਤੇ ਹੀ ਲੱਗ ਰਿਹਾ ਹੈ। ਖਾੜਕੂ ਲੀਡਰਸ਼ਿਪ ਨੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੀ ਆਪਣੇ ਪੈਰ ਜਮਾਉਣ ਦਾ ਯਤਨ ਕੀਤਾ ਪਰ ਇਸ ਬਾਰੇ ਕੋਈ ਕਾਰਗਰ ਰਣਨੀਤੀ ਸਾਹਮਣੇ ਨਾ ਆਉਣ ਕਾਰਨ ਸ਼੍ਰੋਮਣੀ ਕਮੇਟੀ ਉਤੇ ਬਾਦਲਾਂ ਦਾ ਕਬਜ਼ਾ ਬਰਕਰਾਰ ਰਿਹਾ। ਪਿਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਤੋਂ ਐਨ ਪਹਿਲਾਂ ਜਾਪਦਾ ਸੀ ਕਿ ਵੱਖ-ਵੱਖ ਧੜੇ ਜਿਨ੍ਹਾਂ ਵਿਚ ਖਾੜਕੂਆਂ ਦਾ ਧੜਾ ਵੀ ਸ਼ਾਮਲ ਸੀ, ਬਾਦਲਾਂ ਨੂੰ ਟੱਕਰ ਦੇਵੇਗਾ ਪਰ ਬਾਦਲਾਂ ਵੱਲੋਂ ਚੱਲੀ ਰਣਨੀਤੀ ਨੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਬਣੇ ਇਸ ਪੰਥਕ ਮੋਰਚੇ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ।

### ਬਦਲਾ ਅਜੇ ਵੀ ਬਾਕੀ?

ਸੇਵਾ ਮੁਕਤ ਲੈਫਟੀਨੈਟ ਜਨਰਲ ਕੁਲਦੀਪ ਸਿੰਘ ਬਰਾੜ ਉਤੇ ਇਸ ਹਮਲੇ ਨੂੰ ਅਪਰੇਸ਼ਨ ਬਲਿਊ ਸਟਾਰ ਦਾ ਬਦਲਾ ਲੈਣ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਯਾਦ ਰਹੇ ਕਿ ਇਸ ਤੋਂ ਪਹਿਲਾਂ ਇਸ ਅਪਰੇਸ਼ਨ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਜਨਰਲ ਏ.ਐਸ. ਵੈਦਿਆ ਨੂੰ ਕਤਲ ਜਾ ਚੁੱਕਾ ਹੈ। ਸਿਆਸੀ ਮਾਹਿਰ ਹੁਣ ਇਹ ਸਵਾਲ ਕਰ ਰਹੇ ਹਨ ਕਿ ਕੀ ਅਜੇ ਤੱਕ ਅਪਰੇਸ਼ਨ ਬਲਿਊ ਸਟਾਰ ਦਾ ਬਦਲਾ ਲਿਆ ਨਹੀਂ ਗਿਆ? ਅਸਲ ਵਿਚ ਖਾਲਿਸਤਾਨੀ ਲਹਿਰ ਅਜੇ ਤੱਕ ਹਥਿਆਰਾਂ ਦੇ ਗੇੜ ਵਿਚੋਂ ਨਿਕਲ ਨਹੀਂ ਸਕੀ ਹੈ ਅਤੇ ਨਾ ਹੀ ਇਸ ਦੇ ਲੀਡਰਾਂ ਨੇ ਪੰਜਾਬ ਵਿਚ ਹੋਈ ਹਿੰਸਾ ਅਤੇ ਇਸ ਹਿੰਸਾ ਦੇ ਨਤੀਜਿਆਂ ਬਾਰੇ ਨਿੱਠ ਕੇ ਪੁਣ-ਛਾਣ ਕੀਤੀ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਵਿਚ ਫੜੀ ਜਾ ਰਹੀ ਧਮਾਕਾਖੇਜ

### ਖਾਲਿਸਤਾਨ ਦਾ ਗਲੋਬਲੀ ਨੈਟਵਰਕ

ਇਸ ਵੇਲੇ ਖਾਲਿਸਤਾਨ ਨਾਲ ਸਬੰਧਤ ਜਥੇਬੰਦੀਆਂ ਅਤੇ ਆਗੂ ਮੁੱਖ ਰੂਪ ਵਿਚ ਇੰਗਲੈਂਡ, ਜਰਮਨੀ, ਕੈਨੇਡਾ, ਅਮਰੀਕਾ ਅਤੇ ਪਾਕਿਸਤਾਨ ਵਿਚ ਸਰਗਰਮ ਹਨ। ਖਾਲਿਸਤਾਨ ਦੇ ਕਾਜ ਲਈ ਸਭ ਤੋਂ ਵੱਧ ਫੰਡ ਇੰਗਲੈਂਡ ਤੋਂ ਤੁਰ ਰਹੇ ਹਨ। ਪਿਛਲੇ ਦਿਨੀਂ ਖੁਫੀਆ ਏਜੰਸੀਆਂ ਨੇ ਖੁਲਾਸਾ ਕੀਤਾ ਸੀ ਕਿ ਪਿਛਲੇ ਕੁਝ ਸਾਲਾਂ ਦੌਰਾਨ ਇੰਗਲੈਂਡ ਤੋਂ ਇਕ ਅਰਬ ਰੁਪਇਆ ਪੰਜਾਬ ਪੁੱਜਿਆ ਹੈ। ਇੰਗਲੈਂਡ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ, ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਰੋਡੇ) ਅਤੇ ਕੁਝ ਹੋਰ ਜਥੇਬੰਦੀਆ ਸਰਗਰਮ ਹਨ।

ਕੈਨੇਡਾ ਵਿਚ ਬੱਬਰ ਖਾਲਸਾ ਇੰਟਰਨੈਸ਼ਨ ਦਾ ਕਾਫੀ ਆਧਾਰ ਹੈ ਅਤੇ ਇਸ ਮੁਲਕ ਤੋਂ ਇਸ ਲਹਿਰ ਲਈ ਪੈਸਾ ਵੀ ਚੋਖਾ ਆ ਰਿਹਾ ਹੈ। ਕੈਨੇਡਾ ਵਿਚ ਹਰ ਇਕ ਬੰਦੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ। ਜਰਮਨੀ ਵਿਚ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਅਤੇ ਬੱਬਰ ਖਾਲਸਾ ਇੰਟਰਨੈਸ਼ਨਲ ਸਰਗਰਮ ਹੈ। ਜਰਮਨੀ ਵੱਲੋਂ ਵੀ ਕਿਸੇ ਕਿਸਮ ਦੀ ਰੋਕ-ਟੋਕ ਨਾ ਹੋਣ ਕਾਰਨ ਇਨ੍ਹਾਂ ਜਥੇਬੰਦੀਆਂ ਦੇ ਆਗੂ ਜਰਮਨੀ ਵਿਚ ਖੁੱਲ੍ਹੇਆਮ ਸਰਗਰਮੀ ਕਰਦੇ ਹਨ।

ਅਮਰੀਕਾ ਵਿਚ ਖਾਲਿਸਤਾਨ ਕਮਾਂਡੋ ਫੋਰਸ ਦੇ ਕੁਝ ਸੈੱਲ ਸਰਗਰਮ ਹਨ। ਭਾਰਤ ਸਰਕਾਰ ਖਾਲਿਸਤਾਨ ਕਮਾਂਡੋ ਫੋਰਸ ਦੇ ਕੁਝ ਆਗੂਆਂ ਨੂੰ ਵਾਪਸ ਮੰਗਵਾਉਣ ਲਈ ਯਤਨ ਵੀ ਕਰ ਰਿਹਾ ਹੈ।

ਪਾਕਿਸਤਾਨ ਵਿਚ ਕਈ ਫਰਾਰ ਆਗੂ ਲੁਕੇ ਹੋਏ ਹਨ ਅਤੇ ਇਨ੍ਹਾਂ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਤੋਂ ਪੈਸਾ ਤੇ ਹਥਿਆਰ ਮਿਲਣ ਦੀਆਂ ਰਿਪੋਰਟਾਂ ਵੀ ਹਨ।

### ਮੁੱਖ ਖਾਲਿਸਤਾਨੀ ਆਗੂ

**ਵਧਾਵਾ ਸਿੰਘ ਬੱਬਰ:** ਬੱਬਰ ਖਾਲਸਾ ਇੰਟਰਨੈਸ਼ਨਲ ਦਾ ਮੁਖੀ ਵਧਾਵਾ ਸਿੰਘ ਬੱਬਰ ਹੈ। ਕਿਹਾ ਜਾ ਰਿਹਾ ਹੈ ਕਿ ਇਹ ਇਸ ਵੇਲੇ ਪਾਕਿਸਤਾਨ ਵਿਚ ਰਹਿ ਰਿਹਾ ਹੈ। 2005 ਵਿਚ ਨਵੀਂ ਦਿੱਲੀ ਦੇ ਸਤਿਅਮ ਲਿਬਰਟੀ ਸਿਨੇਮਾ ਘਰ ਵਿਚ ਹੋਏ ਬੰਬ ਧਮਾਕੇ ਦੀ ਯੋਜਨਾ ਵਧਾਵਾ ਸਿੰਘ ਨੇ ਹੀ ਬਣਾਈ ਦੱਸੀ ਜਾਂਦੀ ਹੈ।

**ਪਰਮਜੀਤ ਸਿੰਘ ਪੰਜਵੜ:** ਖਾਲਿਸਤਾਨ ਕਮਾਂਡੋ ਫੋਰਸ ਦਾ ਮੁਖੀ ਇਸ ਮੇਲੇ ਪਰਮਜੀਤ ਸਿੰਘ ਪੰਜਵੜ ਹੈ। ਉਸ ਨੂੰ 2005 ਵਿਚ ਚੰਗੀੜ੍ਹ ਦੇ ਬੱਸ ਅੱਡੇ ਉਤੇ ਹੋਏ ਧਮਾਕੇ ਲਈ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਉਹ ਵੀ ਅੱਜ ਕੱਲ੍ਹ ਪਾਕਿਸਤਾਨ ਵਿਚ ਦੱਸੀਦਾ ਹੈ।

**ਜਗਤਾਰ ਸਿੰਘ ਤਾਰਾ:** ਜਗਤਾਰ ਸਿੰਘ ਤਾਰਾ ਦੀ ਜਥੇਬੰਦੀ ਦਾ ਨਾਂ ਖਾਲਿਸਤਾਨ ਟਾਇਗਰ ਫੋਰਸ ਹੈ। ਇਹ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਨਾਲੋਂ ਟੁੱਟ ਕੇ ਬਣੀ ਸੀ। 2011 ਵਿਚ ਅੰਬਾਲਾ ਸਟੇਸ਼ਨ ਤੋਂ ਫੜਿਆ ਆਰ.ਡੀ.ਐਕਸ. ਇਸ ਜਥਬੰਦੀਆਂ ਨਾਲ ਹੀ ਸਬੰਧਤ ਸੀ।

**ਰਣਜੀਤ ਸਿੰਘ ਨੀਟਾ:** ਰਣਜੀਤ ਸਿੰਘ ਨੀਟਾ ਖਾਲਿਸਤਾਨ ਜ਼ਿੰਦਾਬਾਦ ਫੋਰਸ ਦਾ ਮੁਖੀ ਹੈ। 28 ਅਪ੍ਰੈਲ 2006 ਨੂੰ ਜਲੰਧਰ ਵਿਚ ਹੋਏ ਹਮਲੇ ਵਿਚ ਉਸ ਦੇ ਹੱਥ ਹੋਣ ਦੇ ਚਰਚੇ ਹਨ।

**ਲਖਵੀਰ ਸਿੰਘ ਰੋਡੇ:** ਲਖਵੀਰ ਸਿੰਘ ਰੋਡੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਰੋਡ) ਦਾ ਮੁਖੀ ਹੈ ਅਤੇ ਅੱਜ ਕੱਲ੍ਹ ਪਾਕਿਸਤਾਨ ਵਿਚ ਰਹਿ ਰਿਹਾ ਹੈ।


*ਵਧਾਵਾ ਸਿੰਘ ਬੱਬਰ*


*ਪਰਮਜੀਤ ਸਿੰਘ ਪੰਜਵੜ*


*ਜਗਤਾਰ ਸਿੰਘ ਤਾਰਾ*


*ਰਣਜੀਤ ਸਿੰਘ ਨੀਟਾ*

## ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਬਾਰੇ ਪੈਂਤੜਾ


*ਸੰਤ ਜਰਨੈਲ ਸਿੰਘ*


*ਜਨਰਲ ਲਾਭ ਸਿੰਘ*


*ਜਸਵੰਤ ਸਿੰਘ ਕੰਵਲ*

ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲੇ ਬਾਰੇ ਕਈ ਪੱਖਾਂ ਤੋਂ ਗੱਲ ਤੁਰਦੀ ਰਹੀ ਹੈ। ਇਨ੍ਹਾਂ ਵਿਚੋਂ ਇਕ ਅਹਿਮ ਪੱਖ ਇਹ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਆਪਣੇ ਬਚਾਅ ਲਈ ਸ੍ਰੀ ਹਰਿਮੰਦਰ ਸਾਹਿਬ ਵਿਚ ਪਨਾਹ ਨਹੀਂ ਸੀ ਲੈਣੀ ਚਾਹੀਦੀ। ਪੰਜਾਬੀ ਦੇ ਚੋਟੀ ਦੇ ਲੇਖਕ ਅਤੇ ਖਾੜਕੂ ਲਹਿਰ ਦੇ ਸਮਰਥਕ ਜਸਵੰਤ ਸਿੰਘ ਕੰਵਲ ਨੇ ਖੁਦ ਸੰਤ ਭਿੰਡਰਾਂਵਾਲੇ ਕੋਲ ਜਾ ਕੇ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ ਆਪਣਾ ਟਿਕਾਣਾ ਨਾ ਬਣਾਉਣ ਅਤੇ ਕੇਂਦਰੀ ਹਕੂਮਤ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਸੁਰੱਖਿਆ ਮੁਲਾਜ਼ਮ ਭੇਜਣ ਦਾ ਬਹਾਨਾ ਨਾ ਦੇਣ।

ਜ਼ਿਕਰ ਕਰਨਾ ਬਣਦਾ ਹੈ ਕਿ ਜੁਲਾਈ 1988 ਵਿਚ ਖਾਲਿਸਤਾਨ ਕਮਾਂਡੋ ਫੋਰਸ ਦੇ ਜਨਰਲ ਲਾਭ ਸਿੰਘ ਦੀ ਸ਼ਹੀਦੀ ਮੌਕੇ ਉਨ੍ਹਾਂ ਦੀ ਜੇਬ ਵਿਚੋਂ ਇਕ ਚਿੱਠੀ ਮਿਲੀ ਸੀ ਜਿਸ ਵਿਚ ਇਸ ਮਸਲੇ ਬਾਰੇ ਵੀ ਗੰਭੀਰ ਟਿੱਪਣੀਆਂ ਕੀਤੀਆਂ ਗਈਆਂ ਸਨ। ਚਿੱਠੀ ਵਿਚ ਆਏ ਵੇਰਵਿਆਂ ਤੋਂ ਇਹ ਤਾਂ ਜ਼ਾਹਿਰ ਹੋ ਜਾਂਦਾ ਹੈ ਕਿ ਇਹ ਚਿੱਠੀ ਜਨਰਲ ਲਾਭ ਸਿੰਘ ਨੇ ਆਪ ਨਹੀਂ ਸੀ ਲਿਖੀ। ਇਸ ਚਿੱਠੀ ਵਿਚ ਜਿਸ ਤਰ੍ਹਾਂ ਜਨਰਲ ਲਾਭ ਸਿੰਘ ਦਾ ਨਾਂ ਆਉਂਦਾ ਹੈ, ਕੋਈ ਵੀ ਬੰਦਾ ਆਪਣੇ ਬਾਰੇ ਇਉਂ ਟਿੱਪਣੀ ਨਹੀਂ ਕਰ ਸਕਦਾ। ਪੁਲਿਸ ਨੂੰ ਅਜੇ ਤੱਕ ਇਸ ਚਿੱਠੀ ਦੇ ਲੇਖਕ ਬਾਰੇ ਸੂਹ ਨਹੀਂ ਮਿਲੀ ਹੈ ਪਰ ਇਸ ਚਿੱਠੀ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਟਿਕਾਣਾ ਬਣਾਉਣ ਅਤੇ ਉਥੋਂ ਲੜਾਈ ਲੜਨ ਦੇ ਪੈਂਤੜੇ ਨੂੰ ਸਹੀ ਨਹੀਂ ਮੰਨਿਆ ਗਿਆ। ਇਸ ਵਿਚ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਸਿੱਧੀ ਲੜਾਈ (ਪੁਜੀਸ਼ਨਲ ਵਾਰ) ਵਿਚ ਭਰਤੀ ਫੌਜ ਨਾਲ ਕਿਸੇ ਵੀ ਸੂਰਤ ਟੱਕਰ ਨਹੀਂ ਸੀ ਲਈ ਜਾ ਸਕਦੀ। ਉਥੇ ਬੈਠ ਕੇ ਲੜਾਈ ਲੜਨ ਦਾ ਪੈਂਤੜਾ ਬਿਲਕੁੱਲ ਗਲਤ ਸੀ।

ਮੇਲਾ ਛਪਾਰ

# ਆਗੂਆਂ ਨੇ ਕੱਢੀ ਇਕ-ਦੂਜੇ ਖ਼ਿਲਾਫ਼ ਭੜਾਸ

**ਮੰਡੀ ਅਹਿਮਦਗੜ੍ਹ:** ਮੇਲੇ ਛਪਾਰ ਦੌਰਾਨ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ, ਵਿਰੋਧੀ ਕਾਂਗਰਸ ਤੇ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਕ ਦੂਜੇ 'ਤੇ ਖੁੱਲ੍ਹ ਕੇ ਦੋਸ਼ ਲਾਏ। ਸਿਆਸੀ ਕਾਨਫਰੰਸਾਂ ਵਿਚ ਭਾਵੇਂ ਕਿਸੇ ਵੀ ਕੇਂਦਰੀ ਆਗੂ ਨੇ ਸ਼ਿਰਕਤ ਨਹੀਂ ਕੀਤੀ ਪਰ ਕੇਂਦਰ ਵਿਚ ਭਖਦੇ ਮਸਲੇ ਹਰ ਸਟੇਜ ਤੋਂ ਲਗਾਤਾਰ ਗੂੰਜਦੇ ਰਹੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਮੰਤਰੀਆਂ ਤੇ ਵਿਧਾਇਕਾਂ ਨੇ ਸੂਬੇ ਦੀ ਮੌਜੂਦਾ ਖਸਤਾ ਹਾਲਤ ਲਈ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਉਂਦਿਆਂ ਦਾਅਵਾ ਕੀਤਾ ਕਿ ਜੇ ਪੰਜਾਬ ਨਾਲ ਵਿਤਕਰਾ ਨਾ ਕੀਤਾ ਜਾਵੇ ਤਾਂ ਇਸ ਸੂਬੇ ਨੂੰ ਮੁਲਕ ਦਾ ਸਭ ਤੋਂ ਵਿਕਸਤ ਤੇ ਖੁਸ਼ਹਾਲ ਸੂਬਾ ਬਣਨ ਤੋਂ ਕੋਈ ਤਾਕਤ ਨਹੀਂ ਰੋਕ ਸਕਦੀ।



ਸੂਬਾ ਕਾਂਗਰਸ ਵੱਲੋਂ ਸਿੱਧੇ ਵਿਦੇਸ਼ੀ ਨਿਵੇਸ਼ ਦੇ ਹੱਕ ਵਿੱਚ ਦਲੀਲਾਂ ਦੇਣ ਨੂੰ ਸਿਆਸੀ ਮਜਬੂਰੀ ਕਰਾਰ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਜੇ ਵਿਦੇਸ਼ੀ ਕੰਪਨੀਆਂ ਦਾ ਪਰਚੂਨ ਵਪਾਰ 'ਤੇ ਕਬਜ਼ਾ ਹੋ ਗਿਆ ਤਾਂ ਸਭ ਤੋਂ ਵੱਧ ਬੋਝ ਦਰਮਿਆਨੇ ਅਤੇ ਗਰੀਬ ਵਰਗ 'ਤੇ ਪਵੇਗਾ। ਇਨ੍ਹਾਂ ਕੰਪਨੀਆਂ ਦੇ ਆਉਣ ਨਾਲ ਕਣਕ ਅਤੇ ਝੋਨੇ ਦਾ ਭਾਅ ਥੋੜ੍ਹਾ ਵਧ ਮਿਲ ਜਾਵੇਗਾ।

ਵਿਧਾਨ ਸਭਾ ਸਪੀਕਰ ਚਰਨਜੀਤ ਸਿੰਘ ਅਟਵਾਲ, ਲੋਕ ਨਿਰਮਾਣ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ, ਮਾਲ ਵਿਭਾਗ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਮੁੱਖ ਮੰਤਰੀ ਦੇ ਸਲਾਹਕਾਰ ਮਹੇਸ਼ ਇੰਦਰ ਸਿੰਘ ਗਰੇਵਾਲ ਨੇ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸੂਬੇ ਦੇ ਲੋਕਾਂ ਦਾ ਮਸੀਹਾ ਦੱਸਿਆ।

ਕਾਂਗਰਸ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਆਪਣੇ ਆਪ ਨੂੰ ਕਿਸਾਨਾਂ ਦੇ ਸੱਚੇ ਹਿਤੈਸ਼ੀ ਦੱਸਦੇ ਹਨ ਤਾਂ ਉਹ ਉਨ੍ਹਾਂ ਨੂੰ ਜਵਾਬ ਦੇਣ ਕਿ ਉਹ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਫੈਸਲੇ ਅਨੁਸਾਰ ਪਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਵਿਰੋਧਤਾ ਕਿਸ ਮਜਬੂਰੀ ਹੇਠ ਕਰ ਰਹੇ ਹਨ।

ਪੰਜਾਬ ਦੇ ਕਿਸਾਨਾਂ ਨੂੰ ਇਸ ਨੀਤੀ ਦਾ ਸਭ ਤੋਂ ਵੱਡਾ ਲਾਭਪਾਤਰੀ ਦੱਸਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਜਿੰਨੀ ਦੇਰ ਕੋਈ ਏਜੰਸੀ ਕਿਸਾਨਾਂ ਦੀ ਜਿਣਸ ਨੂੰ ਸਿੱਧਾ ਨਹੀਂ ਖਰੀਦਦੀ ਓਨੀ ਦੇਰ ਤੱਕ ਖੇਤੀਬਾੜੀ ਲਾਹੇਵੰਦ ਧੰਦਾ ਨਹੀਂ ਬਣ ਸਕਦਾ ਕਿਉਂਕਿ ਸਰਕਾਰਾਂ ਵੱਲੋਂ ਤੈਅ ਕੀਤਾ ਜਾਂਦਾ ਘੱਟੋ ਘੱਟ ਖਰੀਦ ਮੁੱਲ ਉਤਪਾਦਕਾਂ ਦਾ ਪੇਟ ਨਹੀਂ ਪਾਲ ਸਕਦਾ। ਕਾਂਗਰਸੀ ਆਗੂਆਂ ਤੇ ਵਰਕਰਾਂ ਵਿਰੁੱਧ ਝੂਠੇ ਪਰਚੇ ਦਰਜ ਕਰਕੇ ਉਨ੍ਹਾਂ ਨੂੰ ਡਰਾ ਕੇ ਆਪਣੀ ਪਾਰਟੀ ਵਿੱਚ ਦਾਖਲ ਕਰਨ ਦਾ ਦੋਸ਼ ਲਾਉਂਦਿਆਂ ਕੈਪਟਨ ਅਮਰਿੰਦਰ ਨੇ ਕਿਹਾ ਕਿ ਪੰਜਾਬ ਦੇ ਲੋਕ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਇਸ ਜ਼ੁਲਮ ਦਾ ਜਵਾਬ ਵੋਟਾਂ ਰਾਹੀਂ ਦੇਣਗੇ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਦੂਸਰੀ ਕਤਾਰ ਦੇ ਆਗੂਆਂ ਸੀਨੀਅਰ ਮੀਤ ਪ੍ਰਧਾਨ ਧਿਆਨ ਸਿੰਘ ਮੰਡ ਤੇ ਮੀਤ ਪ੍ਰਧਾਨ ਅਨੂਪ ਸਿੰਘ ਸੰਧੂ ਦੀ ਅਗਵਾਈ ਵਿਚ ਕੀਤੀ ਗਈ ਕਾਨਫਰੰਸ ਵਿਚ ਹਾਜ਼ਰ ਵਰਕਰਾਂ ਤੇ ਸਮਰਥਕਾਂ ਨੇ ਕੁਝ ਮਤੇ ਪਾਏ ਜਿਨ੍ਹਾਂ ਵਿਚ ਕੌਸੋਵੋ ਦੇ ਪੈਟਰਨ 'ਤੇ ਸ਼ਾਂਤਮਈ ਢੰਗ ਨਾਲ ਖਾਲਸਤਾਨ ਬਣਾਉਣ ਦੀ ਮੰਗ ਕੀਤੀ ਗਈ ਤੇ ਸਿੱਖ ਵਸੋਂ ਵਾਲੇ ਸੂਬਿਆਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਚੰਡੀਗੜ੍ਹ (ਯੂ.ਟੀ.), ਜੰਮੂ ਕਸ਼ਮੀਰ ਤੇ ਲੇਹ ਲਦਾਖ ਨੂੰ ਨੋ ਫਲਾਈ ਜ਼ੋਨ ਕਰਾਰ ਦੇਣ ਦੀ ਮੰਗ ਕੀਤੀ ਗਈ।

# ਕਿਥੇ ਰੁਕੇਗੀ ਹਿਨਾ-ਬਿਲਾਵਲ ਦੀ ਕਹਾਣੀ?



**ਇਸਲਾਮਾਬਾਦ:** ਪਾਕਿ ਦੀ ਵਿਦੇਸ਼ ਮੰਤਰੀ ਹਿਨਾ ਰਬਾਨੀ ਖਰ ਤੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੇ ਬੇਟੇ ਬਿਲਾਵਲ ਵਿਚਾਲੇ ਪ੍ਰੇਮ ਸਬੰਧਾਂ ਦੇ ਚਰਚੇ ਹਨ । ਆਪਣੀ ਪਤਨੀ ਹਿਨਾ ਦੇ ਅਫੇਅਰ ਦੀ ਚਰਚਾ ਕਰਕੇ ਉਸ ਦੇ ਪਤੀ ਫਿਰੋਜ ਗੁਲਜਾਰ ਪ੍ਰੇਸ਼ਾਨ ਹਨ। ਉਹ ਹੁਣ ਹਿਨਾ ਦੇ ਫੋਨ ਕਾਲਾਂ ਦੀ ਜਾਣਕਾਰੀ ਪ੍ਰਾਪਤ ਕਰਨ ਵਿਚ ਲੱਗੇ ਹੋਏ ਹਨ। ਪਤਨੀ ਦੇ ਫੋਨ ਕਾਲਾਂ ਦੀ ਜਾਣਕਾਰੀ ਲੈਣ ਲਈ ਉਨ੍ਹਾਂ ਨੇ ਇਕ ਅਰਜ਼ੀ ਦਿੱਤੀ ਹੈ। ਸੂਤਰਾਂ ਅਨੁਸਾਰ ਫਿਰੋਜ ਨੂੰ ਪਤਾ ਲੱਗਾ ਹੈ ਕਿ ਹਿਨਾ ਦੇ ਫੋਨ 'ਤੇ ਕਿਸੇ ਅਨਜਾਣ ਨੰਬਰ ਤੋਂ ਫੋਨ ਆਉਂਦੇ ਹਨ। ਇਸ ਗੱਲ ਦਾ ਪਤਾ ਲਾਉਣ ਲਈ ਉਨ੍ਹਾਂ ਨੇ ਸੰਘੀ ਜਾਂਚ ਏਜੰਸੀ ਨੂੰ ਇਕ ਬੇਨਤੀ ਪੱਤਰ ਦਿੱਤਾ ਹੈ।

ਉਂਜ ਖ਼ਾਰ ਦੇ ਖਾਵੰਦ ਫਿਰੋਜ਼ ਗੁਲਜ਼ਾਰ ਨੇ ਆਪਣੀ ਪਤਨੀ ਨਾਲ ਸਬੰਧਾਂ ਵਿਚ ਕੁੜੱਤਣ ਬਾਰੇ ਛਪੀਆਂ ਖ਼ਬਰਾਂ ਦਾ ਖੰਡਨ ਕੀਤਾ ਤੇ ਕਿਹਾ ਕਿ ਇਹ ਸਭ ਕੁਝ ਖ਼ਾਰ ਨੂੰ ਬਦਨਾਮ ਕਰਨ ਦੀ ਮੁਹਿੰਮ ਦਾ ਹਿੱਸਾ ਹੈ। ਪੰਜਾਬ ਸੂਬੇ ਨਾਲ ਸਬੰਧਤ ਸਨਅਤਕਾਰ ਗੁਲਜ਼ਾਰ ਨੇ ਜੀਓ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਸ ਦੀ ਬੇਗ਼ਮ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਰਿਪੋਰਟ ਕਿਸੇ ਤਰ੍ਹਾਂ ਦੀ ਪ੍ਰਤੀਕਿਰਿਆ ਦੇ ਲਾਇਕ ਨਹੀਂ ਹੈ।

ਇਕ ਬੰਗਲਾਦੇਸ਼ੀ ਰਸਾਲੇ ਨੇ ਬਿਨਾਂ ਕਿਸੇ ਪ੍ਰਮਾਣ ਤੋਂ ਇਹ ਰਿਪੋਰਟ ਛਾਪੀ ਸੀ ਕਿ ਖ਼ਾਰ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਦੇ ਪੁੱਤਰ ਬਿਲਾਵਲ ਭੁੱਟੋ ਨਾਲ ਸਬੰਧ ਹਨ। ਜਦੋਂ ਗੁਲਜ਼ਾਰ ਤੋਂ ਆਪਣੀ ਪਤਨੀ ਤੋਂ ਵੱਖ ਹੋਣ ਦੀਆਂ ਅਫ਼ਵਾਹਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਕਦੇ ਕੋਈ ਗੱਲ ਨਹੀਂ ਹੋਈ। ਉਸ ਨੇ ਅਫਸੋਸ ਜ਼ਾਹਰ ਕੀਤਾ ਕਿ ਇਸ ਤਰ੍ਹਾਂ ਦੇ ਮਾਮਲੇ ਵਿਚ ਉਸ ਦੀਆਂ ਦੋ ਜਵਾਨ ਧੀਆਂ ਨੂੰ ਵੀ ਘੜੀਸਣ ਦੀ ਕੋਸ਼ਿਸ਼ ਕੀਤੀ ਗਈ ਹੈ।

## ਹਿਨਾ ਤੇ ਬਿਲਾਵਲ ਬਾਰੇ ਚਰਚਾ ਤੋਂ ਮੌਲਵੀ ਭੜਕੇ

**ਢਾਕਾ:** ਉਧਰ, ਹਿਨਾ ਰੱਬਾਨੀ ਖਰ ਤੇ ਬਿਲਾਵਲ ਭੁੱਟੋ ਦੇ ਸੰਬੰਧਾਂ ਦੀਆਂ ਖਬਰਾਂ ਨਾਲ ਬੰਗਲਾਦੇਸ਼ ਦੇ ਮੌਲਵੀ ਭੜਕ ਗਏ ਹਨ। ਮੌਲਵੀਆ ਨੇ ਹਿਨਾ ਤੇ ਬਿਲਾਵਲ ਨੂੰ ਸ਼ਰੀਆ ਕਾਨੂੰਨ ਦੇ ਅਨੁਸਾਰ ਸਜ਼ਾ ਦੇਣ ਦੀ ਸਿਫਾਰਸ਼ ਕੀਤੀ ਹੈ। ਮੌਲਵੀਆਂ ਦਾ ਕਹਿਣਾ ਹੈ ਕਿ ਜੇਕਰ ਬਿਲਾਵਲ ਤੇ ਹਿਨਾ ਦੇ ਸਬੰਧਾਂ ਦੀਆਂ ਖਬਰਾਂ ਸਹੀ ਹਨ ਤਾਂ ਉਨ੍ਹਾਂ ਨੂੰ ਸ਼ਰੀਆ ਕਾਨੂੰਨ ਦੇ ਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ। ਬੰਗਲਾਦੇਸ਼ ਦੇ ਇਕ ਅਖ਼ਬਾਰ ਅਨੁਸਾਰ ਇਸਲਾਮਿਕ ਯੂਨਿਟੀ ਮੂਵਮੈਂਟ ਦੇ ਨੇਤਾ ਤੇ ਮੁਫ਼ਤੀ ਫਜ਼ਲੁਲ ਹੱਕ ਅਮੀਨੀ ਨੇ ਕਿਹਾ ਕਿ ਜੇਕਰ ਬਿਲਾਵਲ ਦਾ ਚਰਿਤਰ ਠੀਕ ਨਹੀਂ ਹੈ ਤੇ ਉਹ ਸ਼ਰਾਬ ਪੀਂਦਾ ਹੈ ਤਾਂ ਉਨ੍ਹਾਂ ਨੂੰ ਕਿਸੇ ਮੁਸਲਿਮ ਰਾਸ਼ਟਰ ਦਾ ਮੁਖੀ ਹੋਣ ਦਾ ਕੋਈ ਅਧਿਕਾਰ ਨਹੀਂ। ਪਾਕਿਸਤਾਨ ਦਾ ਕਾਨੂੰਨ ਇਸ ਪ੍ਰਕਾਰ ਦੀ ਗੈਰ-ਕਾਨੂੰਨੀ ਸਰਗਰਮੀ ਦੀ ਇਜਾਜ਼ਤ ਨਹੀਂ ਦਿੰਦਾ ਹੈ। ਇਸਲਾਮਿਕ ਕੋਡ ਤਹਿਤ ਬਾਲਗਾਂ ਦੇ ਲਈ ਕੋੜੇ ਮਾਰ ਕੇ ਜਾਂ ਪੱਥਰ ਮਾਰ ਕੇ ਜਾਨ ਲੈਣ ਦੀ ਸਜ਼ਾ ਹੈ।


Yarra, Kharazi & Associates

Phone: (888) 97YARRA (92772)

Immigration
Family Law
Personal Injury



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ
ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

Trust your matter to a specialist

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ
ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

Offices in Bakersfield, Fresno and Merced.

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

# ਸ੍ਰੀ ਹਰਿਮੰਦਰ ਸਾਹਿਬ ਵਾਲੀ ਪੋਡ ਪ੍ਰਣਾਲੀ ਦਾ ਰਾਹ ਤਬਦੀਲ

## *ਹੁਣ ਨਹੀਂ ਹੋਵੇਗੀ ਵਿਰਾਸਤੀ ਇਮਾਰਤਾਂ ਦੀ ਦਿੱਖ ਪ੍ਰਭਾਵਿਤ*




*ਅੰਮ੍ਰਿਤਸਰ ਵਿਚ ਬਣਾਈ ਦਾ ਰਹੀ ਪੋਡ ਪ੍ਰਣਾਲੀ ਦਾ ਨਕਸ਼ਾ।*

**ਅੰਮ੍ਰਿਤਸਰ:** ਰੇਲਵੇ ਸਟੇਸ਼ਨ ਤੇ ਬੱਸ ਅੱਡੇ ਤੋਂ ਯਾਤਰੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਲੈ ਕੇ ਜਾਣ ਤੇ ਛੱਡਣ ਵਾਸਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਜਾਣ ਵਾਲੀ ਪ੍ਰਸਤਾਵਿਤ ਚੁੰਬਕੀ ਪੋਡ ਪ੍ਰਣਾਲੀ ਪੀ.ਆਰ.ਟੀ.ਐਸ. (ਪਰਸਨਲ ਰੇਪਿਡ ਟਰਾਂਸਪੋਰਟ ਸਿਸਟਮ) ਯੋਜਨਾ ਦਾ ਰਾਹ ਬਦਲ ਦਿੱਤਾ ਗਿਆ ਹੈ। ਦੁਕਾਨਦਾਰਾਂ ਤੇ ਵਿਰਾਸਤ ਪ੍ਰੇਮੀਆਂ ਵੱਲੋਂ ਰੋਸ ਪ੍ਰਗਟਾਇਆ ਜਾ ਰਿਹਾ ਸੀ ਕਿ ਚੁੰਬਕੀ ਪੋਡ ਪ੍ਰਣਾਲੀ ਦੇ ਸ਼ੁਰੂ ਹੋਣ ਨਾਲ ਨਾ ਸਿਰਫ ਦੁਕਾਨਦਾਰਾਂ ਦਾ ਕਾਰੋਬਾਰ ਪ੍ਰਭਾਵਿਤ ਹੋਵੇਗਾ, ਸਗੋਂ ਇਸ ਦੀ ਸ਼ੁਰੂਆਤ ਨਾਲ ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ ਦੀ ਦਿੱਖ ਪ੍ਰਭਾਵਿਤ ਹੋਵੇਗੀ।

ਲੋਕਾਂ ਦੇ ਇਸ ਵਿਰੋਧ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਵੱਲੋਂ ਇਸ ਦਾ ਰਾਹ ਬਦਲਣ ਦਾ ਫੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬਿਨਾਂ ਚਾਲਕ ਦੇ ਚੱਲਣ ਵਾਲੇ ਚੁੰਬਕੀ ਪੋਡ ਇਸ ਵੇਲੇ ਵਿਸ਼ਵ ਵਿਚ ਸਿਰਫ ਇੰਗਲੈਂਡ ਦੇ ਹੀਥਰੋ ਹਵਾਈ ਅੱਡੇ 'ਤੇ ਚੱਲ ਰਹੇ ਹਨ ਤੇ ਭਾਰਤ ਵਿਚ ਇਹ ਪਹਿਲਾ ਪ੍ਰਾਜੈਕਟ ਹੋਵੇਗਾ। ਇਸ ਯੋਜਨਾ ਤਹਿਤ ਥੰਮਾਂ 'ਤੇ ਬਣਾਏ ਗਏ ਚੁੰਬਕੀ ਰਸਤੇ 'ਤੇ ਬਿਨਾਂ ਚਾਲਕ ਛੇ ਸੀਟਾਂ ਵਾਲੀਆਂ ਕਾਰਾਂ ਦੌੜਣਗੀਆਂ ਜਿਸ ਵਿਚ ਸਵਾਰ ਹੋ ਕੇ ਲੋਕ ਬੱਸ ਅੱਡੇ ਤੇ ਰੇਲਵੇ ਸਟੇਸ਼ਨ ਤੋਂ ਸ੍ਰੀ ਹਰਿਮੰਦਰ ਸਾਹਿਬ ਆ ਜਾ ਸਕਣਗੇ। ਸ਼ਹਿਰ ਵਿਚ ਇਸ ਦੇ ਪੰਜ ਸਟੇਸ਼ਨ ਬਣਾਏ ਜਾਣਗੇ।

ਅਲਟਰਾ ਫੇਅਰਵੁੱਡ ਕੰਪਨੀ ਦੇ ਪ੍ਰਾਜੈਕਟ ਡਾਇਰੈਕਟਰ ਅਸ਼ੀਸ਼ ਕੁਮਾਰ ਨੇ ਦੱਸਿਆ ਕਿ ਚੁੰਬਕੀ ਪੋਡ ਪ੍ਰਣਾਲੀ ਪੀ.ਆਰ.ਟੀ.ਐਸ. ਦਾ ਰੇਲਵੇ ਸਟੇਸ਼ਨ ਤੋਂ ਸ੍ਰੀ ਹਰਿਮੰਦਰ ਸਾਹਿਬ ਜਾਣ ਦਾ ਰਸਤਾ ਬਦਲ ਦਿੱਤਾ ਗਿਆ ਹੈ। ਹੁਣ ਇਹ ਚੁੰਬਕੀ ਪੋਡ ਹਾਲ ਗੇਟ ਰਸਤੇ ਤੇ ਪੁਰਾਣੇ ਸ਼ਹਿਰ ਵਿਚ ਦਾਖਲ ਨਹੀਂ ਹੋਣਗੇ ਸਗੋਂ ਹਾਲ ਗੇਟ ਤੋਂ ਇਸ ਦਾ ਰਸਤਾ ਚਿਤਰਾ ਥੀਏਟਰ ਕੋਲੋਂ ਬਦਲ ਜਾਵੇਗਾ। ਇਸ ਰਸਤੇ ਇਹ ਰਾਮ ਬਾਗ ਚੌਕ ਵਿਚ ਦਾਖਲ ਹੋਵੇਗਾ ਤੇ ਇੱਥੋਂ ਬਿਜਲੀ ਵਾਲਾ ਚੌਕ ਹੁੰਦੇ ਹੋਏ ਕਟੜਾ ਜੈਮਲ ਸਿੰਘ ਰਾਹੀਂ ਜਲ੍ਹਿਆਂਵਾਲਾ ਬਾਗ ਤੇ ਸ੍ਰੀ ਹਰਿਮੰਦਰ ਸਾਹਿਬ ਪੁੱਜੇਗਾ।

ਉਨ੍ਹਾਂ ਆਖਿਆ ਕਿ ਇਸ ਦਾ ਰਸਤਾ ਬਦਲਣ ਨਾਲ ਹਾਲ ਗੇਟ ਤੇ ਹਾਲ ਬਾਜ਼ਾਰ ਦੀ ਪੁਰਾਤਨ ਦਿੱਖ ਬਹਾਲ ਰਹੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਜਲ੍ਹਿਆਂਵਾਲਾ ਬਾਗ ਨੇੜੇ ਪੁੱਜ ਕੇ ਚੁੰਬਕੀ ਪੋਡ ਪ੍ਰਣਾਲੀ ਦੀ ਉਚਾਈ 30 ਫੁੱਟ ਹੋ ਜਾਵੇਗੀ ਤੇ ਇੱਥੇ ਇਹ ਸੜਕ ਦੇ ਵਿਚਾਲੇ ਹੋਣ ਦੀ ਥਾਂ ਇਕ ਕੰਢੇ 'ਤੇ ਹੋਵੇਗੀ ਜਿਸ ਨਾਲ ਇਤਿਹਾਸਕ ਜਲ੍ਹਿਆਂਵਾਲੇ ਬਾਗ ਦੀ ਬਾਹਰੀ ਦਿੱਖ ਪ੍ਰਭਾਵਿਤ ਨਹੀਂ ਹੋਵੇਗੀ। ਇਥੋਂ ਇਹ ਚੁੰਬਕੀ ਪੋਡ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਬਣੀ ਮਾਰਕੀਟ ਦੀ ਛੱਤ 'ਤੇ ਉਤਰੇਗਾ ਜਿਥੇ ਇਸ ਵਾਸਤੇ ਸਟੇਸ਼ਨ ਬਣਾਇਆ ਜਾਵੇਗਾ। ਇਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਦਿੱਖ 'ਤੇ ਵੀ ਕੋਈ ਅਸਰ ਨਹੀਂ ਹੋਵੇਗਾ।

ਕੰਪਨੀ ਦੇ ਡਿਪਟੀ ਸੀ.ਈ.ਓ. ਐਲਨ ਮੋਰੇ ਨੇ ਦੱਸਿਆ ਕਿ ਚੁੰਬਕੀ ਪੋਡ ਪ੍ਰਣਾਲੀ ਲਈ ਸਟੀਲ ਦੇ ਥੰਮ ਖੜ੍ਹੇ ਕੀਤੇ ਜਾਣਗੇ ਜੋ ਹਲਕੇ ਤੇ ਸੁੰਦਰ ਹੋਣਗੇ ਤੇ ਇਸ ਨਾਲ ਸ਼ਹਿਰ ਦੀ ਪੁਰਾਤਨ ਦਿੱਖ 'ਤੇ ਕੋਈ ਮਾੜਾ ਅਸਰ ਨਹੀਂ ਪਵੇਗਾ। ਇਹ ਥੰਮ੍ਹ ਸਥਾਪਤ ਕਰਨ ਸਮੇਂ ਸ਼ਾਮ ਤੇ ਰਾਤ ਦਾ ਸਮਾਂ ਵਰਤਿਆ ਜਾਵੇਗਾ ਤਾਂ ਜੋ ਦੁਕਾਨਦਾਰਾਂ ਦਾ ਕੰਮ ਪ੍ਰਭਾਵਿਤ ਨਾ ਹੋਵੇ। ਉਨ੍ਹਾਂ ਦੱਸਿਆ ਕਿ ਚੁੰਬਕੀ ਪੋਡ ਦੇ ਕੈਰੋਂ ਮਾਰਕੀਟ ਤੇ ਸਾਰਾਗੜ੍ਹੀ ਪਾਰਕਿੰਗ ਨੇੜੇ ਵੀ ਦੋ ਸਟੇਸ਼ਨ ਹੋਣਗੇ ਤਾਂ ਜੋ ਲੋਕ ਇਥੋਂ ਉਤਰ ਕੇ ਬਾਜ਼ਾਰਾਂ ਵਿਚ ਖਰੀਦੋ ਫਰੋਖ਼ਤ ਕਰ ਸਕਣ।

ਸ੍ਰੀ ਅਸ਼ੀਸ਼ ਕੁਮਾਰ ਨੇ ਦੱਸਿਆ ਕਿ ਚੁੰਬਕੀ ਪੋਡ ਪ੍ਰਣਾਲੀ ਦੇ ਰੇਲਵੇ ਸਟੇਸ਼ਨ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਜਾਣ ਲਈ ਪੰਜ ਸਟੇਸ਼ਨ ਹੋਣਗੇ ਜਿਨ੍ਹਾਂ ਵਿਚ ਦੀਨ ਦਿਆਲ ਉਪਾਧਿਆਏ ਮਾਰਕੀਟ, ਕੈਰੋਂ ਮਾਰਕੀਟ ਤੇ ਸਾਰਾਗੜ੍ਹੀ ਪਾਰਕਿੰਗ ਵੀ ਸ਼ਾਮਲ ਹੋਣਗੇ। ਚੁੰਬਕੀ ਪੋਡ ਰਾਹੀਂ ਰੇਲਵੇ ਸਟੇਸ਼ਨ ਤੋਂ ਹਰਿਮੰਦਰ ਸਾਹਿਬ ਪੁੱਜਣ ਲਈ ਸਿਰਫ ਸੱਤ ਮਿੰਟ ਲੱਗਣਗੇ। ਇਸੇ ਤਰ੍ਹਾਂ ਬੱਸ ਅੱਡੇ ਤੋਂ ਸ੍ਰੀ ਹਰਿਮੰਦਰ ਸਾਹਿਬ ਲਈ ਇਸ ਦਾ ਰਸਤਾ ਮਹਾ ਸਿੰਘ ਗੇਟ ਤੇ ਸਾਰਾਗੜ੍ਹੀ ਪਾਰਕਿੰਗ ਰਾਹੀਂ ਹੋਵੇਗਾ। ਇਹ ਸਿਰਫ ਪੰਜ ਮਿੰਟ ਵਿੱਚ ਬੱਸ ਅੱਡੇ ਤੋਂ ਹਰਿਮੰਦਰ ਸਾਹਿਬ ਪੁੱਜੇਗਾ। ਫਿਲਹਾਲ ਕੰਪਨੀ ਵੱਲੋਂ 200 ਚੁੰਬਕੀ ਕਾਰਾਂ ਚਲਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਦੀ ਸਥਾਪਨਾ ਲਈ ਸੱਤ ਫੁੱਟ ਚੌੜਾ ਰਸਤਾ ਬਣੇਗਾ ਜੋ ਥੰਮ੍ਹਾਂ 'ਤੇ ਆਧਾਰਤ ਹੋਵੇਗਾ। ਅਗਲੇ ਛੇ ਮਹੀਨਿਆਂ ਵਿਚ ਇਸ ਸਬੰਧੀ ਕੰਮ ਸ਼ੁਰੂ ਹੋ ਜਾਵੇਗਾ ਤੇ 2015 ਤਕ ਸਮੁੱਚਾ ਕੰਮ ਮੁਕੰਮਲ ਹੋਣ ਦੀ ਉਮੀਦ ਹੈ।

## ਹਾਰੇ ਵਿਧਾਇਕਾਂ ਵੱਲੋਂ ਵੀ ਸਰਕਾਰੀ ਰਿਹਾਇਸ਼ਾਂ 'ਤੇ ਕਬਜ਼ਾ

**ਚੰਡੀਗੜ੍ਹ:** ਕੁਝ ਵਿਧਾਇਕ, ਸਾਬਕਾ ਮੰਤਰੀ ਤੇ ਸੇਵਾ ਮੁਕਤ ਅਫਸਰ ਗੈਰ-ਕਾਨੂੰਨੀ ਢੰਗ ਨਾਲ ਚੰਡੀਗੜ੍ਹ ਦੇ ਮਹਿੰਗੇ ਸੈਕਟਰਾਂ ਵਿਚ ਸਥਿਤ ਸਰਕਾਰੀ ਰਿਹਾਇਸ਼ਾਂ ਵਿਚ ਜਬਰੀ ਰਹਿ ਰਹੇ ਹਨ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਇਨ੍ਹਾਂ ਵਿਰੁੱਧ ਸਰਕਾਰ ਕੋਈ ਕਾਰਵਾਈ ਕਰਨ ਨੂੰ ਤਿਆਰ ਨਹੀਂ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਪਟੀਸ਼ਨ ਵਿਚ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ਾਂ 'ਤੇ ਅਣ-ਅਧਿਕਾਰਤ ਕਾਬਜ਼ਕਾਰਾਂ ਵਿਚ ਦਰਬਾਰਾ ਸਿੰਘ ਗੁਰੂ, ਰਜਿੰਦਰ ਕੌਰ ਭੱਠਲ, ਰਣਜੀਤ ਸਿੰਘ ਬ੍ਰਹਮਪੁਰਾ, ਸੁੱਚਾ ਸਿੰਘ ਲੰਗਾਹ ਤੇ ਨਿਰਮਲ ਸਿੰਘ ਕਾਹਲੋਂ ਦੇ ਨਾਂ ਦਾ ਜ਼ਿਕਰ ਹੈ। ਇਸ ਅਰਜ਼ੀ 'ਤੇ ਕਾਰਵਾਈ ਕਰਦਿਆਂ ਜਸਟਿਸ ਰਾਜੇਸ਼ ਬਿੰਦਲ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਨੂੰ 8 ਅਕਤੂਬਰ ਲਈ ਨੋਟਿਸ ਜਾਰੀ ਕੀਤਾ ਗਿਆ ਹੈ।

ਇਸ ਅਰਜ਼ੀ ਰਾਹੀਂ ਐਡਵੋਕੇਟ ਸੁਰਿੰਦਰਪਾਲ ਸਿੰਘ ਟੀਨਾ ਨੇ ਕਿਹਾ ਹੈ ਕਿ ਪੰਜਾਬ ਦੇ ਸਾਬਕਾ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਨੂੰ ਸੇਵਾ ਮੁਕਤੀ ਤੋਂ ਪਹਿਲਾਂ ਦਸੰਬਰ 2011 ਵਿਚ ਉੱਚ ਅਧਿਕਾਰੀ ਤੇ ਮੁੱਖ ਮੰਤਰੀ ਦੇ ਨਜ਼ਦੀਕੀ ਹੋਣ ਕਾਰਨ ਘਰ ਅਲਾਟ ਕੀਤਾ ਗਿਆ ਸੀ। ਗੁਰੂ ਨੇ ਵਿਧਾਨ ਸਭਾ ਚੋਣ ਲੜੀ ਤੇ ਹਾਰ ਗਏ। ਇਸ ਸਮੇਂ ਨਾ ਉਹ ਸਰਕਾਰੀ ਮੁਲਾਜ਼ਮ ਹਨ ਤੇ ਨਾ ਹੀ ਵਿਧਾਇਕ, ਇਸ ਕਰਕੇ ਉਨ੍ਹਾਂ ਦਾ ਕਿਸੇ ਸਰਕਾਰੀ ਰਿਹਾਇਸ਼ 'ਤੇ ਹੱਕ ਨਹੀਂ ਪਰ ਮੁੱਖ ਮੰਤਰੀ ਦੇ ਨਜ਼ਦੀਕੀ ਹੋਣ ਕਾਰਨ ਕੋਈ ਵੀ ਉਨ੍ਹਾਂ ਤੋਂ ਸਰਕਾਰੀ ਰਿਹਾਇਸ਼ ਖਾਲੀ ਕਰਵਾਉਣ ਲਈ ਤਿਆਰ ਨਹੀਂ। ਬੀਬੀ ਰਜਿੰਦਰ ਕੌਰ ਭੱਠਲ ਬਾਰੇ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਵਿਰੋਧੀ ਧਿਰ ਦੀ ਆਗੂ ਹੋਣ ਕਰਕੇ 2007 ਤੋਂ 2012 ਤੱਕ ਉਨ੍ਹਾਂ ਨੂੰ ਸਰਕਾਰੀ ਰਿਹਾਇਸ਼ ਅਲਾਟ ਕੀਤੀ ਗਈ ਸੀ। ਹੁਣ ਉਹ ਵਿਧਾਇਕ ਤਾਂ ਚੁਣੇ ਗਏ ਹਨ ਪਰ ਉਹ ਵਿਰੋਧੀ ਧਿਰ ਦੇ ਆਗੂ ਨਹੀਂ ਹਨ ਪਰ ਪਿਛਲੇ 19 ਸਾਲਾਂ ਤੋਂ ਉਹ ਇਸ ਸਰਕਾਰੀ ਰਿਹਾਇਸ਼ ਵਿਚ ਰਹਿਣ ਲਈ ਕੋਈ ਨਾ ਕੋਈ ਕਾਰਨ ਦੱਸ ਕੇ ਐਕਸਟੈਂਸ਼ਨ ਲੈ ਰਹੇ ਹਨ।

ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ ਗੁਰਬਾਣੀ ਰੇਡੀਓ ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
Studio Telephone : (408) 272-5200

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ
- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ
605.475.6868 • 832.551.5029
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

# ਹਰਿਆਣਾ ਸਰਕਾਰ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਤੋਂ ਭੱਜੀ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਭੂਪਿੰਦਰ ਸਿੰਘ ਹੁੱਡਾ ਨੇ ਸੂਬੇ ਦੇ 19 ਲੱਖ ਸਿੱਖਾਂ ਵਾਸਤੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਤੋਂ ਟਾਲਾ ਵੱਟਦਿਆਂ ਕਿਹਾ ਹੈ ਕਿ ਅਜੇ ਐਡਵੋਕੇਟ ਜਨਰਲ ਤੋਂ ਕਾਨੂੰਨੀ ਸਲਾਹ ਲਈ ਜਾ ਰਹੀ ਹੈ। ਲੰਘੇ ਦਿਨ ਚੰਡੀਗੜ੍ਹ 'ਚ ਪੱਤਰਕਾਰਾਂ ਨਾਲ ਮਿਲਣੀ ਦੌਰਾਨ ਹੁੱਡਾ ਨੇ ਸਪਸ਼ਟ ਕੀਤਾ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਗੁਰਦਵਾਰਾ ਐਕਟ 1925 ਤਹਿਤ ਬਣਾਈ ਗਈ ਸੀ ਤੇ ਹਰਿਆਣਾ ਵਿਚ ਵੱਖਰੀ ਕਮੇਟੀ ਬਣਾਉਣਾ ਇਕ ਤਰ੍ਹਾਂ ਨਾਲ ਗ਼ੈਰ-ਕਾਨੂੰਨੀ ਕੰਮ ਹੋ ਸਕਦਾ ਹੈ ਜਿਸ ਬਾਰੇ ਐਡਵੋਕੇਟ ਜਨਰਲ ਤੇ ਕਾਨੂੰਨੀ ਮਾਹਰ ਆਪਣੀ ਰਾਏ ਨਹੀਂ ਦੇ ਸਕੇ।

ਉਨ੍ਹਾਂ ਸਪਸ਼ਟ ਕੀਤਾ ਕਿ ਇਹ ਮਾਮਲਾ ਅਜੇ ਵੀ ਵਿਚਾਰ-ਅਧੀਨ ਹੈ। ਜ਼ਿਕਰਯੋਗ ਹੈ ਕਿ ਵਿਧਾਨ ਸਭਾ ਚੋਣਾਂ ਮੌਕੇ 2004 ਤੇ 2009 ਦੇ ਚੋਣ ਮਨੋਰਥ ਪੱਤਰ ਵਿਚ ਕਾਂਗਰਸ ਵੱਲੋਂ ਸਿੱਖਾਂ ਨਾਲ ਵੱਖਰੀ ਕਮੇਟੀ ਦਾ ਵਾਅਦਾ ਕੀਤਾ ਗਿਆ ਸੀ ਪਰ ਪਿਛਲੇ ਨੌਂ ਸਾਲ ਤੋਂ ਇਹ ਮਾਮਲਾ ਲਟਕਿਆ ਹੋਇਆ ਹੈ। ਹਰਿਆਣੇ ਦੇ ਸਿੱਖਾਂ ਨੇ 2002 ਤੋਂ ਹੀ ਇਸ ਮੰਗ ਨੂੰ ਲੈ ਕੇ ਸੰਘਰਸ਼ ਵਿੱਢਿਆ ਹੋਇਆ ਹੈ ਕਿ ਅੰਬਾਲਾ, ਪੰਚਕੂਲਾ, ਯਮੁਨਾ ਨਗਰ, ਕੁਰੂਕਸ਼ੇਤਰ, ਕਰਨਾਲ, ਕੈਥਲ, ਹਿਸਾਰ, ਫ਼ਤਿਹਾਬਾਦ, ਫ਼ਰੀਦਾਬਾਦ, ਗੁੜਗਾਉਂ ਤੇ ਸਿਰਸਾ ਜ਼ਿਲ੍ਹਿਆਂ ਵਿਚ ਵਸਦੇ ਪੰਜ ਲੱਖ ਸਿੱਖ ਜੋ 31 ਵਿਧਾਨ ਸਭਾ ਹਲਕਿਆਂ ਵਿਚ ਚੰਗਾ ਅਸਰ-ਰਸੂਖ਼ ਰੱਖਦੇ ਹਨ, ਵਾਸਤੇ ਗੁਰਦਵਾਰਿਆਂ ਦੀ ਸਾਂਭ-ਸੰਭਾਲ ਲਈ ਵੱਖਰੀ ਸ਼੍ਰੋਮਣੀ ਕਮੇਟੀ ਬਣਾਈ ਜਾਵੇ।

## ਸਿੱਖਾਂ ਵੱਲੋਂ ਚੋਣਾਂ 'ਚ ਸਬਕ ਸਿਖਾਉਣ ਦਾ ਐਲਾਨ



*ਮੁੱਖ ਮੰਤਰੀ ਭੂਪਿੰਦਰ ਸਿੰਘ ਹੁੱਡਾ*



*ਪ੍ਰਧਾਨ ਦੀਦਾਰ ਸਿੰਘ ਨਲਵੀ*

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਕੁਲ 120 ਸੀਟਾਂ ਜਿਥੋਂ 170 ਮੈਂਬਰ ਚੁਣ ਕੇ ਆਉਂਦੇ ਹਨ, ਉਨ੍ਹਾਂ ਵਿਚੋਂ ਹਰਿਆਣੇ ਦੀਆਂ ਸਿਰਫ਼ ਅੱਠ ਸੀਟਾਂ ਤੋਂ 11 ਮੈਂਬਰ ਲਏ ਜਾਂਦੇ ਹਨ। ਇਸ ਬਾਰੇ ਹਰਿਆਣਾ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਦੀਦਾਰ ਸਿੰਘ ਨਲਵੀ ਦਾ ਕਹਿਣਾ ਹੈ ਕਿ 12 ਲੱਖ ਸਿੱਖ ਵੋਟਰ ਹਰ ਸਿਆਸੀ ਪਾਰਟੀ ਵਾਸਤੇ ਹਾਰ-ਜਿੱਤ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸ. ਨਲਵੀ ਨੇ ਕਿਹਾ ਕਿ 2004 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਕੋਲ ਸਿਰਫ਼ 14 ਸੀਟਾਂ ਸਨ ਜਦਕਿ ਚੋਣ ਮਨੋਰਥ ਪੱਤਰ ਵਿਚ ਕੀਤੇ ਵਾਅਦੇ ਮਗਰੋਂ ਭੁਗਤੀਆਂ ਵੋਟਾਂ ਵਿਚ ਕਾਂਗਰਸ ਨੂੰ ਸਿੱਖਾਂ ਦੀ ਮਦਦ ਨਾਲ 68 ਸੀਟਾਂ ਉਤੇ ਜਿੱਤ ਹਾਸਲ ਹੋਈ।

ਉਨ੍ਹਾਂ ਕਿਹਾ ਕਿ ਪੰਜ ਸਾਲ ਲਾਰੇ ਲਾਉਣ ਉਪਰੰਤ ਸ੍ਰੀ ਹੁੱਡਾ ਨੂੰ ਸਿੱਖਾਂ ਨੇ ਸਬਕ ਸਿਖਾਇਆ ਤੇ 2009 ਦੀਆਂ ਚੋਣਾਂ ਵਿਚ ਕਾਂਗਰਸ ਨੂੰ ਸਿਰਫ਼ 40 ਸੀਟਾਂ ਮਿਲੀਆਂ। ਹਰਿਆਣਾ ਵਿਧਾਨ ਸਭਾ ਦੀਆਂ ਕੁੱਲ 90 ਸੀਟਾਂ ਹਨ। ਸ. ਨਲਵੀ ਨੇ ਸਪਸ਼ਟ ਕਿਹਾ ਕਿ 1966 ਦੇ ਰਾਜ ਪੁਨਰਗਠਨ ਐਕਟ ਦੀ ਧਾਰਾ 72 ਤਹਿਤ ਜਦੋਂ ਹਰਿਆਣਾ ਸਰਕਾਰ ਨੇ ਵੱਖਰੀ ਖੇਤੀਬਾੜੀ ਯੂਨੀਵਰਸਟੀ, ਹਿਸਾਰ ਤੇ ਵੱਖਰੀ ਵਿਦਿਅਕ ਯੂਨੀਵਰਸਟੀ, ਕੁਰੂਕਸ਼ੇਤਰ ਬਣਾ ਦਿੱਤੀ ਤਾਂ ਤੀਜੇ ਮੁੱਦੇ ਜਿਸ ਤਹਿਤ ਗੁਰਦਵਾਰਿਆਂ ਦਾ ਵੱਖਰਾ ਪ੍ਰਬੰਧ ਕਰਨਾ ਸੀ, ਬਾਰੇ ਕਿਉਂ ਖਾਮੋਸ਼ ਹੈ। ਸ. ਨਲਵੀ ਨੇ ਕਿਹਾ ਕਿ ਇਸ ਧੱਕੇਸ਼ਾਹੀ ਵਿਰੁੱਧ ਹਰਿਆਣੇ ਦੇ ਸਿੱਖ ਆਉਂਦੀਆਂ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਜ਼ਰੂਰ ਸਬਕ ਸਿਖਾਉਣਗੇ।

ਕੁਝ ਦਿਨ ਪਹਿਲਾਂ ਕੁਰੂਕਸ਼ੇਤਰ ਵਿਚ ਇਕੱਠ ਕਰ ਕੇ ਸਿੱਖਾਂ ਵੱਲੋਂ ਬਣਾਈ ਵੱਖਰੀ ਐਡਹਾਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਨਲਵੀ, ਤਿੰਨੇ ਮੀਤ ਪ੍ਰਧਾਨਾਂ ਸ. ਮੋਹਨਜੀਤ ਸਿੰਘ ਪਾਨੀਪਤ, ਸ. ਮਲਕੀਤ ਸਿੰਘ ਮੋਖਾ ਡਬਵਾਲੀ, ਸ. ਕੁਲਵੰਤ ਸਿੰਘ ਸ਼ਾਹਬਾਦ ਤੇ ਜਨਰਲ ਸਕੱਤਰ ਸ. ਸੁਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਪਹਿਲੀ ਨਵੰਬਰ ਤੋਂ ਸੰਘਰਸ਼ ਸ਼ੁਰੂ ਕਰੇਗੀ। ਸ. ਨਲਵੀ ਨੇ ਕਿਹਾ ਕਿ ਪਹਿਲੀ ਨਵੰਬਰ ਨੂੰ ਹਰਿਆਣੇ ਦੇ ਸਿੱਖਾਂ ਲਈ ਕਾਲੇ ਦਿਵਸ ਵਜੋਂ ਮਨਾਇਆ ਜਾਵੇਗਾ ਕਿਉਂਕਿ 1966 ਵਿਚ ਇਸੇ ਦਿਨ ਪੰਜਾਬ ਤੋਂ ਵੱਖ ਕਰ ਕੇ ਹਰ ਸਰਕਾਰ ਨੇ ਬਾਅਦ ਵਿਚ ਧੱਕਾ ਕੀਤਾ ਤੇ ਲੁੱਟ-ਖਸੁੱਟ ਕੀਤੀ।

# 'ਸਨ ਆਫ਼ ਸਰਦਾਰ' ਬਾਰੇ ਮੁੜ ਵਿਵਾਦ

**ਨਵੀਂ ਦਿੱਲੀ:** ਬਾਲੀਵੁੱਡ ਅਦਾਕਾਰ ਤੇ ਨਿਰਮਾਤਾ ਅਜੇ ਦੇਵਗਨ ਵੱਲੋਂ ਆਪਣੀ ਆ ਰਹੀ ਫਿਲਮ 'ਸਨ ਆਫ ਸਰਦਾਰ' ਵਿਚ ਸਿੱਖਾਂ ਦੇ ਅਕਸ ਨੂੰ ਖਰਾਬ ਕਰਨ ਦੇ ਮਾਮਲੇ ਵਿਚ ਉਸ ਵਿਰੁੱਧ ਇਕ ਸਥਾਨਕ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾਈ ਗਈ ਹੈ।

ਸਿੱਖੀ ਸਿਦਕ ਸੰਸਥਾ ਦੇ ਮੈਂਬਰ ਰਵਿੰਦਰ ਸਿੰਘ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਅਦਾਕਾਰ ਦੇਵਗਨ ਤੇ ਫਿਲਮ ਦੇ ਨਿਰਮਾਤਾ ਅਸ਼ਵਿਨੀ ਵਿਰੁੱਧ ਕਾਰਵਾਈ ਕੀਤੀ ਜਾਵੇ। ਉਸ ਨੇ ਅਦਾਲਤ ਨੂੰ ਦੱਸਿਆ ਕਿ 13 ਨਵੰਬਰ ਨੂੰ ਰਲੀਜ਼ ਹੋ ਰਹੀ ਫਿਲਮ ਦੀਆਂ ਵਿਖਾਈਆਂ ਜਾ ਰਹੀਆਂ ਝਲਕੀਆਂ ਵਿਚ ਦੇਵਗਨ ਸਰਦਾਰ ਦੀ ਭੂਮਿਕਾ ਵਿਚ ਹੈ ਤੇ ਉਸ ਨੇ ਆਪਣੀ ਛਾਤੀ ਉਪਰ ਭਗਵਾਨ ਸ਼ਿਵ ਦਾ ਟੈਟੂ ਬਣਵਾਇਆ ਹੋਇਆ ਹੈ। ਸ਼ਿਕਾਇਤਕਰਤਾ ਨੇ ਕਿਹਾ ਹੈ ਕਿ ਸਿੱਖਾਂ ਦੇ ਗੁਰੂਆਂ ਨੇ ਮੂਰਤੀ ਤੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਮਨਾਹੀ ਕੀਤੀ ਹੈ। ਇਕ ਸਿੱਖ ਨੂੰ ਭਗਵਾਨ ਸ਼ਿਵ ਦੇ ਸ਼ਰਧਾਲੂ ਵਜੋਂ ਪੇਸ਼ ਕਰਨਾ ਗਲਤ ਹੈ ਤੇ ਅਜਿਹਾ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਗਈ ਹੈ।

# ਅਜੇ ਖਾਲੀ ਹੀ ਰਹਿਣਗੀਆਂ ਤੋਤਾ ਸਿੰਘ ਤੇ ਜਗੀਰ ਕੌਰ ਵਾਲੀਆਂ ਕੁਰਸੀਆਂ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਜੇ ਆਪਣੇ ਮੰਤਰੀ ਮੰਡਲ ਵਿਚ ਵਾਧਾ ਨਹੀਂ ਕਰ ਰਹੇ। ਇਸ ਬਾਰੇ ਕੁਝ ਸਮਾਂ ਲੱਗ ਸਕਦਾ ਹੈ। ਜ਼ਿਕਰਯੋਗ ਹੈ ਕਿ ਜਥੇਦਾਰ ਤੋਤਾ ਸਿੰਘ ਤੇ ਬੀਬੀ ਜਗੀਰ ਕੌਰ ਦੇ ਮੰਤਰੀ ਮੰਡਲ ਤੋਂ ਅਸਤੀਫਾ ਦੇਣ ਨਾਲ ਉਨ੍ਹਾਂ ਦੋਵਾਂ ਦੇ ਵਿਭਾਗ ਸ. ਬਾਦਲ ਨੇ ਆਪ ਹੀ ਸੰਭਾਲੇ ਹੋਏ ਹਨ ਤੇ ਕਿਸੇ ਹੋਰ ਮੰਤਰੀ ਨੂੰ ਅਲਾਟ ਨਹੀਂ ਕੀਤੇ।

ਸ. ਬਾਦਲ ਉਕਤ ਦੋਵਾਂ ਅਸਤੀਫਾ ਦੇ ਚੁੱਕੇ ਮੰਤਰੀਆਂ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਅਪੀਲਾਂ ਵੱਲ ਵੇਖ ਰਹੇ ਹਨ ਕਿ ਉਨ੍ਹਾਂ ਬਾਰੇ ਹਾਈ ਕੋਰਟ ਕਦੋਂ ਤੇ ਕੀ ਫੈਸਲਾ ਸੁਣਾਉਂਦਾ ਹੈ? ਉਧਰ ਸਰਕਾਰੀ ਤੌਰ 'ਤੇ ਐਲਾਨ ਕੀਤਾ ਗਿਆ ਹੈ ਕਿ ਸ. ਬਾਦਲ ਦੇ ਸੁਝਾਅ 'ਤੇ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੇ ਪੰਜਾਬ ਦੇ ਜੇਲ੍ਹ ਤੇ ਸੈਰ ਸਪਾਟਾ ਵਿਭਾਗਾਂ ਦੇ ਮੰਤਰੀ ਸਰਵਣ ਸਿੰਘ ਫਿਲੌਰ ਨੂੰ ਸ. ਗੁਲਜਾਰ ਸਿੰਘ ਰਣੀਕੇ ਵਾਲੇ ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਬਾਰੇ ਵਿਭਾਗ ਵੀ ਦੇ ਦਿੱਤੇ ਹਨ।

ਬੀਬੀ ਜਾਗੀਰ ਕੌਰ ਤੇ ਜਥੇਦਾਰ ਤੋਤਾ ਸਿੰਘ ਵਾਲੇ ਵਿਭਾਗ ਅਜੇ ਤੱਕ ਸ. ਬਾਦਲ ਨੇ ਆਪਣੇ ਕੋਲ ਹੀ ਰੱਖੇ ਹੋਏ ਹਨ। ਸਿਰਫ ਸ. ਰਣੀਕੇ ਵਾਲੇ ਵਿਭਾਗ ਹੀ ਸ. ਫਿਲੌਰ ਨੂੰ ਸੌਂਪ ਦੇਣ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਸ. ਬਾਦਲ ਨੇੜ ਭਵਿੱਖ ਵਿਚ ਮੰਤਰੀ ਮੰਡਲ ਵਿਚ ਵਾਧਾ ਕਰਨ ਦਾ ਕੋਈ ਇਰਾਦਾ ਨਹੀਂ ਰੱਖਦੇ। ਜਥੇਦਾਰ ਤੋਤਾ ਸਿੰਘ ਤੇ ਬੀਬੀ ਜਾਗੀਰ ਕੌਰ ਦੀਆਂ ਅਪੀਲਾਂ ਦੇ ਫੈਸਲੇ ਤੋਂ ਬਾਅਦ ਹੀ ਉਹ ਨਵੇਂ ਮੰਤਰੀ ਲੈਣ ਬਾਰੇ ਕੋਈ ਫੈਸਲਾ ਲੈ ਸਕਣਗੇ।

# ਡੇਰਾ ਬਿਆਸ ਦੇ ਮੁਖੀ ਨੇ ਹਰਿਮੰਦਰ ਵਿਖੇ ਝੁਕਾਇਆ ਸੀਸ

**ਅੰਮ੍ਰਿਤਸਰ:** ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਵੱਲੋਂ ਲੰਘੇ ਦਿਨੀਂ ਆਮ ਸ਼ਰਧਾਲੂ ਵਾਂਗ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਦੀ ਕਾਫੀ ਚਰਚਾ ਹੈ। ਹਾਸਲ ਜਾਣਕਾਰੀ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਜਾਣ ਵੱਲੋਂ ਜ਼ੈਡ ਪਲੱਸ ਸੁਰੱਖਿਆ ਵਿਚ ਘਿਰੇ ਰਹਿਣ ਵਾਲੇ ਡੇਰਾ ਮੁਖੀ ਨਾਲ ਉਨ੍ਹਾਂ ਦੇ ਸਿਰਫ ਤਿੰਨ ਸਹਾਇਕਾਂ ਤੋਂ ਇਲਾਵਾ ਗਲਿਆਰਾ ਚੌਕੀ ਦਾ ਇਕ ਕਰਮਚਾਰੀ ਮੌਜੂਦ ਸੀ।



ਡੇਰਾ ਮੁਖੀ ਨੇ ਆਮ ਸ਼ਰਧਾਲੂ ਵਾਂਗ ਕਤਾਰ ਵਿਚ ਲੱਗ ਕੇ ਸ੍ਰੀ ਦਰਬਾਰ ਸਾਹਿਬ ਅੰਦਰ ਦਾਖ਼ਲ ਹੋਏ ਜਿਥੇ ਉਨ੍ਹਾਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਡੇਰਾ ਮੁਖੀ ਨੇ ਤਕਰੀਬਨ ਇਕ ਘੰਟਾ ਸ੍ਰੀ ਦਰਬਾਰ ਸਾਹਿਬ ਅੰਦਰ ਬੈਠ ਕੇ ਕੀਰਤਨ ਸਰਵਣ ਕੀਤਾ ਤੇ ਬਾਅਦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵੀ ਮੱਥਾ ਟੇਕਿਆ। ਉਨ੍ਹਾਂ ਦੀ ਇਸ ਫੇਰੀ ਦੀ ਕਾਫੀ ਚਰਚਾ ਹੈ ਕਿਉਂਕਿ ਰਾਧਾ ਸਵਾਮੀ ਮੱਤ ਦੇ 150 ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰ ਕੋਈ ਆਪਣੇ ਆਪ ਨੂੰ ਗੁਰੂ ਕਹਾਉਣ ਵਾਲਾ ਵਿਅਕਤੀ ਇਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਣ ਪੁੱਜਾ ਹੈ।

ਡੇਰਾ ਮੁਖੀ ਦੀ ਇਹ ਫੇਰੀ ਇਸ ਕਰਕੇ ਵੀ ਅਹਿਮ ਹੈ ਕਿਉਂਕਿ ਬਿਆਸ ਦੇ ਪਿੰਡ ਵੜੈਚ ਦੇ ਗੁਰਦਵਾਰਾ ਸਾਹਿਬ ਨੂੰ ਢਾਹੇ ਜਾਣ ਦੇ ਮਾਮਲੇ 'ਤੇ ਡੇਰਾ ਬਿਆਸ ਤੇ ਕੁਝ ਸਿੱਖ ਜਥੇਬੰਦੀਆਂ ਆਹਮੋ-ਸਾਹਮਣੇ ਸਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਇਸ ਮਾਮਲੇ ਵਿਚ ਡੇਰੇ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਜਥੇਬੰਦੀਆਂ ਨੇ ਇਸ ਕਲੀਨ ਚਿੱਟ 'ਤੇ ਜਥੇਦਾਰ ਦਾ ਹੀ ਬਾਈਕਾਟ ਕਰ ਦਿੱਤਾ ਸੀ। ਡੇਰਾ ਮੁਖੀ ਦੀ ਇਹ ਫੇਰੀ ਇਹ ਸੰਕੇਤ ਵੀ ਦਿੰਦੀ ਹੈ ਕਿ ਉਹ ਪੰਥ ਨਾਲ ਕੋਈ ਤਕਰਾਰ ਨਹੀਂ ਚਾਹੁੰਦੇ ਤੇ ਕਿਸੇ ਵੀ ਵਿਵਾਦ ਨੂੰ ਸੁਲਝਾਉਣ ਲਈ ਤਿਆਰ ਹਨ।

ਡੇਰਾ ਮੁਖੀ ਦੀ ਫੇਰੀ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਡੇਰਾ ਮੁਖੀ ਦੇ ਸ੍ਰੀ ਦਰਬਾਰ ਸਾਹਿਬ ਆਉਣ ਤੋਂ ਸਪਸ਼ਟ ਹੈ ਕਿ ਉਹ ਗੁਰੂ ਨਹੀਂ ਹੈ ਤੇ ਅਸਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ। ਉਨ੍ਹਾਂ ਕਿਹਾ ਕਿ ਸਿੱਖ ਕਦੇ ਵੀ ਗੁਰੂ ਹੋਣ ਦਾ ਦਾਅਵਾ ਨਹੀਂ ਕਰਦਾ। ਸਿੱਖ ਦਾ ਗੁਰੂ ਸ਼ਬਦ ਹੈ ਤੇ ਡੇਰਾ ਮੁਖੀ ਨੂੰ ਚਾਹੀਦਾ ਹੈ ਕਿ ਉਹ ਸ਼ਬਦ ਗੁਰੂ ਦਾ ਪ੍ਰਚਾਰ ਕਰੇ ਤੇ ਆਪਣੇ ਆਪ ਨੂੰ ਗੁਰੂ ਅਖਵਾਉਣਾ ਬੰਦ ਕਰੇ। ਉਧਰ, ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਡੇਰਾ ਮੁਖੀ ਨੂੰ ਸ਼ਖ਼ਸੀ ਪੂਜਾ ਦੀ ਪ੍ਰਥਾ ਨੂੰ ਖ਼ਤਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਦਾ ਸ੍ਰੀ ਦਰਬਾਰ ਸਾਹਿਬ ਅੰਦਰ ਨਤਮਸਤਕ ਹੋਣਾ ਤੇ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਝੁਕਾਉਣਾ ਭਾਵੇਂ ਹਾਂਪੱਖੀ ਸੰਕੇਤ ਹੈ ਪਰ ਸਮੇਂ ਦੀ ਮੰਗ ਹੈ ਕਿ ਡੇਰਾ ਮੁਖੀ ਆਪਣੇ ਆਪ ਨੂੰ ਗੁਰੂ ਕਹਾਉਣਾ ਬੰਦ ਕਰੇ ਤੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨੇ।

# ਮਹਿੰਗੀ ਪਵੇਗੀ ਸਰਕਾਰੀ ਖਰਚੇ 'ਤੇ ਮੌਜਮਸਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਦੇ ਮੰਤਰੀ, ਅਧਿਕਾਰੀ ਤੇ ਵਿਭਾਗ ਪ੍ਰਮੁੱਖ ਹੁਣ ਸਰਕਾਰੀ ਖਰਚੇ 'ਤੇ ਦੇਸ਼-ਵਿਦੇਸ਼ 'ਚ ਮਸਤੀ ਨਹੀਂ ਕਰ ਸਕਣਗੇ। ਜੇਕਰ ਇਨ੍ਹਾਂ ਦੌਰਿਆਂ ਦੌਰਾਨ ਮੌਜਮਸਤੀ ਕੀਤੀ ਗਈ ਤਾਂ ਉਹ ਜਨਤਾ ਦੀ ਨਜ਼ਰਾਂ ਤੋਂ ਬਚ ਨਹੀਂ ਸਕਣਗੇ ਕਿਉਂਕਿ ਹੁਣ ਨਾ ਸਿਰਫ ਮੰਤਰੀਆਂ, ਅਧਿਕਾਰੀਆਂ ਤੇ ਵਿਭਾਗ ਪ੍ਰਮੁੱਖਾਂ ਨੂੰ ਇਨ੍ਹਾਂ ਸਰਕਾਰੀ ਦੌਰਿਆਂ ਦੀ ਜਾਣਕਾਰੀ ਵਿਭਾਗ ਜਾਂ ਸਰਕਾਰ ਦੀ ਵੈੱਬਸਾਈਟ 'ਤੇ ਦੇਣੀ ਜ਼ਰੂਰੀ ਹੋਵੇਗੀ ਬਲਕਿ ਇਨ੍ਹਾਂ ਦੌਰਿਆਂ ਨਾਲ ਸਬੰਧਤ ਬਿਊਰਾ ਵੀ ਜਨਤਕ ਕਰਨਾ ਹੋਵੇਗਾ।

ਕੇਂਦਰੀ ਪਰਸੋਨਲ ਮਨਿਸਟਰੀ ਤੋਂ ਇਸ ਬਾਰੇ ਸਰਕੂਲਰ ਆਉਣ ਤੋਂ ਬਾਅਦ ਰਾਜ ਦੇ ਮੁੱਖ ਸਕੱਤਰ ਦਫਤਰ ਨੇ ਸਾਰੇ ਵਿਭਾਗਾਂ ਪ੍ਰਮੁੱਖਾਂ, ਵਿੱਤ ਕਮਿਸ਼ਨਰਾਂ ਤੇ ਕੈਬਨਿਟ ਸ਼ਾਖਾ ਨੂੰ ਇਨ੍ਹਾਂ ਨਿਰਦੇਸ਼ਾਂ 'ਤੇ ਅਮਲ ਕਰਨ ਦੇ ਆਦੇਸ਼ ਦਿੱਤੇ ਹਨ। ਕੇਂਦਰੀ ਮੰਤਰਾਲੇ ਵੱਲੋਂ ਰਾਜ ਸਰਕਾਰ ਦੇ ਮੁੱਖ ਸਕੱਤਰ ਨੂੰ ਲਿਖੇ ਸਰਕਾਰੀ ਨੋਟ ਵਿਚ ਕਿਹਾ ਗਿਆ ਹੈ ਕਿ ਸੂਚਨਾ ਦਾ ਅਧਿਕਾਰ ਐਕਟ ਤਹਿਤ ਸਾਰੇ ਅਧਿਕਾਰੀਆਂ ਨੂੰ ਵੱਧ ਤੋਂ ਵੱਧ ਜਾਣਕਾਰੀ ਆਪਣੇ ਆਪ ਹੀ ਜਨਤਕ ਕਰਨਾ ਜ਼ਰੂਰੀ ਹੈ।

ਨੋਟ ਵਿਚ ਕਿਹਾ ਗਿਆ ਹੈ ਕਿ ਮੰਤਰਾਲੇ ਦੇ ਧਿਆਨ ਵਿਚ ਆਇਆ ਹੈ ਕਿ ਅਕਸਰ ਅਧਿਕਾਰੀਆਂ ਤੇ ਮੰਤਰੀਆਂ ਦੇ ਸਰਕਾਰੀ ਦੌਰਿਆਂ ਬਾਰੇ ਐਕਟ ਤਹਿਤ ਜਾਣਕਾਰੀ ਮੰਗੀ ਜਾ ਰਹੀ ਹੈ। ਇਸ ਲਈ ਚਾਲੂ ਸਾਲ ਤੋਂ ਇਹ ਜਾਣਕਾਰੀ ਵੈੱਬਸਾਈਟ 'ਤੇ ਮੁਹੱਈਆ ਕਰਵਾਉਣਾ ਸ਼ੁਰੂ ਕੀਤਾ ਜਾਵੇ ਤੇ ਤਿੰਨ ਮਹੀਨਿਆਂ ਦੇ ਅੰਤਰਾਲ ਤੋਂ ਬਾਅਦ ਇਸ ਨੂੰ ਅਪਡੇਟ ਕੀਤਾ ਜਾਵੇ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi Coupon Code

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268

732-983-4332/4333

ਪੰਜਾਬ ਟਾਈਮਜ਼

ਸ਼ਨਿਚਰਵਾਰ, 6 ਅਕਤੂਬਰ 2012

## ਭਗਤ ਸਿੰਘ ਦੀ ਵਿਰਾਸਤ ਨੂੰ ਸਲਾਮੀ

ਨੌਜਵਾਨਾਂ ਦੇ ਦਿਲਾਂ ਵਿਚ ਘਰ ਕਰੀ ਬੈਠੇ ਭਗਤ ਸਿੰਘ ਨੂੰ ਪਾਕਿਸਤਾਨ ਨੇ ਆਖਰਕਾਰ ਸਲਾਮੀ ਦਿੱਤੀ ਹੈ। ਐਤਕੀਂ 105ਵੇਂ ਜਨਮ ਦਿਨ ਮੌਕੇ ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਚੌਕ ਰੱਖਿਆ ਗਿਆ ਹੈ। ਇਹ ਉਹੀ ਥਾਂ ਹੈ ਜਿੱਥੇ ਆਜ਼ਾਦੀ ਦੀ ਲੜਾਈ ਦੇ ਜਾਂਬਾਜ਼ ਨੌਜਵਾਨਾਂ-ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਅੰਗਰੇਜ਼ ਹਾਕਮਾਂ ਨੇ 23 ਮਾਰਚ 1931 ਨੂੰ ਫਾਂਸੀ ਲਾ ਦਿੱਤਾ ਸੀ। ਪਾਕਿਸਤਾਨ ਵਿਚ ਮਨੁੱਖੀ ਹੱਕਾਂ ਲਈ ਜੂਝ ਰਹੀਆਂ ਸੰਸਥਾਵਾਂ ਤੇ ਜਥੇਬੰਦੀਆਂ ਵੱਲੋਂ ਇਕ ਦਹਾਕੇ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਇਸ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਜਾਵੇ। ਇਸ ਥਾਂ ਨਾਲ ਹੀ ਨਹੀਂ, ਲਾਹੌਰ ਅਤੇ ਲਹਿੰਦੇ ਪੰਜਾਬ ਨਾਲ ਭਗਤ ਸਿੰਘ ਦਾ ਰਿਸ਼ਤਾ ਬੜਾ ਖਾਸ ਰਿਹਾ ਹੈ। ਭਗਤ ਸਿੰਘ ਉਨ੍ਹਾਂ ਸਮਿਆਂ ਵਿਚ ਲਾਹੌਰ ਵਿਚ ਘੁੰਮਿਆ-ਫਿਰਿਆ ਅਤੇ ਵਿਚਰਿਆ ਜਦੋਂ ਇਹ ਸ਼ਹਿਰ ਹਰ ਮਰਹੱਲੇ ਵਿਚ ਕਰਵਟਾਂ ਲੈ ਰਿਹਾ ਸੀ। ਸਾਹਿਤ, ਕਲਾ, ਸੰਗੀਤ ਤੋਂ ਇਲਾਵਾ ਸਿਆਸਤ ਦਾ ਪਿੜ ਨਿਤ ਦਿਨ ਭਖ਼ ਰਿਹਾ ਸੀ। ਕਰਵਟਾਂ ਵਾਲੇ ਇਸ ਸੁੱਚੇ ਕਾਰਜ ਵਿਚ ਭਗਤ ਸਿੰਘ ਨੇ ਵੀ ਭਰਪੂਰ ਯੋਗਦਾਨ ਪਾਇਆ। ਇਸ ਯੋਗਦਾਨ ਲਈ ਉਹਨੇ ਅਤੇ ਉਹਦੇ ਸਾਥੀਆਂ ਨੇ ਸਿਆਸਤ ਦਾ ਪਿੜ ਚੁਣਿਆ। ਉਸ ਵੇਲੇ ਸਿੱਖ ਅਤੇ ਕਾਂਗਰਸੀ ਆਗੂ ਸਿਆਸੀ ਮੰਚ ਉਤੇ ਵਿਚਰ ਰਹੇ ਸਨ, ਕਮਿਊਨਿਸਟ ਪਾਰਟੀ ਵੀ ਹੋਂਦ ਵਿਚ ਆ ਚੁੱਕੀ ਸੀ, ਪਰ ਇਨ੍ਹਾਂ ਨੌਜਵਾਨਾਂ ਨੇ ਐਨ ਵੱਖਰਾ ਰਾਹ ਅਤੇ ਰੁਖ਼ ਅਖਤਿਆਰ ਕੀਤਾ। ਇਹ ਰਾਹ ਚੁਣਨ ਤੋਂ ਪਹਿਲਾਂ ਉਹ ਪੰਜਾਬ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਚੱਲੀਆਂ ਲਹਿਰਾਂ ਦੀ ਗਹਿਰਾਈ ਨਾਲ ਪੜਚੋਲ ਕਰ ਚੁੱਕੇ ਸਨ। ਇਨ੍ਹਾਂ ਨੌਜਵਾਨਾਂ ਦੇ ਹਥਿਆਰਬੰਦ ਸੰਘਰਸ਼ ਨੂੰ ਅਰਾਜਕਤਾਵਾਦੀਆਂ ਦੀ ਪਾਣ ਚੜ੍ਹੀ ਹੋਈ ਸੀ।

ਅਰਾਜਕਤਾਵਾਦੀਆਂ ਨੂੰ ਤਾਂ ਭਾਵੇਂ ਅੱਜਕੱਲ੍ਹ ਹੋਰ ਹੀ ਪ੍ਰਸੰਗ ਤੇ ਅਰਥਾਂ ਵਿਚ ਦੇਖਿਆ, ਵਿਚਾਰਿਆ ਤੇ ਪ੍ਰਚਾਰਿਆ ਜਾਂਦਾ ਹੈ, ਪਰ ਭਗਤ ਸਿੰਘ ਨੇ ਇਨ੍ਹਾਂ ਲੋਕਾਂ ਦੀ ਸੁੱਚੀ ਸੋਚ ਦੀ ਰੂਹ ਨੂੰ ਫੜਿਆ ਤੇ ਇਨ੍ਹਾਂ ਬਾਰੇ ਗਹਿਰਾ ਅਧਿਐਨ ਵੀ ਕੀਤਾ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਖੂਬਸੂਰਤੀ ਇਹੀ ਸੀ ਕਿ ਉਹ ਸਿਆਸਤ ਦੇ ਪਿੜ ਵਿਚ ਕਿਸੇ ਵੀ ਇਕ ਧਾਰਾ ਜਾਂ ਵਿਚਾਰਧਾਰਾ ਦੇ ਕਿੱਲੇ ਨਾਲ ਨਹੀਂ ਬੱਝੇ, ਸਗੋਂ ਹਾਲਾਤ ਮੁਤਾਬਕ ਉਨ੍ਹਾਂ ਨਿੱਤ ਦਿਨ ਨਵਾਂ ਰਾਹ ਖੋਲ੍ਹਣ ਦਾ ਜੇਰਾ ਕੀਤਾ। ਉਨ੍ਹਾਂ ਨੇ ਗਦਰੀਆਂ ਦੇ ਹਥਿਆਰਬੰਦ ਸੰਘਰਸ਼ ਨੂੰ ਬਹੁਤ ਨੀਝ ਨਾਲ ਵਾਚਿਆ, ਬੱਬਰ ਅਕਾਲੀਆਂ ਦੀ ਸਿਆਸਤ ਬਾਰੇ ਪੁਣ-ਛਾਣ ਕੀਤੀ, ਕੂਕਿਆਂ ਦੀ ਲਹਿਰ ਦੇ ਨੁਕਤੇ ਵਿਚਾਰੇ। ਮੁੱਖਧਾਰਾ ਦੀ ਸਿਆਸਤ ਨਾਲ ਤਾਂ ਉਹ ਸਿੱਧਾ ਆਢਾ ਲਾ ਰਹੇ ਸਨ। 'ਚਾਂਦ' ਦਾ ਫਾਂਸੀ ਵਿਸ਼ੇਸ਼ ਅੰਕ ਉਨ੍ਹਾਂ ਦੀ ਸਿਆਸਤ ਅਤੇ ਇਸ ਦੇ ਪ੍ਰਚਾਰ ਲਈ ਲਾਏ ਟਿੱਲ ਦੀ ਹੀ ਸੂਹ ਦਿੰਦਾ ਹੈ। ਇਹ ਬੀਤੇ ਬਾਰੇ ਡੂੰਘੀ ਪੜਚੋਲ ਦਾ ਹੀ ਨਤੀਜਾ ਸੀ ਕਿ ਅੱਜ ਅੱਠ ਦਹਾਕਿਆਂ ਬਾਅਦ ਵੀ ਉਨ੍ਹਾਂ ਦੀ ਸਿਆਸਤ ਅਤੇ ਸੋਚ ਬਾਰੇ ਚਰਚਾ ਅਕਸਰ ਤੁਰਦੀ ਹੈ।

ਅਸਲ ਵਿਚ ਭਗਤ ਸਿੰਘ ਦੀ ਸਿਆਸੀ ਸੂਝ ਅਤੇ ਸਰਗਰਮੀ ਗਹਿਰਾਈ ਨਾਲ ਗੌਲਣ ਵਾਲੀ ਹੈ। ਸੂਝ ਤੇ ਸਰਗਰਮੀ ਦਾ ਇਹ ਸੁਮੇਲ ਸਮਝੋ ਸੋਨੇ ਉਤੇ ਸੁਹਾਗੇ ਵਾਲੀ ਗੱਲ ਸੀ। ਇਤਿਹਾਸ ਇਨ੍ਹਾਂ ਤੱਥਾਂ ਨਾਲ ਭਰਿਆ ਪਿਆ ਹੈ ਕਿ ਸੰਸਾਰ ਵਿਚ ਜਿੱਥੇ ਕਿਤੇ ਵੀ ਸੂਝ ਅਤੇ ਸਰਗਰਮੀ ਦਾ ਸਹੀ ਸੁਮੇਲ ਹੋਇਆ ਹੈ, ਨਵੇਂ ਰਾਹ ਖੁਦ-ਬਖੁਦ ਬਣਦੇ ਸਨ। ਭਗਤ ਸਿੰਘ ਦੇ ਸਾਹਵੇਂ ਵੀ ਇਸੇ ਤਰ੍ਹਾਂ ਰਾਹ ਬਣ ਰਹੇ ਸਨ ਤੇ ਉਹ ਬਹੁਤ ਸੁਚੇਤ ਹੋ ਕੇ ਇਨ੍ਹਾਂ ਰਾਹਾਂ ਦਾ ਰਾਹੀ ਬਣ ਰਿਹਾ ਸੀ। ਉਹਨੇ ਅਰਾਜਕਤਾਵਾਦੀਆਂ ਤੋਂ ਹਿੰਸਾ ਦਾ ਪਾਠ ਪੜ੍ਹਿਆ ਪਰ ਹਿੰਸਾ ਦੇ ਇਸ ਜ਼ਹਿਰ ਨੂੰ ਸ਼ਹਿਦ ਵਾਂਗ ਵਰਤ ਕੇ ਇਸ ਤੋਂ ਅਗਾਂਹ ਲੰਘ ਗਿਆ; ਉਹਨੇ ਬੰਬਾਂ ਤੋਂ ਤੁਰੰਤ ਬਾਅਦ ਫਲਸਫੇ ਦੀ ਗੱਲ ਤੋਰ ਲਈ। ਉਸ ਦਾ ਇਹ ਕਿਹਾ ਬੜਾ ਮਸ਼ਹੂਰ ਹੈ ਕਿ ਇਨਕਲਾਬ ਦੀ ਸ਼ਮਸ਼ੀਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਹੈ। ਉਸ ਨੇ ਕੂਕਿਆਂ, ਗਦਰੀਆਂ ਅਤੇ ਬੱਬਰਾਂ ਦੀ ਗੱਲ ਕਰਦਿਆਂ ਇਹ ਸ਼ਮਸ਼ੀਰ ਕਦੀ ਖੁੰਢੀ ਨਹੀਂ ਹੋਣ ਦਿੱਤੀ ਅਤੇ ਅੰਤ ਤੱਕ ਇਹ ਸ਼ਮਸ਼ੀਰ ਸਾਣ ਉਤੇ ਚਾੜ੍ਹੀ ਰੱਖੀ। ਭਗਤ ਸਿੰਘ ਸਹੀ ਅਰਥਾਂ ਵਿਚ ਪੰਜਾਬ ਅਤੇ ਭਾਰਤ ਦਾ ਧੰਨਭਾਗ ਸੀ। ਉਹਨੇ ਆਪਣੇ ਵੇਲਿਆਂ ਵਿਚ ਸਿਆਸਤ ਵਿਚ ਅਜਿਹੀ ਤਰਥੱਲੀ ਪਾਈ ਕਿ ਅੰਗਰੇਜ਼ ਹਾਕਮਾਂ ਨੂੰ ਉਸ ਦੀ ਹੋਂਦ ਹੀ ਰੜਕਣ ਲੱਗ ਪਈ। ਜਿਸ ਲਾਹੌਰ ਵਿਚ ਉਸ ਨੇ ਆਪਣੀ ਜ਼ਿੰਦਗੀ ਦੇ ਬਿਹਤਰੀਨ ਪਲ ਗੁਜ਼ਾਰੇ; ਆਪਣੇ ਨਾਲਦਿਆਂ ਤੇ ਨੇੜਲਿਆਂ ਦੇ ਦਿਲਾਂ ਵਿਚ ਜੀਣ ਦੀਆਂ ਤਰਬਾਂ ਛੇੜੀਆਂ; ਅੱਜ ਉਹੀ ਲਾਹੌਰ ਉਸ ਨੂੰ ਯਾਦ ਕਰ ਰਿਹਾ ਹੈ। ਅੱਜ ਦੇ ਪ੍ਰਸੰਗ ਤੇ ਮਾਹੌਲ ਵਿਚ ਕਿਸੇ ਦੇ ਨਾਂ ਉਤੇ ਕਿਸੇ ਚੌਕ, ਪਿੰਡ, ਸ਼ਹਿਰ ਜਾਂ ਸੜਕ ਦਾ ਨਾਂ ਰੱਖ ਦੇਣਾ ਮਹਿਜ਼ ਰਸਮ ਜਿਹੀ ਬਣ ਗਈ ਹੈ ਪਰ ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਣ ਦਾ ਮਾਮਲਾ ਇਸ ਕਰ ਕੇ ਗੌਲਣਯੋਗ ਬਣ ਜਾਂਦਾ ਹੈ ਕਿ ਅਜਿਹਾ ਕਰ ਕੇ ਕਿਸੇ ਨੇ ਆਪਣੇ ਕਿਸੇ ਮੁਫਾਦ ਦੀ ਸਿੱਧੀ ਨਹੀਂ ਕਰਨੀ, ਸਗੋਂ ਇਹ ਸਰਗਰਮੀ ਭਗਤ ਸਿੰਘ ਦੀ ਵਿਰਾਸਤ ਨੂੰ ਇਕ ਕਦਮ ਅਗਾਂਹ ਵਧਾਉਣ ਦਾ ਮੌਕਾ ਮੁਹੱਈਆ ਕਰਨ ਵਾਂਗ ਹੈ। ਅੱਜ 21ਵੀਂ ਸਦੀ ਵਿਚ ਅੰਤਾਂ ਦੀ ਗੁੰਝਲਦਾਰ ਸਿਆਸਤ ਵਿਚ ਜੇ ਭਗਤ ਸਿੰਘ ਦੀ ਗੱਲ ਚੱਲ ਰਹੀ ਹੈ ਤਾਂ ਇਸ ਨੂੰ ਭਗਤ ਸਿੰਘ ਦੀ ਸ਼ਖਸੀਅਤ ਦਾ ਤਲਿਸਮ ਹੀ ਮੰਨਣਾ ਚਾਹੀਦਾ ਹੈ। ਉਂਜ ਵੀ ਸਮੇਂ ਨੇ ਇਹ ਵਾਰ-ਵਾਰ ਸਾਬਤ ਕੀਤਾ ਹੈ ਕਿ ਪਿਛਲੇ ਸਮਿਆਂ ਦੌਰਾਨ ਅੰਤਾਂ ਦੀ ਨੁਕਤਾਚੀਨੀ ਦੇ ਬਾਵਜੂਦ ਲੋਕਾਂ ਦੇ ਦਿਲਾਂ ਵਿਚ ਭਗਤ ਸਿੰਘ ਲਈ ਪਿਆਰ ਰੱਤੀ ਭਰ ਵੀ ਮੱਠਾ ਨਹੀਂ ਪਿਆ ਹੈ। ਅਜਿਹਾ ਸ਼ਾਇਦ ਇਸ ਕਰ ਕੇ ਹੀ ਹੋਇਆ ਹੈ ਕਿ ਉਸ ਦੀ ਸੋਚ ਅਤੇ ਸਰਗਰਮੀ ਦੀ ਲੜੀ ਸਰਬੱਤ ਦੇ ਭਲੇ ਨਾਲ ਜੁੜੀ ਹੋਈ ਸੀ। ਇਸ ਵਿਚ ਸੌੜੀ ਸਿਆਸਤ ਉਕਾ ਹੀ ਨਦਾਰਦ ਸੀ। ਅੱਜ ਅਹਿਮ ਮੋੜ 'ਤੇ ਖੜ੍ਹੇ ਪੰਜਾਬ ਲਈ ਅਜਿਹੇ ਹੀ ਸ਼ਖਸ ਦੀ ਲੋੜ ਹੈ ਜਿਹੜਾ ਭਗਤ ਸਿੰਘ ਵਾਂਗ ਸਿਆਸੀ ਸੂਝ ਅਤੇ ਸਰਗਰਮੀ ਨੂੰ ਸੁਰ-ਤਾਲ ਕਰ ਕੇ ਜੰਗ ਦਾ ਬਿਗਲ ਵਜਾ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਖੁੱਲ੍ਹ ਗਿਆ ਫਾਟਕ !

ਬਾਬਾ ਖੜਕ ਸਿੰਘ ਸਵਰਗ ਦੇ ਵਿਚ ਬੈਠੇ, ਸੁਣ ਕੇ ਹੋਣਗੇ ਬਹੁਤ ਲਾਚਾਰ ਯਾਰੋ।
ਕੀਤਾ ਗਠਨ ਸੀ ਤਖਤ ਅਕਾਲ ਉਤੇ, 'ਦਲ' ਪੰਥ ਦਾ ਤਾਬਿਆਦਾਰ ਯਾਰੋ।
ਪਹਿਰੇਦਾਰੀ ਜੋ ਕਰਦਾ ਸੀ ਕੌਮ ਵਾਲੀ, ਪਿਉ-ਪੁੱਤ ਦਾ ਬਣਿਆਂ ਪਰਿਵਾਰ ਯਾਰੋ।
ਰਿਹਾ ਜੂਝਦਾ ਸਿੱਖੀ ਦੇ ਹਿਤ ਖਾਤਰ, ਕਿੱਧਰ ਮੋੜ'ਤੀ ਅੱਜ ਮੁਹਾਰ ਯਾਰੋ।
ਜੰਡ, ਕਿੱਕਰਾਂ, ਥ੍ਹੋਰ ਤੇ ਅੱਕ ਡੇਕਾਂ, ਹੱਥੀਂ ਬੀਜ'ਤੇ ਬਾਗ ਵਿਚ ਮਾਲੀਆਂ ਨੇ।
ਆ ਜੋ ਦੀਨਿਆਂ, ਭਾਨਿਆਂ, ਰਾਮ ਚੰਦਾ, ਫਾਟਕ ਖੋਲ੍ਹਤਾ ਆਪਣਾ 'ਕਾਲੀਆਂ ਨੇ !

# ਮਾਓਵਾਦੀਆਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਤੇ ਭਾਰਤੀ ਹੁਕਮਰਾਨ

*ਹਾਲ ਹੀ ਵਿਚ ਸਿਆਸੀ ਕੈਦੀਆਂ ਦੇ ਮੁੱਦੇ ਨੂੰ ਲੈ ਕੇ ਭਾਰਤ ਵਿਚ ਇਕ ਵਾਰ ਫਿਰ ਵਿਵਾਦ ਛਿੜ ਗਿਆ ਹੈ। ਇਸ ਦੀ ਫ਼ੌਰੀ ਵਜ੍ਹਾ ਹੈ ਪੱਛਮੀ ਬੰਗਾਲ ਦੀ ਕੋਲਕਾਤਾ ਹਾਈਕੋਰਟ ਵੱਲੋਂ 7 ਮਾਓਵਾਦੀ ਆਗੂਆਂ ਤੇ ਹਮਦਰਦਾਂ ਨੂੰ ਸਿਆਸੀ ਕੈਦੀਆਂ ਦਾ ਰੁਤਬਾ ਦੇਣਾ ਜਿਨ੍ਹਾਂ ਵਿਚ ਅਹਿਮ ਮਾਓਵਾਦੀ ਆਗੂ ਤੇਲਗੂ ਦੀਪਕ ਅਤੇ ਪੁਲਿਸ ਅਤਿਆਚਾਰ ਵਿਰੋਧੀ ਲੋਕ ਕਮੇਟੀ ਦਾ ਮੁਖੀ ਛਤਰਧਰ ਮਹਾਤੋ ਵੀ ਸ਼ਾਮਲ ਹਨ। 23 ਸਤੰਬਰ ਨੂੰ ਕੋਲਕਾਤਾ ਦੀ ਸੈਸ਼ਨ ਅਦਾਲਤ ਨੇ ਇਸ ਅਦਾਲਤੀ ਫ਼ੈਸਲੇ ਨੂੰ ਹੋਰ ਵਿਸਤਾਰ ਦੇ ਕੇ ਹੋਰ 9 ਮਾਓਵਾਦੀ ਆਗੂਆਂ ਦੀ ਦਰਖ਼ਾਸਤ 'ਤੇ ਉਨ੍ਹਾਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਦੇ ਦਿੱਤਾ ਜਿਨ੍ਹਾਂ ਨੂੰ ਕੌਮੀ ਤਫ਼ਤੀਸ਼ੀ ਏਜੰਸੀ (ਆਈ.ਐੱਨ.ਏ.) ਨੇ ਮੁਜਰਮਾਨਾ ਕਾਰਵਾਈਆਂ 'ਚ ਸ਼ਾਮਲ ਦੱਸ ਕੇ ਗ੍ਰਿਫ਼ਤਾਰ ਕੀਤਾ ਸੀ। ਮੁਲਕ ਦੀਆਂ ਜੇਲ੍ਹਾਂ 'ਚ ਅਜਿਹੇ ਦਹਿ ਹਜ਼ਾਰਾਂ ਵਿਅਕਤੀ ਬੰਦ ਹਨ। ਇਨ੍ਹਾਂ ਨੂੰ ਮਾਓਵਾਦੀ ਜਾਂ ਕਿਸੇ ਹੋਰ ਲਹਿਰ 'ਚ ਸ਼ਾਮਲ ਹੋ ਕੇ ਭਾਰਤੀ ਸਟੇਟ ਵਿਰੁੱਧ ਜੰਗ ਛੇੜਨ ਦੇ ਸਿਆਸੀ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ ਪਰ ਭਾਰਤੀ ਹਕੂਮਤ ਇਨ੍ਹਾਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਦੇਣ ਲਈ ਤਿਆਰ ਨਹੀਂ ਹੈ। ਇਸ ਅਦਾਲਤੀ ਫ਼ੈਸਲੇ ਨਾਲ ਕੈਦੀਆਂ ਨੂੰ ਵੱਡੀ ਰਾਹਤ ਮਿਲੀ ਹੈ ਪਰ ਹੁਕਮਰਾਨਾਂ ਲਈ ਭਾਰੀ ਪ੍ਰੇਸ਼ਾਨੀ ਖੜ੍ਹੀ ਹੋ ਗਈ ਹੈ ਅਤੇ ਗ੍ਰਹਿ ਮੰਤਰਾਲਾ ਇਸ ਫ਼ੈਸਲੇ ਦਾ ਵਿਰੋਧ ਕਰਨ ਲਈ ਪੱਬਾਂ ਭਾਰ ਹੋਇਆ ਪਿਆ ਹੈ। ਕੇਂਦਰੀ ਹਕੂਮਤ ਨੇ ਇਸ ਅਦਾਲਤੀ ਫ਼ੈਸਲੇ ਨੂੰ ਚੁਣੌਤੀ ਦੇਣ ਦਾ ਇਸ਼ਾਰਾ ਕਰ ਦਿੱਤਾ ਹੈ।*

ਸਿੱਧਾ ਸਵਾਲ ਇਹ ਹੈ ਕਿ ਸਿਆਸੀ ਉਦੇਸ਼ਾਂ ਲਈ ਕੰਮ ਕਰਨ ਵਾਲਿਆਂ ਨੂੰ ਸਿਆਸੀ ਕੈਦੀ ਮੰਨਣ 'ਚ ਹੁਕਮਰਾਨਾਂ ਨੂੰ ਕੀ ਸਮੱਸਿਆ ਹੈ? ਹੁਕਮਰਾਨ ਇਸ ਫ਼ੈਸਲੇ ਦੀਆਂ ਅਰਥ-ਸੰਭਾਵਨਾਵਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਨ੍ਹਾਂ ਲਈ 'ਗੱਲ ਸਹੇ ਦੀ ਨਹੀਂ ਪਹੇ ਦੀ' ਹੈ। ਮੁਲਕ ਦੀਆਂ ਜੇਲ੍ਹਾਂ 'ਚ ਬੰਦ ਹਜ਼ਾਰਾਂ ਕੈਦੀ ਪਹਿਲਾਂ ਹੀ ਇਹ ਦਰਜਾ ਹਾਸਲ ਕਰਨ ਲਈ ਸੰਘਰਸ਼ ਕਰ ਰਹੇ ਹਨ। ਉਹ ਕਈ ਵਾਰ ਲੰਮੀਆਂ ਭੁੱਖ ਹੜਤਾਲਾਂ ਕਰ ਚੁੱਕੇ ਹਨ ਜੋ ਉਨ੍ਹਾਂ ਕੋਲ ਜੇਲ੍ਹਾਂ ਦੀ

ਬੂਟਾ ਸਿੰਘ
ਫ਼ੋਨ:91-94634-74342

ਚਾਰਦੀਵਾਰੀ ਅੰਦਰ ਆਪਣੇ ਸਿਆਸੀ ਹੱਕਾਂ ਲਈ ਜੱਦੋਜਹਿਦ ਦਾ ਇਕੋ-ਇਕ ਪ੍ਰਭਾਵਸ਼ਾਲੀ ਹਥਿਆਰ ਹੈ। ਹੁਕਮਰਾਨਾਂ ਲਈ ਪ੍ਰੇਸ਼ਾਨੀ ਇਹ ਹੈ ਕਿ ਹੁਣ ਸਿਆਸੀ ਕੈਦੀ ਇਸ ਫ਼ੈਸਲੇ ਨੂੰ ਕਾਨੂੰਨੀ ਨੁਕਤਾ ਬਣਾ ਕੇ ਕਾਨੂੰਨੀ ਲੜਾਈ ਲੜਨ ਦੇ ਸਮਰੱਥ ਹੋ ਜਾਣਗੇ।

ਭਾਰਤੀ ਸਮਾਜ ਦੇ ਜਮਾਤੀ ਪਾੜੇ ਵਾਂਗ ਜੇਲ੍ਹ ਜ਼ਿੰਦਗੀ 'ਚ ਵੀ ਜਮਾਤੀ ਪਾੜਾ ਸਪਸ਼ਟ ਮੌਜੂਦ ਹੈ। ਹੁਕਮਰਾਨ ਜਾਂ ਕੁਲੀਨ ਵਰਗ ਨਾਲ ਸਬੰਧਤ ਬੰਦੇ ਨੂੰ ਜੇਲ੍ਹ ਅੰਦਰ ਹਰ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਹਾਸਲ ਹੁੰਦੀਆਂ ਹਨ। ਘਪਲਿਆਂ ਦੇ ਪ੍ਰਤੀਕ ਡੀ.ਐਮ.ਕੇ. ਸੰਸਦ ਮੈਂਬਰ ਕੰਨੀਮੋੜੀ, ਸੁੱਖ ਰਾਮ ਵਗੈਰਾ ਅਤੇ ਮੱਧਯੁਗੀ ਮਾਨਸਿਕਤਾ ਦੇ ਮੁਜੱਸਮੇ ਬੀਬੀ ਜਗੀਰ ਕੌਰ ਵਰਗਿਆਂ ਲਈ ਜੇਲ੍ਹਾਂ ਹੋਸਟਲ ਵਾਂਗ ਹਨ, ਪਰ ਸਥਾਪਤੀ ਵਿਰੁੱਧ ਲੜਨ ਵਾਲਿਆਂ ਲਈ ਜੇਲ੍ਹਾਂ ਨਰਕ ਦਾ ਦੂਜਾ ਨਾਂ ਹੈ। ਆਦਿਵਾਸੀ ਕਾਰਕੁਨ ਸੋਨੀ ਸੋਰੀ ਨੂੰ ਜੇਲ੍ਹ 'ਚ ਤਲਾਸ਼ੀ ਦੇ ਬਹਾਨੇ ਵਾਰ-ਵਾਰ ਨਿਰਬਸਤਰ ਕਰ ਕੇ ਅੱਜ ਵੀ ਜ਼ਲੀਲ ਕੀਤਾ ਜਾ ਰਿਹਾ ਹੈ। ਸੋਨੀ ਸੋਰੀ ਜਿਉਣ ਦੇ ਕਾਬਲ ਜ਼ਿੰਦਗੀ ਦੇ ਬੁਨਿਆਦੀ ਮਨੁੱਖੀ ਹੱਕ ਲਈ ਜੂਝ ਰਹੇ ਲੋਕਾਂ ਨਾਲ ਇਸ ਨਿਜ਼ਾਮ ਦੇ ਸਲੂਕ ਦੀ ਨੁਮਾਇੰਦਾ ਮਿਸਾਲ ਹੈ।

ਇਕ ਪਾਸੇ ਤਾਂ ਹੁਕਮਰਾਨ ਇਹ ਦਾਅਵੇ ਕਰਦੇ ਹਨ ਕਿ ਭਾਰਤ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਹੈ ਅਤੇ ਇੱਥੇ ਸਾਰਿਆਂ ਨਾਲ ਬਰਾਬਰੀ ਵਾਲਾ ਸਲੂਕ ਹੁੰਦਾ ਹੈ, ਪਰ ਜਦੋਂ ਮੁਲਕ ਦੇ ਦੱਬੇ-ਕੁਚਲੇ ਅਤੇ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਲੋਕ ਜੋ ਸਮਾਜ ਦੀ ਭਾਰੂ ਬਹੁਗਿਣਤੀ ਬਣਦੇ ਹਨ, ਆਪਣੇ ਹਕੂਕ ਹਾਸਲ ਲਈ ਜਮਹੂਰੀ ਤੇ ਇਨਕਲਾਬੀ ਜੱਦੋਜਹਿਦ ਦਾ ਰਾਹ ਅਖ਼ਤਿਆਰ ਕਰਦੇ ਹਨ ਤਾਂ ਇਹ ਰਾਜ ਉਨ੍ਹਾਂ ਦੇ ਇਸ ਜਮਹੂਰੀ ਹੱਕ ਨੂੰ ਤਸਲੀਮ ਕਰਨ ਲਈ ਵੀ ਤਿਆਰ ਨਹੀਂ ਹੈ। ਉਨ੍ਹਾਂ ਨੂੰ ਮੁਜਰਮ ਕਰਾਰ ਦੇ ਦਿੱਤਾ ਜਾਂਦਾ ਹੈ ਅਤੇ ਹੁਕਮਰਾਨ ਉਨ੍ਹਾਂ ਦੇ ਬੁਨਿਆਦੀ ਮਨੁੱਖੀ ਅਤੇ ਸਿਆਸੀ ਹੱਕਾਂ ਨੂੰ ਮੰਨਣ ਤੋਂ ਵੀ ਮੁੱਕਰ ਜਾਂਦੇ ਹਨ। ਆਖ਼ਿਰ ਕਿਉਂ? ਕਿਉਂਕਿ ਉਨ੍ਹਾਂ ਨੂੰ ਸਿਆਸੀ ਕੈਦੀ ਮੰਨਣ ਦਾ ਭਾਵ ਹੈ ਕਿ ਇਹ ਰਾਜ ਜਮਹੂਰੀ ਨਹੀਂ ਹੈ; ਇਸ ਦੇ ਕਾਨੂੰਨ ਦੀ ਨਜ਼ਰ 'ਚ ਭਾਰੂ ਹੁਕਮਰਾਨ ਵਰਗ ਅਤੇ ਦੱਬੇ-ਕੁਚਲੇ ਅਵਾਮ ਦਾ ਰੁਤਬਾ ਬਰਾਬਰ ਨਹੀਂ ਹੈ; ਕਿ ਇਨ੍ਹਾਂ ਸਿਆਸੀ ਕੈਦੀਆਂ ਨੂੰ ਸਥਾਪਤੀ ਵਿਰੋਧੀ ਹੋਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਇਸੇ ਕਾਰਨ ਬੁਨਿਆਦੀ ਹੱਕਾਂ ਤੋਂ ਵਾਂਝੇ ਕੀਤਾ ਗਿਆ ਹੈ। ਇਹ ਭਾਰਤੀ ਰਾਜ ਦਾ ਇਕਬਾਲੀਆ ਬਿਆਨ ਹੋ ਨਿੱਬੜੇਗਾ ਕਿ ਚੱਲ ਰਹੇ ਸਿਆਸੀ ਦਮਨ 'ਤੇ ਪਰਦਾ ਪਾਉਣ ਲਈ ਜੁਰਮ ਦੀਆਂ ਕਹਾਣੀਆਂ ਘੜੀਆਂ ਜਾਂਦੀਆਂ ਹਨ। ਇਸ ਦਾ ਅਰਥ ਇਹ ਮੰਨ ਲੈਣਾ ਹੋਵੇਗਾ ਕਿ ਇਹ ਇਨਕਲਾਬੀ ਤੇ ਜਮਹੂਰੀ ਤਹਿਰੀਕਾਂ ਮੁਲਕ ਦੇ ਦੱਬੇ-ਕੁਚਲੇ ਲੋਕਾਂ ਦੀ ਸਿਆਸੀ ਨੁਮਾਇੰਦਗੀ ਕਰਦੀਆਂ ਹਨ ਜਿਨ੍ਹਾਂ ਦੇ ਹਿੱਤ ਇਸ ਨਿਜ਼ਾਮ 'ਚ ਮਹਿਫੂਜ਼ ਨਹੀਂ ਹਨ ਅਤੇ ਇਹ ਸਿਆਸੀ ਲਹਿਰਾਂ ਹਨ, ਮੁਜਰਮ ਗਰੋਹ ਨਹੀਂ।

ਸਿਆਸੀ ਕੈਦੀ ਦਾ ਦਰਜਾ ਹਾਸਲ ਕਰਨ ਲਈ ਜੱਦੋਜਹਿਦ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਹ ਅਜਿਹਾ ਸਿਆਸੀ ਹੱਕ ਹੈ ਜਿਸ ਲਈ ਭਾਰਤ ਦੇ ਲੋਕ ਅੰਗਰੇਜ਼ੀ ਰਾਜ ਸਮੇਂ ਤੋਂ ਹੀ ਸਿਆਸੀ ਲੜਾਈ ਲੜ ਰਹੇ ਹਨ। ਅੰਗਰਜ਼ਾਂ ਨੇ ਬਸਤੀਵਾਦੀ ਰਾਜ ਵਿਰੁੱਧ ਆਜ਼ਾਦੀ ਦੀ ਲੜਾਈ ਨੂੰ ਕੁਚਲਣ ਲਈ ਜ਼ਾਲਮ ਕਾਨੂੰਨਾਂ ਦੇ ਨਾਲ-ਨਾਲ ਨਰਕ ਸਮਾਨ ਜੇਲ੍ਹਾਂ ਦਾ ਜ਼ਬਰਦਸਤ ਪ੍ਰਬੰਧ ਖੜ੍ਹਾ ਕੀਤਾ ਸੀ। ਅੰਗਰੇਜ਼ਾਂ ਦੇ ਜ਼ਮਾਨੇ ਤੋਂ ਹੀ ਇਹ ਸੋਚੀ-ਸਮਝੀ ਨੀਤੀ ਰਹੀ ਹੈ ਕਿ ਆਜ਼ਾਦੀ ਅਤੇ ਮਨੁੱਖੀ ਸਮਾਜ ਦੀ ਬਿਹਤਰੀ ਦੇ ਪਵਿੱਤਰ ਉਦੇਸ਼ ਲਈ ਲੜਨ ਵਾਲੇ ਦੇਸ਼ ਭਗਤਾਂ ਨਾਲ ਆਮ ਮੁਜਰਮਾਂ ਵਾਲਾ, ਕਈ ਵਾਰ ਤਾਂ ਉਸ ਤੋਂ ਵੀ ਮਾੜਾ, ਸਲੂਕ ਕਰ ਕੇ ਉਨ੍ਹਾਂ ਦਾ ਮਨੋਬਲ ਤੋੜਿਆ ਜਾਵੇ। ਅੰਗਰੇਜ਼ੀ ਰਾਜ ਸਮੇਂ ਤੋਂ ਉਨ੍ਹਾਂ ਨੂੰ ਆਮ ਮੁਜਰਮਾਂ ਦੇ ਨਾਲ ਬੰਦ ਕੀਤਾ ਜਾਣ ਲੱਗਿਆ। ਉਨ੍ਹਾਂ ਨੂੰ ਉਹ ਸਹੂਲਤਾਂ ਵੀ ਹਾਸਲ ਨਹੀਂ ਜੋ ਆਮ ਮੁਜਰਮਾਂ ਨੂੰ ਆਮ ਦਿੱਤੀਆਂ ਜਾਂਦੀਆਂ ਹਨ। ਫਿਰੰਗੀ ਰਾਜ 'ਚ ਉਨ੍ਹਾਂ ਨੂੰ ਐਨਾ ਘਟੀਆ ਖਾਣਾ ਦਿੱਤਾ ਜਾਂਦਾ ਸੀ ਜੋ ਪਸ਼ੂਆਂ ਦੇ ਖਾਣ ਦੇ ਵੀ ਕਾਬਲ ਨਹੀਂ ਸੀ। ਜੇਲ੍ਹ ਦੇ ਇਸ ਅਣਮਨੁੱਖੀ ਪ੍ਰਬੰਧ 'ਤੇ ਕਿੰਤੂ-ਪ੍ਰੰਤੂ ਕਰਨ ਵਾਲਿਆਂ ਨੂੰ ਕੜਿੱਕੀ ਨਾਲ ਬੰਨ੍ਹ ਕੇ ਕੋੜੇ ਮਾਰਨ, ਮੁਜਰਮ ਕੈਦੀਆਂ ਕੋਲੋਂ ਬੇਰਹਿਮੀ ਨਾਲ ਕੁੱਟਮਾਰ ਕਰਵਾਉਣ, ਹਫ਼ਤਿਆਂ ਜਾਂ ਮਹੀਨਿਆਂ ਬੱਧੀ ਡੰਡਾ-ਬੇੜੀਆਂ ਤੇ ਹੱਥਕੜੀਆਂ 'ਚ ਜਕੜ ਕੇ ਪਿੰਜਰਿਆਂ ਜਾਂ ਕਾਲ-ਕੋਠੜੀਆਂ ਦੀ ਇਕਾਂਤ 'ਚ ਬੰਦ ਰੱਖਣ ਵਰਗੀਆਂ ਸਖ਼ਤ ਤੋਂ ਸਖ਼ਤ ਜਿਸਮਾਨੀ ਤੇ ਮਾਨਸਿਕ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਹੱਥੀਂ ਕੋਹਲੂ ਗੇੜ ਕੇ ਤੇਲ ਕੱਢਣ, ਨਾਰੀਅਲ ਦੀ ਮੁੰਜ ਕੁੱਟਣ ਵਰਗੀਆਂ ਸਖ਼ਤ ਸਜ਼ਾਵਾਂ ਦਾ ਸੰਤਾਪ ਇਸ ਤੋਂ ਵੱਖਰਾ ਸੀ। ਅੰਡੇਮਾਨ ਟਾਪੂ 'ਚ ਬਣਾਈ ਸੈਲੂਲਰ ਜੇਲ੍ਹ ਇਸ ਵਹਿਸ਼ੀ ਸਲੂਕ ਦਾ ਸਿਖਰ ਸੀ ਜੋ ਕਾਲੇ ਪਾਣੀ ਵਜੋਂ ਬਦਨਾਮ ਹੈ। ਕਿਸੇ ਕੈਦੀ ਨੂੰ ਕਾਲੇ ਪਾਣੀ ਭੇਜਣ ਦਾ ਮਤਲਬ ਸੀ ਕਿ ਉਸ ਦਾ ਉੱਥੋਂ ਦੇ ਅਣਮਨੁੱਖੀ ਹਾਲਾਤ ਅਤੇ ਤਸੀਹਿਆਂ ਤੋਂ ਬਚ ਕੇ ਜਿਉਂਦਾ ਵਾਪਸ ਆਉਣਾ ਬਹੁਤ ਮੁਸ਼ਕਲ ਸੀ, ਪਰ ਦੇਸ਼ ਭਗਤਾਂ ਅਤੇ ਇਨਕਲਾਬੀਆਂ ਨੇ ਸਿਦਕ ਨਹੀਂ ਹਾਰਿਆ। 1857 ਦੇ ਗ਼ਦਰ 'ਚ ਹਿੱਸਾ ਲੈਣ ਵਾਲਿਆਂ ਤੋਂ ਲੈ ਕੇ ਬੰਗਾਲ ਦੀਆਂ ਯਰਕਾਊ ਇਨਕਲਾਬੀ ਜਥੇਬੰਦੀਆਂ, 1914-15 ਦੇ ਗ਼ਦਰੀ, ਬੱਬਰ ਅਕਾਲੀ, ਮੋਪਲਾ ਵਿਦ੍ਰੋਹੀ, ਕਾਕੋਰੀ ਕੇਸ ਦੇ ਇਨਕਲਾਬੀ, ਸ਼ਹੀਦ ਭਗਤ ਸਿੰਘ ਹੋਰਾਂ ਦੇ ਸਾਥੀ ਅਤੇ ਹੋਰ ਇਨਕਲਾਬੀ ਦੇਸ਼ ਭਗਤ ਥੋਕ ਗਿਣਤੀ 'ਚ ਕਾਲੇ ਪਾਣੀ ਭੇਜੇ ਗਏ। ਇਨ੍ਹਾਂ ਸਭ ਨੇ ਸੈਲੂਲਰ ਜੇਲ੍ਹ 'ਚ ਦੇਸ਼ ਭਗਤਾਂ ਨਾਲ ਵਹਿਸ਼ੀ ਸਲੂਕ ਵਿਰੁੱਧ ਜਾਨ-ਹੂਲਵੇਂ ਸੰਘਰਸ਼ ਲੜੇ। ਮਹੀਨਿਆਂ ਬੱਧੀ ਭੁੱਖ ਹੜਤਾਲਾਂ ਕੀਤੀਆਂ ਗਈਆਂ ਜਿਨ੍ਹਾਂ ਵਿਚ ਗ਼ਦਰੀ ਇਨਕਲਾਬੀਆਂ ਅਤੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਦੇ ਇਨਕਲਾਬੀਆਂ ਨੇ ਵੱਡੀ ਭੂਮਿਕਾ ਨਿਭਾਈ। ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਵਰਗੇ ਸੂਰਮੇ ਕਾਲੇ ਪਾਣੀ ਦੇ ਜ਼ੁਲਮਾਂ ਨਾਲ ਟਕਰਾਉਂਦਿਆਂ ਜੇਲ੍ਹ 'ਚ ਹੀ ਸ਼ਹਾਦਤ ਦਾ ਜਾਮ ਪੀ ਗਏ। ਇਸੇ ਤਰ੍ਹਾਂ ਮੁਲਕ ਦੇ ਵੱਖੋ-ਵੱਖਰੇ ਸੂਬਿਆਂ ਦੀਆਂ ਜੇਲ੍ਹਾਂ ਦੇ ਅਣਮਨੁੱਖੀ ਹਾਲਾਤ ਵਿਰੁੱਧ ਲੰਮੀਆਂ ਭੁੱਖ ਹੜਤਾਲਾਂ ਕੀਤੀਆਂ ਗਈਆਂ। 1929 ਦੀ ਪ੍ਰਸਿੱਧ ਭੁੱਖ ਹੜਤਾਲ 'ਚ ਸ਼ਹੀਦ ਭਗਤ ਸਿੰਘ ਹੋਰਾਂ ਦੇ ਪਿਆਰੇ ਸਾਥੀ ਜਤਿੰਦਰ ਨਾਥ ਦਾਸ ਸ਼ਹੀਦ ਹੋ ਗਏ। ਆਖ਼ਿਰ ਦੇਸ਼ ਭਗਤਾਂ ਦੇ ਸਿਰੜ ਅਤੇ ਜਜ਼ਬੇ ਮੂਹਰੇ ਜ਼ਾਲਮ ਅੰਗਰੇਜ਼ ਹੁਕਮਰਾਨਾਂ ਨੂੰ ਝੁਕਣਾ ਪਿਆ ਅਤੇ ਉਨ੍ਹਾਂ ਦੀਆਂ ਬਹੁਤ ਸਾਰੀਆਂ ਮੰਗਾਂ ਮੰਨਣੀਆਂ ਪਈਆਂ। ਇਨ੍ਹਾਂ ਸੰਘਰਸ਼ਾਂ ਦੀ ਬਦਲੌਤ ਹੀ ਸਿਆਸੀ ਕੈਦੀਆਂ ਨੂੰ ਪੜ੍ਹਨ-ਲਿਖਣ, ਆਪਣੇ ਸਕੇ-ਸਬੰਧੀਆਂ ਨੂੰ ਮਿਲਣ, ਸਮੇਂ-ਸਮੇਂ ਖ਼ਤੋ-ਖ਼ਤਾਬਤ ਕਰਨ ਦੀਆਂ ਕੁਝ ਮੁੱਢਲੀਆਂ ਮਨੁੱਖੀ ਸਹੂਲਤਾਂ ਹਾਸਲ ਹੋਈਆਂ।

1947 'ਚ ਅੰਗਰੇਜ਼ ਭਾਰਤ ਛੱਡ ਗਏ। ਮੁਲਕ ਦੇ ਆਪਣੇ ਹੁਕਮਰਾਨਾਂ ਨੇ ਸੱਤਾ ਸੰਭਾਲ ਲਈ। ਮੁਲਕ ਦੇ ਅਵਾਮ ਨੂੰ ਲੱਗਿਆ ਕਿ ਹੁਣ ਦੇਸ਼ ਭਗਤਾਂ ਦੇ ਸੁਫਨੇ ਸਾਕਾਰ ਹੋਣ ਦਾ ਵਕਤ ਆ ਗਿਆ ਹੈ ਪਰ ਇਹ ਸੁਫਨੇ ਛੇਤੀ ਹੀ ਤਿੜਕਣੇ ਸ਼ੁਰੂ ਹੋ ਗਏ ਅਤੇ ਫਿਰ ਤਹਿਸ-ਨਹਿਸ ਹੋ ਗਏ। ਜਦੋਂ ਅਵਾਮ ਆਪਣੀ ਹਕੂਮਤ ਤੋਂ ਕੁਲੀ-ਗੁਲੀ-ਜੁੱਲੀ ਦੀਆਂ ਬੁਨਿਆਦੀ ਸਹੂਲਤਾਂ ਦੀ ਮੰਗ ਕਰਨ ਲੱਗਿਆ ਤਾਂ ਉਨ੍ਹਾਂ ਨਾਲ ਉਹੀ ਸਲੂਕ ਕੀਤਾ ਗਿਆ ਜੋ ਬੇਗਾਨਿਆਂ ਦਾ ਰਾਜ ਕਰਦਾ ਸੀ। ਰਾਜ ਦੀ ਬੁਨਿਆਦੀ ਫ਼ਿਤਰਤ ਬਦਲੀ ਨਹੀਂ ਸੀ। ਅਸਲ ਵਿਚ ਮੌਜੂਦਾ ਲੰਮਾ-ਚੌੜਾ ਸੰਵਿਧਾਨ ਭਾਰਤ ਸਰਕਾਰ ਕਾਨੂੰਨ-1935 ਦੀ ਬੁਨਿਆਦ ਉੱਪਰ ਉਸਾਰਿਆ ਗਿਆ ਸੀ। ਰਾਜ ਦਾ ਬੁਨਿਆਦੀ ਕਾਨੂੰਨੀ ਢਾਂਚਾ ਅੰਗਰੇਜ਼ਾਂ ਵਾਲਾ ਸੀ। ਉਹੀ ਕਾਨੂੰਨ, ਉਹੀ ਜੇਲ੍ਹਾਂ, ਉਹੀ ਪੁਲਿਸ-ਫ਼ੌਜ ਅਤੇ ਉਹੀ ਧਾੜਵੀ ਮਾਨਸਿਕਤਾ। ਕਿਸੇ ਵਿਅਕਤੀ ਖ਼ਿਲਾਫ਼ ਪਰਚਾ ਦਰਜ ਕਰਨ ਤੋਂ ਲੈ ਕੇ ਜੇਲ੍ਹ 'ਚ ਲਿਜਾਣ ਅਤੇ ਰਿਹਾਅ ਕਰਨ ਤੱਕ ਦੇ ਅੰਗਰੇਜ਼ੀ ਰਾਜ ਦੇ ਕਾਇਦੇ-ਕਾਨੂੰਨ ਅਤੇ ਦਸਤੂਰ ਅੱਜ ਵੀ ਹੂ-ਬ-ਹੂ ਲਾਗੂ ਹਨ। ਜਿਨ੍ਹਾਂ ਨੂੰ ਆਪਣੇ ਸਿਆਸੀ ਅਕੀਦਿਆਂ ਜਾਂ ਅੰਦੋਲਨਾਂ ਕਾਰਨ ਜੇਲ੍ਹਾਂ 'ਚ ਜਾਣਾ ਪਿਆ, ਉਨ੍ਹਾਂ ਦਾ ਵਾਹ ਜਦੋਂ ਇਸ ਤਲਖ਼ ਹਕੀਕਤ ਨਾਲ ਪਿਆ, ਉਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਆਜ਼ਾਦੀ ਦੇ ਨਾਂ ਹੇਠ ਕਿੰਨਾ ਵੱਡਾ ਧੋਖਾ ਹੋਇਆ ਹੈ। ਬਹੁਤ ਸਾਰੇ ਲੋਕਾਂ ਨੇ ਜੇਲ੍ਹਾਂ ਦੇ ਇਹ ਤਲਖ਼ ਤਜਰਬੇ ਕਲਮਬੰਦ ਕੀਤੇ ਹਨ ਜਿਨ੍ਹਾਂ ਵਿਚੋਂ ਗੋਰੀ ਔਰਤ ਮੇਰੀ ਟਾਇਲਰ ਦੀ ਜੇਲ੍ਹ ਜ਼ਿੰਦਗੀ ਦੀ ਕਥਾ 'ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ' ਬਹੁਤ ਚਰਚਿਤ ਹੋਈ ਹੈ। ਮੇਰੀ ਟਾਇਲਰ ਨੂੰ ਨਕਸਲੀ ਲਹਿਰ ਦੌਰਾਨ ਗ੍ਰਿਫ਼ਤਾਰ ਕਰ ਕੇ ਸਾਲਾਂ ਬੱਧੀ ਜੇਲ੍ਹ 'ਚ ਸਾੜਿਆ ਗਿਆ। ਉਸ ਨੇ ਇਸ ਅਹਿਮ ਦਸਤਾਵੇਜ਼ੀ ਕਿਤਾਬ ਵਿਚ ਆਪਣੇ ਸਮੇਤ ਉਨ੍ਹਾਂ ਦਰਜਨਾਂ ਨਕਸਲੀ ਇਨਕਲਾਬੀਆਂ ਅਤੇ ਬੇਸ਼ੁਮਾਰ ਆਮ ਕੈਦੀਆਂ ਨਾਲ ਜੇਲ੍ਹ ਪ੍ਰਸ਼ਾਸਨ ਦੇ ਅਣਮਨੁੱਖੀ ਸਲੂਕ ਦਾ ਵਿਸਤਾਰ 'ਚ ਵੇਰਵਾ ਦਿੱਤਾ ਹੈ ਜੋ ਜੇਲ੍ਹ 'ਚ ਰਹਿਣ ਸਮੇਂ ਉਸ ਦੇ ਸਮਕਾਲੀ ਕੈਦੀ ਸਨ। ਮੇਰੀ ਟਾਇਲਰ 1970ਵਿਆਂ ਦੇ ਸ਼ੁਰੂ ਦੀ ਗੱਲ ਕਰਦੀ ਹੈ, ਪਰ ਚਾਰ ਦਹਾਕੇ ਬਾਅਦ ਵੀ ਜੇਲ੍ਹ ਦੇ ਜੀਵਨ 'ਚ ਕੋਈ ਵੱਡਾ ਬਦਲਾਓ ਨਹੀਂ ਆਇਆ। ਅੱਜ ਵੀ ਸਿਆਸੀ ਅਕੀਦਿਆਂ ਅਤੇ ਸਥਾਪਤੀ ਦੇ ਵਿਰੋਧ ਕਾਰਨ ਗ੍ਰਿਫ਼ਤਾਰ ਕੀਤੇ ਕੈਦੀ ਸਿਆਸੀ ਹੱਕਾਂ ਤੋਂ ਵਾਂਝੇ ਹਨ ਅਤੇ ਸਿਆਸੀ ਕੈਦੀ ਦਾ ਦਰਜਾ ਹਾਸਲ ਕਰਨ ਲਈ ਸੰਘਰਸ਼ ਅੱਜ ਵੀ ਜਾਰੀ ਹੈ।

# 'ਹਿੰਦੂਤਵ ਦੀ ਲੈਬਾਰਟਰੀ' ਗੁਜਰਾਤ 'ਚ ਵਿਧਾਨ ਸਭਾ ਚੋਣਾਂ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਨਰਿੰਦਰ ਮੋਦੀ ਮੀਡੀਏ ਦੀ ਵਰਤੋਂ ਵਿਚ ਬਾਕੀ ਸਾਰਿਆਂ ਨਾਲੋਂ ਤੇਜ਼ ਹੈ। ਇੱਕ ਵਾਰੀ ਜਦੋਂ ਉਸ ਦਾ ਧੁਆਂਖਿਆ ਚਿਹਰਾ ਲੁਕਾਉਣਾ ਔਖਾ ਹੋ ਗਿਆ ਸੀ ਤਾਂ ਉਸ ਨੇ ਗੁਜਰਾਤ ਦੇ ਪ੍ਰਸਿੱਧ ਅਖਬਾਰ 'ਗੁਜਰਾਤ ਸਮਾਚਾਰ' ਦੇ ਨਮੂਨੇ ਦਾ ਇੱਕ ਪਰਚਾ 'ਗੁਜਰਾਤ ਸੱਤਿਆ ਸਮਾਚਾਰ' ਆਪਣੇ ਪਬਲਿਕ ਰਿਲੇਸ਼ਨ ਵਿਭਾਗ ਤੋਂ ਛਪਵਾ ਕੇ 'ਗੁਜਰਾਤ ਸਮਾਚਾਰ' ਦੇ ਪਰਚਿਆਂ ਵਿਚ ਚੋਰੀ ਰੱਖਵਾ ਕੇ ਘਰੋ-ਘਰੀ ਭਿਜਵਾ ਦਿੱਤਾ ਸੀ। ਇਹ ਉਸ ਦੇ ਲੋਕ ਸੰਪਰਕ ਮਾਹਰ ਹੋਣ ਦੀ ਭੱਦੀ ਮਿਸਾਲ ਸੀ। ਇੰਜ ਹੀ ਉਹ ਆਪਣੇ ਰਾਜ ਵਿਚ ਇਮਾਨਦਾਰੀ ਦੀ ਡੌਂਡੀ ਪਿੱਟਦਾ ਰਹਿੰਦਾ ਹੈ। ਹਰ ਥਾਂ ਉਸ ਦਾ ਇਹੋ ਤਵਾ ਵੱਜਦਾ ਹੈ ਤੇ ਕਈ ਵਾਰੀ ਉਸ ਦੇ ਵਿਰੋਧੀ ਵੀ ਮੰਨ ਲੈਂਦੇ ਹਨ ਕਿ ਉਸ ਦੇ ਰਾਜ ਵਿਚ ਭ੍ਰਿਸ਼ਟਾਚਾਰ ਘੱਟ ਹੈ, ਪਰ ਅਜਿਹਾ ਨਹੀਂ ਹੈ।***

ਉਹ ਵੀ ਦਿਨ ਸਨ, ਜਦੋਂ ਨਰਿੰਦਰ ਮੋਦੀ ਨਾਂ ਦੇ ਭਾਰਤੀ ਜਨਤਾ ਪਾਰਟੀ ਦੇ ਇੱਕ ਆਗੂ ਨੇ ਕੇਂਦਰ ਵਾਲੇ ਆਪਣੇ ਲੀਡਰਾਂ ਨੂੰ ਕਿਹਾ ਸੀ ਕਿ ਮੈਨੂੰ ਗੁਜਰਾਤ ਦਾ ਮੁੱਖ ਮੰਤਰੀ ਬਣਾ ਦਿਓ, ਨਹੀਂ ਮੈਂ ਖੁਦਕੁਸ਼ੀ ਕਰ ਲੈਣੀ ਹੈ। ਇਹ ਗੱਲ ਅਸੀਂ ਨਹੀਂ ਆਖ ਰਹੇ, ਗੁਜਰਾਤ ਦਾ ਇੱਕ ਸਾਬਕਾ ਭਾਜਪਾ ਮੁੱਖ ਮੰਤਰੀ ਆਖਦਾ ਹੈ। ਭਾਜਪਾ ਲੀਡਰਾਂ ਦੀ ਨਸਲ ਇਹੋ ਜਿਹੀ ਹੈ ਕਿ ਜਦੋਂ ਇੱਕ-ਦੂਸਰੇ ਨਾਲ ਰੁੱਸ ਜਾਣ, ਜਿਵੇਂ ਇਹ ਵਿਰੋਧੀਆਂ ਬਾਰੇ ਬੋਲਣ ਵੇਲੇ ਅੱਗਾ-ਪਿੱਛਾ ਨਹੀਂ ਵੇਖਦੇ, ਆਪਣਿਆਂ ਬਾਰੇ ਵੀ ਕੋਈ ਪਰਦਾ ਨਹੀਂ ਰਹਿਣ ਦਿੰਦੇ। ਜਦੋਂ ਉਮਾ ਭਾਰਤੀ ਮੱਧ ਪ੍ਰਦੇਸ਼ ਦੀ ਮੁੱਖ ਮੰਤਰੀ ਦੀ ਕੁਰਸੀ ਤੋਂ ਉਠਣ ਨੂੰ ਮਜਬੂਰ ਹੋਈ ਤੇ ਫਿਰ ਉਸ ਨੇ ਵੱਖਰੀ ਪਾਰਟੀ ਬਣਾ ਲਈ ਤਾਂ ਉਸ ਨੇ ਚੋਣਾਂ ਮੌਕੇ ਇਹ ਵੀ ਕਿਹਾ ਸੀ ਕਿ ਉਹ ਆਪਣੇ ਲਈ ਨਹੀਂ, ਆਪਣੇ ਰਾਜ ਮੱਧ ਪ੍ਰਦੇਸ਼ ਦੇ ਲੋਕਾਂ ਦੀ ਅਣਖ ਲਈ ਲੜਾਈ ਲੜ ਰਹੀ ਹੈ। ਕਾਰਨ ਇਸ ਦਾ ਇਹ ਦੱਸਿਆ ਕਿ ਭਾਜਪਾ ਨੇ ਉਹ ਬੰਦਾ ਮੁੱਖ ਮੰਤਰੀ ਬਣਾ ਦਿੱਤਾ ਹੈ, ਜੋ ਭਾਜਪਾ ਦੇ ਮਰਹੂਮ ਲੀਡਰ ਪ੍ਰਮੋਦ ਮਹਾਜਨ ਦੀ ਚੱਪਲ ਚੁੱਕ ਕੇ ਦੂਸਰੇ ਕਮਰੇ ਵਿਚ ਉਸ ਨੂੰ ਦੇਣ ਜਾਂਦਾ ਹੁੰਦਾ ਸੀ। ਬਾਅਦ ਵਿਚ ਸਮਝੌਤਾ ਹੋ ਗਿਆ ਤਾਂ ਮੁੱਖ ਮੰਤਰੀ ਨੇ ਉਮਾ ਭਾਰਤੀ ਨੂੰ ਭੈਣ ਕਹਿ ਦਿੱਤਾ ਤੇ ਉਮਾ ਵੀ ਉਸ ਨੂੰ ਆਪਣਾ ਭਰਾ ਦੱਸੀ ਜਾਂਦੀ ਸੀ। ਇਹੋ ਹਾਲ ਗੁਜਰਾਤ ਵਿਚ ਹੋਇਆ ਹੈ। ਨਰਿੰਦਰ ਮੋਦੀ ਨੇ ਪਹਿਲੀ ਵਾਰੀ ਮੁੱਖ ਮੰਤਰੀ ਬਣਨ ਸਮੇਂ ਜਿਸ ਲੀਡਰ ਦੇ ਪੈਰੀਂ ਹੱਥ ਲਾ ਕੇ ਉਸ ਤੋਂ ਵਿਰਾਸਤ ਸਾਂਭੀ ਸੀ, ਉਸ ਨੂੰ ਬਾਅਦ ਵਿਚ ਏਨਾ ਜ਼ਲੀਲ ਕੀਤਾ ਕਿ ਉਹ ਹੁਣ ਨਰਿੰਦਰ ਮੋਦੀ ਦੇ ਪੋਤੜੇ ਲੋਕਾਂ ਦੀ ਸੱਥ ਵਿਚ ਫੋਲਦਾ ਫਿਰਦਾ ਹੈ। ਕੱਲ੍ਹ ਦਾ ਗੁਰੂ ਆਪਣੇ ਪੁੱਤਰਾਂ ਵਰਗੇ ਚੇਲੇ ਨਰਿੰਦਰ ਮੋਦੀ ਨਾਲ ਆਢਾ ਲਾ ਤੁਰਿਆ ਹੈ ਤੇ ਦਸੰਬਰ ਵਿਚ ਉਥੇ ਵਿਧਾਨ ਸਭਾ ਚੋਣਾਂ ਵਿਚ ਦੋਵੇਂ ਜਣੇ ਪਹਿਲੀ ਵਾਰ ਭਿੜਨਗੇ।

ਅਸੀਂ ਨਰਿੰਦਰ ਮੋਦੀ ਦੇ ਉਸ ਗੁਰੂ ਦੀ ਗੱਲ ਛੱਡ ਕੇ ਫਿਰ ਮੋਦੀ ਦੇ ਉਨ੍ਹਾਂ ਦਿਨਾਂ ਦੀ ਗੱਲ ਕਰੀਏ, ਜਦੋਂ ਉਸ ਨੂੰ ਹਾਲੇ ਮੁੱਖ ਮੰਤਰੀ ਦੀ ਕੁਰਸੀ ਨਹੀਂ ਸੀ ਮਿਲੀ। ਉਦੋਂ ਉਹ ਇੱਕ ਵਾਰੀ ਹਰਿਆਣੇ ਦੀ ਭਾਜਪਾ ਦਾ ਇੰਚਾਰਜ ਲਾ ਦਿੱਤਾ ਗਿਆ। ਉਸ ਦੇ ਇੰਚਾਰਜ ਹੁੰਦਿਆਂ ਹਰਿਆਣ ਵਿਧਾਨ ਸਭਾ ਚੋਣ ਆ ਗਈ। ਚੌਧਰੀ ਓਮ ਪ੍ਰਕਾਸ਼ ਚੌਟਾਲਾ ਨਾਲ ਸੀਟਾਂ ਦੀ ਛੱਡ-ਛੁਡਾਈ ਵਿਚ ਮੋਦੀ ਕੁਝ ਕਸੂਤਾ ਬੋਲਿਆ ਤਾਂ ਚੌਟਾਲੇ ਨੇ ਦਿੱਲੀ ਫੋਨ ਕਰ ਕੇ ਭਾਜਪਾ ਦੇ ਲੀਡਰਾਂ ਨੂੰ ਕਹਿ ਦਿੱਤਾ ਕਿ ਜੇ ਗੱਲ ਨਰਿੰਦਰ ਮੋਦੀ ਦੇ ਰਾਹੀਂ ਕਰਨੀ ਹੈ ਤਾਂ ਮੈਂ ਤੁਹਾਡੇ ਨਾਲ ਕਰਦਾ ਹੀ ਨਹੀਂ। ਭਾਜਪਾ ਆਗੂਆਂ ਨੇ ਖੜੇ ਪੈਰ ਮੋਦੀ ਨੂੰ ਪਾਸੇ ਕੀਤਾ ਤੇ ਫਿਰ ਸੀਟਾਂ ਦਾ ਸਮਝੌਤਾ ਸਿਰੇ ਚਾੜ੍ਹ ਸਕੇ ਸਨ। ਉਹ ਦਿਨ ਮੋਦੀ ਲਈ ਮਾੜੇ ਸਨ ਤੇ ਆਪਣੇ ਰਾਜ ਗੁਜਰਾਤ ਵਿਚ ਉਸ ਨੂੰ ਆਰ ਐਸ ਐਸ ਵਿਚਲੇ ਉਸ ਦੇ ਸ਼ਰੀਕ ਨਹੀਂ ਸਨ ਵੜਨ ਦਿੰਦੇ, ਜਿਨ੍ਹਾਂ ਨੂੰ ਉਸ ਨੇ ਮੁੱਖ ਮੰਤਰੀ ਬਣ ਕੇ ਇਹੋ ਜਿਹਾ ਵੱਟੋ-ਵੱਟ ਪਾਇਆ ਕਿ ਅੱਜ ਤੱਕ ਉਨ੍ਹਾਂ ਦੇ ਪੈਰ ਨਹੀਂ ਲੱਗਣ ਦਿੱਤੇ।

ਹੁਣ ਉਸ ਗੁਜਰਾਤ ਵਿਚ ਦਸੰਬਰ ਵਿਚ ਵਿਧਾਨ ਸਭਾ ਚੋਣਾਂ ਫਿਰ ਹੋਣੀਆਂ ਹਨ, ਉਸੇ ਗੁਜਰਾਤ ਵਿਚ ਜਿਸ ਨੂੰ ਆਰ ਐਸ ਐਸ ਵਾਲੇ 'ਹਿੰਦੂਤਵ ਦੀ ਲੈਬਾਰਟਰੀ' ਮੰਨਦੇ ਹਨ। ਗੋਧਰਾ ਵਿਚ ਰੇਲ ਗੱਡੀ ਦਾ ਡੱਬਾ ਸਾੜੇ ਜਾਣ ਪਿੱਛੋਂ ਗੁਜਰਾਤ ਵਿਚ ਕਈ ਦਿਨ ਹੁੰਦੇ ਰਹੇ ਕਤਲੇਆਮ ਨੂੰ ਆਰ ਐਸ ਐਸ ਦੇ 'ਹਿੰਦੂਤਵ ਦੀ ਲੈਬਾਰਟਰੀ' ਵਾਲੇ ਪੱਖ ਤੋਂ ਧਿਆਨ ਵਿਚ ਰੱਖ ਕੇ ਸੋਚੀਏ ਤਾਂ ਇਨਸਾਨੀ ਖੂਨ ਨਾਲ ਇਸ ਲੈਬਾਰਟਰੀ ਵਿਚ ਟੈਸਟ ਕਰਨ ਜਾਂ ਕਰਵਾਉਣ ਵਾਲਾ 'ਹੈਡ ਟੈਕਨੀਸ਼ੀਅਨ' ਨਰਿੰਦਰ ਮੋਦੀ ਨੂੰ ਮੰਨਣਾ ਪੈਂਦਾ ਹੈ। ਉਹੋ ਨਰਿੰਦਰ ਮੋਦੀ ਕਹਿੰਦਾ ਹੈ ਕਿ ਇਹ ਚੋਣਾਂ ਵੀ ਉਹ ਜਿੱਤ ਕੇ ਵਿਖਾਵੇਗਾ। ਪਿਛਲੀਆਂ ਦੋ ਚੋਣਾਂ ਉਸ ਖੂਨ-ਖਰਾਬੇ ਦੇ ਪ੍ਰਛਾਵੇਂ ਹੇਠ ਹੋਈਆਂ ਸਨ, ਇਸ ਵਾਰ ਉਹ ਮਾਹੌਲ ਬਹੁਤਾ ਨਾ ਸਹੀ, ਕਾਫੀ ਸਾਰਾ ਪਿੱਛੇ ਛੁੱਟ ਚੁੱਕਾ ਹੈ ਤੇ ਹਾਲਾਤ ਨਰਿੰਦਰ ਮੋਦੀ ਲਈ ਏਨੇ ਸੁਖਾਵੇਂ ਨਹੀਂ ਜਾਪਦੇ, ਜਿੰਨੇ ਉਹ ਲੋਕਾਂ ਸਾਹਮਣੇ ਹਿੱਕ ਉਤੇ ਹੱਥ ਮਾਰ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਪੰਜਾਬ ਦੇ ਅਕਾਲੀ ਜਿਵੇਂ ਹਰ ਗੱਲ ਲਈ ਲੋਕਾਂ ਨੂੰ 'ਦਿੱਲੀ ਦਰਬਾਰ' ਨਾਲ ਜੰਗ ਦਾ ਲਲਕਾਰਾ ਮਾਰਦੇ ਹਨ, ਨਰਿੰਦਰ ਮੋਦੀ ਇਹ ਦਾਅਵਾ ਕਰਦਾ ਹੈ ਕਿ ਉਸ ਦੇ ਖਿਲਾਫ ਕਾਂਗਰਸ ਜਾਂ ਕੋਈ ਹੋਰ ਨਹੀਂ,



ਕੇਂਦਰ ਦੀ ਜਾਂਚ ਏਜੰਸੀ ਸੀ ਬੀ ਆਈ ਲੜਾਈ ਲੜ ਰਹੀ ਹੈ। ਜਦੋਂ ਵੀ ਕੋਈ ਫੈਸਲਾ ਕਿਸੇ ਅਦਾਲਤ ਵਿਚੋਂ ਉਸ ਦੇ ਆਪਣੇ ਜਾਂ ਉਸ ਦੇ ਕਿਸੇ ਪਿਆਦੇ ਦੇ ਖਿਲਾਫ ਆ ਜਾਂਦਾ ਹੈ ਤਾਂ ਤਵਾ ਸੀ ਬੀ ਆਈ ਦੇ ਵਿਰੋਧ ਦਾ ਵਜਾ ਦਿੰਦਾ ਹੈ ਪਰ ਇਸ ਨਾਲ ਹਕੀਕਤਾਂ ਨਹੀਂ ਬਦਲ ਜਾਣੀਆਂ।

ਹਕੀਕਤਾਂ ਇਹ ਹਨ ਕਿ ਨਰਿੰਦਰ ਮੋਦੀ ਦੇ ਪਿਆਦੇ ਬੁਰੀ ਤਰ੍ਹਾਂ ਫਸਦੇ ਜਾਂਦੇ ਹਨ, ਜਿਸ ਦਾ ਸਭ ਤੋਂ ਬੇਰਹਿਮ ਨਮੂਨਾ ਉਸ ਦੀ ਸਾਬਕਾ ਮੰਤਰੀ ਮਾਇਆ ਕੋਡਨਾਨੀ ਨੂੰ 28 ਸਾਲ ਦੀ ਸਖਤ ਕੈਦ ਦੀ ਸਜ਼ਾ ਦਾ ਹੁਕਮ ਹੈ। 'ਗੁਜਰਾਤ ਦੇ ਦੰਗੇ' ਕਹੇ ਜਾਂਦੇ ਇੱਕ-ਤਰਫਾ ਕਤਲੇਆਮ ਵਿਚ ਸਭ ਤੋਂ ਵੱਡਾ ਖੂਨੀ ਸਾਕਾ ਨਰੋਦਾ ਪਾਟੀਆ ਦਾ ਮੰਨਿਆ ਗਿਆ ਸੀ। ਬੱਚਿਆਂ ਦੀ ਇਸ ਡਾਕਟਰ ਨੇ ਕੋਲ ਖੜੇ ਹੋ ਕੇ ਇੱਕ ਦੋ ਸਾਲ ਦਾ ਬੱਚਾ ਉਥੇ ਕਤਲ ਕਰਵਾਇਆ, ਇੱਕ ਵੀਹ ਦਿਨਾਂ ਦਾ ਬੱਚਾ ਮਾਂ ਦੇ ਨਾਲ ਮਾਰਿਆ ਗਿਆ ਤੇ ਇੱਕ ਔਰਤ ਦਾ ਪੇਟ ਪਾੜ ਕੇ ਬੱਚਾ ਗਰਭ ਵਿਚੋਂ ਕੱਢ ਕੇ ਮਾਰਨ ਪਿੱਛੋਂ ਜਿਵੇਂ ਜੈਕਾਰੇ ਛੱਡੇ ਗਏ, ਉਹ ਗੁਜਰਾਤ ਦੇ ਲੋਕਾਂ ਲਈ ਉਦੋਂ 'ਕਥਿਤ' ਦੇ ਅੱਗੇ ਲਿਖਿਆ ਜਾਣ ਵਾਲਾ ਦੋਸ਼ ਸਨ, ਹੁਣ ਉਹ ਸਾਬਤ ਹੋ ਚੁੱਕਾ ਇੱਕ ਗੁਨਾਹ ਬਣ ਚੁੱਕੇ ਹਨ। ਗੁਜਰਾਤ ਦੇ ਲੋਕ ਇਸ ਨੂੰ ਕਿਸ ਰੰਗ ਵਿਚ ਲੈਂਦੇ ਹਨ ਤੇ ਕਤਾਰਬੰਦੀ ਉਤੇ ਕੀ ਅਸਰ ਪੈਂਦਾ ਹੈ, ਇਹ ਚੋਣਾਂ ਤੋਂ ਪਤਾ ਲੱਗੇਗਾ।

ਇੱਕ ਹੋਰ ਮਾਮਲਾ ਗੁਜਰਾਤ ਦੇ ਗ੍ਰਹਿ ਮੰਤਰੀ ਰਹਿ ਚੁੱਕੇ ਅਮਿਤ ਸ਼ਾਹ ਦਾ ਹੈ, ਜਿਸ ਵਿਰੁਧ ਦੋਸ਼ ਹੈ ਕਿ ਉਸ ਨੇ ਨਰਿੰਦਰ ਮੋਦੀ ਕੋਲ ਨੰਬਰ ਬਣਾਉਣ ਲਈ ਇੱਕ ਬੰਦੇ ਦਾ ਕਤਲ ਕਰਵਾ ਦਿੱਤਾ ਸੀ। ਉਸ ਬੰਦੇ ਨੂੰ ਕਿਸੇ ਨੇ ਚੰਗਾ ਕਿਹਾ ਤੇ ਕਿਸੇ ਨੇ ਮੰਦਾ, ਪਰ ਆਮ ਰਾਏ ਇਹੋ ਸੀ ਕਿ ਉਸ ਨੂੰ ਮਾਰਨ ਲਈ ਪੁਲਿਸ ਮੁਕਾਬਲਾ ਝੂਠਾ ਹੀ ਬਣਵਾਇਆ ਗਿਆ ਸੀ। ਇਸ ਦੀ ਜਾਂਚ ਵਿਚ ਨਰਿੰਦਰ ਮੋਦੀ ਦੀ ਸਰਕਾਰ ਨੇ ਹਰ ਤਰ੍ਹਾਂ ਅੜਿੱਕਾ ਪਾਇਆ ਪਰ ਉਸ ਦਾ ਬਚਾਅ ਨਹੀਂ ਕਰ ਸਕੀ। ਜਦੋਂ ਉਸ ਦੀ ਗ੍ਰਿਫਤਾਰੀ ਹੋਈ ਤਾਂ ਕੁਝ ਦੇਰ ਬਾਅਦ ਉਸ ਨੂੰ ਜ਼ਮਾਨਤ ਮਿਲ ਗਈ। ਜਾਂਚ ਏਜੰਸੀ ਸੀ ਬੀ ਆਈ ਨੇ ਜ਼ਮਾਨਤ ਰੱਦ ਕਰਵਾਉਣ ਦੀ ਅਰਜ਼ੀ ਦੇ ਦਿੱਤੀ ਤੇ ਕਾਰਨ ਇਹ ਦੱਸਿਆ ਕਿ ਇਹ ਬੰਦਾ ਗੁਜਰਾਤ ਵਿਚ ਸਬੂਤਾਂ ਦੀ ਭੰਨ-ਤੋੜ ਤੇ ਗਵਾਹਾਂ ਨੂੰ ਡਰਾਉਣ ਜਾਂ ਪਤਿਆਉਣ ਦਾ ਕੰਮ ਕਰ ਸਕਦਾ ਹੈ। ਸੁਪਰੀਮ ਕੋਰਟ ਵਿਚ ਸੀ ਬੀ ਆਈ ਦੀ ਅਰਜ਼ੀ ਮੰਨੀ ਨਹੀਂ ਗਈ। ਨਰਿੰਦਰ ਮੋਦੀ ਦਾ ਏਦਾਂ ਦਾ ਬਿਆਨ ਆ ਗਿਆ ਕਿ ਸੁਪਰੀਮ ਕੋਰਟ ਵੱਲੋਂ ਸੀ ਬੀ ਆਈ ਦੀ ਅਰਜ਼ੀ ਰੱਦ ਕਰਨ ਤੋਂ ਲੱਗਦਾ ਹੈ ਕਿ ਸ਼ਾਹ ਗੁਨਾਹਗਾਰ ਨਹੀਂ ਹੈ। ਅਗਲੀ ਗੱਲ ਉਹ ਆਪਣੇ ਬਿਆਨ ਦੇ ਰੌਲੇ ਵਿਚ ਰੋਲ ਦੇਣਾ ਚਾਹੁੰਦਾ ਹੈ ਕਿ ਸੀ ਬੀ ਆਈ ਦੀ ਅਰਜ਼ੀ ਰੱਦ ਹੋਣ ਕਰ ਕੇ ਅਮਿਤ ਸ਼ਾਹ ਦੀ ਜ਼ਮਾਨਤ ਤਾਂ ਰੱਦ ਨਹੀਂ ਹੋਈ, ਪਰ ਉਸ ਦੇ ਖਿਲਾਫ ਕੇਸ ਨਰਿੰਦਰ ਮੋਦੀ ਦੀ ਧੌਂਸ ਵਾਲੇ ਗੁਜਰਾਤ ਤੋਂ ਕੱਢ ਕੇ ਬਾਹਰ ਭੇਜ ਦਿੱਤਾ ਗਿਆ ਹੈ। ਇਸ ਦਾ ਕੀ ਅਰਥ ਹੈ, ਇਹ ਨਰਿੰਦਰ ਮੋਦੀ ਵੀ ਜਾਣਦਾ ਹੈ।

ਭਾਰਤ ਵਿਚ ਅੱਜਕੱਲ੍ਹ ਸੂਚਨਾ ਦੇ ਅਧਿਕਾਰ ਵਾਲੇ ਕਾਨੂੰਨ ਤੋਂ ਕਈ ਥਾਂਈਂ ਖੂਨ-ਖਰਾਬੇ ਦੇ ਹਾਲਾਤ ਬਣ ਜਾਣ ਦੇ ਕਿੱਸੇ ਵਾਪਰ ਰਹੇ ਹਨ। ਜਦੋਂ ਕਿਸੇ ਚੋਰ ਦੀ ਚੋਰੀ ਨੰਗੀ ਹੁੰਦੀ ਜਾਪਦੀ ਹੈ, ਉਹ ਸੂਚਨਾ ਦਾ ਅਧਿਕਾਰ ਵਰਤ ਰਹੇ ਕਾਰਕੁਨਾਂ ਉਤੇ ਹਮਲੇ ਕਰਵਾਉਣ ਲੱਗਦਾ ਹੈ। ਸਭ ਤੋਂ ਵੱਧ ਹਮਲੇ ਮਹਾਰਾਸ਼ਟਰ ਵਿਚ ਹੋਏ ਹਨ। ਉਥੇ ਸੰਸਾਰ ਭਰ ਦੇ ਮਾਫੀਆ ਗੈਂਗ ਵੀ ਹਨ, ਸੰਸਾਰ ਪ੍ਰਸਿੱਧ ਸਟਾਕ ਐਕਸਚੇਂਜ ਵੀ, ਜਿਸ ਵਿਚ ਸਰਕਾਰਾਂ ਦੇ ਬੱਜਟ ਤੋਂ ਵੱਧ ਪੈਸੇ ਦਾ ਕਾਰੋਬਾਰ ਇੱਕੋ ਦਿਨ ਹੋ ਜਾਂਦਾ ਹੈ। ਉਥੇ ਇਹ ਹਮਲੇ ਸਮਝ ਆਉਂਦੇ ਹਨ, ਪਰ ਕਮਾਲ ਦੀ ਗੱਲ ਇਹ ਹੈ ਕਿ ਦੂਸਰਾ ਨੰਬਰ ਕਿਸੇ ਯੂ ਪੀ ਜਾਂ ਬਿਹਾਰ ਵਰਗੇ ਗੁੰਡਾਗਰਦੀ ਕਾਰਨ ਬਦਨਾਮ ਰਾਜ ਦਾ ਨਹੀਂ, ਉਸ ਗੁਜਰਾਤ ਦਾ ਹੈ, ਜਿੱਥੇ ਨਰਿੰਦਰ ਮੋਦੀ ਸਭ ਤੋਂ ਵੱਧ ਅਮਨ ਦੇ ਦਾਅਵੇ ਕਰਦਾ ਹੈ। ਉਥੇ ਇਹ ਹਮਲੇ ਕੌਣ ਕਰ ਰਿਹਾ ਹੈ, ਇਸ ਦਾ ਖੁਲਾਸਾ ਵੀ ਇਸ ਹਫਤੇ ਫਿਰ ਹੋ ਗਿਆ ਹੈ ਤੇ ਹਮਲਾਵਰ ਦੀ ਪੈੜ ਫਿਰ ਨਰਿੰਦਰ ਮੋਦੀ ਦੇ ਪਿਆਦਿਆਂ ਵੱਲ ਗਈ ਹੈ।

ਸਾਲ 2010 ਵਿਚ ਉਥੇ ਸੂਚਨਾ ਅਧਿਕਾਰ ਕਾਨੂੰਨ ਨੂੰ ਵਰਤਣ ਵਾਲੇ ਇੱਕ ਕਾਰਕੁਨ ਅਮਿਤ ਜੇਠਵਾ ਦਾ ਕਤਲ ਹੋ ਗਿਆ ਸੀ। ਉਸ ਨੇ ਭਾਜਪਾ ਦੇ ਪਾਰਲੀਮੈਂਟ ਮੈਂਬਰ ਦੀਨੂ ਸੋਲੰਕੀ ਦੇ ਖਿਲਾਫ ਖਾਣਾਂ ਵਿਚ ਨਾਜਾਇਜ਼ ਖੁਦਾਈ ਬਾਰੇ ਕਈ ਸ਼ਿਕਾਇਤਾਂ ਕੀਤੀਆਂ ਸਨ। ਇੱਕ ਦਿਨ ਉਹ ਇੱਕ ਕੇਸ ਦੇ ਸਿਲਸਿਲੇ ਵਿਚ ਆਪਣੇ ਵਕੀਲ ਨੂੰ ਮਿਲਣ ਗਿਆ। ਹਾਈ ਕੋਰਟ ਦੇ ਅਹਾਤੇ ਅੱਗੇ ਉਸ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਬਚ ਕੇ ਨਿਕਲ ਗਏ ਹਮਲਾਵਰਾਂ ਵਿਚੋਂ ਇੱਕ ਦੇ ਕੁੜਤੇ ਦਾ ਇੱਕ ਹਿੱਸਾ ਹੱਥੋਪਾਈ ਵਿਚ ਉਸ ਦੇ ਹੱਥਾਂ ਵਿਚ ਰਹਿ ਗਿਆ, ਜਿਸ ਉਤੇ ਕੱਪੜੇ ਧੋਣ ਦੀ ਦੁਕਾਨ ਦਾ ਬਿੱਲਾ ਵੇਖ ਕੇ ਭਾੜੇ ਦੇ ਕਾਤਲ ਲੱਭ ਗਏ ਤੇ ਉਨ੍ਹਾਂ ਨੇ ਕਬੂਲ ਲਿਆ ਕਿ ਕਤਲ ਭਾਜਪਾ ਐਮ ਪੀ ਦੀਨੂ ਸੋਲੰਕੀ ਦੇ ਭਤੀਜੇ ਸ਼ਿਵ ਸੋਲੰਕੀ ਦੇ ਕਹਿਣ ਉਤੇ ਕੀਤਾ ਗਿਆ ਹੈ। ਸ਼ਿਵ ਸੋਲੰਕੀ ਨੇ ਕਤਲ ਆਪ ਨਹੀਂ ਸੀ ਕਰਵਾਉਣਾ, ਉਸ ਨੇ ਆਪਣੇ ਚਾਚੇ ਦੇ ਕਹਿਣ ਉਤੇ ਕਰਵਾਇਆ ਹੋਵੇਗਾ, ਕਿਉਂਕਿ ਅਮਿਤ ਜੇਠਵਾ ਨੂੰ ਇਹ ਧਮਕੀ ਭਾਜਪਾ ਐਮ ਪੀ ਦੀਨੂ ਸੋਲੰਕੀ ਉਸ ਤੋਂ ਪਹਿਲਾਂ ਵੀ ਦੇ ਚੁੱਕਾ ਸੀ, ਪਰ ਰਾਜ ਸਰਕਾਰ ਇਸ ਪਾਸੇ ਤੁਰਨਾ ਨਹੀਂ ਚਾਹੁੰਦੀ। ਇਹ ਕੇਸ ਵੀ ਉਸ ਰਾਜ ਦੇ ਲੋਕਾਂ ਦੀ ਨਜ਼ਰ ਵਿਚ ਹੈ, ਜਿਸ ਦਾ ਫੈਸਲਾ ਕਰਨ ਸਮੇਂ ਉਨ੍ਹਾਂ ਦੀ ਜ਼ਮੀਰ ਟੁੰਬ ਸਕਦੀ ਹੈ।

ਨਰਿੰਦਰ ਮੋਦੀ ਮੀਡੀਏ ਦੀ ਵਰਤੋਂ ਵਿਚ ਬਾਕੀ ਸਾਰਿਆਂ ਨਾਲੋਂ ਤੇਜ਼ ਹੈ। ਇੱਕ ਵਾਰੀ ਜਦੋਂ ਉਸ ਦਾ ਧੁਆਂਖਿਆ ਚਿਹਰਾ ਲੁਕਾਉਣਾ ਔਖਾ ਹੋ ਗਿਆ ਸੀ ਤਾਂ ਉਸ ਨੇ ਗੁਜਰਾਤ ਦੇ ਪ੍ਰਸਿੱਧ ਅਖਬਾਰ 'ਗੁਜਰਾਤ ਸਮਾਚਾਰ' ਦੇ ਨਮੂਨੇ ਦਾ ਇੱਕ ਪਰਚਾ 'ਗੁਜਰਾਤ ਸੱਤਿਆ ਸਮਾਚਾਰ' ਆਪਣੇ ਪਬਲਿਕ ਰਿਲੇਸ਼ਨ ਵਿਭਾਗ ਤੋਂ ਛਪਵਾ ਕੇ 'ਗੁਜਰਾਤ ਸਮਾਚਾਰ' ਦੇ ਪਰਚਿਆਂ ਵਿਚ ਚੋਰੀ ਰੱਖਵਾ ਕੇ ਘਰੋ-ਘਰੀ ਭਿਜਵਾ ਦਿੱਤਾ ਸੀ। ਇਹ ਉਸ ਦੇ ਲੋਕ ਸੰਪਰਕ ਮਾਹਰ ਹੋਣ ਦੀ ਭੱਦੀ ਮਿਸਾਲ ਸੀ। ਇੰਜ ਹੀ ਉਹ ਆਪਣੇ ਰਾਜ ਵਿਚ ਇਮਾਨਦਾਰੀ ਦੀ ਡੌਂਡੀ ਪਿੱਟਦਾ ਰਹਿੰਦਾ ਹੈ। ਹਰ ਥਾਂ ਉਸ ਦਾ ਇਹੋ ਤਵਾ ਵੱਜਦਾ ਹੈ ਤੇ ਕਈ ਵਾਰੀ ਉਸ ਦੇ ਵਿਰੋਧੀ ਵੀ ਮੰਨ ਲੈਂਦੇ ਹਨ ਕਿ ਉਸ ਦੇ ਰਾਜ ਵਿਚ ਭ੍ਰਿਸ਼ਟਾਚਾਰ ਘੱਟ ਹੈ, ਪਰ ਅਜਿਹਾ ਨਹੀਂ ਹੈ। ਬਾਬਾ ਅੰਨਾ ਹਜ਼ਾਰੇ ਵੀ ਦਿੱਲੀ ਦੇ ਪਹਿਲੇ



*ਪ੍ਰਸ਼ੋਤਮ ਸੋਲੰਕੀ*

ਧਰਨੇ ਸਮੇਂ ਇਹੋ ਕਹਿ ਬੈਠਾ ਸੀ। ਮੁੜ ਕੇ ਜਦੋਂ ਉਹ ਗੁਜਰਾਤ ਗਿਆ ਤਾਂ ਪਤਾ ਲੱਗਾ ਕਿ ਉਥੇ ਨਰਿੰਦਰ ਮੋਦੀ ਨੇ ਕਈ ਸਾਲ ਪਹਿਲਾਂ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਜਾਂਚ ਲਈ ਲੋਕਪਾਲ ਦਾ ਅਹੁਦਾ ਕਾਇਮ ਕਰ ਦਿੱਤਾ ਸੀ, ਪਰ ਅਹੁਦਾ ਹੀ ਹੈ, ਉਸ ਨੂੰ ਸੰਭਾਲਣ ਲਈ ਜੱਜ ਦੀ ਨਿਯੁਕਤੀ ਕਈ ਸਾਲਾਂ ਤੋਂ ਨਹੀਂ ਕੀਤੀ ਗਈ। ਇਹ ਭ੍ਰਿਸ਼ਟਾਚਾਰ ਨੂੰ ਰੋਕਣਾ ਨਹੀਂ, ਨੰਗਾ-ਚਿੱਟਾ ਧੋਖਾ ਦੇਣਾ ਸੀ।

ਹੁਣ ਸਾਹਮਣੇ ਆਇਆ ਪ੍ਰਸ਼ੋਤਮ ਸੋਲੰਕੀ ਦਾ ਮਾਮਲਾ ਇਸ ਗੱਲ ਲਈ ਹੋਰ ਵੀ ਅੱਖਾਂ ਖੋਲ੍ਹਣ ਵਾਲਾ ਹੈ। ਉਸ ਦੇ ਖਿਲਾਫ ਚਾਰ ਸੌ ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਹੋਈ, ਪਰ ਨਰਿੰਦਰ ਮੋਦੀ ਦੀ ਸਰਕਾਰ ਨੇ ਜਾਂਚ ਲਈ ਮਨਜ਼ੂਰੀ ਨਹੀਂ ਸੀ ਦਿੱਤੀ। ਸ਼ਿਕਾਇਤਕਰਤਾ ਹਾਈ ਕੋਰਟ ਵਿਚ ਪਹੁੰਚ ਗਿਆ ਤਾਂ ਹਾਈ ਕੋਰਟ ਨੇ ਮਨਜ਼ੂਰੀ ਦੇਣ ਲਈ ਤਿੰਨ ਮਹੀਨੇ ਦਾ ਸਮਾਂ ਦੇ ਕੇ ਨੋਟਿਸ ਜਾਰੀ ਕਰ ਦਿੱਤਾ। ਤਿੰਨ ਮਹੀਨੇ ਦਾ ਸਮਾਂ ਮੁੱਕਣ ਤੋਂ ਕੁਝ ਪਲ ਪਹਿਲਾਂ ਰਾਜ ਦੇ ਗਵਰਨਰ ਵੱਲੋਂ ਇਹ ਸੂਚਨਾ ਪਹੁੰਚੀ ਕਿ ਰਾਜ ਸਰਕਾਰ ਇਸ ਦੀ ਮਨਜ਼ੂਰੀ ਦੇਣ ਵਿਚ ਦਿਲਚਸਪੀ ਨਹੀਂ ਲੈ ਰਹੀ। ਹਾਈ ਕੋਰਟ ਨੇ ਹੁਕਮ ਕਰ ਦਿੱਤਾ ਕਿ ਕੇਸ ਦੇ ਸਾਰੇ ਦਸਤਾਵੇਜ਼ ਰਾਜ ਦੇ ਗਵਰਨਰ ਨੂੰ ਜਾਂਚ ਲਈ ਭੇਜ ਦਿੱਤੇ ਜਾਣ ਤੇ ਉਹ ਇਸ ਦਾ ਆਪ ਫੈਸਲਾ ਕਰੇ। ਗਵਰਨਰ ਨੇ ਕਾਗਜ਼ ਵੇਖੇ ਅਤੇ ਜਾਂਚ ਦਾ ਹੁਕਮ ਦੇ ਦਿੱਤਾ। ਰਾਜ ਸਰਕਾਰ ਦੀ ਇਸ ਬਾਰੇ ਸਹਿਮਤੀ ਫਿਰ ਵੀ ਨਾ ਮਿਲੀ, ਸਗੋਂ ਮੱਛੀ ਪਾਲਣ ਮੰਤਰੀ ਪ੍ਰਸ਼ੋਤਮ ਸੋਲੰਕੀ ਇਸ ਜਾਂਚ ਦਾ ਰਾਹ ਰੋਕਣ ਦੇ ਯਤਨ ਵਿਚ ਫਿਰ ਹਾਈ ਕੋਰਟ ਜਾ ਪਹੁੰਚਿਆ। ਉਸ ਦੀ ਬਦਕਿਸਮਤੀ ਕਿ ਉਸ ਦੀ ਝੋਲੀ ਖੈਰ ਨਹੀਂ ਪਈ ਤੇ ਜਾਂਚ ਦੇ ਹੁਕਮ ਉਤੇ ਮੋਹਰ ਲੱਗ ਗਈ। ਇਹ ਉਸ ਰਾਜ ਵਿਚ ਹੁਣ ਤੱਕ ਹੋਏ ਸਾਰੇ ਘੋਟਾਲਿਆਂ ਤੋਂ ਵੱਡਾ ਕੇਸ ਕਿਹਾ ਜਾਂਦਾ ਹੈ, ਜਿਸ ਵਿਚ ਇੱਕ ਮੰਤਰੀ ਉਤੇ 400 ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਦਾ ਦੋਸ਼ ਲੱਗਾ ਅਤੇ ਰਾਜ ਦੇ ਮੁੱਖ ਸਕੱਤਰ ਨੇ ਜਾਂਚ ਦੀ ਸਹਿਮਤੀ ਦੇ ਦਿੱਤੀ, ਪਰ ਨਰਿੰਦਰ ਮੋਦੀ ਨੇ ਜਾਂਚ ਨਹੀਂ ਹੋਣ ਦਿੱਤੀ।

ਪੰਜਾਬ ਵਿਚ ਇੱਕ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਭ੍ਰਿਸ਼ਟਾਚਾਰ ਦੇ ਜਿਸ ਕੇਸ ਵਿਚ ਗੱਦੀ ਛੱਡਣੀ ਪਈ ਹੈ, ਉਸ ਦੀ ਸਾਰੀ ਰਕਮ ਦੋ ਕਰੋੜ ਦੇ ਨੇੜੇ ਦੱਸੀ ਜਾਂਦੀ ਹੈ, ਜਿਹੜੀ ਵਧ ਕੇ ਚਾਰ ਕਰੋੜ ਬਣੇ ਜਾਂ ਚਾਲੀ ਕਰੋੜ, ਪਰ ਚਾਰ ਸੌ ਕਰੋੜ ਨਹੀਂ ਬਣਨੀ। ਜਦੋਂ 400 ਕਰੋੜ ਰੁਪਏ ਦਾ ਸਕੈਂਡਲ ਸਾਫ ਦਿਖਾਈ ਦਿੰਦਾ ਹੈ, ਨਰਿੰਦਰ ਮੋਦੀ ਨੇ ਜਾਂਚ ਦਾ ਰਾਹ ਕਿਉਂ ਰੋਕਿਆ? ਇਹ ਲੱਖ ਟਕੇ ਦਾ ਸਵਾਲ ਹੈ ਤੇ ਜਵਾਬ ਇਹ ਹੈ ਕਿ 400 ਕਰੋੜ ਰੁਪਏ ਦਾ ਦੋਸ਼ ਉਸ ਮੰਤਰੀ ਦੇ ਖਿਲਾਫ ਹੈ, ਜਿਹੜਾ ਗੁਜਰਾਤ ਵਿਚ 'ਹਿੰਦੂਤਵ ਦੀ ਲੈਬਾਰਟਰੀ' ਵਿਚ ਆਉਣ ਤੋਂ ਪਹਿਲਾਂ ਮੁੰਬਈ ਤੋਂ ਇਹੋ ਜਿਹੇ ਕੰਮ ਦਾ 'ਤਜਰਬਾ ਸਰਟੀਫਿਕੇਟ' ਲੈ ਕੇ ਆਇਆ ਸੀ। ਮੁੰਬਈ ਦੇ ਦੰਗਿਆਂ ਬਾਰੇ ਜਿਹੜਾ ਸ੍ਰੀਕ੍ਰਿਸ਼ਨਾ ਜਾਂਚ ਕਮਿਸ਼ਨ ਬਣਿਆ ਸੀ, ਉਸ ਨੇ ਜਿਨ੍ਹਾਂ ਭਾਜਪਾ ਆਗੂਆਂ ਨੂੰ ਦੋਸ਼ੀ ਕਿਹਾ ਸੀ, ਉਨ੍ਹਾਂ ਵਿਚ ਇਸ ਮੰਤਰੀ ਪ੍ਰਸ਼ੋਤਮ ਸੋਲੰਕੀ ਦਾ ਨਾਂ ਵੀ ਸੀ, ਤੇ ਇਹੋ ਜਿਹੇ 'ਹਿੰਦੂਤਵ ਦੀ ਲੈਬਾਰਟਰੀ ਦੇ ਤਕਨੀਸ਼ੀਅਨ' ਦੇ ਖਿਲਾਫ ਨਰਿੰਦਰ ਮੋਦੀ ਕੋਈ ਕਾਰਵਾਈ ਕਰਨ ਦੀ ਆਗਿਆ ਦੇਣ ਦਾ ਕਦਮ ਪੁੱਟ ਕਿਵੇਂ ਸਕਦਾ ਹੈ?

ਇਹ ਹੈ ਉਹ ਸਥਿਤੀ, ਜਿਸ ਵਿਚ ਦਸੰਬਰ ਵਿਚ ਗੁਜਰਾਤ ਦੇ ਲੋਕਾਂ ਨੇ ਇਹ ਫੈਸਲਾ ਕਰਨਾ ਹੈ ਕਿ ਰਾਜ ਵਿਚ ਅਗਵਾਈ ਦਾ ਹੱਕ ਕਿਸ ਨੂੰ ਦਿੱਤਾ ਜਾਵੇ? ਮਰਜ਼ੀ ਹੈ ਉਨ੍ਹਾਂ ਦੀ, ਆਖਰ ਵੱਸਣਾ ਤੇ ਭੁਗਤਣਾ ਵੀ ਤਾਂ ਉਨ੍ਹਾਂ ਨੇ ਹੀ ਹੈ।

## ਮੰਗਲ ਗ੍ਰਹਿ ਦੇ ਟੁਕੜੇ ਦੀ ਨਿਲਾਮੀ 14 ਨੂੰ

**ਲੰਡਨ:** ਪਿਛਲੇ ਵਰ੍ਹੇ ਵਾਪਰੀ ਪੁਲਾੜੀ ਘਟਨਾ ਦੌਰਾਨ ਧਰਤੀ 'ਤੇ ਡਿੱਗੇ ਮੰਗਲ ਗ੍ਰਹਿ ਦੇ ਟੁਕੜੇ ਦੀ ਨਿਲਾਮੀ ਤੋਂ ਅਮਰੀਕੀ ਨਿਲਾਮੀਕਾਰ ਨੂੰ 1,60,000 ਪੌਂਡ ਕਮਾਉਣ ਦੀ ਆਸ ਹੈ। ਇਸ ਟੁਕੜੇ ਦੀ ਨਿਲਾਮੀ ਲਈ 14 ਅਕਤੂਬਰ ਦਾ ਦਿਨ ਤੈਅ ਹੋਇਆ ਹੈ ਤੇ ਇਹ ਨਿਲਾਮੀ ਅਮਰੀਕਾ ਵਿਚ ਹੋਵੇਗੀ। ਪਿਛਲੇ ਸਾਲ ਆਪਣੀ ਮਾਤ ਭੂਮੀ ਤੋਂ ਅਲੱਗ ਹੋ ਕੇ ਮੋਰੱਕੋ ਦੇ ਮਾਰੂਥਲ ਵਿਚ ਡਿੱਗੇ ਇਸ ਟੁਕੜੇ ਦੀ ਲੰਬਾਈ 3.5 ਇੰਚ ਤੇ ਭਾਰ 326 ਗਰਾਮ ਹੈ। ਇਹ ਟੁਕੜਾ ਇਕ ਅਮਰੀਕੀ ਕੰਪਨੀ ਦੀ ਮਲਕੀਅਤ ਹੈ ਜੋ ਅਕਸਰ ਕੀਮਤੀ ਪੱਥਰ ਇਕੱਠੇ ਕਰਕੇ ਉਨ੍ਹਾਂ ਦੀ ਨਿਲਾਮੀ ਕਰਦੀ ਹੈ।

## ਇਸਲਾਮ ਵਿਰੋਧੀ ਫਿਲਮ ਦੇ ਨਿਰਮਾਤਾ ਨੂੰ ਪਾਕਿ ਹਵਾਲੇ ਕਰਨ ਦੀ ਮੰਗ

**ਪਿਸ਼ਾਵਰ:** ਦਿ ਡਿਫਾ-ਏ-ਪਾਕਿਸਤਾਨ ਕੌਂਸਲ (ਡੀ.ਪੀ.ਸੀ.) ਨੇ ਅਮਰੀਕਾ ਨੂੰ ਕਿਹਾ ਹੈ ਕਿ ਉਹ ਇਸਲਾਮ ਖ਼ਿਲਾਫ਼ ਫਿਲਮ ਬਣਾਉਣ ਵਾਲੇ ਨੂੰ ਪਾਕਿਸਤਾਨ ਨੂੰ ਸੌਂਪ ਦੇਵੇ। ਇਸ ਕੌਂਸਲ ਨੂੰ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਸਈਦ ਦੀ ਸਰਪ੍ਰਸਤੀ ਹਾਸਲ ਹੈ। ਪਾਕਿਸਤਾਨ ਦੇ ਸਾਬਕਾ ਸੰਸਦ ਮੈਂਬਰ ਤੇ ਜਮਾਇਤ ਉਲੇਮਾ-ਏ-ਇਸਲਾਮ-ਸਮੀ ਦੇ ਜਨਰਲ ਸਕੱਤਰ ਇਕਰਾਮੁੱਲਾ ਸ਼ਾਹਿਦ ਨੇ ਵੀ ਇਸਰਾਇਲੀ ਮੂਲ ਦੇ ਅਮਰੀਕੀ ਨਿਰਮਾਤਾ ਦੇ ਸਿਰ ਦਾ ਮੁੱਲ ਦੋ ਲੱਖ ਡਾਲਰ ਰੱਖਿਆ ਹੈ। ਸਈਦ ਨੇ ਕਿਹਾ ਕਿ ਇਸ ਫਿਲਮ ਰਾਹੀਂ ਇਸਲਾਮ ਦੀ ਤੌਹੀਨ ਕਰਨ ਲਈ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੀ ਬਰਾਬਰ ਦਾ ਜ਼ਿੰਮੇਵਾਰ ਹੈ।

# ਸੈਰ-ਸਪਾਟਾ ਵਿਭਾਗ ਵੱਲੋਂ ਸਿੱਖ ਇਤਿਹਾਸ ਨਾਲ ਛੇੜਛਾੜ

## ਸੈਲਾਨੀਆਂ ਨੂੰ ਦਿੱਤੀ ਜਾ ਰਹੀ ਹੈ ਗਲਤ ਜਾਣਕਾਰੀ



**ਅੰਮ੍ਰਿਤਸਰ:** ਪੰਜਾਬ ਸਰਕਾਰ ਦੇ ਸੈਰ-ਸਪਾਟਾ ਮੰਤਰਾਲੇ ਤੇ ਪੰਜਾਬ ਕਲਚਰਲ ਐਂਡ ਟੂਰਿਜ਼ਮ ਪ੍ਰਮੋਸ਼ਨ ਬੋਰਡ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਉਨ੍ਹਾਂ ਦੇ ਆਪਣੇ ਬਣਵਾਏ ਕਿਲ੍ਹੇ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ ਤੇ ਉਨ੍ਹਾਂ ਦੀ ਰਾਣੀ ਮੋਰਾਂ ਵੱਲੋਂ ਅੰਮ੍ਰਿਤਸਰ ਦੇ ਪਿੰਡ ਧਨੋਏ ਕਲਾਂ ਵਿਚ ਬਣਾਏ ਪੁਲ ਨੂੰ 'ਪੁਲ ਕੰਜਰੀ' ਦੱਸ ਕੇ ਸ਼ੇਰ-ਏ-ਪੰਜਾਬ ਤੇ ਉਨ੍ਹਾਂ ਦੀ ਰਾਣੀ ਦਾ ਅਪਮਾਨ ਕੀਤਾ ਜਾ ਰਿਹਾ ਹੈ।

ਅੰਮ੍ਰਿਤਸਰ ਵਿਚ ਮੌਜੂਦ ਕਿਲ੍ਹਿਆਂ ਵਿਚੋਂ ਇਕੋ-ਇਕ ਬਚੇ ਕਿਲ੍ਹਾ ਗੋਬਿੰਦਗੜ੍ਹ ਦਾ ਸਿੱਖ ਰਾਜ ਨਾਲ ਸਬੰਧਤ ਸੁਨਹਿਰੀ ਇਤਿਹਾਸ ਉਪਰੋਕਤ ਬੋਰਡ ਦੀਆਂ ਮਿਹਰਬਾਨੀਆਂ ਸਦਕਾ ਸਿਰਫ਼ ਜਲ੍ਹਿਆਂਵਾਲਾ ਬਾਗ ਕਾਂਡ ਦੇ ਖਲਨਾਇਕ ਜਨਰਲ ਡਾਇਰ ਦੇ ਫ਼ਾਂਸੀ ਘਰ ਤੇ ਉਸ ਦੇ ਬੰਗਲੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਬੋਰਡ ਵੱਲੋਂ ਕਿਲ੍ਹਾ ਗੋਬਿੰਦਗੜ੍ਹ ਦੇ ਅੰਦਰ ਸੈਨਿਕਾਂ ਦੀਆਂ ਬੈਰਕਾਂ ਦੇ ਨਾਲ ਲੱਗਦੇ ਕਿਲ੍ਹੇ ਦੇ ਸਿਵਲ ਗਵਰਨਰ ਫ਼ਕੀਰ ਇਮਾਮੂਦੀਨ ਦੇ ਰਹਿਣ ਵਾਲੇ ਕਮਰੇ ਨੂੰ ਸਿੱਖ ਰਾਜ ਦਾ ਤੋਸ਼ਾਖ਼ਾਨਾ ਤੇ ਅਸਲ ਤੋਸ਼ਾਖ਼ਾਨੇ ਦੀ ਇਮਾਰਤ ਨੂੰ ਜਨਰਲ ਡਾਇਰ ਦਾ ਫ਼ਾਂਸੀ ਘਰ ਦਸ ਕੇ ਕਿਲ੍ਹੇ ਤੇ ਉਸ ਵਿਚ ਮੌਜੂਦ ਬਾਕੀ ਸਮਾਰਕਾਂ ਦਾ ਨਵਾਂ ਇਤਿਹਾਸ ਰਚਿਆ ਜਾ ਰਿਹਾ ਹੈ।

ਬੋਰਡ ਵੱਲੋਂ ਆਪਣੀ ਵੈਬਸਾਈਟ 'ਤੇ ਵੀ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਜਨਰਲ ਡਾਇਰ ਆਪਣੇ ਬੰਗਲੇ ਵਿਚ ਬੈਠ ਕੇ ਹਿੰਦੋਸਤਾਨੀਆਂ ਨੂੰ ਫਾਂਸੀ 'ਤੇ ਲਟਕਦਾ ਵੇਖ ਕੇ ਬਹੁਤ ਖੁਸ਼ ਹੁੰਦਾ ਸੀ। ਫ਼ਾਂਸੀ ਘਰ ਦੀ ਏਨੀ ਵੱਡੀ ਕਹਾਣੀ ਘੜਣ ਲੱਗਿਆਂ ਬੋਰਡ ਨੇ ਇਹ ਵੀ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਡਾਇਰ ਅੰਮ੍ਰਿਤਸਰ ਵਿਚ ਸਿਰਫ ਇਕ ਮਹੀਨਾ ਤੇ 18 ਦਿਨ ਰਿਹਾ ਜਿਨ੍ਹਾਂ ਵਿਚੋਂ 20 ਦਿਨ ਤੱਕ ਉਸ ਨੇ ਆਪਣੀ ਰਿਹਾਇਸ਼ ਤੇ ਛਾਉਣੀ ਰਾਮਬਾਗ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਸਮਰ ਪੈਲੇਸ ਵਿਚ ਰੱਖੀ।

ਇਤਿਹਾਸਕਾਰਾਂ ਅਨੁਸਾਰ ਰਾਣੀ ਮੋਰਾਂ ਵੱਲੋਂ ਪਿੰਡ ਵਾਸੀਆਂ ਲਈ ਬਣਵਾਇਆ ਪੁਲ ਜੋ ਸੰਨ 1965-1971 ਦੀਆਂ ਭਾਰਤ-ਪਾਕਿਸਤਾਨ ਜੰਗਾਂ ਵਿਚ ਬਿਲਕੁਲ ਢਹਿ ਚੁੱਕਿਆ ਹੈ, ਨੂੰ ਬੋਰਡ ਵੱਲੋਂ ਪੁਲ ਮੋਰਾਂ ਨਾਂ ਨਾਲ ਨਹੀਂ ਬਲਕਿ ਪੁਲ ਕੰਜਰੀ ਨਾਂ ਹੇਠ ਪੇਸ਼ ਕੀਤਾ ਜਾ ਰਿਹਾ ਹੈ ਜੋ ਨਿੰਦਣਯੋਗ ਹੈ। ਇਤਿਹਾਸਕਾਰਾਂ ਅਨੁਸਾਰ ਸਬੰਧਿਤ ਵਿਭਾਗ ਕੋਲ ਸਹੀ ਜਾਣਕਾਰੀਆਂ ਨਾ ਹੋਣ ਕਰਕੇ ਸ਼ਹਿਰ ਵਿਚ ਮੌਜੂਦ ਸਮਾਰਕਾਂ, ਠਾਕੁਰਦਵਾਰਾ ਦਰਿਆਨਾਮੱਲ ਨੂੰ ਮੰਦਰ ਠਾਕੁਰਦੁਆਰਾ, ਠਾਕੁਰਦੁਆਰਾ ਰਾਇ ਕਿਸ਼ਨ ਚੰਦ ਨੂੰ ਪੁਰਾਣਾ ਮੁਗ਼ਲਈ ਮੰਦਰ (ਨਿਰਮਾਣ ਸੰਨ 1875), ਠਾਕੁਰਦੁਆਰਾ ਰਾਜਾ ਤੇਜਾ ਸਿੰਘ ਨੂੰ ਜਮਾਂਦਾਰ ਖੁਸ਼ਹਾਲ ਸਿੰਘ ਦੀ ਹਵੇਲੀ, ਕੰਪਨੀ ਬਾਗ਼ ਵਿਚ ਮਹਾਰਾਜਾ ਦੇ ਜਨਰਲ ਵੈਨਤੁਰਾ ਵੱਲੋਂ ਸੰਨ 1823 ਵਿਚ ਬਣਵਾਏ ਰਾਇਲ ਸਵੀਮਿੰਗ ਪੂਲ ਨੂੰ ਰਾਣੀ ਜਿੰਦਾ ਦਾ ਇਸ਼ਨਾਨ ਘਰ, ਆਬਾਦੀ ਰਾਮਬਾਗ਼ ਗ਼ੇਟ ਦੀ ਬਾਹਰੀ ਡਿਉੜੀ ਨੂੰ ਦਰਵਾਜ਼ਾ ਰਾਮਬਾਗ਼ ਤੇ ਸੰਨ 1868 ਵਿਚ ਬ੍ਰਿਟਿਸ਼ ਦੁਆਰਾ ਰਾਮਬਾਗ਼ ਤੋਂ ਖ਼ਜਾਨਾ ਗੇਟ ਦੇ ਵਿਚਕਾਰ ਬਣਵਾਈ ਦੀਵਾਰ ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਬਣਵਾਈ ਦੀਵਾਰ ਦੱਸ ਕੇ ਗੁਮਰਾਹ ਕੀਤਾ ਜਾ ਰਿਹਾ ਹੈ। ਸ਼ਹਿਰ ਵਿਚ ਮੌਜੂਦ ਵਿਰਾਸਤੀ ਸਮਾਰਕਾਂ ਸਬੰਧੀ ਯਾਤਰੂਆਂ ਨੂੰ ਉਹ ਜਾਣਕਾਰੀਆਂ ਦਿੱਤੀਆਂ ਜਾ ਰਹੀਆਂ ਹਨ ਜੋ ਆਉਣ ਵਾਲੇ ਸਮੇਂ ਵਿਚ ਸ਼ਹਿਰ ਦੇ ਸੰਪੂਰਨ ਇਤਿਹਾਸ ਦਾ ਕਦੇ ਨਾ ਪੂਰਿਆ ਜਾਣ ਵਾਲਾ ਨੁਕਸਾਨ ਕਰ ਸਕਦੀਆਂ ਹਨ।

## ਚਾਚੇ ਵੱਲੋਂ ਭਤੀਜੀ ਨੂੰ ਸਹੁਰੇ ਨਾਲ ਵਿਆਹੁਣ ਦੀ ਕੋਸ਼ਿਸ਼

**ਬਠਿੰਡਾ:** ਇਕ ਵਿਅਕਤੀ ਵੱਲੋਂ ਆਪਣੀ ਸਕੀ ਨਾਬਾਲਗ ਭਤੀਜੀ ਨੂੰ ਆਪਣੇ 50 ਸਾਲਾ ਸਹੁਰੇ ਨਾਲ ਵਿਆਹੁਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦਾ ਸਮੇਂ ਸਿਰ ਪਤਾ ਲੱਗਣ 'ਤੇ ਦਸ ਸਾਲ ਦੀ ਬਾਲੜੀ ਦਾ ਵਿਆਹ ਰੁਕਵਾ ਦਿੱਤਾ ਗਿਆ। ਹਾਸਲ ਜਾਣਕਾਰੀ ਅਨੁਸਾਰ ਸਿਮਰਨ ਕੌਰ (10) ਕੌਮ ਬਾਜ਼ੀਗਰ ਵਾਸੀ ਨਥਾਣਾ ਦੇ ਪਿਤਾ ਸੋਨਾ ਰਾਮ ਦੀ ਮੌਤ ਹੋ ਚੁੱਕੀ ਹੈ ਜਿਸ ਤੋਂ ਬਾਅਦ ਉਸ ਦੀ ਮਾਤਾ ਛਿੰਦਰ ਕੌਰ ਲੜਕੀ ਨੂੰ ਉਸ ਦੇ ਚਾਚੇ ਗੋਰਾ ਸਿੰਘ ਤੇ ਦਾਦੀ ਬੱਸੀ ਕੌਰ ਕੋਲ ਛੱਡ ਕੇ ਕਿਧਰੇ ਚਲੀ ਗਈ। ਛੇਵੀਂ ਜਮਾਤ ਵਿਚ ਪੜ੍ਹਦੀ ਲੜਕੀ ਦਾ ਪਾਲਣ ਪੋਸ਼ਣ ਉਸ ਦਾ ਚਾਚਾ ਤੇ ਦਾਦੀ ਕਰ ਰਹੇ ਸਨ। ਸੂਤਰਾਂ ਅਨੁਸਾਰ ਗੋਰਾ ਸਿੰਘ ਨੇ ਆਪਣੀ ਭਤੀਜੀ ਸਿਮਰਨ ਦਾ ਵਿਆਹ ਆਪਣੇ ਸਹੁਰੇ ਨਾਲ ਕਰਨ ਦਾ ਸੌਦਾ ਕਰ ਲਿਆ ਤੇ ਵਿਆਹ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਸੂਚਨਾ ਮਿਲਣ 'ਤੇ ਪੁਲਿਸ ਨੇ ਘਟਨਾ ਥਾਂ 'ਤੇ ਪੁੱਜ ਕੇ ਵਿਆਹ ਰੁਕਵਾਇਆ।



# ਰਾਉਲਿੰਗ ਵੱਲੋਂ ਨਾਵਲ ਲਈ ਸਿੱਖੀ ਦੇ ਡੂੰਘੇ ਅਧਿਐਨ ਦਾ ਦਾਅਵਾ

ਲੰਡਨ: ਉੱਘੀ ਲੇਖਕਾ ਜੇ.ਕੇ. ਰਾਉਲਿੰਗ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਨਵੇਂ ਨਾਵਲ 'ਦਿ ਕੈਜ਼ੂਅਲ ਵਕੈਂਸੀ' ਲਈ ਸਿੱਖੀ ਉੱਪਰ ਡੂੰਘੀ ਖੋਜ ਕੀਤੀ ਹੈ। ਦੱਖਣ-ਪੱਛਮੀ ਇੰਗਲੈਂਡ ਦੇ ਕਾਲਪਨਿਕ ਪਿੰਡ ਮੈਗਫੋਰਡ ਵਿਚ ਰਹਿਣ ਵਾਲੇ ਇਕ ਪਰਿਵਾਰ ਉਪਰ ਆਧਾਰਤ ਨਾਵਲ 'ਦਿ ਕੈਜ਼ੂਅਲ ਵਕੈਂਸੀ' ਦੀ ਘੁੰਢ ਚੁਕਾਈ ਮੌਕੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ 47 ਸਾਲਾ ਰਾਉਲਿੰਗ ਨੇ ਕਿਹਾ ਕਿ ਜਦ ਉਹ ਵੀਹ ਸਾਲਾਂ ਦੀ ਸੀ ਤਾਂ ਉਨ੍ਹਾਂ ਦੀ ਜਾਣ-ਪਛਾਣ ਵਾਲੀ ਇਕ ਸਿੱਖ ਮਹਿਲਾ ਨੇ ਉਨ੍ਹਾਂ ਅੰਦਰ ਸਿੱਖੀ ਬਾਰੇ ਰੂਚੀ ਪੈਦਾ ਕੀਤੀ ਸੀ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਪ੍ਰਤੀ ਉਨ੍ਹਾਂ ਦੀ ਇਹ ਜਾਣਕਾਰੀ ਜ਼ਿੰਦਗੀ ਦੇ ਨਾਲ ਚੱਲ ਰਹੀ ਹੈ। ਨਾਵਲ ਵਿਚ ਜਿਸ ਗੈਰ-ਗੋਰੇ ਪਰਿਵਾਰ ਦਾ ਜ਼ਿਕਰ ਕੀਤਾ ਗਿਆ ਹੈ, ਉਹ ਸਿੱਖ ਹੈ। ਰਾਉਲਿੰਗ ਦਾ ਕਹਿਣਾ ਹੈ ਕਿ ਉਹ ਪੈਗਫੋਰਡ ਦੇ ਕੇਂਦਰ ਵਿਚ ਇਕ ਸਿੱਖ ਪਰਿਵਾਰ ਨੂੰ ਰੱਖਣਾ ਚਾਹੁੰਦੀ ਸੀ। ਉਹ ਚਾਹੁੰਦੀ ਸੀ ਕਿ ਇਹ ਪਰਿਵਾਰ ਦੂਜੀ ਪੀੜ੍ਹੀ ਦਾ ਬਰਤਾਨਵੀ ਪਰਿਵਾਰ ਹੋਵੇ ਤਾਂ ਜੋ ਉਹ ਬਾਹਰੀ ਵੀ ਲੱਗੇ ਤੇ ਸਥਾਨਕ ਵੀ।

ਨਾਵਲ ਵਿਚ ਸਿੱਖੀ ਹੈ ਜੋ ਧਾਰਮਿਕ ਕਦਰਾਂ-ਕੀਮਤਾਂ ਮੁਹੱਈਆ ਕਰਾਉਂਦੀ ਹੈ ਨਾ ਕਿ ਚਰਚ ਆਫ਼ ਇੰਗਲੈਂਡ। ਇਸ ਨਾਵਲ ਨੂੰ ਜਾਰੀ ਕੀਤੇ ਜਾਣ ਤੋਂ ਪਹਿਲਾਂ ਇਸ ਨੂੰ ਪੜ੍ਹਨ ਵਾਲੇ ਭਾਰਤੀ ਮੂਲ ਦੇ ਪਾਠਕ ਇਸ ਵਿਚ ਸਿੱਖ ਪਰਿਵਾਰ ਤੇ ਸਿੱਖੀ ਦੀ ਵਿਆਖਿਆ ਦੇ ਢੰਗ-ਤਰੀਕਿਆਂ ਤੋਂ ਬੇਹੱਦ ਪ੍ਰਭਾਵਿਤ ਹੋਏ ਹਨ। ਰਾਉਲਿੰਗ ਦੀ ਕਿਤਾਬ 'ਦਿ ਕੈਜ਼ੂਅਲ ਵਕੈਂਸੀ' ਦੀਆਂ ਲੱਖਾਂ ਕਾਪੀਆਂ (ਦੋਵੇਂ ਛਪੀਆਂ ਵੀ ਤੇ ਈ-ਬੁੱਕ ਵੀ) ਵਿਕ ਚੁੱਕੀਆਂ ਹਨ ਹਾਲਾਂਕਿ ਇਸ ਬਾਰੇ ਸਮੀਖਿਆਕਾਰਾਂ ਨੇ ਰਲਵੀਂ-ਮਿਲਵੀਂ ਰਾਇ ਦਿੱਤੀ ਹੈ। ਉਭਰਦੇ ਲੇਖਕਾਂ ਨੂੰ ਸੁਨੇਹਾ ਦਿੰਦਿਆਂ ਉਨ੍ਹਾਂ ਕਿਹਾ ਕਿਹਾ ਕਿ ਆਪਣੇ ਆਪ ਤੋਂ ਹੀ ਪ੍ਰੇਰਨਾ ਮਿਲਦੀ ਹੈ। ਉਨ੍ਹਾਂ ਕਿਹਾ ਪ੍ਰੇਰਨਾ ਬਹੁਤ ਜ਼ਰੂਰੀ ਹੈ ਪਰ ਇਸ ਲਈ ਸਖਤ ਮਿਹਨਤ ਜ਼ਰੂਰੀ ਹੈ। ਰਾਉਲਿੰਗ ਦਾ ਕਹਿਣਾ ਹੈ ਕਿ ਉਸ ਨੂੰ ਈ-ਬੁਕਸ (ਕੰਪਿਊਟਰੀ ਕਿਤਾਬਾਂ) ਨਾਲੋਂ ਕਾਗਜ਼ ਉੱਤੇ ਛਪੀਆਂ ਹੋਈਆਂ ਅਸਲ ਕਿਤਾਬਾਂ ਹੀ ਪਸੰਦ ਹਨ ਹਾਲਾਂਕਿ ਉਨ੍ਹਾਂ ਨੇ ਹਾਲ ਹੀ ਵਿਚ ਇਕ ਟੈਬਲੈਟ ਖਰੀਦੀ ਹੈ ਜਿਸ ਵਿਚ 200 ਤੋਂ ਵੱਧ ਕਿਤਾਬਾਂ ਦੀ ਲਾਇਬਰੇਰੀ ਵੀ ਹੈ। ਉਨ੍ਹਾਂ ਸਾਊਥ ਬੈਂਕ ਸੈਂਟਰ ਵਿਚ ਹੋਏ ਇਸ ਸਮਾਗਮ ਦੌਰਾਨ ਕਿਹਾ ਕਿ ਕੁਝ ਸਮਾਂ ਪਹਿਲਾਂ ਤੱਕ ਉਨ੍ਹਾਂ ਨੂੰ ਈ-ਬੁਕਸ ਪੜ੍ਹਨ ਤੋਂ ਝਿਜਕ ਹੁੰਦੀ ਸੀ।




ਉਨ੍ਹਾਂ ਕਿਹਾ ਕਿ ਸ਼ੁਰੂ 'ਚ ਉਨ੍ਹਾਂ ਨੂੰ ਇਹ ਸਮਝ ਨਹੀਂ ਸਨ ਆਉਂਦੀਆਂ ਪਰ ਆਖਰ ਹੁਣ ਸਮਝ ਆਉਣ ਲੱਗ ਪਈਆਂ ਹਨ। ਹੁਣ ਉਹ ਦੋ ਸੌ ਤੋਂ ਵੱਧ ਕਿਤਾਬਾਂ ਇਕੋ ਵੇਲੇ ਆਪਣੇ ਨਾਲ ਲਿਜਾ ਸਕਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਕਿਤੇ ਵੀ ਕੋਈ ਵੀ ਮਨਪਸੰਦ ਕਿਤਾਬ ਪੜ੍ਹ ਸਕਦੇ ਹਨ।

ਉਨ੍ਹਾਂ ਨਾਲ ਹੀ ਕਿਹਾ ਕਿ ਪਰ ਅਸਲ ਵਿਚ ਉਨ੍ਹਾਂ ਨੂੰ ਛਪੀਆਂ ਕਿਤਾਬਾਂ ਹੀ ਪਸੰਦ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਂਜ ਹੁਣ ਛਪੀਆਂ ਕਿਤਾਬਾਂ ਪੜ੍ਹਨ ਵਾਲੇ ਬੜੇ ਘੱਟ ਰਹਿ ਗਏ। ਉਨ੍ਹਾਂ ਕਿਹਾ ਕਿ ਜਦੋਂ ਉਹ 1990ਵਿਆਂ ਦੇ ਸ਼ੁਰੂ ਵਿਚ ਲਿਖਣਾ ਸ਼ੁਰੂ ਕੀਤਾ ਤਾਂ ਹਾਲਾਤ ਬਿਲਕੁਲ ਵੱਖਰੇ ਸਨ।

## ਨਾਨਕਸ਼ਾਹੀ ਕੈਲੰਡਰ ਬਾਰੇ ਵਿਵਾਦ ਹੋਰ ਡੂੰਘਾ

**ਆਨੰਦਪੁਰ ਸਾਹਿਬ:** ਮੌਜੂਦਾ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਬਾਰੇ ਵਿਵਾਦ ਬੀਤੀ 16 ਸਤੰਬਰ ਤੇ 20 ਸਤੰਬਰ ਨੂੰ ਕਈ ਗੁਰਪੁਰਬ ਇਕੋ ਦਿਨ ਆਉਣ ਕਾਰਨ ਹੋਰ ਡੂੰਘਾ ਹੋ ਗਿਆ। ਪੰਥਕ ਜਥੇਬੰਦੀਆਂ ਵੱਲੋਂ ਮੌਜੂਦਾ ਨਾਨਕਸ਼ਾਹੀ ਕੈਲੰਡਰ ਵਿਚ ਪਾਈਆਂ ਜਾ ਰਹੀਆਂ ਤਰੁੱਟੀਆਂ ਦੂਰ ਕਰਨ ਦੀ ਮੰਗ ਹੋਰ ਭਖ ਗਈ ਹੈ।

ਜ਼ਿਕਰਯੋਗ ਹੈ ਕਿ 16 ਸਤੰਬਰ ਨੂੰ ਗੁਰੂ ਰਾਮਦਾਸ ਜੀ ਦਾ ਗੁਰਗੱਦੀ ਦਿਵਸ ਵੀ ਸੀ ਤੇ ਉਨ੍ਹਾਂ ਦਾ ਜੋਤੀ-ਜੋਤ ਸਮਾਉਣ ਦਾ ਪੁਰਬ ਵੀ ਇਸੇ ਦਿਨ ਹੀ ਸੀ। 16 ਸਤੰਬਰ ਨੂੰ ਹੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦਾ ਜੋਤੀ-ਜੋਤ ਸਮਾਉਣ ਦਾ ਪੁਰਬ ਸੀ ਤੇ ਇਸੇ 16 ਸਤੰਬਰ ਨੂੰ ਹੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਗੁਰਗੱਦੀ ਦਿਵਸ ਵੀ ਸੀ। ਇਸੇ ਤਰ੍ਹਾਂ 22 ਸਤੰਬਰ ਨੂੰ ਗੁਰੂ ਨਾਨਕ ਦਾ ਵਿਆਹ ਪੁਰਬ ਤੇ ਜੋਤੀ-ਜੋਤ ਸਮਾਉਣ ਦਾ ਪੁਰਬ ਵੀ ਇਕੋ ਦਿਨ ਹੀ ਆ ਗਿਆ। ਇਕ ਪਾਸੇ ਸੰਗਤਾਂ ਗੁਰੂ ਸਾਹਿਬਾਨ ਦਾ ਵਿਆਹ ਪੁਰਬ ਨੂੰ ਮਨਾਉਂਦਿਆਂ ਮਠਿਆਈਆਂ ਵਰਤਾ ਕੇ ਖੁਸ਼ੀ ਮਨਾ ਰਹੀਆਂ ਸਨ ਪਰ ਉਸੇ ਦਿਨ ਵੈਰਾਗਮਈ ਸ਼ਬਦਾਂ ਦਾ ਗਾਇਨ ਕਰਕੇ ਜੋਤੀ-ਜੋਤ ਦਿਨ ਵੀ ਮਨਾਇਆ ਜਾ ਰਿਹਾ ਸੀ।

ਇਸ ਬਾਰੇ ਤਖਤਾਂ ਦੇ ਜਥੇਦਾਰਾਂ ਨੇ ਇਹ ਤਰਕ ਦਿੱਤਾ ਸੀ ਕਿ ਬੇਸ਼ੱਕ ਦਿਨ ਇਕ ਹੈ ਪਰ ਸਾਲ ਤਾਂ ਅਲੱਗ-ਅਲੱਗ ਹੀ ਹੈ।

# ਗੁਰੂ ਗ੍ਰੰਥ ਸਾਹਿਬ ਦਾ ਹੋਵੇਗਾ ਉਰਦੂ ਤਰਜਮਾ

## ਸ਼੍ਰੋਮਣੀ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ 'ਵਰਸਿਟੀ ਨੂੰ ਦਿੱਤਾ ਪ੍ਰੋਜੈਕਟ



**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਉਰਦੂ ਜ਼ੁਬਾਨ ਵਿਚ ਤਰਜਮਾ ਕਰਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਇਹ ਪ੍ਰਾਜੈਕਟ ਯੂਨੀਵਰਸਿਟੀ ਨੂੰ ਦਿੱਤਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਰਦੂ ਵਿਚ ਅਨੁਵਾਦ ਤਿਆਰ ਕਰਨ ਲਈ ਇਹ ਕਾਰਜ ਇਕ ਤੋਂ ਦੋ ਸਾਲ ਵਿਚ ਨੇਪਰੇ ਚਾੜ੍ਹਨ ਦੇ ਆਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ ਬਾਈਬਲ ਦਾ 120 ਭਾਸ਼ਾਵਾਂ ਵਿਚ ਤੇ ਕੁਰਾਨ ਦਾ 72 ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਸਿਰਫ ਤਿੰਨ ਭਾਸ਼ਾਵਾਂ ਵਿਚ ਹੀ ਹੋਇਆ ਹੈ।

ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਗੁਰਮੋਹਨ ਸਿੰਘ ਵਾਲੀਆ ਨੇ ਦੱਸਿਆ ਕਿ ਸਿੱਖ ਧਰਮ ਨਾਲ ਸਬੰਧਤ ਖੋਜ ਕਾਰਜਾਂ ਲਈ ਉੱਘੇ ਸਿੱਖ ਵਿਦਵਾਨ ਦਵਿੰਦਰ ਪਾਲ ਸਿੰਘ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ ਜਿਨ੍ਹਾਂ ਨੇ ਆਪਣੇ ਜੀਵਨ ਦਾ ਲੰਮਾ ਸਮਾਂ ਸਿੱਖ ਧਰਮ ਦੇ ਖੋਜ ਕਾਰਜਾਂ ਦੇ ਲੇਖੇ ਲਾਇਆ ਹੈ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਉਰਦੂ ਵਿਚ ਕਰਨ ਦਾ ਬੀੜਾ ਚੁੱਕਿਆ ਹੈ।

ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਰਦੂ ਵਿਚ ਤਰਜਮਾ 16,000 ਪੰਨਿਆਂ ਵਿਚ ਕੀਤਾ ਗਿਆ ਜੋ 33 ਹੱਥ ਲਿਖਤ ਰਜਿਸਟਰਾਂ ਵਿਚ ਦਰਜ ਹਨ। ਇਹ ਬਹੁਤ ਹੀ ਸ਼ਿੱਦਤ ਵਾਲਾ ਕੰਮ ਹੈ ਤੇ ਇਸ ਲਈ 15-16 ਸਾਲਾਂ ਦਾ ਸਮਾਂ ਲੱਗਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਇਹ ਕੰਮ ਆਪਣੇ ਜਿਉਂਦੇ ਜੀਅ ਪੂਰਾ ਹੁੰਦਾ ਦੇਖਣ। ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਸ਼ਬਦਾਂ ਦੇ ਪਦ-ਅਰਥ, ਫਿਰ ਉਨ੍ਹਾਂ ਦੀ ਪੂਰਨ ਰੂਪ ਵਿਚ ਉਦਾਹਰਨਾਂ ਸਹਿਤ ਵਿਆਖਿਆ ਕੀਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਕੰਮ ਵਾਸਤੇ ਜਥੇਦਾਰ ਸੰਤਾ ਸਿੰਘ ਨੇ ਪ੍ਰੇਰਿਆ ਜੋ 16 ਸਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ ਹਨ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਉਰਦੂ ਦਾ ਗਿਆਨ ਰੱਖਣ ਵਾਲੇ ਉੱਘੇ ਸਿੱਖ ਵਿਦਵਾਨਾਂ ਦੀਆਂ ਸੇਵਾਵਾਂ ਵੀ ਲਈਆਂ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਰਨ ਨਾਲ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਮਿਲੀ ਹੈ।

ਉਪ ਕੁਲਪਤੀ ਡਾ. ਵਾਲੀਆ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਾਨਵਤਾ, ਮਨੁੱਖੀ ਭਾਈਚਾਰੇ ਤੇ ਸਮਾਜ ਕਲਿਆਣ ਦਾ ਆਦੇਸ਼ ਘਰ-ਘਰ ਪਹੁੰਚਾਉਣ ਲਈ ਵਰਸਿਟੀ ਦੁਨੀਆ ਦੀਆਂ ਪ੍ਰਮੁੱਖ ਜ਼ੁਬਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਕਰਵਾਏਗੀ ਤੇ ਇਨ੍ਹਾਂ ਕਾਰਜਾਂ ਨੂੰ ਇਨਟਰਨੈੱਟ 'ਤੇ ਪਾ ਕੇ ਦੁਨੀਆ ਦੇ ਕੋਨੇ-ਕੋਨੇ ਵਿਚ ਲੋਕਾਂ ਨੂੰ ਸੰਦੇਸ਼ ਪਹੁੰਚਾਵੇਗੀ।

# ਤਬਸਰਾ ਇਕ ਤਖ਼ਤਪੋਸ਼ ਦਾ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਇਸ ਨੂੰ ਇਤਫਾਕ ਵੀ ਕਿਹਾ ਜਾ ਸਕਦਾ ਹੈ ਅਤੇ ਦੋ ਦਿਲਾਂ ਵਿਚ ਲਰਜ਼ਦੀ ਬਿਜਲੀ ਦੀ ਰਊਂ ਵਰਗੀ ਕਿਸੇ ਚੀਜ਼ ਦਾ ਕਮਾਲ ਵੀ। ਇਸ ਅਦਭੁੱਤ ਰਊਂ ਦੇ ਇੱਧਰ-ਉਧਰ ਜਾਣ ਵਿਚ ਨਾ ਹਜ਼ਾਰਾਂ ਮੀਲਾਂ ਦੀਆਂ ਦੂਰੀਆਂ ਅੜਿੱਕਾ ਬਣਦੀਆਂ ਹਨ ਅਤੇ ਨਾ ਹੀ ਕੌਮੀ-ਕੌਮਾਂਤਰੀ ਸਰਹੱਦਾਂ ਕੋਈ ਰੋਕ ਖੜ੍ਹੀ ਕਰ ਸਕਦੀਆਂ ਹਨ। ਜਿਸ ਦੀ ਜ਼ਿੰਦਗੀ ਵਿਚ ਕਰਾਮਾਤ ਵਰਗਾ ਅਜਿਹਾ ਕੁਝ ਵਾਪਰਦਾ



*ਪਿੰਡ ਜਾਨੀਵਾਲ ਦੇ ਬਜ਼ੁਰਗ ਮਰਹੂਮ ਰਾਮ ਕਿਸ਼ਨ*

ਹੈ, ਉਹੀ ਇਸ ਅਲੌਕਿਕ ਸੱਚਾਈ ਦਾ ਆਨੰਦ ਮਾਣ ਸਕਦਾ ਹੈ। ਅਜਿਹੀਆਂ ਘਟਨਾਵਾਂ ਨੂੰ ਸੁਣਨ-ਪੜ੍ਹਨ ਵਾਲੇ ਹੈਰਾਨ ਹੀ ਹੋ ਸਕਦੇ ਹਨ।

ਮਾਮੂਲੀ ਜਿਹੀ ਗੱਲ ਤੋਂ ਚਿਣਗ ਫੁੱਟ ਪਈ। ਜਿਥੇ ਮੈਂ ਕੰਮ 'ਤੇ ਜਾਂਦਾ ਹਾਂ, ਉਸ ਦਫ਼ਤਰ ਵਾਲੇ ਲੱਕੜੀ ਦਾ ਨਵਾਂ ਬੈਡ ਬਣਵਾ ਕੇ ਲਿਆਏ। ਮੇਰੇ ਜਾਂਦੇ ਨੂੰ ਉਹ ਥਾਂ ਦੀ ਗਿਣਤੀ-ਮਿਣਤੀ ਕਰ ਕੇ ਇਸ ਨੂੰ ਸੈਟ ਕਰਨ ਦੀ ਜੁਗਤਿ ਬਣਾ ਰਹੇ ਸਨ। ਦਫ਼ਤਰ ਦੇ ਇਕ ਪਾਸੇ ਡਹੇ ਇਸ ਬੈਡ ਉਪਰ ਕੁਝ ਕਿਤਾਬਾਂ, ਰਜਿਸਟਰ ਅਤੇ ਦੋ ਗੁਲਦਸਤੇ ਰੱਖਣੇ ਸਨ। ਕੌਫੀ-ਕਲਰ ਵਾਲੇ ਇਸ ਲਿਸ਼ਕਵੇਂ ਬੈਡ ਦੀ ਬਣਾਵਟ ਕੁਝ ਅਜਿਹੀ ਸੀ ਜਿਵੇਂ ਸਾਡੇ ਪਿੰਡਾਂ ਵਿਚ ਪੁਰਾਣੇ ਸਮੇਂ ਤਖ਼ਤਪੋਸ਼ ਹੁੰਦੇ ਸਨ। ਪਿਛਲੇ ਪਾਸੇ ਛੋਟੀ ਜਿਹੀ ਢੋਅ ਬਣੀ ਹੋਈ ਜਿਵੇਂ ਕਿਸੇ ਨੇ ਗਦੈਲਾ ਲਾ ਕੇ ਬੈਠਣਾ ਹੋਵੇ। ਅਮਰੀਕਾ ਵਿਚ ਇਸ ਸੁੰਦਰ ਬੈਡ ਵੱਲ ਜੀਅ ਭਰ ਕੇ ਦੇਖਦਿਆਂ ਮੈਂ ਮਨ ਹੀ ਮਨ ਇਸ ਦਾ ਮੁਕਾਬਲਾ ਪੰਜਾਬ ਵਿਚ ਦੇਖੇ ਹੋਏ ਇਕ ਤਖ਼ਤਪੋਸ਼ ਨਾਲ ਕਰਨ ਲੱਗ ਪਿਆ।

ਉਹ ਤਖ਼ਤਪੋਸ਼ ਜਿਸ ਦੇ ਮੈਂ ਲਗਾਤਾਰ ਪੰਦਰਾਂ-ਸੋਲਾਂ ਵਰ੍ਹੇ 'ਸਾਲਾਨਾ ਦਰਸ਼ਨ' ਕਰਦਾ ਰਿਹਾ ਹਾਂ। ਰੰਗ-ਰੂਪ ਪੱਖੋਂ ਉਹ ਭਾਵੇਂ ਇਤਨਾ ਲਿਸ਼ਕਵਾਂ ਜਾਂ ਫੈਂਸੀ ਨਹੀਂ ਸੀ, ਪਰ ਬਣਤਰ ਅਤੇ ਆਕਾਰ ਪੱਖੋਂ ਉਹ ਵੀ ਇਹੋ ਜਿਹਾ ਈ ਸੀ। ਫਿਰ ਵੀ ਮੇਰੇ ਜ਼ਿਹਨ 'ਚ ਆਏ ਦੇਸੀ ਤਖ਼ਤਪੋਸ਼ ਦੀ ਇਤਿਹਾਸਕ ਮਹਾਨਤਾ, ਇਸ ਅਮਰੀਕੀ ਬੈਡ ਨਾਲੋਂ ਕਿਤੇ ਵੱਧ ਸੀ। ਪਹਿਲਾ ਵੱਡਾ ਫਰਕ ਤਾਂ ਨਾਮਕਰਨ ਵਾਲਾ ਹੀ ਹੋ ਗਿਆ। ਕਿੱਥੇ ਕੋਈ ਆਮ ਬੈਡ, ਤੇ ਕਿੱਥੇ ਸ਼ਾਹਾਨਾ ਠਾਠ ਵਾਲਾ ਨਾਂ ਤਖ਼ਤਪੋਸ਼।

ਹੁਣ ਜ਼ਰਾ ਇਸ ਤਖ਼ਤਪੋਸ਼ ਦਾ ਥਹੁ ਪਤਾ ਵੀ ਦੱਸ ਦਿਆਂ। ਸਾਡੇ ਪਿੰਡੋਂ ਚਹੁੰ-ਪੰਜਾਂ ਮੀਲਾਂ ਦੀ ਵਿੱਥ 'ਤੇ ਲਹਿੰਦੇ ਪਾਸੇ ਦੀ ਗੁੱਠ ਵਿਚ ਜਾਨੀਵਾਲ ਨਾਂ ਦਾ ਨਿੱਕਾ ਜਿਹਾ ਪਿੰਡ ਵਸਦਾ ਹੈ। ਸੰਨ 1977-78 ਵਿਚ ਉਸ ਪਿੰਡ ਦਾ ਰਾਮ ਕਿਸ਼ਨ ਨਾਂ ਦਾ ਸ਼ਰਧਾਲੂ ਸਿੱਖ ਕਿਤੇ ਮੇਰੇ ਪਿਤਾ ਜੀ ਨੂੰ ਮਿਲਿਆ। ਉਹ ਕਹਿਣ ਲੱਗਾ, ਰੌਲਿਆਂ ਵੇਲੇ ਤੋਂ ਹੁਣ ਤੱਕ ਉਹ ਆਪਣੇ ਘਰ ਹਰ ਸਾਲ ਸਹਿਜ ਪਾਠ ਕਰਵਾ ਰਹੇ ਹਾਂ ਜਿਸ ਦਾ ਭੋਗ ਗੁਰੂ ਨਾਨਕ ਪਾਤਸ਼ਾਹ ਜੀ ਦੇ ਜੋਤੀ-ਜੋਤਿ ਸਮਾਉਣ ਵਾਲੇ ਦਿਨ ਪਾਉਂਦੇ ਹਨ। ਕੋਈ ਦੋ ਕੁ ਦਹਾਕਿਆਂ ਤੋਂ ਸਾਡੇ ਘਰ ਸਾਲਾਨਾ ਪਾਠ ਕਰਨ ਵਾਲੇ ਬਾਬਾ ਜੀ ਕੁਝ ਸਾਲ ਹੋਏ ਚੜ੍ਹਾਈ ਕਰ ਗਏ ਹਨ। ਉਦੋਂ ਤੋਂ ਹੀ ਸਾਨੂੰ ਕੋਈ 'ਯਕੀਨ ਵਾਲਾ' ਭਾਈ ਸਾਹਿਬ ਨਹੀਂ ਮਿਲ ਰਿਹਾ। ਅਲੱਗ-ਅਲੱਗ ਭਾਈਆਂ ਤੋਂ ਪਾਠ ਤਾਂ ਹਰ ਸਾਲ ਕਰਵਾ ਰਹੇ ਹਾਂ ਪਰ ਸਾਨੂੰ ਕੋਈ ਸ਼ਰਧਾਵਾਨ ਭਾਈ ਨਹੀਂ ਮਿਲ ਸਕਿਆ।

ਉਦੋਂ ਕੁ ਮੇਰੀ ਸੰਥਿਆ ਤਾਂ ਪੂਰੀ ਹੋ ਚੁੱਕੀ ਸੀ ਪਰ ਇਸ ਤੋਂ ਇਲਾਵਾ ਮੈਂ ਹਾਲੇ ਸੰਪੂਰਨ ਸਹਿਜ ਪਾਠ ਨਹੀਂ ਸੀ ਕੀਤਾ। ਸੋ, ਮੇਰੇ ਪਿਤਾ ਜੀ ਨੇ ਮੈਨੂੰ ਹੁਕਮ ਸੁਣਾ ਦਿੱਤਾ ਕਿ ਐਤਕੀਂ ਜਾਨੀਵਾਲ ਜਾ ਕੇ ਤੂੰ ਪਾਠ ਕਰਨਾ ਹੈਂ। ਉਹ ਕਹਿਣ ਲੱਗੇ ਕਿ ਨਾਲੇ ਤੇਰਾ ਪਾਠ ਸਰਲ ਹੋ ਜਾਏਗਾ ਤੇ ਨਾਲੇ ਤੇਰਾ ਝਾਕਾ ਖੁੱਲ੍ਹੇਗਾ। ਮਿੱਥੇ ਹੋਏ ਪ੍ਰੋਗਰਾਮ ਮੁਤਾਬਕ ਮੈਂ ਜਾਨੀਵਾਲ ਭਾਈ ਰਾਮ ਕਿਸ਼ਨ ਹੁਣਾਂ ਦੇ ਘਰ ਜਾ ਪਹੁੰਚਾ।

ਜਦ ਮੈਂ ਜਾ ਕੇ ਦੇਖਿਆ, ਉਨ੍ਹਾਂ ਦਾ ਸਾਰਾ ਟੱਬਰ ਤਖ਼ਤਪੋਸ਼ ਦੀ ਸਫ਼ਾਈ ਕਰਨ ਰੁੱਝਾ ਹੋਇਆ ਸੀ। ਪੁਰਾਣੇ ਬਜ਼ੁਰਗਾਂ ਵਾਂਗ ਹੱਥ 'ਚ ਖੂੰਡਾ ਫੜ ਕੇ ਖੜ੍ਹਾ ਭਾਈ ਰਾਮ ਕਿਸ਼ਨ ਸਾਰੇ ਨਿਆਣਿਆਂ-ਸਿਆਣਿਆਂ ਨੂੰ ਹਦਾਇਤਾਂ ਦੇਈ ਜਾ ਰਿਹਾ ਸੀ, "ਓਏ ਫਲਾਣਿਆ, ਤੇਰਾ ਸਿਰ ਨੰਗਾ ਹੋ ਗਿਆ...ਸਾਫਾ ਸੁਆਰ ਕੇ ਬੰਨ੍ਹ...ਕੁੜੇ ਗਿੱਲਾ ਤੌਲੀਆ ਤਖ਼ਤਪੋਸ਼ ਦੇ ਪਾਵਿਆਂ ਉਪਰ ਫੇਰ...ਅਹਿ ਕਾਲਾ ਜਿਹਾ ਦਾਗ਼ ਰਹਿ ਗਿਆ...ਇਹਨੂੰ ਸੋਢਾ ਪਾ ਕੇ ਰਗੜੋ...ਤੂੰ ਪਾਣੀ ਦੀ ਬਾਲਟੀ ਹੋਰ ਲਿਆ ਬਈ...।" ਕਦੇ ਕਿਸੇ ਨੂੰ ਕੜਕ ਕੇ ਪੈ ਜਾਂਦਾ, "ਓਏ ਭੱਜਿਆ, ਪਰ੍ਹੇ ਨੂੰ ਮੂੰਹ ਕਰ ਕੇ ਛਿੱਕ! ਉਪਰ ਈ 'ਛੜੀਂਹ ਛੜੀਂਹ' ਕਰੀ ਜਾਨੈਂ!!"



*ਰਾਮ ਕਿਸ਼ਨ ਦੇ ਟੱਬਰ ਦੇ ਜੀਅ*

ਧੁੱਪੇ ਸੁਕਾ ਕੇ ਤਖ਼ਤਪੋਸ਼ ਅੰਦਰ ਡਾਹਿਆ ਗਿਆ। ਅਣਲੱਗ ਬਿਸਤਰਾ ਵਿਛਾ ਕੇ ਸਹਿਜ ਪਾਠ ਅਰੰਭ ਕਰ ਦਿੱਤਾ ਗਿਆ। ਸਤੰਬਰ ਦੇ ਅਖੀਰ 'ਚ ਆਉਂਦੇ ਪਹਿਲੇ ਪਾਤਸ਼ਾਹ ਦੇ ਜੋਤੀ-ਜੋਤਿ ਸਮਾਉਣ ਵਾਲੇ ਪੁਰਬ 'ਤੇ ਸਹਿਜ ਪਾਠ ਦਾ ਭੋਗ ਪਾਇਆ ਗਿਆ। ਉਸ ਪਹਿਲੇ ਪਾਠ ਦੌਰਾਨ, ਗੁਰਬਾਣੀ ਉਚਾਰਨ ਦਾ ਮੇਰਾ ਲਹਿਜਾ ਤੇ ਰਹਿਤ-ਬਹਿਤ, ਉਨ੍ਹਾਂ ਨੂੰ ਇੰਨੀ ਪਸੰਦ ਆਈ ਕਿ ਉਦੋਂ ਤੋਂ ਸੰਨ 1995-96 ਤੱਕ, ਹਰ ਸਾਲ ਬਿਲਾਨਾਗਾ, ਮੈਂ ਉਨ੍ਹਾਂ ਦੇ ਘਰ ਸਹਿਜ ਪਾਠ ਦਾ ਭੋਗ ਪਾਉਂਦਾ ਰਿਹਾ। ਹਾਂ, ਇਕ ਨਾਗਾ ਸਤੰਬਰ 1988 'ਚ ਉਦੋਂ ਪਿਆ ਜਦੋਂ ਭਾਰੀ ਹੜ੍ਹ ਆਏ ਸਨ।

ਕੱਚੇ ਕੋਠਿਆਂ ਵਿਚ ਰਹਿਣ ਵਾਲੇ ਭਾਈ ਰਾਮ ਕਿਸ਼ਨ ਦੇ ਪਰਿਵਾਰ ਵਿਚ ਸਹਿਜ ਪਾਠ ਦੌਰਾਨ ਗੁਰਬਾਣੀ ਕਿੰਨੀ ਸ਼ਰਧਾ ਨਾਲ ਸੁਣੀ ਜਾਂਦੀ ਸੀ, ਕਿਵੇਂ ਸ਼ਾਮ ਨੂੰ ਰਹਿਰਾਸ ਦੇ ਪਾਠ ਉਪਰੰਤ ਘੜਿਆਲ ਵਜਾ ਕੇ ਸਾਰੇ ਪਿੰਡ ਦੀ ਸੰਗਤ ਇਕੱਠੀ ਕੀਤੀ ਜਾਂਦੀ ਸੀ, ਚਾਹ ਛਕਾਉਣ ਬਾਅਦ ਗਈ ਰਾਤ ਤੱਕ ਕਿਵੇਂ ਉਹ ਮੈਥੋਂ ਕਥਾ-ਵਿਚਾਰ ਸੁਣਦੇ ਹੁੰਦੇ ਸਨ, ਕਿਵੇਂ ਉਹ ਸਾਰਾ ਟੱਬਰ ਵਾਰੀ-ਵਾਰੀ ਘੰਟਿਆਂ ਬੱਧੀ ਗੁਰੂ ਮਹਾਰਾਜ ਨੂੰ ਚੌਰ ਝੁਲਾਉਂਦੇ ਹੁੰਦੇ ਸਨ, ਭੋਗ ਉਪਰੰਤ ਚਲਾਏ ਜਾਂਦੇ ਖੁੱਲ੍ਹੇ ਲੰਗਰ ਵਿਚ ਕਿਵੇਂ ਉਹ ਸਾਰੇ ਜੀਅ ਹੱਥੀਂ ਸੇਵਾ ਕਰਦੇ ਹੁੰਦੇ ਸਨ ਅਤੇ ਮੈਨੂੰ ਅਣ-ਵਿਆਹਿਆ ਹੋਣ ਦੇ ਬਾਵਜੂਦ 'ਬਾਬਾ ਜੀ-ਬਾਬਾ ਜੀ' ਕਹਿੰਦਿਆਂ ਕਿਵੇਂ ਉਨ੍ਹਾਂ ਦਾ ਮੂੰਹ ਸੁੱਕਦਾ ਹੁੰਦਾ ਸੀ?...ਇਹ ਸਾਰੀਆਂ ਗੱਲਾਂ ਜੇ ਮੈਂ ਰਤਾ ਵਿਸਥਾਰ ਨਾਲ ਲਿਖਾਂ ਤਾਂ ਸ਼ਾਇਦ ਉਨ੍ਹਾਂ 'ਮਾਡਰਨ ਸਿੱਖਾਂ' ਨੂੰ ਸੰਗ ਆਉਣ ਲੱਗ ਪਵੇਗੀ ਜਿਹੜੇ ਆਪਣੇ ਘਰੋਂ ਬਾਹਰ ਕਿਤੇ ਦੂਰ-ਦੁਰਾਡੇ ਦੇ ਡੇਰੇ ਵਿਚ 'ਕੋਤਰੀਆਂ ਦੀਆਂ ਲੜੀਆਂ ਵਿਚ ਅਣਜਾਣੇ ਪਾਠੀਆਂ ਕੋਲੋਂ 'ਚੁੱਪ-ਗੜੁੱਪੇ ਅਖੰਡ ਪਾਠ' ਕਰਵਾ ਕੇ ਆਪਣੇ-ਆਪ ਨੂੰ ਵੱਡੇ 'ਸ਼ਰਧਾਲੂ ਸਿੱਖ' ਜਾਂ 'ਗੁਰਬਾਣੀ ਪ੍ਰੇਮੀ' ਸਮਝਣ ਲੱਗ ਪੈਂਦੇ ਹਨ।

ਉਂਜ ਵੀ ਹਥਲੇ ਲੇਖ ਦਾ ਇਹ ਵਿਸ਼ਾ ਨਹੀਂ। ਇੱਥੇ ਤਾਂ ਮੈਂ ਜਾਨੀਵਾਲ ਪਿੰਡ ਦੇ ਤਖ਼ਤਪੋਸ਼ ਬਾਰੇ ਤਬਸਰਾ ਕਰ ਰਿਹਾਂ। ਗੁਰਪੁਰਬ ਵਾਲੇ ਦਿਨ ਭੋਗ ਪੈਣ ਉਪਰੰਤ ਜਿਉਂ ਹੀ ਗੁਰੂ ਮਹਾਰਾਜ ਦੀ ਸਵਾਰੀ ਗੁਰਦੁਆਰੇ ਪਹੁੰਚਾਈ ਜਾਂਦੀ, ਭਾਈ ਰਾਮ ਕਿਸ਼ਨ ਸਭ ਤੋਂ ਪਹਿਲਾਂ ਇਹ ਕੰਮ ਕਰਦੇ-ਤਖ਼ਤਪੋਸ਼ ਉਪਰ ਮੋਮਜਾਮਾ ਲਪੇਟ ਕੇ ਉਸ ਨੂੰ ਵੱਡੇ ਸੰਦੂਕ ਉਪਰ ਮੂਧਾ ਮਾਰ ਦਿੱਤਾ ਜਾਂਦਾ। ਪੂਰੇ ਸਾਲ ਬਾਅਦ ਪਾਠ ਅਰੰਭ ਕਰਨ ਵਾਲੇ ਦਿਨ ਉਸ ਨੂੰ ਹੇਠਾਂ ਲਾਹਿਆ ਜਾਂਦਾ। ਸਿਰਫ਼ ਤੇ ਸਿਰਫ਼ ਉਸ ਨੂੰ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਨ ਲਈ ਹੀ ਵਰਤਿਆ ਜਾਂਦਾ। ਨਿੱਕੀ-ਨਿੱਕੀ ਗੱਲ ਪਿੱਛੇ ਵੀ ਅਸੂਲਪ੍ਰਸਤੀ 'ਤੇ ਦ੍ਰਿੜ ਰਹਿਣ ਵਾਲੇ ਭਾਈ ਰਾਮ ਕਿਸ਼ਨ ਨੇ ਇਕ ਵਾਰ ਗੁਆਂਢੀਆਂ ਦੀ ਮੰਗ 'ਤੇ ਤਖ਼ਤਪੋਸ਼ ਪਾਠ ਰੱਖਣ ਲਈ ਦੇ ਦਿੱਤਾ। ਉਨ੍ਹਾਂ ਨੇ ਭੋਗ ਤੋਂ ਬਾਅਦ ਤਖ਼ਤਪੋਸ਼ ਆਮ ਮੰਜਿਆਂ ਵਾਂਗ ਆਪਣੇ ਵਿਹੜੇ ਵਿਚ ਡਾਹ ਦਿੱਤਾ। ਲੋਹਾ-ਲਾਖਾ ਹੋਇਆ ਭਾਈ ਰਾਮ ਕਿਸ਼ਨ ਗੁਆਂਢੀਆਂ ਨੂੰ ਤੱਤੀਆਂ-ਠੰਢੀਆਂ ਸੁਣਾ ਕੇ ਉਸੇ ਵੇਲੇ ਤਖ਼ਤਪੋਸ਼ ਘਰੇ ਚੁਕਵਾ ਲਿਆਇਆ। ਬੱਸ, ਉਸ ਦਿਨ ਤੋਂ ਬਾਅਦ ਉਹ ਤਖ਼ਤਪੋਸ਼ ਸਤੰਬਰ ਵਿਚ ਹੀ ਸੰਦੂਕ ਉਪਰੋਂ ਉਤਰਦਾ।



*ਸੁੱਖਾਂ ਲੱਧਾ ਤਖ਼ਤਪੋਸ਼ ਜੋ ਰਾਮ ਕਿਸ਼ਨ ਨੇ ਬਣਵਾਇਆ ਸੀ*

ਹੁਣ ਸੁਣੋ ਇਸ ਸੁਲੱਖਣੇ ਤਖ਼ਤਪੋਸ਼ ਬਾਰੇ ਇਤਫਾਕੀਆ ਮੌਕਾ-ਮੇਲ ਦੀਆਂ ਦੋ ਦਿਲਚਸਪ ਅਤੇ ਹੈਰਾਨਕੁਨ ਗੱਲਾਂ। ਇਸੇ ਪਿੰਡ ਜਾਨੀਵਾਲ ਦਾ ਵਸਨੀਕ ਸ. ਕਾਬਲ ਸਿੰਘ ਕਈ ਦਹਾਕਿਆਂ ਤੋਂ ਜਰਮਨੀ ਰਹਿੰਦਾ ਹੈ। ਪੁੱਤ-ਪੋਤਰਿਆਂ ਵਾਲਾ ਇਹ ਨਿਹਾਇਤ ਸ਼ਰੀਫ ਸੱਜਣ ਲੰਮੇ ਅਰਸੇ ਤੋਂ ਮੇਰਾ ਭਰਾਵਾਂ ਵਰਗਾ ਦੋਸਤ ਹੈ। ਕਦੇ-ਕਦਾਈਂ ਪਿੰਡ ਗਿਆਂ ਦੇ ਸਬੱਬੀ ਮੇਲੇ ਵੀ ਹੋ ਜਾਂਦੇ ਹਨ। ਫੋਨ ਰਾਹੀਂ ਅਸੀਂ ਗਾਹੇ-ਬਗਾਹੇ ਲੰਮੀਆਂ ਗੱਲਾਂਬਾਤਾਂ ਕਰਦੇ ਹੀ ਰਹੀਦਾ ਹੈ।

ਜਿਸ ਵੇਲੇ ਅਮਰੀਕਾ ਵਿਚ ਕੰਮ 'ਤੇ ਬੈਠਾ ਮੈਂ ਸਾਹਮਣੇ ਪਏ ਲਿਸ਼ਕਾਂ ਮਾਰਦੇ ਬੈਡ ਵੱਲ ਦੇਖ ਕੇ ਜਾਨੀਵਾਲ ਵਾਲੇ ਤਖ਼ਤਪੋਸ਼ ਵਿਚ ਖੁੱਭਿਆ ਹੋਇਆ ਸਾਂ, ਉਸੇ ਵਕਤ ਮੈਨੂੰ ਜਰਮਨੀ ਤੋਂ ਵੀਰ ਕਾਬਲ ਸਿੰਘ ਦਾ ਫੋਨ ਆ ਗਿਆ, "ਕੁਛ ਲਿਖ ਰਹੇ ਓਂ ਜਾਂ ਪੜ੍ਹ ਰਹੇ ਓਂ?" ਹਮੇਸ਼ਾ ਵਾਂਗ ਉਨ੍ਹਾਂ ਮੈਨੂੰ ਇਹੀ ਸਵਾਲ ਕੀਤਾ।

"ਨਾ ਲਿਖ ਰਿਹਾਂ ਤੇ ਨਾ ਕੁਝ ਪੜ੍ਹ ਰਿਹਾਂ। ਮੈਂ ਤਾਂ ਤੁਹਾਡੇ ਪਿੰਡ ਵਾਲੇ ਤਖ਼ਤਪੋਸ਼ ਦੀ ਯਾਦ ਵਿਚ ਡੁੱਬਾ ਬੈਠਾਂ।"

"ਸਾਡੇ ਪਿੰਡ ਦਾ ਤਖ਼ਤਪੋਸ਼?" ਬੜੀ ਹੈਰਾਨੀ ਨਾਲ ਪੁੱਛੇ ਇਸ ਸਵਾਲ ਦੇ ਜਵਾਬ ਵਿਚ ਜਦ ਮੈਂ ਉਨ੍ਹਾਂ ਦੇ ਪਿੰਡ ਵਾਲੇ ਭਾਈ ਰਾਮ ਕਿਸ਼ਨ ਦੇ ਪਰਿਵਾਰ ਵੱਲੋਂ ਕਿਸੇ 'ਪਵਿੱਤਰ ਵਸਤੂ' ਵਾਂਗ ਸਾਂਭੇ ਪਏ ਤਖ਼ਤਪੋਸ਼ ਦੀ ਵਿਸਥਾਰ ਨਾਲ ਵਾਰਤਾ ਸੁਣਾਈ ਤਾਂ ਕਾਬਲ ਸਿੰਘ ਇਕਦਮ ਚਹਿਕਦਿਆਂ ਬੋਲੇ, "ਓ ਹੋ-ਅ, ਭਾਈ ਸਾਹਿਬ ਜੀ!...ਉਸ ਤਖ਼ਤਪੋਸ਼ ਦਾ ਇਤਿਹਾਸ ਤੁਸੀਂ ਮੈਥੋਂ ਸੁਣੋ...!!"

ਉਸ ਨੇ ਦੱਸਿਆ ਕਿ ਸੰਨ 1947 ਦੇ ਲਾਗੇ-ਚਾਗੇ ਰਾਮ ਕਿਸ਼ਨ ਹੁਣਾਂ ਆਪਣੇ ਖੇਤਾਂ 'ਚੋਂ ਟਾਹਲੀ ਵੱਢੀ। ਟਾਹਲੀ ਨਿਕਲੀ ਕਾਲੀ ਸ਼ਾਹ! ਭੋਰਾ ਵੀ ਧੌਲ ਹੈ ਨਾ ਉਹਦੇ ਵਿਚ। ਗੱਡੇ ਉਪਰ ਲੱਦ ਕੇ ਕਿਤੇ ਦੂਰੋਂ ਉਹਦੇ ਫੱਟੇ ਚਿਰਵਾ ਕੇ ਲਿਆਏ। ਮੇਰੇ ਭਾਪੇ ਨੂੰ ਆ ਕੇ ਕਹਿਣ ਲੱਗਾ, 'ਨਿਹੰਗ ਸਿੰਘ ਜੀ, ਅਸੀਂ ਤਖ਼ਤਪੋਸ਼ ਬਣਾਉਣਾ ਐ, ਸਿਰਫ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਕਰਨ ਵਾਸਤੇ। ਕੀਲ-ਕੁੰਡਾ ਵਧੀਆ ਲਾ ਕੇ ਜ਼ਰਾ ਨਿਹਚਾ ਨਾਲ ਬਣਾ ਦੇ...।' ਲਉ ਜੀ, ਅਸੀਂ ਦੋਏ ਭਰਾ ਸੀਗੇ ਨਿਆਣੀ ਉਮਰ ਦੇ। ਟਾਹਲੀ ਪਈ ਲੋਹੇ ਵਰਗੀ, ਰੰਦਾ ਖਿਚ-ਖਿਚ ਸਾਡੀ ਬੱਸ ਹੋ ਜਾਣੀ। ਸਾਡੇ ਭਾਪਾ ਜੀ ਨੇ ਬੜੀ ਮਿਹਨਤ, ਲਗਨ ਤੇ ਸ਼ਰਧਾ ਨਾਲ ਉਹ ਤਖ਼ਤਪੋਸ਼ ਬਣਾ ਕੇ ਚਾਚੇ ਰਾਮ ਕਿਸ਼ਨ ਹੁਣਾਂ ਨੂੰ ਦਿੱਤਾ।

ਤਖ਼ਤਪੋਸ਼ ਦੀ ਹਿਸਟਰੀ ਸੁਣ ਕੇ ਮੇਰੇ ਮਨ ਵਿਚ ਵੈਰਾਗ ਆ ਗਿਆ। ਉਸ ਨੂੰ ਬਣਾਉਣ ਵਾਲੇ ਨਿਹੰਗ ਕਰਤਾਰ ਸਿੰਘ ਨੂੰ ਗੁਜ਼ਰਿਆਂ ਜੁੱਗੜੇ ਵਿਹਾ ਗਏ ਨੇ, ਤਖ਼ਤਪੋਸ਼ ਨੂੰ ਜਿੰਦ-ਜਾਨ ਵਾਂਗ ਸਾਂਭ-ਸਾਂਭ ਰੱਖਣ ਵਾਲਾ ਰਾਮ ਕਿਸ਼ਨ ਵੀ ਜਾਨੀਵਾਲ ਨੂੰ ਅਲਵਿਦਾ ਕਹਿ ਗਿਆ ਹੋਇਐ। ਉਦਾਸੀ 'ਚ ਮੈਂ ਸੋਚਣ ਲੱਗਾ ਕਿ ਕੈਸਾ ਅਜਬ ਤਮਾਸ਼ਾ ਹੈ। ਬੰਦੇ ਦੀ ਕਿਰਤ ਦੀ ਤਾਂ ਕੋਈ ਮੁਨਿਆਦ ਹੈ, ਲੇਕਿਨ ਬੰਦੇ ਦੀ ਕੋਈ ਮੁਨਿਆਦ ਨਹੀਂ।

ਮਨੁੱਖੀ ਕਿਰਤ ਦੀ ਮੁਨਿਆਦ ਵੀ ਕਿੰਨੀ ਕੁ ਹੋ ਸਕਦੀ ਹੈ? ਦਿਲ 'ਚ ਮੋੜਵਾਂ ਸਵਾਲ ਉਠਦਿਆਂ ਹੀ ਫੁਰਨਾ ਫੁਰਿਆ ਕਿ ਕਿਉਂ ਨਾ ਜਾਨੀਵਾਲ ਨੂੰ ਫੋਨ ਕਰ ਕੇ ਪੁੱਛਿਆ ਜਾਵੇ ਕਿ ਉਸ ਤਖ਼ਤਪੋਸ਼ ਦੀ ਕੋਈ ਬਚਦੀ-ਖੁਚਦੀ ਨਿਸ਼ਾਨੀ ਵੀ ਹੈ ਕਿ ਉਹ ਵੀ...?

ਜਾਨੀਵਾਲ ਨੂੰ ਫੋਨ ਕਰਿਆ। ਮੇਰਾ ਨਾਂ ਸੁਣ ਕੇ ਭਾਈ ਰਾਮ ਕਿਸ਼ਨ ਦੀ ਛੋਟੀ ਨੂੰਹ ਜੋ ਖੁਦ ਹੁਣ ਇਕ ਨੂੰਹ ਅਤੇ ਇਕ ਜਵਾਈ ਦੀ ਸੱਸ ਬਣੀ ਹੋਈ ਹੈ, ਝੱਟ ਬੋਲੀ, "ਭਾਅ ਜੀ, ਤੁਹਾਡੀ ਉਮਰ ਬੜੀ ਲੰਮੀ ਐ! ਹਾਲੇ ਕੱਲ੍ਹ ਦੀ ਗੱਲ ਹੈ, ਜਦ ਅਸੀਂ ਭੋਗ ਤੋਂ ਬਾਅਦ ਤਖ਼ਤਪੋਸ਼ ਨੂੰ ਚੁੱਕ ਕੇ ਪਾਸੇ ਰੱਖ ਰਹੇ ਸੀ ਤਾਂ ਅਸੀਂ ਕਿੰਨਾ ਚਿਰ ਤੁਹਾਡੀਆਂ ਗੱਲਾਂ ਕਰਦੇ ਰਹੇ...!"

ਬੈਠੇ ਨੂੰ ਈ ਧਰਵਾਸ ਜਿਹਾ ਆ ਗਿਆ।

ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

Wifi Radio ਦੁਨੀਆਂ ਭਰ ਵਿਚ ਚਲਦਾ ਹੈ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

> Preet Fabric, Fremont > Kash Fabrics, Hayward
> Sidhartha International, Fremont
>Shalimar, Union City >Mann Grocery Market, Yuba City

ਰੇਡੀਓ ਤੁਸੀਂ ਫੋਨ
832-551-5038
510-972-0442
'ਤੇ ਵੀ ਸੁਣ ਸਕਦੇ ਹੋ

Khalsa Radio
"Independent Voice"
ਗੁਰਬਾਣੀ ਪ੍ਰੋਗਰਾਮ 24/7/365
ਫੋਨ 'ਤੇ ਸੁਣੋ 702-489-0222
www.khalsaradio.org Info@khalsaradio.org

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 510-900-3600

Radio CK, PO Box 296, Fremont, CA 94537




*ਸ੍ਰੀ ਅਜੇ ਜੈਨ ਭੁਟੋਰੀਆ (ਲਾਲ ਟਾਈ) ਪੁਰਸਕਾਰ ਲੈਣ ਪਿਛੋਂ ਬਾਬ ਵਿਕੋਸਕੀ, ਮੇਅਰ ਨੇਗੀ ਤੇ ਭਾਈਚਾਰਕ ਆਗੂਆਂ ਨਾਲ*

# ਮੰਗਲ ਗ੍ਰਹਿ ‘ਤੇ ਮਿਲੇ ਪਾਣੀ ਦੇ ਸਬੂਤ

**ਵਾਸ਼ਿੰਗਟਨ:** ਨਾਸਾ ਕਿਓਰੋਸਿਟੀ ਰੋਵਰ ਨੇ ਮੰਗਲ ਗ੍ਰਹਿ ਉਪਰ ਕਦੇ ਤੇਜ਼ ਵਹਾਅ ਵਾਲੇ ਪਾਣੀ ਦੀ ਧਾਰਾ ਦਾ ਸਬੂਤ ਖੋਜਿਆ ਹੈ। ਰੋਵਰ ਨੇ ਗ੍ਰਹਿ ਦੀ ਸਤਹਿ ਉਪਰ ਬਜਰੀ ਵੀ ਖੋਜੀ ਹੈ ਜੋ ਕਦੇ ਪਾਣੀ ਦੀ ਧਾਰਾ ਨਾਲ ਵਹਿ ਕੇ ਆਈ ਹੋਵੇਗੀ। ਨਾਸਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਗ੍ਰਹਿ ਉਪਰ ਕਦੇ ਪਾਣੀ ਹੋਣ ਦਾ ਸਬੂਤ ਲੱਭਿਆ ਗਿਆ ਸੀ ਪਰ ਪਹਿਲੀ ਵਾਰ ਚਟਾਨਾਂ ਦੀਆਂ ਨਵੀਆਂ ਤਸਵੀਰਾਂ ਵਿਚ ਬਜਰੀ ਦਿਖਦੀ ਹੈ। ਬਰਕਲੇ ਸਥਿਤ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਸਹਿ-ਜਾਂਚਕਰਤਾ ਵਿਲੀਅਮ ਡਾਇਰਿਚ ਨੇ ਕਿਹਾ ਕਿ ਉਥੇ ਮਿਲੀ ਬਜਰੀ ਦੇ ਅਕਾਰ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪਾਣੀ ਦਾ ਵਹਾਅ ਤਿੰਨ ਫੁੱਟ ਪ੍ਰਤੀ ਸੈਕਿੰਡ ਰਿਹਾ ਹੋਵੇਗਾ। ਇਸ ਦੀ ਡੂੰਘਾਈ ਗਿੱਟੇ ਤੋਂ ਲੱਕ ਤੱਕ ਰਹੀ ਹੋਵੇਗੀ। ਇਹ ਪਹਿਲੀ ਵਾਰ ਹੈ ਕਿ ਵੇਖਿਆ ਹੈ ਕਿ ਮੰਗਲ ‘ਤੇ ਪਾਣੀ ਦੇ ਵਹਾਅ ਨਾਲ ਬਜਰੀ ਇਕ ਥਾਂ ਤੋਂ ਦੂਜੇ ਸਥਾਨ ‘ਤੇ ਪੁੱਜੀ। ਨਾਸਾ ਨੇ ਕਿਹਾ ਕਿ ਇਨ੍ਹਾਂ ਚਟਾਨਾਂ ਦਾ ਅਕਾਰ ਇਸ ਧਾਰਾ ਦੀ ਗਤੀ ਤੇ ਡੂੰਘਾਈ ਦਾ ਅੰਦਾਜ਼ਾ ਦਿੰਦਾ ਹੈ।

ਰੋਵਰ ਵੱਲੋਂ ਭੇਜੀਆਂ ਗਈਆਂ ਤਸਵੀਰਾਂ ਵਿਚ ਇਕ ਦੂਜੇ ਨਾਲ ਜੁੜੇ ਪੱਥਰ ਚਟਾਨਾਂ ਦੀ ਸਤਹਿ ਦੇ ਵਿਚਾਲੇ ਮਿਲਦੇ ਹਨ। ਇਹ ਤਸਵੀਰ ਗੇਲ ਨਾਮਕ ਖੱਡੇ ਦੇ ਉੱਤਰੀ ਭਾਗ ਵਿਚ ਸ਼ਾਰਪ ਨਾਮੀ ਪਹਾੜ ਦੇ ਆਧਾਰ ਵਿਚਾਲੇ ਦੀ ਹੈ। ਇਸ ਮੁਹਿੰਮ ਨਾਲ ਜੁੜੇ ਇਕ ਵਿਗਿਆਨੀ ਨੇ ਕਿਹਾ ਹੈ ਕਿ ਸਤਹਿ ਤੋਂ ਕੱਢਿਆ ਗਿਆ ਚਟਾਨੀ ਅੰਸ਼ ਅਜਿਹਾ ਦਿਖਦਾ ਹੈ ਜਿਵੇਂ ਕਿਸੇ ਨੇ ਫੁਟਪਾਥ ਦੀ ਇਕ ਪੱਟੀ ਉਪਰ ਹਥੌੜਾ ਮਾਰ ਕੇ ਉਸ ਨੂੰ ਬਣਾਇਆ ਹੋਵੇ। ਇਹ ਰੋਵਰ ਮੰਗਲ ਦੀ ਸਤਹਿ ਉਪਰ ਜੀਵਨ ਦੀ ਸੰਭਾਵਨਾ ਦੀ ਤਲਾਸ਼ ਲਈ ਦੋ ਸਾਲਾਂ ਲਈ ਉਥੇ ਭੇਜਿਆ ਗਿਆ ਹੈ। ਇਹ ਵੀ ਪਤਾ ਲਾਇਆ ਜਾਵੇਗਾ ਕਿ ਕਦੇ ਮੰਗਲ ਗ੍ਰਹਿ ‘ਤੇ ਜੀਵਨ ਦੇ ਅਨੁਕੂਲ ਹਾਲਾਤ ਸਨ।

# ਅਜੇ ਜੈਨ ਭੁਟੋਰੀਆ ਦਾ ਵਿਸ਼ੇਸ਼ ਸਨਮਾਨ

**ਯੂਨੀਅਨ ਸਿਟੀ (ਬਿਊਰੋ):** ਗਲੋਬਲ ਆਰਗੇਨਾਈਜੇਸ਼ਨ ਫਾਰ ਪੀਪਲ ਆਫ ਇੰਡੀਅਨ ਓਰੀਜ਼ਨ (ਗੋਪੀਓ), ਸਿਲੀਕਾਨ ਵੈਲੀ ਦੇ ਪ੍ਰਧਾਨ ਅਤੇ ਗਲੋਬਲ ਬਿਜਨਸ ਕੰਸਲਟਿੰਗ ਸਰਵਿਸ ਦੇ ਮਾਲਕ ਸ੍ਰੀ ਅਜੇ ਜੈਨ ਭੁਟੋਰੀਆ ਦਾ ਕੈਲੀਫੋਰਨੀਆ ਸਟੇਟ ਅਸੈਂਬਲੀ ਵਲੋਂ ਏਸ਼ੀਅਨ ਅਮੈਰਿਕਨ ਪੈਸੇਫਿਕ ਲੀਡਰਸ਼ਿਪ ਐਵਾਰਡ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹ ਪੁਰਸਕਾਰ ਉਨ੍ਹਾਂ ਨੂੰ ਭਾਈਚਾਰਕ ਸੇਵਾਵਾਂ ਬਦਲੇ ਦਿੱਤਾ ਗਿਆ ਹੈ।

ਸ੍ਰੀ ਭੁਟੋਰੀਆ ਨੂੰ ਇਹ ਐਵਾਰਡ ਕੈਲੀਫੋਰਨੀਆ ਸਟੇਟ ਅਸੈਂਬਲੀ ਵਲੋਂ ਅਸੈਂਬਲੀ ਮੈਂਬਰ ਬਾਬ ਵਿਕੋਸਕੀ ਅਤੇ ਨਿਊ ਆਰਕ ਸਿਟੀ ਦੇ ਮੇਅਰ ਐਲਨ ਨੇਗੀ ਵਲੋਂ ਇਥੇ 20 ਸਤੰਬਰ ਨੂੰ ਹੋਏ ਇਕ ਸਮਾਗਮ ਦੌਰਾਨ ਸਾਂਝੇ ਤੌਰ ‘ਤੇ ਦਿੱਤਾ ਗਿਆ। ਇਸ ਸਮਾਗਮ ਸਮੇਂ ਭਾਰਤੀ ਤੇ ਅਮਰੀਕਨ ਭਾਈਚਾਰੇ ਦੇ ਕੋਈ 200 ਆਗੂ ਮੌਜੂਦ ਸਨ।

# ਅਸਾਂਜੇ ਤੇ ਵਿਕੀਲੀਕਸ ਅਮਰੀਕਾ ਦੇ ਦੁਸ਼ਮਣ ਕਰਾਰ

**ਸੰਯੁਕਤ ਰਾਸ਼ਟਰ:** ਵੈੱਬਸਾਈਟ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜੇ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ‘ਤੇ ਦੋਸ਼ ਲਾਇਆ ਹੈ ਉਹ ਅਰਬ ਦੇ ਲੋਕ ਵਿਦਰੋਹ ਦਾ ਇਸਤੇਮਾਲ ਆਪਣੇ ਨਿੱਜੀ ਰਾਜਨੀਤਕ ਲਾਭ ਲਈ ਕਰਨ ਦਾ ਯਤਨ ਕਰ ਰਹੇ ਹਨ। ਜਦੋਂਕਿ ਅਮਰੀਕੀ ਫੌਜ ਨੇ ਅਸਾਂਜੇ ਤੇ ਵਿਕੀਲੀਕਸ ਨੂੰ ਅਮਰੀਕਾ ਦੇ ਦੁਸ਼ਮਣ ਕਰਾਰ ਦਿੱਤਾ ਹੈ।



ਅਸਾਂਜੇ ਨੇ ਇਹ ਦੋਸ਼ ਲੰਡਨ ਵਿਚ ਸਫਾਰਤਖਾਨੇ ਤੋਂ ਸੰਯੁਕਤ ਰਾਸ਼ਟਰ ਦੀ ਬੈਠਕ ਵਿਚ ਵੀਡੀਓ ਸੰਪਰਕ ਰਾਹੀਂ ਸੰਬੋਧਨ ਕਰਦਿਆਂ ਲਾਇਆ। ਅਸਾਂਜੇ ਨੇ ਲੰਡਨ ਸਥਿਤ ਇਕਵਾਡੋਰ ਸਫਾਰਤਖਾਨੇ ਵਿਚ ਪਨਾਹ ਲਈ ਹੋਈ ਹੈ ਤੇ ਉਹ 19 ਜੂਨ ਤੋਂ ਲੰਡਨ ਦੀ ਪੁਲਿਸ ਦੀ ਪਹੁੰਚ ਤੋਂ ਦੂਰ ਹੈ। ਉਸ ਨੇ ਜਿਸਮਾਨੀ ਸ਼ੋਸ਼ਣ ਦੇ ਦੋਸ਼ ਵਿਚ ਸਵੀਡਨ ਦੇ ਹਵਾਲੇ ਹੋਣ ਤੋਂ ਬਚਾਅ ਲਈ ਇਕਵਾਡੋਰ ਸਫਾਰਤਖਾਨੇ ਵਿਚ ਪਨਾਹ ਲਈ ਹੋਈ ਹੈ। ਅਸਾਂਜੇ ਤੇ ਉਸ ਦੇ ਸਮਰਥਕਾਂ ਦਾ ਇਹ ਦਾਅਵਾ ਹੈ ਕਿ ਸਵਿਟਜ਼ਰਲੈਂਡ ਦਾ ਜਿਸਮਾਨੀ ਸ਼ੋਸ਼ਣ ਦੇ ਜੁਰਮ ਦਾ ਮਾਮਲਾ ਅਮਰੀਕਾ ਦੀ ਹੀ ਸਾਜਿਸ਼ ਹੈ ਤਾਂ ਜੋ ਉਹ ਵਿਕੀਲੀਕਸ ਸਬੰਧੀ ਕੰਮਾਂ ਲਈ ਅਮਰੀਕਾ ਵਿਚ ਉਨ੍ਹਾਂ ਦੇ ਵਿਰੁੱਧ ਮੁਕੱਦਮਾ ਚਲਾਇਆ ਜਾ ਸਕੇ।

ਬੇਸ਼ੱਕ ਸਵਿਟਜ਼ਰਲੈਂਡ ਤੇ ਅਮਰੀਕਾ ਨੇ ਇਸ ਦਾਅਵੇ ਨੂੰ ਰੱਦ ਕੀਤਾ ਹੈ। ਅਸਾਂਜੇ ਨੇ ਕਿਹਾ ਕਿ ਟਿਊਨੀਸ਼ੀਆ ਦੇ ਲਈ ਬਰਾਕ ਓਬਾਮਾ ਦਾ ਇਹ ਦਾਅਵਾ ਹੈਰਾਨ ਕਰ ਦੇਣ ਵਾਲਾ ਹੈ ਕਿ ਉਨ੍ਹਾਂ ਨੇ ਟਿਊਨੀਸ਼ੀਆ ਵਿਚ ਸੱਤਾ ਪਰਿਵਰਤਨ ਵਿਚ ਮਦਦ ਕੀਤੀ। ਦੂਸਰੇ ਪਾਸੇ ਅਮਰੀਕੀ ਫੌਜ ਨੇ ਅਸਾਂਜੇ ਤੇ ਵਿਕੀਲੀਕਸ ਨੂੰ ਅਮਰੀਕਾ ਦੇ ਦੁਸ਼ਮਣ ਕਰਾਰ ਦਿੰਦਿਆਂ ਇਨ੍ਹਾਂ ਨੂੰ ਅਲਕਾਇਦਾ ਨੈਟਵਰਕ ਤੇ ਤਾਲਿਬਾਨ ਵਿਦਰੋਹ ਦੀ ਸ਼੍ਰੇਣੀ ਵਿਚ ਰੱਖ ਲਿਆ ਹੈ। ਅਮਰੀਕਾ ਦੇ ਹਵਾਈ ਫੌਜ ਦੇ ਸੂਹੀਆ ਦਸਤਾਵੇਜ਼ਾਂ ਵਿਚ ਇਹ ਖੁਲਾਸਾ ਕੀਤਾ ਗਿਆ ਹੈ ਕਿ ਵਿਕੀਲੀਕਸ ਜਾਂ ਵਿਕੀਲੀਕਸ ਦੇ ਸਮਰਥਕਾਂ ਨਾਲ ਰਾਬਤਾ ਰੱਖਣ ਵਾਲੇ ਫੌਜੀ ਅਮਲੇ ਵਿਰੁੱਧ ਦੁਸ਼ਮਣ ਨੂੰ ਜਾਣਕਾਰੀ ਦੇਣ ਦਾ ਮਾਮਲਾ ਦਰਜ ਕੀਤਾ ਜਾ ਸਕਦਾ ਹੈ। ਸਿਡਨੀ ਮਾਰਨਿੰਗ ਹੇਰਾਲਡ ਦੀ ਰਿਪੋਰਟ ਅਨੁਸਾਰ ਅਮਰੀਕੀ ਕਾਨੂੰਨ ਵਿਚ ਇਹ ਫੌਜੀ ਜੁਰਮ ਹੈ ਤੇ ਇਸ ਲਈ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ।

OKKJI Transfer LLC.
15238 Radiance Dr., Noblesville, IN, 46060
ਡਰਾਈਵਰ ਤੇ ਓਨਰ ਅਪਰੇਟਰ ਦੀ ਲੋੜ ਹੈ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ
ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045

PANNU'S Legal Services

G.S. Pannu
Immigration Consultant - LDA
We provide services in
Bring US passport & proof of residence by 9:00 am at SF location we prepare your papers & get visa on sameday for $99 only. Call for details

IMMIGRATION CITIZENSHIP
DIVORCE CHILD SUPPORT
INDIAN PASSPORT
INDIAN VISA
OCI/PIO, Renunciation, Power of Attorney and related matters
We also handle Property and Divorce cases in Punjab
Serving you at Three Locations
FREMONT
4127 Bay St., Unit 7
Fremont, CA 94538
(Near Fremont Bharat Bazar)
SAN FRANCISCO
965 Mission St., Unit 102
San Francisco, CA 94103
(Near India Visa Center)
MANTECA
1381 E. Yosemite Ave
Manteca, CA 95336
(off 99 & 120 Hwy - beside Dollar Tree store)
Call (510) 677-5200
(209) 679-8025
E-mail: indiavisa123@yahoo.com • Fax: (510) 279-7624

Noble Dental Care

Shital Shah, DDS
Family and Cosmetic Dentistry
ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign

Starting at $2,950*
*Limitided time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
State of the Art Dental Technology
Most Dental PPO Plans Accepted
Interest Free Payment Plans Available
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)

The Anu Attorney Immigration Law Firm
Law offices of Anu Peshawaria
*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court

*Bankruptcy Consultation and Filing
Visa: Students, Athletes, Musicians, Journalists, Nurses, Teachers, Cooks, Religious & other professionals
Woman of the year award 1991 – India
US acclaimed extraordinary ability
Awarded for outstanding community service
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Weekends & Evening Appointments Available
Call:1-866-586-6297, 510-353-0102
46560 Fremont Blvd., STE#205, Fremont, CA 94538
anu@anuattorney.com www.anuattorney.com

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes
from San Jose to Sacramento



*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

### JUST SOLD

1. 32467 Woodland Dr., Union City, CA 94587
2. 4172 Eugene St. Fremont, CA 94538
3. 4171 N. Greenland Ter., Fremont, CA 94555
4. 2856 Glen Donegal Dr. San Jose, CA 95148
5. 1969 Catalpa Way Hayward, CA 94545
6. 4276 Solar Cir., Union City, CA 94587
7. 4313 San Marino Ct. Elk Grove, CA 95858
8. 3339 Sueno Dr. San Jose, CA 95148
9. 847 Downing Cir., Lincoln, CA 95648
10. 2952 Remington Way San Jose, CA 95148
11. 27471 Ponderosa Ct. Hayward, CA 94545
12. 5685 Comanche Dr., San Jose, CA 95123
13. 32452 Springwood Dr., Union City, CA 94587
14. 675 Bethal Pl., Livermore, CA 94551
15. 648 Cayuga Dr., San Jose, CA 95123
16. 4080 Gibraltor Dr., Fremont, CA 94536
17. 4167 Asimuth Dr., Union City, CA 94587
18. 2459 Medallion Dr., Union City, CA 94587

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਨੇ ਕਰਾਇਆ ਕਾਮਯਾਬ ਕਬੱਡੀ ਮੇਲਾ

**ਸੈਕਰਾਮੈਂਟੋ (ਬਿਊਰੋ):** ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਵਲੋਂ ਇਥੇ ਗੁਰਦੁਆਰਾ ਬਰਾਡਸ਼ਾਹ ਦੇ ਖੇਡ ਮੈਦਾਨਾਂ ਵਿਚ ਕਰਵਾਏ ਗਏ ਤੀਜੇ ਵਿਸ਼ਵ ਕਬੱਡੀ ਕੱਪ ਮੇਲੇ ਦੌਰਾਨ ਕਬੱਡੀ ਦੇ ਫਸਵੇਂ ਮੈਚਾਂ, ਦਰਸ਼ਕਾਂ ਦੀ ਹਾਜ਼ਰੀ ਅਤੇ ਪ੍ਰਬੰਧਕਾਂ ਦੇ ਵਧੀਆ ਇੰਤਜ਼ਾਮ ਨੂੰ ਦੇਖਿਆ ਜਾਵੇ ਤਾਂ ਬਿਨਾ ਸ਼ੱਕ ਕਿਹਾ ਜਾ ਸਕਦਾ ਹੈ ਕਿ ਇਹ ਮੇਲਾ ਪੂਰੀ ਤਰ੍ਹਾਂ ਕਾਮਯਾਬ ਰਿਹਾ। ਲੰਘੀ 29-30 ਸਤੰਬਰ ਨੂੰ ਕਰਵਾਏ ਗਏ ਇਸ ਖੇਡ ਮੇਲੇ ਦੌਰਾਨ ਕਬੱਡੀ ਤੋਂ ਇਲਾਵਾ ਬਾਸਕਿਟਬਾਲ ਤੇ ਵਾਲੀਬਾਲ ਦੇ ਮੈਚ ਵੀ ਕਰਵਾਏ ਗਏ ਜੋ ਐਤਵਾਰ ਤੱਕ ਚਲਦੇ ਰਹੇ।

ਖੇਡ ਮੈਦਾਨ ਨੂੰ ਪ੍ਰਬੰਧਕਾਂ ਵਲੋਂ ਬੜੀ ਮੁਸਤੈਦੀ ਨਾਲ ਸ਼ਿੰਗਾਰਿਆ ਗਿਆ ਸੀ। ਚੁਫੇਰੇ ਪ੍ਰੋਮੋਟਰਾਂ ਤੇ ਸਪਾਂਸਰਾਂ ਦੇ ਇਸ਼ਤਿਹਾਰ ਲਾਏ ਗਏ ਸਨ। ਵਾਹਿਗੁਰੂ ਦਾ ਆਸਰਾ ਤੱਕਣ ਲਈ ਕਲੱਬ ਵਲੋਂ ਗੁਰੂ ਘਰ ਅੰਦਰ ਅਖੰਡ ਪਾਠ ਕਰਵਾਇਆ ਗਿਆ ਜਿਸ ਦੇ ਭੋਗ ਐਤਵਾਰ ਨੂੰ ਪਏ।



ਕਬੱਡੀ ਓਪਨ ਦਾ ਪਹਿਲਾ ਇਨਾਮ ਬੇਏਰੀਆ ਸਪੋਰਟਸ ਕਲੱਬ ਦੀ ਟੀਮ ਨੇ ਜਿੱਤਿਆ ਜਦੋਂਕਿ ਦੂਜੇ ਥਾਂ 'ਤੇ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਦੀ ਟੀਮ ਰਹੀ। ਯੂਨਾਈਟਿਡ ਸਪੋਰਟਸ ਕਲੱਬ ਅਤੇ ਕੈਨੇਡਾ ਤੋਂ ਆਈ ਇਕ ਟੀਮ ਵੀ ਮੁਕਾਬਲੇ ਵਿਚ ਭਿੜੀਆਂ। ਜੇਤੂ ਟੀਮ ਲਈ ਟਰਾਫੀ ਡਾਇਮੰਡ ਟਰਾਂਸਪੋਰਟ ਅਤੇ ਦੂਜੀ ਥਾਂ 'ਤੇ ਰਹੀ ਟੀਮ ਲਈ ਟਰਾਫੀ ਅਟਾਰਨੀ ਜਸਪ੍ਰੀਤ ਸਿੰਘ ਵਲੋਂ ਦਿੱਤੀ ਗਈ।

ਅੰਡਰ-21 ਮੁਕਾਬਲਿਆਂ ਵਿਚ ਜੇਤੂ ਮੇਜ਼ਬਾਨ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਰਹੀ ਜਦੋਂ ਕਿ ਦੂਜੇ ਥਾਂ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਟੀਮ ਰਹੀ। ਫਸਟ ਆਈ ਟੀਮ ਨੂੰ ਇਨਾਮ ਸਰਪੰਚ ਬਲਹਾਰ ਸਿੰਘ ਅਤੇ ਕਸ਼ਮੀਰ ਸਿੰਘ ਥਾਂਦੀ ਨੇ ਦਿੱਤਾ ਜਦੋਂਕਿ ਦੂਜੇ ਥਾਂ ਆਈ ਟੀਮ ਨੂੰ ਇਨਾਮ ਟਰਾਂਸਪੋਰਟਰ ਅਮਰਜੀਤ ਸਿੰਘ ਬਾਸੀ, ਤੀਰਥ ਸਹੋਤਾ ਅਤੇ ਕੁਲਵੰਤ ਬੋਪਾਰਾਏ ਨੇ ਦਿੱਤਾ। ਓਪਨ ਕਬੱਡੀ ਵਿਚ ਬੈਸਟ ਰੇਡਰ ਕੀਪਾ ਬਧਨੀਵਾਲ ਅਤੇ ਬੈਸਟ ਸਟਾਪਰ ਬਲਜੀਤ ਸੈਦੋਕੇ ਨੂੰ ਐਲਾਨਿਆ ਗਿਆ। ਇਨ੍ਹਾਂ ਨੂੰ ਇਨਾਮ ਇੰਗਲੈਂਡ ਤੋਂ ਆਏ ਕਰਨੈਲ ਸਿੰਘ ਸੇਖੋਂ ਵਲੋਂ ਦਿੱਤੇ ਗਏ। ਕਬੱਡੀ ਅੰਡਰ 21 ਵਿਚ ਲਿਵਿੰਗਸਟਨ ਸਪੋਰਟਸ ਕਲੱਬ, ਗਦਰ ਸਪੋਰਟਸ ਕਲੱਬ ਸਟਾਕਟਨ ਅਤੇ ਕਰਮਨ ਸਪੋਰਟਸ ਕਲੱਬ ਦੀਆਂ ਟੀਮਾਂ ਵੀ ਕਿਸਮਤ ਅਜਮਾਈ ਲਈ ਪਹੁੰਚੀਆਂ ਹੋਈਆਂ ਸਨ।

ਵਾਲੀਬਾਲ ਮੁਕਾਬਲਿਆਂ ਵਿਚ ਯੂਨੀਅਨ ਸਿਟੀ ਨੇ ਲਿਵਿੰਗਸਟਨ ਨੂੰ ਹਰਾ ਕੇ ਪਹਿਲਾ ਇਨਾਮ ਜਿੱਤਿਆ। ਇਨ੍ਹਾਂ ਨੂੰ ਇਨਾਮ ਫੈਟ ਡੈਕ ਪੀਜ਼ਾ ਅਤੇ ਜੀ ਐਨ ਐਸ ਟਰੱਕ ਵਾਸ਼ ਨੇ ਤਕਸੀਮ ਕੀਤੇ। ਬਾਸਕਿਟਬਾਲ ਮੁਕਾਬਲਿਆਂ ਵਿਚ ਬਰਾਡਸ਼ਾਹ 'ਏ' ਨੇ ਸੈਮ ਬੁਆਏਜ਼ ਯੂਬਾ ਸਿਟੀ ਦੀ ਟੀਮ ਨੂੰ ਹਰਾ ਕੇ ਪਹਿਲਾ ਇਨਾਮ ਜਿੱਤਿਆ। ਇਨਾਮ ਕਿੰਗਜ਼ ਸਪੋਰਟਸ ਕਲੱਬ ਦੇ ਪ੍ਰਬੰਧਕਾਂ ਨੇ ਵੰਡੇ।

ਕਬੱਡੀ ਦੀ ਕੁਮੈਂਟਰੀ ਰਾਜਵਿੰਦਰ ਰੰਡਿਆਲਾ, ਇਕਬਾਲ ਗਾਲਿਬ ਅਤੇ ਸੁਖਵਿੰਦਰ ਸੰਘੇੜਾ ਨੇ ਆਪੋ-ਆਪਣੇ ਅੰਦਾਜ਼ ਵਿਚ ਕਰਕੇ ਕਬੱਡੀ ਦੇਖਣ ਦੇ ਅਨੰਦ ਨੂੰ ਦੂਣਾ-ਤੀਣਾ ਕਰੀ ਰਖਿਆ। ਰੈਫਰੀ ਵਜੋਂ ਸੇਵਾ ਬੀਰੂ, ਮੰਦਰ, ਲਹਿੰਬਰ ਅਤੇ ਮਨਦੀਪ ਸਹੋਤਾ ਨੇ ਜਦੋਂਕਿ ਲਾਈਨਮੈਨ ਵਜੋਂ ਸੇਵਾ ਕੁਲਵੰਤ ਸਿੰਘ ਤੇ ਬਲਜੀਤ ਸਿੰਘ ਨੇ ਨਿਭਾਈ।

ਇਸ ਖੇਡ ਮੇਲੇ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਗਰੇਟ ਖਲੀ (ਦਲੀਪ ਸਿੰਘ) ਅਤੇ ਵਿਜੀਲੈਂਸ ਵਿਭਾਗ ਦੇ ਸੱਜਣ ਸਿੰਘ ਚੀਮਾ ਨੂੰ ਗੋਲਡ ਮੈਡਲ ਨਾਲ ਹਰਜਿੰਦਰ ਮਾਨ, ਜਸਵਿੰਦਰ ਰਾਏ, ਜਸਵਿੰਦਰ ਸ਼ੇਰਗਿੱਲ, ਕੁਲਦੀਪ ਚੀਮਾ, ਪਰਮਜੀਤ ਖਹਿਰਾ, ਸੇਵਾ ਸਿੰਘ ਸਿੱਧੂ, ਮਲਹਾਗਰ ਸਿੰਘ ਖਹਿਰਾ, ਕੁਲਦੀਪ ਸਿੱਧੂ, ਗੁਰਦੇਵ ਸੋਹਲ ਅਤੇ ਨਛੱਤਰ ਸਿੰਘ ਵਲੋਂ ਸਨਮਾਨਤ ਕੀਤਾ ਗਿਆ। ਗਰੇਟ ਖਲੀ ਬੱਚਿਆਂ ਲਈ ਖਾਸ ਖਿੱਚ ਦਾ ਕੇਂਦਰ ਬਣਿਆ ਰਿਹਾ।

ਮੇਲੇ ਵਿਚ ਸ਼ਾਮਲ ਹੋਰ ਬਾਹਰੋਂ ਆਏ ਮਹਿਮਾਨਾਂ ਵਿਚ ਸਤਵੰਤ ਸਿੰਘ ਨਿੱਜਰ-ਮੀਰੀ ਪੀਰੀ ਸਪੋਰਟਸ ਕਲੱਬ ਇੰਡੀਆਨਾ, ਪਵਿੱਤਰ ਸੰਧੂ-ਸਿਆਟਲ, ਦੀਪਾ ਬਦੇਸ਼ਾ-ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਅਤੇ ਸਰਬਜੀਤ ਸਿੰਘ ਰੰਧਾਵਾ ਸ਼ਾਮਲ ਸਨ।

ਮੇਲੇ ਦੌਰਾਨ ਆਪਣੇ ਸਮੇਂ ਦੇ ਸਿਰਮੌਰ ਖਿਡਾਰੀ ਪ੍ਰੀਤਮ ਸਿੰਘ ਜੋ 'ਪ੍ਰੀਤਾ ਗਿਆ ਪ੍ਰੀਤਾਂ ਨਾਲ' ਮਸ਼ਹੂਰ ਸੀ, ਦਾ ਕਲੱਬ ਵਲੋਂ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਕਬੱਡੀ ਦੇ ਵਧੀਆ ਖਿਡਾਰੀ ਤੀਰਥ ਸਿੰਘ ਗਾਖਲ ਦਾ ਵੀ ਸਨਮਾਨ ਕੀਤਾ ਗਿਆ। ਕੈਨੇਡਾ ਦੀ ਕਬੱਡੀ ਟੀਮ ਨੂੰ ਸਪਾਂਸਰ ਬੂਟਾ ਲੋਧੀ, ਬੂਟਾ ਢਿਲੋਂ, ਬਲਜੀਤ ਸੇਖੋਂ, ਵਰਿੰਦਰ ਕੁਲਾਰ, ਰਾਣਾ ਦੁਸਾਂਝ, ਅਮਰਜੀਤ ਕੰਗ, ਕਮਲ ਨਾਹਲ, ਗੁਰਪਾਲ ਸਿੱਧੂ, ਸਰਵਣ ਢਿਲੋਂ, ਗੁਰਜੀਤ ਸਿੰਘ ਤੇ ਜੋਧਾ ਸੰਧੂ ਨੇ ਕੀਤਾ।



ਕਬੱਡੀ ਮੇਲੇ ਵਿਚ ਕੋਈ 8 ਹਜ਼ਾਰ ਦਰਸ਼ਕਾਂ ਨੇ ਹਾਜ਼ਰੀ ਭਰੀ ਜਿਨ੍ਹਾਂ ਵਿਚ ਬੀਬੀਆਂ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ। ਇਕ ਗੁਰੂ ਘਰ ਦਾ ਮਾਹੌਲ ਅਤੇ ਦੂਜੇ ਬੀਬੀਆਂ ਦੀ ਹਾਜ਼ਰੀ ਕਰਕੇ ਕਿਸੇ ਖਾਹਮਖਾਹ ਦੇ ਝਗੜੇ ਤੋਂ ਬਚਾ ਰਿਹਾ। ਸਕਿਉਰਟੀ ਦਾ ਵੀ ਚੰਗਾ ਇੰਤਜ਼ਾਮ ਸੀ। ਮੇਲੇ ਲਈ ਪ੍ਰਬੰਧਕਾਂ ਨੇ ਇਕਾ-ਦੁੱਕਾ ਕਮੀਆਂ ਨੂੰ ਛਡ ਕੇ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਚਾਹ-ਪਾਣੀ, ਪਕੌੜਿਆਂ ਅਤੇ ਜਲੇਬੀਆਂ ਦਾ ਪ੍ਰਬੰਧ ਡਾਇਮੰਡ ਕਲੱਬ ਵਲੋਂ ਕੀਤਾ ਗਿਆ। ਗਰਮੀ ਬਥੇਰੀ ਸੀ ਪਰ ਇਕਬਾਲ ਧਨੋਆ ਅਤੇ ਗੁਰਦਿਆਲ ਮੱਲ ਨੇ ਪਾਣੀ ਦੀ ਸਪਲਾਈ ਪੂਰੀ ਰੱਖੀ। ਪਾਣੀ ਦੀਆਂ ਬੋਤਲਾਂ ਬਥੇਰੀਆਂ ਸਨ ਪਰ ਸੇਵਾਦਾਰ ਘੱਟ ਸਨ ਜਿਸ ਕਰਕੇ ਕਈ ਦਰਸ਼ਕ ਸੀਟ ਖੁਸਣ ਦੇ ਡਰੋਂ ਪਿਆਸੇ ਹੀ ਬੈਠੇ ਰਹੇ। ਜੇ ਸਨੈਕਸ ਦੇ ਇਕ-ਦੋ ਸਟਾਲ ਹੋਰ ਹੁੰਦੇ ਤਾਂ ਦਰਸ਼ਕਾਂ ਨੂੰ ਚਾਹ-ਪਾਣੀ ਸੌਖਾ ਮਿਲ ਸਕਦਾ ਸੀ। ਕਬੱਡੀ ਦੇ ਮੈਦਾਨ ਦੁਆਲੇ ਜੇ ਬੈਠਣ ਲਈ ਦਸ ਫੁਟ ਦੇ ਕਰੀਬ ਜਗ੍ਹਾ ਛਡ ਦਿਤੀ ਜਾਂਦੀ ਤਾਂ ਪਿਛੇ ਕੁਰਸੀਆਂ ਦੀਆਂ ਦੋ ਲਾਈਨਾਂ ਲਗਣ ਉਪਰੰਤ ਲੋਕ ਖੜੇ ਹੋ ਕੇ ਮੇਲਾ ਦੇਖ ਸਕਦੇ ਸਨ। ਇਸੇ ਤਰ੍ਹਾਂ ਕਾਰ ਪਾਰਕਿੰਗ ਦਾ ਬੰਦੋਬਸਤ ਵੀ ਹੋਰ ਬਿਹਤਰ ਹੋ ਸਕਦਾ ਸੀ।

ਬੀਬੀਆਂ ਵਾਸਤੇ ਵਿਸ਼ੇਸ਼ ਟੈਂਟ ਲਾਇਆ ਗਿਆ ਸੀ। ਬੀਬੀਆਂ ਦੇ ਟੈਂਟ ਦੇ ਪਿਛੇ ਛੋਟੇ ਬੱਚਿਆਂ ਵਾਸਤੇ ਪੀਂਘਾਂ ਤੇ ਪੰਘੂੜਿਆਂ ਦਾ ਇੰਤਜ਼ਾਮ ਸੀ ਜਿਨ੍ਹਾਂ ਦਾ ਬੱਚਿਆਂ ਨੇ ਪੂਰਾ ਅਨੰਦ ਮਾਣਿਆ ਤੇ ਆਪਣੀਆਂ ਮਾਂਵਾਂ ਨੂੰ ਤੰਗ ਨਹੀਂ ਕੀਤਾ। ਬਜ਼ੁਰਗ ਵੀ ਟੈਂਟ ਥੱਲੇ ਬੈਠੇ ਬੜੀ ਨੀਝ ਨਾਲ ਕਬੱਡੀ ਦੇਖ ਰਹੇ ਸਨ ਅਤੇ ਆਪਣੀ ਜਵਾਨੀ ਦੇ ਦਿਨ ਚੇਤੇ ਕਰਦਿਆਂ ਇਕ-ਦੂਜੇ ਨੂੰ ਕਹਿ ਰਹੇ ਸਨ, 'ਬਈ ਆਪਣੇ ਵੇਲੇ ਤਾਂ ਕਬੱਡੀ ਕੁਝ ਹੋਰ ਤਰ੍ਹਾਂ ਦੀ ਹੁੰਦੀ ਸੀ, ਇਹ ਕੁਝ ਹੋਰ ਹੀ ਹੋ ਗਈ।'

ਕਿੰਗਜ਼ ਸਪੋਰਟਸ ਕਲੱਬ ਦੇ ਪ੍ਰਬੰਧਕਾਂ ਕਿੰਦੂ ਰਮੀਦੀ, ਗੁਰਮੁਖ ਸਿੰਘ ਸੰਧੂ, ਸੁੱਖੀ ਸੇਖੋਂ, ਮੇਜਰ ਸਿੰਘ, ਜੱਸੀ ਢਿੱਲੋਂ, ਗੁਰਨੇਕ ਦੋਸਾਂਝ, ਸੀਤਲ ਸਿੰਘ ਨਿੱਜਰ, ਇੰਦਰਜੀਤ ਸੋਢੀ, ਗੁਰਦਿਆਲ ਮੱਲ, ਗੁਰਨੇਕ ਸਿੰਘ, ਕੁਲਵਿੰਦਰ ਬੱਲ, ਸੁਖਵਿੰਦਰ ਤੂਰ, ਸੰਤੋਖ ਸਿੰਘ ਦੋਸਾਂਝ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾ ਕੇ ਮੇਲੇ ਨੂੰ ਕਾਮਯਾਬੀ ਦਾ ਜਾਮਾ ਪਹਿਨਾਇਆ। ਪ੍ਰਬੰਧਕਾਂ ਵਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ, ਸਪਾਂਸਰਾਂ, ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਦਾ ਧੰਨਵਾਦ ਕੀਤਾ ਗਿਆ।

# ਭਾਰਤੀ ਪਾਸਪੋਰਟ ਲਈ ਫੀਸ ਵਧੀ

**ਨਵੀਂ ਦਿੱਲੀ:** ਸਰਕਾਰ ਨੇ ਪਹਿਲੀ ਅਕਤੂਬਰ ਤੋਂ ਪਾਸਪੋਰਟ ਫੀਸ ਵਿਚ ਵਾਧਾ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬਿਆਨ ਮੁਤਾਬਕ ਆਮ ਵਰਗ ਦੀ ਪਾਸਪੋਰਟ ਫੀਸ 1000 ਰੁਪਏ ਤੋਂ ਵਧਾ ਕੇ 1500 ਰੁਪਏ ਤੇ ਤਤਕਾਲ ਸਕੀਮ ਤਹਿਤ ਫੀਸ 2500 ਤੋਂ ਵਧਾ ਕੇ 3500 ਰੁਪਏ ਕਰ ਦਿੱਤੀ ਗਈ ਹੈ। ਪਾਸਪੋਰਟ ਫੀਸ ਵਿਚ ਪਿਛਲੀ ਵਾਰ ਵਾਧਾ 29 ਮਾਰਚ, 2002 ਨੂੰ ਕੀਤਾ ਗਿਆ ਸੀ।

ਵਿਦੇਸ਼ ਰਹਿੰਦੇ ਭਾਰਤੀ ਨਾਗਰਿਕਾਂ ਲਈ ਨਵੇਂ ਨਿਯਮਾਂ ਮੁਤਾਬਕ ਇਹ ਫੀਸ 75 ਅਮਰੀਕੀ ਡਾਲਰ ਤੇ 60 ਯੂਰੋ ਹੋਵੇਗੀ। ਮੰਤਰਾਲੇ ਮੁਤਾਬਕ ਪਿਛਲੇ 10 ਸਾਲਾਂ ਦੌਰਾਨ ਪੂੰਜੀਗਤ ਖਰਚੇ, ਪੁਲਿਸ ਪ੍ਰਸ਼ਾਸਨ ਨੂੰ ਦਿੱਤੀ ਜਾਣ ਵਾਲੀ ਅਦਾਇਗੀ, ਇੰਡੀਆ ਪੋਸਟ ਦੇ ਖਰਚੇ, ਸੂਚਨਾ ਤੇ ਸੰਚਾਰ ਸਾਧਨਾਂ ਦੇ ਖਰਚੇ ਵਧਣ ਕਾਰਨ ਇਹ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਪਾਸਪੋਰਟ ਫੀਸ ਦਾ ਮੌਜੂਦਾ ਸਿਸਟਮ ਜੁਲਾਈ 1993 ਵਿਚ ਲਾਗੂ ਕੀਤਾ ਗਿਆ ਸੀ। ਪਾਸਪੋਰਟ ਸੋਧ ਬਿੱਲ 1992 ਤਹਿਤ ਸਰਕਾਰ ਨੂੰ ਪਾਸਪੋਰਟ ਫੀਸ ਤੈਅ ਕਰਨ ਲਈ ਕਿਹਾ ਗਿਆ ਸੀ। ਵਿਦੇਸ਼ ਮੰਤਰਾਲੇ ਨੇ ਸਪਸ਼ਟ ਕੀਤਾ ਕਿ ਫੀਸ ਵਿਚ ਵਾਧਾ ਸਮੇਂ ਦੀਆਂ ਲੋੜਾਂ ਅਨੁਸਾਰ ਕੀਤਾ ਗਿਆ ਹੈ। ਮੰਤਰਾਲੇ ਦੀ ਰਿਲੀਜ਼ ਅਨੁਸਾਰ ਭਾਰਤੀ ਪਾਸਪੋਰਟ ਦਰਾਂ ਦੁਨੀਆਂ ਦੇ ਹੋਰ ਦੇਸ਼ਾਂ ਨਾਲੋਂ ਅਜੇ ਵੀ ਕਾਫ਼ੀ ਘੱਟ ਹਨ ਤੇ ਇਨ੍ਹਾਂ ਨੂੰ ਸਮੇਂ ਦਾ ਹਾਣੀ ਬਣਾਉਣਾ ਹੁਣ ਜ਼ਰੂਰੀ ਹੋ ਗਿਆ ਹੈ।

# ਭਾਰਤ 'ਚ ਤੇਜ਼ੀ ਨਾਲ ਵਧੇਗੀ ਬਜ਼ੁਰਗਾਂ ਦੀ ਆਬਾਦੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੀ ਆਬਾਦੀ 2000 ਤੋਂ 2050 ਤਕ ਤਕਰੀਬਨ 60 ਫੀਸਦੀ ਵਧਣ ਦੇ ਆਸਾਰ ਹਨ ਪਰ ਇਸ ਦੇ 60 ਸਾਲ ਦੀ ਉਮਰ ਤਕ ਪੁੱਜਣ ਵਾਲਿਆਂ ਦੀ ਗਿਣਤੀ 360 ਫੀਸਦੀ ਵਧ ਜਾਵੇਗੀ। ਇਸ ਕਰਕੇ ਸੰਯੁਕਤ ਰਾਸ਼ਟਰ ਨੇ ਆਪਣੀ ਰਿਪੋਰਟ ਵਿਚ ਚੇਤਾਵਨੀ ਦਿੱਤੀ ਹੈ ਕਿ ਹੁਣੇ ਤੋਂ ਹੀ ਇਸ ਹਿਸਾਬ ਨਾਲ ਭਾਰਤ ਨੂੰ ਆਪਣੀਆਂ ਨੀਤੀਆਂ ਤਿਆਰ ਕਰਨ ਲੱਗ ਜਾਣਾ ਚਾਹੀਦਾ ਹੈ, ਨਹੀਂ ਤਾਂ ਕਿਤੇ ਇਹ ਨਾ ਹੋਵੇ ਕਿ ਆਬਾਦੀ ਵੱਖਰੇਵੇਂ ਦੇ ਸਿੱਟੇ ਦੇਸ਼ ਨੂੰ ਅਚਾਨਕ ਵਾਪਰੀ ਘਟਨਾ ਜਾਪਣ।

ਸੰਯੁਕਤ ਰਾਸ਼ਟਰ ਦੇ ਪਾਪੂਲੇਸ਼ਨ ਫੰਡ (ਯੂ.ਐਨ.ਐਫ.ਪੀ.ਏ.) ਤੇ ਹੈਲਪ ਏਜ਼ਾ ਇੰਟਰਨੈਸ਼ਨਲ ਵੱਲੋਂ ਸਾਂਝੇ ਤੌਰ 'ਤੇ ਲਿਆਂਦੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਵੇਲੇ ਭਾਰਤ ਵਿਚ 10 ਕਰੋੜ ਦੇ ਕਰੀਬ ਬਜ਼ੁਰਗ ਹਨ ਜਿਸ ਦੇ 2050 ਤਕ 32.30 ਕਰੋੜ ਹੋਣ ਦੀ ਉਮੀਦ ਹੈ।

ਇਹ ਕੁੱਲ ਆਬਾਦੀ ਦਾ 20 ਫੀਸਦੀ ਬਣਦਾ ਹੈ। ਵਿਸ਼ਵ 'ਚ ਵਡੇਰੀ ਉਮਰ ਦੇ ਲੋਕਾਂ ਦੇ ਲਾਜ਼ਮੀ ਫਿਕਰਾਂ ਜਿਵੇਂ ਪੈਨਸ਼ਨਾਂ ਵਿਚ ਨਿਵੇਸ਼ ਸਾਲ ਤੇ ਗੁਣਵੱਤਾ ਭਰਪੂਰ ਸਿਹਤ ਸੰਭਾਲ ਨਾਲ ਨਜਿੱਠਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਕਰ ਇਹ ਮਸਲੇ ਸਮਾਂ ਰਹਿੰਦੇ ਉਚਿਤ ਢੰਗ ਨਾਲ ਨਜਿੱਠੇ ਗਏ ਤਾਂ ਇਨ੍ਹਾਂ ਦੇ ਨਤੀਜੇ ਚੰਗੇ ਨਹੀਂ ਹੋਣਗੇ।

ਰਿਪੋਰਟ ਅਨੁਸਾਰ ਬਜ਼ੁਰਗਾਂ ਦੀ ਪਹੁੰਚ ਉਮਰਪੱਖੀ ਤੇ ਸੌਖਿਆਂ ਮਿਲਣਯੋਗ ਜਾਣਕਾਰੀ ਤੇ ਸੇਵਾਵਾਂ ਤਕ ਹੋਣੀ ਲਾਜ਼ਮੀ ਹੈ ਤੇ ਉਨ੍ਹਾਂ ਦੀਆਂ ਇਹ ਲੋੜਾਂ ਹਰ ਹੀਲੇ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਮਿਆਰੀ ਸਰੀਰਕ ਤੇ ਮਾਨਸਿਕ ਸਿਹਤ ਸਹੂਲਤਾਂ ਹਾਸਲ ਕਰ ਸਕਣ।

ਯੂ.ਐਨ.ਐਫ.ਪੀ.ਏ. ਵੱਲੋਂ ਭਾਰਤ ਵਿਚ ਕੀਤੇ ਗਏ ਅਧਿਐਨ ਤੋਂ ਇਹ ਖੁਲਾਸਾ ਹੋਇਆ ਹੈ ਕਿ ਪੇਂਡੂ ਤੇ ਸ਼ਹਿਰੀ ਖੇਤਰ ਦੋਵਾਂ ਵਿਚ ਪੰਜਵਾਂ ਹਿੱਸਾ ਬਜ਼ੁਰਗ ਇਕੱਲੇ ਜਾਂ ਆਪਣੇ ਜੀਵਨ ਸਾਥੀ ਨਾਲ ਰਹਿੰਦੇ ਹਨ। 70 ਫੀਸਦੀ ਬਜ਼ੁਰਗ ਆਬਾਦੀ ਅਨਪੜ੍ਹ ਹੈ ਤੇ ਉਨ੍ਹਾਂ ਦੀ (ਕੰਮਕਾਜ ਦੇ ਸਮੇਂ) ਕਮਾਈ ਬੜੀ ਸੀਮਤ ਸੀ ਤੇ ਉਹ ਜਿਉਣ ਲਈ ਮਜ਼ਦੂਰੀ 'ਤੇ ਨਿਰਭਰ ਸਨ।




## ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

**ਫੋਨ:209-856-2131**



Century 21

M&M AND ASSOCIATES

Each office is independently owned and operated.

Jarnail Singh Lallria
Broker Associate
DRE#01440382

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

2995 "R" Street, Suite # 102, Merced, CA 95348

## Dhillon Truck Stop
## Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

## For Sale or Lease

bp MARATHON VALERO Shell

ਕੈਨਟਕੀ ਤੇ ਇੰਡੀਆਨਾ ਵਿਚ ਵਧੀਆ ਚਲਦੇ ਲਿੱਕਰ ਸਟੋਰ ਅਤੇ ਗੈਸ ਸਟੇਸ਼ਨ ਵਿਕਾਊ ਹਨ

**Liquor Stores & Gas Stations For Sale In Kentucky And Indiana**



ਸੰਪਰਕ ਕਰੋ: 502-836-4825

*Sukh Bains*
*Cell: (502) 836-4825*
Email: Sbains888@yahoo.com

# ਇਹ ਉਜੜੀ ਉਦਾਸੀ ਇਹ ਖਾਲੀ ਖਾਮੋਸ਼ੀ




*ਫੋਟੋਗ੍ਰਾਫਰ ਰਣਦੀਪ ਮੱਦੋਕੇ ਨੇ ਆਪਣੀ ਡਾਇਰੀ ਦੀ ਇਸ ਕੜੀ ਵਿਚ ਦਲਿਤਾਂ ਦੇ ਘਰਾਂ, ਵਿਹੜਿਆਂ, ਚਿਹਰਿਆਂ ਅਤੇ ਦਿਲਾਂ ਵਿਚ ਡੂੰਘੀ ਬੈਠੀ ਉਜਾੜ ਉਦਾਸੀ ਅਤੇ ਉਦਾਸੀ ਨਾਲ ਲਗਾਤਾਰ ਵਿਛ ਰਹੀ ਖਾਮੋਸ਼ੀ ਬਾਰੇ ਗੱਲ ਛੋਹੀ ਹੈ। ਇਹ ਜ਼ਿਕਰ ਪੜ੍ਹ ਕੇ ਯਕੀਨ ਹੀ ਨਹੀਂ ਆਉਂਦਾ ਕਿ 21ਵੀਂ ਸਦੀ ਦਾ ਭਾਰਤ ਜੋ ਤਰੱਕੀ ਦੇ ਪੌੜੇ ਬੜੀ ਤੇਜ਼ੀ ਨਾਲ ਚੜ੍ਹ ਰਿਹਾ ਹੈ, ਦੇ ਪਿੰਡਾਂ ਅਤੇ ਲੋਕਾਂ ਦਾ ਇਹ ਹਾਲ ਹੈ! ਰਣਦੀਪ ਇਸ ਪਾੜੇ ਦੀ ਗੱਲ, ਪਿੰਡ ਦੇ ਹਾਲਾਤ ਦਾ ਚਿੱਤਰ ਖਿੱਚ ਕੇ ਕਰਦਾ ਹੈ ਅਤੇ ਇਨ੍ਹਾਂ ਲੋਕਾਂ ਦੇ ਬਹੁਤ ਅੰਦਰ ਤੱਕ ਧਸੀ ਚੁੱਪ ਵਾਰ-ਵਾਰ ਬਿਆਨ ਕਰਦਾ ਹੈ। ਵੱਖਰੇ-ਵੱਖਰੇ ਡਰਾਂ ਕਾਰਨ ਇਹ ਲੋਕ ਸਦੀਆਂ ਤੋਂ ਚੁੱਪ ਹਨ। ਰਣਦੀਪ ਆਪਣੀ ਇਸ ਡਾਇਰੀ ਵਿਚ ਦਲਿਤਾਂ ਦੀ ਜਿਹੜੀ ਦਾਸਤਾਨ ਛੋਂਹਦਾ ਹੈ, ਉਹ ਪੀੜ ਨਾਲ ਉੱਛਲੀ ਪਈ ਹੈ। ਤਾਮਿਲਨਾਡੂ ਉਹ ਘੁੰਮਣ-ਫਿਰਨ ਨਹੀਂ ਸੀ ਗਿਆ, ਸਗੋਂ ਉਥੇ ਵਸਦੇ ਲੋਕਾਂ ਦੇ ਦੁੱਖ-ਦਰਦ ਸਮਝਣ ਗਿਆ ਸੀ। ਉਹ ਚਾਹੁੰਦਾ ਹੈ ਕਿ ਲੋਕ ਆਪਣੀ ਅੰਤਾਂ ਦੀ ਤਪਸ਼ ਵਾਲੀ ਦਾਸਤਾਨ ਬਿਆਨ ਕਰਨ। -ਸੰਪਾਦਕ*

ਕਾਫੀ ਲੰਬੇ ਸਫ਼ਰ ਤੋਂ ਬਾਅਦ ਛੋਟਾ ਕਸਬਾ ਆ ਗਿਆ। ਅਸੀਂ ਚਾਹ ਪੀਣ ਲਈ ਰੁਕੇ। ਫਿਰ ਮੁੱਖ ਸੜਕ ਤੋਂ ਲਹਿੰਦੇ ਵਾਲੇ ਪਾਸੇ ਪਿੰਡਾਂ ਵੱਲ ਮੁੜੇ ਅਤੇ ਖੇਤਾਂ ਤੇ ਮਧਰੀਆਂ ਝਾੜੀਆਂ ਦੇ ਜੰਗਲਾਂ ਚੋਂ ਲੰਘ ਕੇ ਥਾਨਗਾਵੇਲ ਪਿੰਡ ਪਹੁੰਚ ਗਏ। ਇਹ ਵਿਰਲੇ-ਵਿਰਲੇ ਘਰਾਂ ਵਾਲਾ ਪਿੰਡ ਸੀ। ਪੁੱਛ-ਪੁਛਾ ਕੇ ਅਸੀਂ ਪਿੰਡ ਦੇ ਸਰਪੰਚ ਦੇ ਘਰ ਜਾ ਪਹੁੰਚੇ। ਗਲੀ ਦੇ ਮਥੇ 'ਤੇ ਇਹ ਬਿਨਾਂ ਬੂਹੇ ਵਾਲਾ ਘਰ ਸੀ ਜਿਸ ਦੀਆਂ ਕੰਧਾਂ ਤਾੜ ਦੇ ਪੱਤੇ ਗੁੰਦ ਕੇ ਬਣਾਈਆਂ ਹੋਈਆਂ ਸਨ ਜੋ ਸਮੇਂ ਅਤੇ ਮੌਸਮ ਦੀ ਮਾਰ ਨਾਲ ਹੁਣ ਜਰਜਰ ਹੋ ਚੁੱਕੀਆਂ ਸਨ। ਅੰਦਰ ਵੜਦਿਆਂ ਹੀ ਖੱਬੇ ਹੱਥ ਕੱਚੀਆਂ ਕੰਧਾਂ ਵਾਲੀ ਨਿੱਕੀ ਜਿਹੀ ਝੁੱਗੀ ਸੀ ਜਿਸ ਦੀ ਬੋਦੇ ਵਾਲੀ ਤਾੜ ਦੇ ਪੱਤਿਆਂ ਵਾਲੀ ਛੱਤ ਕਿਸੇ ਫ਼ਕੀਰ ਦੀ ਕੁਟੀਆ ਵਰਗੀ ਦਿੱਖ ਦੇ ਰਹੀ ਸੀ। ਬੱਲੀਆਂ ਲਾ ਕੇ ਬਣਾਏ ਨਿੱਕੇ ਅਤੇ ਨੀਵੇਂ ਬਰਾਂਡੇ ਵਿਚ ਸਰਪੰਚ ਦੀ ਬੁੱਢੀ ਮਾਂ ਭੁੰਜੇ ਬੈਠੀ ਘਰ ਆਏ ਮਹਿਮਾਨਾਂ ਦਾ ਹੱਥ ਜੋੜ ਸਤਿਕਾਰ ਕਰ ਰਹੀ ਸੀ। ਉਹਦੇ ਝੁਰੜੀਆਂ ਵਾਲੇ ਅਤਿ ਕਮਜ਼ੋਰ ਚਿਹਰੇ 'ਤੇ ਸਮੇਂ ਦਾ ਉਕਰਿਆ ਇਤਿਹਾਸ ਸਾਫ਼ ਝਲਕ ਰਿਹਾ ਸੀ। ਉਹ ਢੇਰ ਸਾਰੇ ਖਿਲਾਰੇ ਵਿਚ ਘਿਰੀ ਵਾਰ-ਵਾਰ ਬਿਨਾਂ ਬੋਲੇ ਹੱਥ ਜੋੜ ਕੁਝ ਕਹਿ ਰਹੀ ਸੀ ਪਰ ਉਹਦੀ ਆਵਾਜ਼ ਸੁਣ ਨਹੀਂ ਸੀ ਰਹੀ; ਜਿਵੇਂ ਉਹ ਗੁੰਗੀ ਹੋਵੇ ਤੇ ਸਾੜ੍ਹੀ ਨੁਮਾ ਘਸੇ ਜਿਹੇ ਕੱਪੜੇ ਵਿਚ ਲਿਪਟੀ ਹੋਈ ਵੀ ਉਹ ਅਧਨੰਗੀ ਸੀ। ਚਾਰੇ ਪਾਸੇ ਤਾੜ ਦੇ ਪੱਤਿਆਂ ਦਾ ਤਾਣਾ-ਬਾਣਾ ਤੇਜ਼ ਹਵਾ ਦੀ ਮਾਰ ਨਾਲ ਚੀਕ-ਚਿਹਾੜਾ ਪਾ ਰਿਹਾ ਸੀ। ਇਸ ਸੋਗੀ ਜਿਹੇ ਉਜਾੜਾਂ ਹਾਰ ਸ਼ੋਰ ਵਿਚ ਗੱਲ ਕਰਨੀ ਤੇ ਸੁਣਨੀ ਮੁਸ਼ਕਿਲ ਹੋ ਰਹੀ ਸੀ। ਸਰਪੰਚ ਦੀ ਘਰਵਾਲੀ ਜੋ ਉਸ ਤੋਂ ਅੱਧੀ ਕੁ ਉਮਰ ਦੀ ਸੀ ਤੇ ਮੁਰਝਾਈਆਂ ਜਿਹੀਆਂ ਅੱਖਾਂ ਪਾੜ-ਪਾੜ ਤੱਕ ਰਹੀ ਸੀ ਤੇ ਸਾਰਾ ਸਮਾਂ ਕੁਝ ਵੀ ਨਾ ਬੋਲੀ ਤੇ ਮੈਲੇ-ਕੁਚੈਲੇ ਕੱਪੜਿਆਂ ਨੂੰ ਤਿੱਪ ਕੁ ਪਾਣੀ ਵਿਚ ਵਾਰ-ਵਾਰ ਘਚੋਲੀ ਜਾ ਰਹੀ ਸੀ। ਘਰ ਦੇ ਪਿਛਵਾੜੇ ਵੱਲੋਂ ਮਧਰੇ ਕੱਦ ਤੇ ਲਾਖੇ ਚਿਹਰੇ ਵਾਲਾ ਸਰਪੰਚ ਆ ਗਿਆ ਜਿਸ ਨੇ ਗਿੱਠ ਕੁ ਦੀ ਧੋਤੀ ਪਹਿਨੀ ਹੋਈ ਸੀ। ਆਮ ਨਾਲੋਂ ਵੱਡੇ ਸਿਰ ਤੇ ਮੋਟੀਆਂ-ਮੋਟੀਆਂ ਅੱਖਾਂ ਵਾਲੇ ਇਸ ਆਦਮੀ ਨੇ ਸਾਨੂੰ 'ਜੀ ਆਇਆਂ' ਕਿਹਾ ਤੇ ਅੰਦਰ ਬੈਠਣ ਲਈ ਕਿਹਾ। ਸੱਜੇ ਪਾਸੇ ਨਿੱਕਾ ਜਿਹਾ ਸਾਫ-ਸੁਥਰਾ ਪੱਕੀਆਂ ਇੱਟਾਂ ਵਾਲਾ ਕਮਰਾ ਸੀ ਜਿਸ ਨੂੰ ਸਫੇਦੀ ਨਾਲ ਪੋਚ ਕੇ ਗੁੰਬਦ ਵਾਂਗ ਚਮਕਾਇਆ ਹੋਇਆ ਸੀ। ਅਸੀਂ ਆਪਣੀਆਂ ਜੁੱਤੀਆਂ ਉਤਾਰ ਕੇ ਪੱਕੇ ਫ਼ਰਸ਼ 'ਤੇ ਵਿਛੀਆਂ ਚਟਾਈਆਂ ਉਤੇ ਬੈਠ ਗਏ। ਸਰਪੰਚ ਨੇ ਖੁਦ ਚਾਹ ਬਣਾ ਕੇ ਸਾਨੂੰ ਦਿੱਤੀ। ਏਲੁਚੀ ਪੇਰਾਵੇਈ ਨੂੰ ਉਹ ਜਾਣਦਾ ਸੀ ਤੇ ਉਹ ਸਾਡੇ ਸਾਹਮਣੇ ਕੁਝ ਕਹਿਣ ਤੋਂ ਝਿਜਕਦਾ ਸੀ ਪਰ ਹੌਲੀ-ਹੌਲੀ ਪੇਰਾਵੇਈ ਨੇ ਉਸ ਨੂੰ ਸਮਝਾ ਲਿਆ ਤੇ ਸਾਡੇ ਆਉਣ ਦੇ ਮਕਸਦ ਤੋਂ ਜਾਣੂੰ ਕਰਵਾ ਦਿੱਤਾ ਤੇ ਉਹ ਸਾਡੇ ਨਾਲ ਗੱਲ ਕਰਨ ਲਈ ਰਾਜ਼ੀ ਹੋ ਗਿਆ।

ਹੁਣ ਉਹ ਸਾਨੂੰ ਆਪਣੀ ਦਾਸਤਾਨ ਸੁਣਾਉਣ ਲੱਗਾ ਕਿ ਕਿਵੇਂ ਉਹ ਸਰਪੰਚੀ ਜਿੱਤਿਆ ਤੇ ਬਾਅਦ ਵਿਚ ਉਚ ਜਾਤੀ ਵਾਲਿਆਂ ਨੇ ਉਸ ਨੂੰ ਕਿੰਨਾ ਚਿਰ ਉਹਦੇ ਅਹੁਦੇ ਤੋਂ ਬੇਦਖਲ ਹੀ ਕਰੀ ਰੱਖਿਆ। ਉਹਦੇ ਸਰਪੰਚ ਹੁੰਦਿਆਂ ਉਹਦੀ ਔਕਾਤ ਚੌਕੀਦਾਰ ਜਿੰਨੀ ਵੀ ਨਹੀਂ ਸੀ ਤੇ ਉਹ ਸਾਰੇ ਫੈਸਲੇ ਖੁਦ ਹੀ ਕਰਦੇ ਸਨ। ਕਿਸੇ ਵੀ ਮਾਮਲੇ 'ਤੇ ਸਲਾਹ ਵੀ ਨਹੀਂ ਸਨ ਲੈਂਦੇ। ਉਹਨੂੰ ਸਮੇਂ-ਸਮੇਂ ਜ਼ਲੀਲ ਵੀ ਕਰਦੇ ਰਹਿੰਦੇ।...ਇੰਨਾ ਆਖਦਿਆਂ ਉਹ ਬੇਹੱਦ ਭਾਵੁਕ ਹੋ ਗਿਆ। ਉਹਦੀਆਂ ਅੱਖਾਂ ਵਿਚ ਅਫਸੋਸ ਤੇ ਗੁੱਸਾ ਇੱਕੋ ਸਮੇਂ ਦਿਸ ਰਿਹਾ ਸੀ...ਕਿਵੇਂ ਉਹਦੇ ਨਾਂ ਅਲਾਟ ਹੋਏ ਪੱਕੇ ਘਰ ਦੇ ਪੈਸੇ ਹਾਸਿਲ ਕਰਨ ਲਈ ਉਹਨੂੰ ਉਨ੍ਹਾਂ ਅੱਗੇ ਗਿੜ-ਗਿੜਾਉਣਾ ਪਿਆ, ਪਰ ਜਥੇਬੰਦੀ ਵਾਲਿਆਂ ਦੇ ਦਖ਼ਲ ਨਾਲ ਸਭ ਹੱਲ ਹੋਇਆ। ਉਹ ਤਾਂ ਹੁਣ ਵੀ ਆਪਣਾ ਰੋਅਬ ਤਾਂ ਦਿਖਾਉਂਦੇ ਰਹਿੰਦੇ ਨੇ।

ਨਿੱਕੇ ਬੱਚੇ ਸਾਡੇ ਆਲੇ-ਦੁਆਲੇ ਘੇਰਾ ਘੱਤੀ ਖੜ੍ਹੇ ਸਨ ਤੇ ਸਾਨੂੰ ਦੇਖ-ਦੇਖ ਕੇ ਹੈਰਾਨ-ਪ੍ਰੇਸ਼ਾਨ ਜਿਹੇ ਹੋ ਰਹੇ ਸਨ। ਉਨ੍ਹਾਂ ਨੂੰ ਸਾਰੀ ਗੱਲ ਸ਼ਾਇਦ ਸਮਝ ਨਹੀਂ ਆ ਰਹੀ ਸੀ ਕਿ ਅਸੀਂ ਕੌਣ ਹਾਂ ਅਤੇ ਕੀ ਕਰਨ ਆਏ ਹਾਂ। ਸ਼ਾਇਦ ਉਨ੍ਹਾਂ ਦੇ ਪਿੰਡ ਵਿਚ ਸਾਡੇ ਵਰਗੇ, ਉਹ ਵੀ ਕੈਮਰਿਆਂ ਵਾਲੇ, ਪਹਿਲੀ ਵਾਰ ਹੀ ਆਏ ਹੋਣਗੇ। ਅਸੀਂ ਉਥੋਂ ਨਿਕਲ ਅਗਲੇ ਪਿੰਡ ਸੇਰਵਾਰਾਂ ਵੱਲ ਤੁਰ ਪਏ। ਇਧਰ-ਉਧਰ ਕੋਨਿਆਂ 'ਤੇ ਖੜ੍ਹੀਆਂ ਬੀਬੀਆਂ ਆਪਸ ਵਿਚ ਗੱਲਾਂ ਕਰ ਰਹੀਆਂ ਸਨ ਤੇ ਸ਼ਾਇਦ ਸਾਡੇ ਆਉਣ ਬਾਰੇ ਕਿਆਸ ਲਗਾ ਰਹੀਆਂ ਸਨ। ਹੁਣ ਅਸੀਂ ਪਿੰਡ ਤੋਂ ਬਾਹਰ ਬਹੁਤ ਹੀ ਤੰਗ ਟੇਢੀ-ਮੇਢੀ ਸੜਕ 'ਤੇ ਜਾ ਰਹੇ ਸਾਂ।...ਦੂਰ ਤੱਕ ਪਥਰੀਲੀ ਮਿੱਟੀ ਵਾਲੇ ਖੁਸ਼ਕੀ ਮਾਰੇ ਖੇਤ ਹਨ ਤੇ ਪੀਲੀ ਸੁਨਿਹਰੀ ਪੋਹਲੀ ਉਨ੍ਹਾਂ ਦੀ ਛਾਤੀ 'ਤੇ ਹਵਾ ਨਾਲ ਲਹਿਰਾਅ ਰਹੀ ਸੀ। ਦੂਰ-ਦੂਰ ਗੁੜ ਦੀਆਂ ਭੇਲੀਆਂ ਵਰਗੇ ਦਰਮਿਆਨੇ ਕੱਦ ਵਾਲੇ ਧੁਆਂਖੇ ਪਹਾੜ ਮਾਹੌਲ ਨੂੰ ਕੁਝ ਜ਼ਿਆਦਾ ਹੀ ਸੋਗੀ ਤੇ ਡਰਾਉਣਾ ਬਣਾ ਰਹੇ ਸਨ ਜਿਨ੍ਹਾਂ ਦੇ ਆਲੇ-ਦੁਆਲੇ ਸਫੇਦ ਪੌਣ ਚੱਕੀਆਂ ਦਾ ਝੁਰਮਟ ਲਗਾਤਾਰ ਹਵਾ ਚੀਰ ਰਿਹਾ ਸੀ। ਅਗਲੇ ਪਿੰਡ ਦੇ ਨੌਜਵਾਨ ਸਰਪੰਚ ਨੂੰ ਉਥੋਂ ਦੇ ਉਚ ਜਾਤੀ ਚੌਧਰੀਆਂ ਨੇ ਕਤਲ ਕਰ ਦਿੱਤਾ ਸੀ ਤੇ ਅਸੀਂ ਉਹਦੀ ਪਤਨੀ ਅਤੇ ਮਾਂ ਨੂੰ ਮਿਲਣਾ ਸੀ। ਹੁਣ ਸਾਡੇ ਸਾਰਿਆਂ ਦੇ ਚਿਹਰਿਆਂ ਤੋਂ ਥਕਾਨ ਸਾਫ਼ ਝਲਕ ਰਹੀ ਸੀ ਤੇ ਇਕ-ਦੂਜੇ ਨਾਲ ਗੱਲ-ਬਾਤ ਵੀ ਘੱਟ ਹੀ ਹੋ ਰਹੀ ਸੀ। ਮੈਂ ਤੇ ਰੋਸ਼ਨ ਆਲੇ-ਦੁਆਲੇ ਦੇ ਦ੍ਰਿਸ਼ ਅੱਖਾਂ ਅੱਡ ਕੇ ਲਗਾਤਾਰ ਨਿਹਾਰ ਰਹੇ ਸਾਂ ਜੋ ਤਾੜ ਦੇ ਉਚੇ ਮਾਣਮੱਤੇ ਰੁੱਖਾਂ ਨੇ ਸ਼ਿੰਗਾਰੇ ਹੋਏ ਸਨ। ਤਾੜ ਦੇ ਰੁੱਖਾਂ 'ਤੇ ਤਾੜੀ ਸ਼ਰਾਬ ਬਣਾਉਣ ਲਈ ਲਟਕਾਈਆਂ ਮਟਕੀਆਂ ਪੰਛੀਆਂ ਦੇ ਆਹਲਣਿਆਂ ਵਾਂਗ ਜਾਪ ਰਹੀਆਂ ਸਨ। ਫਿਰ ਸਾਹਮਣੇ ਖੁਸ਼ਕ ਮੁਰਝਾਏ ਨਾਰੀਅਲ, ਤਾੜ ਤੇ ਸਰੂ ਦੇ ਰੁੱਖਾਂ ਵਿਚ ਘਿਰਿਆ ਪਿੰਡ ਨਜ਼ਰ ਆਇਆ। ਪਿੰਡ ਵਿਚ ਪਹੁੰਚਦਿਆਂ ਅਸੀਂ ਕਤਲ ਕੀਤੇ ਸਰਪੰਚ ਦਾ ਘਰ ਪੁੱਛਿਆ ਤਾਂ ਇਕ ਆਦਮੀ ਸਾਨੂੰ ਨਾਲ ਲੈ ਕੇ ਚੱਲ ਪਿਆ। ਥੋੜ੍ਹੇ ਜਿਹੇ ਘਰਾਂ ਵਾਲੀ ਭੀੜੀ ਜਿਹੀ ਗਲੀ ਵਿਚ ਬੱਕਰੀਆਂ ਦੀ 'ਮੈ-ਮੈ', ਮੁਰਗੀਆਂ ਦੀ 'ਕੁੜ-ਕੁੜ' ਅਤੇ ਬੱਚਿਆਂ ਦੂ ਦੂੜੰਗਿਆਂ ਨਾਲ ਮਾਹੌਲ ਉਤੇਜਿਤ ਜਿਹਾ ਹੋਇਆ ਪਿਆ ਸੀ। ਤਾਂਬਈ ਰੰਗ ਵਾਲਾ ਇਕ ਆਦਮੀ ਆਪਣੇ ਘਰ ਦੇ ਦਰਵਾਜ਼ੇ 'ਤੇ ਬੈਠਾ ਬੱਕਰੀ ਦੇ ਮੇਮਣਿਆਂ ਨੂੰ ਚੂੰਘਣੀ ਨਾਲ ਦੁੱਧ ਚੁੰਘਾ ਰਿਹਾ ਹੈ। ਮੈਂ ਉਹਦੀਆਂ ਤਸਵੀਰਾਂ ਖਿੱਚਣ ਲੱਗ ਪਿਆ। ਮੇਰੇ ਨਾਲ ਦੇ ਮੈਨੂੰ ਆਵਾਜ਼ਾਂ ਮਾਰਦੇ ਅੱਗੇ ਨਿਕਲ ਰਹੇ ਸਨ। ਘਸਮੈਲੀਆਂ ਸਾੜ੍ਹੀਆਂ ਵਾਲੀਆਂ ਬੀਬੀਆਂ ਆਪਸ ਵਿਚ ਘੁਸਰ-ਮੁਸਰ ਕਰ ਰਹੀਆਂ ਸਨ। ਗਲੀ ਦੇ ਅਖੀਰ 'ਤੇ ਜਾ ਕੇ ਪਿੰਡ ਦੇ ਪਿਛਵਾੜੇ ਵਿਚ ਟਾਵੇਂ-ਟਾਵੇਂ, ਪੱਕੇ, ਸਫੇਦੀ ਵਾਲੇ ਘਰ ਸਨ ਜਿਨ੍ਹਾਂ ਵਿਚੋਂ ਕੁਝ ਕੁ ਦੀਆਂ ਛੱਤਾਂ ਤਾੜ ਦੇ ਪੱਤਿਆਂ ਦੀਆਂ ਸਨ। ਇਥੇ ਹੀ ਉਹ ਘਰ ਸੀ ਜਿਥੇ ਅਸੀਂ ਜਾਣਾ ਸੀ...। **(ਚੱਲਦਾ)**


*ਪਿੰਡ ਥਾਨਗਾਵੇਲ ਦੀ ਇਕ ਗਲੀ ਵਿਚ ਮੇਮਣਿਆਂ ਨੂੰ ਦੁੱਧ ਚੁੰਘਾਉਂਦਾ*


*ਥਾਨਗਾਵੇਲ ਦੇ ਸਰਪੰਚ ਦੀ ਮਾਂ ਦੀ ਤਸਵੀਰ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 13 ਅਕਤੂਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-33



*ਰੰਬੇ ਅਤੇ ਮੁੰਡੇ ਨੂੰ ਚੰਡਦੇ ਆਏ ਮਾਪੇ ਨੇ*
*ਤਾਂਹੀਓਂ 'ਮੁਰਗੇ ਡਬਲ' ਬਣਾਏ ਹੋਏ ਭਾਪੇ ਨੇ!*

## ਕੈਪਸ਼ਨ ਮੁਕਾਬਲਾ-31



ਗੱਡੀ ਲੈ ਕੇ ਕਰੀ ਤਿਆਰੀ
ਪਹਿਲਾਂ ਦਰ ਬਾਬੇ ਦੇ ਜਾਵਣ।
ਚਾਅ ਚਾਅ ਵਿਚ ਚੜ੍ਹ ਗਏ ਨਿੱਕੇ
ਝੂਟਾ ਲੈਣ ਤੇ ਮੌਜ ਮਨਾਵਣ।
ਭੋਲ਼ਾ ਬਚਪਨ ਕੀ ਜਾਣੇ ਕਿ
ਬਾਬੇ ਜਾਲ਼ ਦੇ ਵਿਚ ਫਸਾਵਣ।

***-ਜਗਮੀਤ ਸਿੰਘ ਪੰਧੇਰ***
***ਫੋਨ:91-98783-37222***

---

ਛੱਡ ਪੜ੍ਹਾਈਆਂ ਚੜ੍ਹ ਕੇ ਟਰੱਕ,
ਵਿਚ ਮੇਲੇ, ਮੱਸਿਆ ਜਾਣਾ।
ਹੁਣ ਪਛਤਾਉਂਦੇ 21ਵੀਂ ਸਦੀ ਵਿਚ,
ਪੜ੍ਹਾਈ ਨੇ ਸੀ ਕੰਮ ਆਉਣਾ।
ਸਾਡੇ ਵਾਂਗ ਨਾ ਕੋਈ ਰਹਿ ਜਾਏ ਅਨਪੜ੍ਹ,
ਮੈਂ ਆਪਣਾ ਹਾਲ ਸੁਣਾਵਾਂ।
ਆਪ ਪੜ੍ਹੋ, ਬੱਚਿਆਂ ਨੂੰ ਪੜ੍ਹਾਓ,
ਆਖਰ ਵਿਦਿਆ ਨੇ ਕੰਮ ਆਉਣਾ।

***-ਗੋਰਾ ਪ੍ਰਜਾਪਤ, ਨਿਊ ਯਾਰਕ।***

---

ਛੱਡ ਕੇ ਮਹਿਮਾ ਸ਼ਬਦ ਦੀ
ਸਾਧਾਂ ਦੇ ਦਰ ਮੱਲੇ।
ਪਾਈ ਪਾਈ ਜੋੜ ਚੜ੍ਹਾਈਏ
ਜਿਨ੍ਹਾਂ ਦੇ ਸ਼ੌਕ ਅਵੱਲੇ।
ਰੱਬ ਵੱਸਦਾ ਦਿਲਾਂ ਦੇ ਅੰਦਰ
ਰੱਬ ਲੱਭਣ ਸਾਧ ਦੇ ਡੇਰੇ ਚੱਲੇ।

***-ਅਜਮੇਰ ਸਿੰਘ ਪੰਨੂ***
***ਫੋਨ: 630-440-3458***

---

ਇਹ ਹੈ ਟਰੱਕ ਦੀ ਸਵਾਰੀ,
ਨਾ ਹੀ ਬੂਹਾ ਨਾ ਹੀ ਬਾਰੀ।
ਖੜ੍ਹੇ ਰਹੋ ਚਾਹੇ ਬੈਠੋ,
ਮਿੱਟੀ ਸਿਰ ਵਿਚ ਪੈਣੀ ਸਾਰੀ!

***-ਪਿਆਰਾ ਸਿੰਘ 'ਪੰਛੀ'***
***ਨਿਊ ਯਾਰਕ।***

---

ਆ ਜਾਉ ਆ ਜਾਉ ਮੇਰੇ ਯਾਰ,
ਹੋਵੋ ਟਰੱਕ ਦੇ ਵਿਚ ਸਵਾਰ।
ਨਾ ਕੋਈ ਚੈਕਰ ਨਹੀਂ ਕੰਡਕਟਰ,
ਲੁੱਟੋ ਮੁਫਤੀ ਦੀ ਬਹਾਰ।

***-ਫਕੀਰ ਚੰਦ ਸੈਂਪਲਾ, ਐਲ.ਏ***

---

ਸਾਡੀ ਹੋਈ ਸਕੂਲੋਂ ਛੁੱਟੀ,
ਜਾਂਦੇ ਮਾਸਟਰ ਰੋਜ ਹੀ ਕੁੱਟੀ।
ਅਜ ਤਾਂ ਮੇਲੇ ਆਪਾਂ ਚੱਲੇ,
ਲਾਉਣੇ ਖਾਣ ਪੀਣ ਨੂੰ ਹੱਲੇ।

***-ਜਸਵੀਰ ਸਿੰਘ ਖੁਸ਼ਦਿਲ,***
***ਸਿਆਟਲ।***


# Quick Stop 40, Oklahoma

## ਟਰੱਕ ਸਟਾਪ ਲਈ ਲੋੜ ਹੈ

### ਕੁਕ, ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ

*ਇੰਡੀਅਨ ਰੈਸਟੋਰੈਂਟ ਵਿਚ ਫੁਲਕੇ ਪਕਾਉਣ ਲਈ ਖਾਸ ਤੌਰ 'ਤੇ ਕੁਕ ਦੀ ਲੋੜ ਹੈ। ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ*

**ਕਾਲ ਕਰੋ:832-512-7172**

# ਗਦਰੀ ਬਾਬਿਆਂ ਦੀ ਦੇਣ ਅਸੀਂ ਕਦੇ ਨਹੀਂ ਦੇ ਸਕਦੇ- ਸੀਤਾ ਰਾਮ ਯੈਚੁਰੀ

**ਫਰੀਮਾਂਟ (ਬਿਊਰੋ):** ਭਾਰਤ ਦੀ ਆਜਾਦੀ ਲਈ ਆਪਣੀਆਂ ਜਾਨਾਂ ਤੇ ਆਪਣਾ ਸਭ ਕੁਝ ਦਾਅ ਤੇ ਲਾਉਣ ਵਾਲੇ ਗਦਰੀ ਬਾਬਿਆਂ ਦੀ ਦੇਣ ਅਸੀਂ ਕਦੇ ਨਹੀਂ ਦੇ ਸਕਦੇ। ਗਦਰ ਲਹਿਰ



ਦੀ ਅਗਲੇ ਵਰ੍ਹੇ ਆ ਰਹੀ ਸ਼ਤਾਬਦੀ ਸਮੂਹ ਭਾਰਤੀਆਂ ਨੂੰ ਸਿਆਸੀ ਹੱਦਬੰਦੀਆਂ ਤੋਂ ਉਪਰ ਉਠ ਕੇ ਪੂਰੇ ਉਤਸ਼ਾਹ ਨਾਲ ਮਨਾਉਣੀ ਚਾਹੀਦੀ ਹੈ। ਇਹ ਵਿਚਾਰ ਰਾਜ ਸਭਾ ਮੈਂਬਰ ਸ੍ਰੀ ਸੀਤਾ ਰਾਮ ਯੈਚੁਰੀ ਨੇ ਪਾਲੋ ਆਲਟੋ ਵਿਚ ਗਦਰ ਮੈਮੋਰੀਅਲ ਫਾਉਂਡੇਸ਼ਨ ਅਮਰੀਕਾ ਅਤੇ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਇਕ ਸਾਂਝੇ ਵਫਦ ਨਾਲ ਮੁਲਾਕਾਤ ਦੌਰਾਨ ਪ੍ਰਗਟਾਏ। ਸ੍ਰੀ ਯੈਚੁਰੀ ਸਟੈਨਫੋਰਡ ਯੂਨੀਵਰਸਿਟੀ ਵਿਚ ਇਕ ਸੈਮੀਨਾਰ ਵਿਚ ਹਿੱਸਾ ਲੈਣ ਲਈ ਭਾਰਤ ਤੋਂ ਪਹੁੰਚੇ ਹੋਏ ਸਨ।

ਵਫਦ ਵਿਚ ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਅਵਤਾਰ ਸਿੰਘ ਤਾਰੀ ਤੇ ਸਰਪੰਚ ਮਹਿੰਗਾ ਸਿੰਘ ਅਤੇ ਗਦਰ ਮੈਮੋਰੀਅਲ ਫਾਉਂਡੇਸ਼ਨ ਦੀ ਤਰਫੋਂ ਚਰਨ ਸਿੰਘ ਜੱਜ ਤੇ ਜਨਕ ਰਾਜ ਸਿਧਰਾ ਸ਼ਾਮਲ ਸਨ। ਵਫਦ ਨੇ ਸ੍ਰੀ ਯੈਚੁਰੀ ਨਾਲ 2013 ਵਿਚ ਮਨਾਈ ਜਾ ਰਹੀ ਗਦਰ ਲਹਿਰ ਦੀ ਸ਼ਤਾਬਦੀ ਬਾਰੇ ਖੁਲ੍ਹ ਕੇ ਵਿਚਾਰ ਚਰਚਾ ਕੀਤੀ। ਸ੍ਰੀ ਯੈਚੁਰੀ ਨੇ ਕਿਹਾ ਕਿ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੇ ਆਜਾਦੀ ਦੀ ਅਜਿਹੀ ਜੋਤ ਜਗਾਈ ਕਿ ਅੰਗ੍ਰੇਜਾਂ ਨੂੰ ਭਾਰਤ ਹੀ ਨਹੀਂ, ਸਗੋਂ ਆਪਣੀਆਂ ਹੋਰ ਬਸਤੀਆਂ ਨੂੰ ਵੀ ਆਜਾਦ ਕਰਨਾ ਪਿਆ। ਗਦਰ ਮੈਮੋਰੀਅਲ ਫਾਉਂਡੇਸ਼ਨ ਵਲੋਂ ਸੈਕਰਾਮੈਂਟੋ 'ਚ ਕਰਵਾਈ ਜਾ ਰਹੀ ਦੋ ਰੋਜ਼ਾ ਕਾਨਫਰੰਸ ਵਿਚ ਆਪਣੀ ਸ਼ਮੂਲੀਅਤ ਦਾ ਭਰੋਸਾ ਦਿੰਦਿਆਂ ਸ੍ਰੀ ਯੈਚੁਰੀ ਨੇ ਕਿਹਾ ਕਿ ਕਾਨਫਰੰਸ 'ਚ ਪੜ੍ਹੇ ਜਾਣ ਵਾਲੇ ਪਰਚੇ ਗੀਤ-ਸੰਗੀਤ ਤੇ ਨਾਟਕ ਵਗੈਰਾ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਸਮਰਪਿਤ ਹੋਣੇ ਚਾਹੀਦੇ ਹਨ। ਗਦਰ ਲਹਿਰ ਦੇ ਸ਼ਤਾਬਦੀ ਸਮਾਰੋਹਾਂ ਦੀ ਕਾਮਯਾਬੀ ਲਈ ਸ਼ੁਭ ਕਾਮਨਾਵਾਂ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਖਾਤਰ ਉਹ ਜੋ ਵੀ ਯੋਗਦਾਨ ਪਾ ਸਕੇ, ਜਰੂਰ ਪਾਉਣਗੇ। ਉਨ੍ਹਾਂ ਇਹ ਵੀ ਆਖਿਆ ਕਿ ਭਾਰਤ ਵਿਚ ਗਦਰ ਲਹਿਰ ਦੀ ਸ਼ਤਾਬਦੀ ਪੂਰਾ ਸਾਲ (2013) ਮਨਾਈ ਜਾਵੇਗੀ।

## ਨੇਪਾਲ 'ਚ ਹਿੰਦੀ ਫ਼ਿਲਮਾਂ 'ਤੇ ਪਾਬੰਦੀ

**ਕਾਠਮੰਡੂ:** ਨੇਪਾਲ ਵਿਚ ਸੱਤਾਧਾਰੀ ਧਿਰ ਤੋਂ ਵੱਖ ਹੋਏ ਮਾਓਵਾਦੀਆਂ ਦੇ ਧੜੇ ਨੇ 10 ਜ਼ਿਲ੍ਹਿਆਂ ਵਿਚ ਹਿੰਦੀ ਫ਼ਿਲਮਾਂ ਦਿਖਾਉਣ ਤੇ ਭਾਰਤੀ ਨੰਬਰ ਪਲੇਟਾਂ ਵਾਲੇ ਵਾਹਨਾਂ 'ਤੇ ਪਾਬੰਦੀ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਪਾਬੰਦੀ ਦੀ ਉਲੰਘਣਾ ਕਰਨਾ ਮਹਿੰਗਾ ਪੈ ਸਕਦਾ ਹੈ।

ਕਮਿਊਨਿਸਟ ਪਾਰਟੀ ਆਫ ਨੇਪਾਲ-ਮਾਓਵਾਦੀ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇਹ ਕਦਮ ਕੌਮੀ ਪ੍ਰਭੂਸੱਤਾ ਦੀ ਰੱਖਿਆ ਲਈ ਚੁੱਕਿਆ ਗਿਆ ਹੈ। ਇਸ ਤਹਿਤ ਉਨ੍ਹਾਂ ਤਮਸਲਿੰਗ ਐਥਨਿਕ ਸਟੇਟ ਕਮੇਟੀ ਅਧੀਨ ਆਉਂਦੇ 10 ਜ਼ਿਲ੍ਹਿਆਂ ਵਿਚ ਇਹ ਪਾਬੰਦੀ ਲਾਈ ਹੈ।

# ਮਹਾਰਾਜਾ ਦਲੀਪ ਸਿੰਘ ਦੀ ਪਲੇਟ 1100 ਪੌਂਡ ਵਿਚ ਨਿਲਾਮ

**ਲੰਡਨ:** ਮਹਾਰਾਜਾ ਦਲੀਪ ਸਿੰਘ ਦੀ ਖਾਣਾ ਖਾਣ ਵਾਲੀ ਸੋਨੇ ਦੀ ਤਾਰ ਦੀ ਮੀਨਾਕਾਰੀ ਵਾਲੀ ਇਕ ਪਲੇਟ ਬਰਤਾਨੀਆ ਦੇ ਮੌਕੌਕਸ ਨਿਲਾਮੀ ਘਰ ਵਿਖੇ 1100 ਪੌਂਡ ਦੀ ਵਿਕੀ ਹੈ ਜਦਕਿ ਨਿਲਾਮੀ ਘਰ ਨੂੰ ਇਸ ਦੀ ਅੰਦਾਜ਼ਨ ਨਿਲਾਮੀ 2000 ਤੋਂ 3000 ਪੌਂਡ ਤੱਕ ਹੋਣ ਦੀ ਉਮੀਦ ਸੀ। ਇਸ ਮੌਕੇ ਦਸ ਗੁਰੂ ਸਾਹਿਬਾਨ ਦੀ ਸਿਲਕ ਦੇ ਕੱਪੜੇ 'ਤੇ ਕੀਤੀ ਗਈ ਸ਼ਾਨਦਾਰ ਪੇਂਟਿੰਗ 200 ਪੌਂਡ ਦੀ ਵਿਕੀ ਜਦਕਿ ਟੀਪੂ ਸੁਲਤਾਨ ਦੀ ਮੌਤ ਵਾਲੀ ਪੇਂਟਿੰਗ ਨੂੰ ਇਕ ਗਾਹਕ ਨੇ 1500 ਪੌਂਡ ਵਿਚ ਖਰੀਦਿਆ। ਇਸ ਮੌਕੇ ਜਿਥੇ ਪੰਜਾਬੀ ਦੀਆਂ ਕਈ ਪੁਰਾਣੀਆਂ ਕਿਤਾਬਾਂ ਨਿਲਾਮ ਹੋਈਆਂ, ਉੱਥੇ ਹੀ ਮਹਾਰਾਜਾ ਦਲੀਪ ਸਿੰਘ ਨਾਲ ਸਬੰਧਤ ਤਿੰਨ ਤੋਂ ਚਾਰ ਸਫਿਆਂ ਵਾਲੀਆਂ ਤਿੰਨ ਵੱਖ-ਵੱਖ ਮਹੱਤਵਪੂਰਨ ਚਿੱਠੀਆਂ ਦੀ ਵੀ ਨਿਲਾਮੀ ਹੋਈ। ਭਾਈ ਬਾਲਾ ਜੀ ਵਾਲੀ 1950 ਦੀ ਛਪੀ ਜਨਮ ਸਾਖੀ 40 ਪੌਂਡ ਵਿਚ ਨਿਲਾਮ ਹੋਈ। ਸਿੱਖ ਰਾਜ ਦੀ ਇਕ ਹੋਰ ਅਦਭੁਤ ਨਿਸ਼ਾਨੀ ਭੰਗੀਆਂ ਦੀ ਤੋਪ ਜਮਜਮਾ ਦਾ ਇਕ ਛੋਟਾ ਮਾਡਲ ਵੀ ਇਸ ਮੌਕੇ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ ਜਿਸ ਨੂੰ 550 ਪੌਂਡ ਵਿਚ ਵੇਚਿਆ ਗਿਆ।


ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

**Safe & Easy Weight Loss**
**Ph:317-886-4858**

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।



**United Sports Club of California**
33272 Palomino Common, Fremont, CA, USA 94555, Ph: 510-468-9381
Website: http://usportsca.org/

ਨਸ਼ੇ ਛਡੋ। **ਨਸ਼ਾ ਵਿਰੋਧੀ ਅਪੀਲ** ਕੋਹੜ ਵਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।







ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵਧ ਨਿਪੁੰਸਕ -Dr. Harshinder Kaur
ਵਿਦੇਸ਼ੀ ਧਰਤੀ ਉਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।
ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖ਼ਲ (ਚੇਅਰਮੈਨ) ਬਲਵੀਰ ਸਿੰਘ ਭਾਟੀਆ (ਪ੍ਰਧਾਨ) ਗੁਰਦਾਵਰ ਸਿੰਘ ਮਹੇੜੂ ਜੁਗਰਾਜ ਸਿੰਘ ਸਹੋਤਾ
831-247-4637 510-677-6248 2gsmann@gmail.com 510-673-0825
Makhan S. Bains, Narinder S. Sahota, Palwinder S. Gakhal, Kuldip S. Mann
Iqbal S. Gakhal, Parmjit S. Sandhu, Dalvinder S. Padda, Sadhu S. Khalour

Radio Chardi Kala
Listen Live 24/7
www.radiock.com
Dial To Listen
832-551-5038

www.punjabtimesusa.com
Promotes Healthy Enviornment

ਮਾਂ-ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸ਼ਾਸਨ, ਖੇਡ ਪ੍ਰੋਮੋਟਰਾਂ ਅਤੇ ਰਾਜਨੀਤੀਵਾਨਾਂ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ

Ad sponsored by: Amolak Singh Gakhal, Iqbal Singh Gakhal, Palwinder Singh Gakhal (A&I Trucking Inc.)

# ਅਮਰੀਕਾ ਨੇ ਵੀਜ਼ਾ ਅਪਲਾਈ ਕਰਨਾ ਬਣਾਇਆ ਸੌਖਾਲਾ

**ਚੰਡੀਗੜ੍ਹ:** ਸੰਯੁਕਤ ਰਾਜ ਅਮਰੀਕਾ ਵੱਲੋਂ ਆਪਣੀ ਵੀਜ਼ਾ ਅਪਲਾਈ ਯੋਜਨਾ ਨੂੰ ਸੌਖਾ ਕਰਦਿਆਂ ਨਵੀਂ ਤੇ ਸਰਲ ਆਨ ਲਾਈਨ ਵੀਜ਼ਾ ਅਪਲਾਈ ਯੋਜਨਾ ਸ਼ੁਰੂ ਕੀਤੀ ਹੈ ਜਿਸ ਤਹਿਤ ਸਾਰੇ ਹੀ ਕੰਮ ਇੰਟਰਨੈੱਟ ਰਾਹੀਂ ਤੈਅ ਹੋਣਗੇ। ਸਿਰਫ਼ ਅੰਗੂਠੇ ਦੇ ਨਿਸ਼ਾਨ ਤੇ ਵੀਜ਼ਾ ਇੰਟਰਵਿਊ ਲਈ ਹੀ ਵਿਅਕਤੀ ਨੂੰ ਨਿੱਜੀ ਤੌਰ 'ਤੇ ਅਮਰੀਕਨ ਅੰਬੈਸੀ ਵਿਚ ਜਾਣਾ ਪਵੇਗਾ।

ਦਿੱਲੀ ਸਥਿਤ ਅਮਰੀਕਨ ਸਫ਼ਾਰਤਖ਼ਾਨੇ ਦੇ ਕੌਂਸਲ ਜਨਰਲ ਜੌਸ਼ ਗਲੇਜ਼ਰਾਫ਼ ਨੇ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ ਪੱਤਰਕਾਰਾਂ ਨੂੰ ਨਵੀਂ ਯੋਜਨਾ ਬਾਰੇ ਦੱਸਿਆ ਕਿ ਇਸ ਲਈ ਗੂਗਲ ਰਾਹੀਂ ਅਮਰੀਕਨ ਵੀਜ਼ਾ ਅਥਾਰਿਟੀ ਦੀ ਵੈਬਸਾਈਟ 'ਤੇ ਜਾ ਕੇ ਅਕਾਊਂਟ ਬਣਾਉਣਾ ਪੈਂਦਾ ਹੈ ਤੇ ਫਿਰ ਉਸ ਅਕਾਊਂਟ ਰਾਹੀਂ ਹੀ ਵੈਬਸਾਈਟ 'ਤੇ ਦਿੱਤੀ ਵੀਜ਼ੇ ਲਈ ਅਰਜ਼ੀ ਨੂੰ ਭਰਿਆ ਜਾਂਦਾ ਹੈ, ਵੀਜ਼ਾ ਫ਼ੀਸ ਵੀ ਇਲੈਕਟ੍ਰਾਨਿਕ ਫ਼ੰਡ ਟਰਾਂਸਫ਼ਰ ਰਾਹੀਂ, ਮੋਬਾਈਲ ਫ਼ੋਨ ਰਾਹੀਂ ਜਾਂ ਫਿਰ ਐਕਸਿਸ ਬੈਂਕ ਦੀਆਂ 1800 ਤੋਂ ਵੱਧ ਬਰਾਂਚਾਂ ਵਿਚ ਕਿਤੇ ਵੀ ਜਮਾਂ ਕਰਵਾਈ ਜਾ ਸਕਦੀ ਹੈ।

**ਇੰਟਰਨੈੱਟ ਰਾਹੀਂ ਹੀ ਨਿਬੜਣਗੇ ਸਾਰੇ ਕੰਮ**



ਇਸ ਤੋਂ ਬਾਅਦ ਇੰਟਰਨੈਟ ਰਾਹੀਂ ਜਾਂ ਫ਼ੋਨ ਰਾਹੀਂ ਹੀ ਮੁਲਾਕਾਤਾਂ ਲਈ ਵੀਜ਼ਾ ਅਧਿਕਾਰੀ ਤੋਂ ਸਮਾਂ ਮੰਗਿਆ ਜਾਂਦਾ ਹੈ ਜੋ ਇਕ ਵਾਰ ਆਪਣੇ ਅੰਗੂਠਿਆਂ ਦੇ ਨਿਸ਼ਾਨ ਦੇਣ ਤੇ ਦੂਜੀ ਵਾਰ ਵੀਜ਼ੇ ਲਈ ਅੰਬੈਸੀ ਵਿਚ ਇੰਟਰਵਿਊ ਦੇਣ ਲਈ ਹੁੰਦਾ ਹੈ। ਇਹ ਪ੍ਰਕ੍ਰਿਆ ਪੂਰੀ ਹੋਣ 'ਤੇ ਵੀਜ਼ਾ ਅਪਲਾਈ ਕਰਨ ਵਾਲੇ ਵਿਅਕਤੀ ਨੂੰ ਈਮੇਲ ਜਾਂ ਐਸ.ਐਮ.ਐਸ. ਭੇਜ ਕੇ ਸੁਨੇਹਾ ਦਿੱਤਾ ਜਾਂਦਾ ਹੈ ਕਿ ਭਾਰਤ ਭਰ ਵਿਚ ਬਣੇ 33 ਕਾਗ਼ਜ਼ਾਤ ਹਾਸਲ ਕਰਨ ਵਾਲੇ ਕੇਂਦਰਾਂ ਤੋਂ ਕਿਸੇ ਤੋਂ ਵੀ ਆਪਣੇ ਵੀਜ਼ਾ ਕਾਗ਼ਜ਼ਾਤ ਪ੍ਰਾਪਤ ਕਰ ਲਵੋ।

ਉਨ੍ਹਾਂ ਦੱਸਿਆ ਕਿ ਇਸ ਬਾਰੇ ਦਿੱਲੀ, ਚੇਨਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ ਵਿਖੇ ਕਾਲ ਸੈਂਟਰ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਦੇ ਟੋਲ ਫਰੀ ਨੰਬਰ 91-206602222 ਤੇ 91-2267209400 ਹਨ ਜਿਨ੍ਹਾਂ 'ਤੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਤੇ ਐਤਵਾਰ ਨੂੰ ਸਵੇਰੇ 9 ਵਜੇ ਤੋਂ ਸ਼ਾਮੀਂ 6 ਵਜੇ ਤੱਕ ਕਦੇ ਵੀ ਗੱਲਬਾਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਆਪਣੀਆਂ ਅਰਜ਼ੀਆਂ ਬਾਰੇ ਜਾਂ ਕੋਈ ਹੋਰ ਸੂਚਨਾ ਲਈ ਆਨ ਲਾਈਨ ਚੈਟਿੰਗ ਰਾਹੀਂ ਵੀ ਜਾਣਕਾਰੀ ਲਈ ਜਾ ਸਕਦੀ ਹੈ ਤੇ ਹਰੇਕ ਸ਼ੁੱਕਰਵਾਰ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਫੇਸਬੁੱਕ 'ਤੇ ਵੀ ਸਵਾਲਾਂ ਦੇ ਜਵਾਬ ਚੈਟਿੰਗ ਰਾਹੀਂ ਦਿੱਤੇ ਜਾਣਗੇ।

ਉਨ੍ਹਾਂ ਸਪੱਸ਼ਟ ਕੀਤਾ ਕਿ ਅਮਰੀਕਨ ਅੰਬੈਸੀ ਨੇ ਵੀਜ਼ੇ ਬਾਰੇ ਕਿਸੇ ਨੂੰ ਵੀ ਏਜੰਟ ਤੈਅ ਨਹੀਂ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਵੀਜ਼ਾ ਇੰਟਰਵਿਊ ਤਾਂ ਦਿੱਲੀ ਵਿਖੇ ਹੀ ਹੋਣਗੀਆਂ ਪਰ ਅੰਗੂਠਿਆਂ ਦੇ ਨਿਸ਼ਾਨ ਲੈਣ ਲਈ ਉਹ ਚੰਡੀਗੜ੍ਹ ਵਿਚ ਦਫ਼ਤਰ ਖੋਲ੍ਹਣ ਬਾਰੇ ਉਚ ਅਧਿਕਾਰੀਆਂ ਨਾਲ ਵਿਚਾਰ ਕਰਨਗੇ ਕਿਉਂਕਿ ਵੀਜ਼ੇ ਵਾਸਤੇ ਸਭ ਤੋਂ ਵੱਧ ਅਰਜ਼ੀਆਂ ਪੰਜਾਬ ਤੋਂ ਹੀ ਆਉਂਦੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਨਵੀਂ ਯੋਜਨਾ ਦਾ ਉਦੇਸ਼ ਵੀਜ਼ਾ ਪ੍ਰਣਾਲੀ ਨੂੰ ਸੌਖੀ ਕਰਨਾ ਅਤੇ ਇਸ ਵਿਚ ਲਗਣ ਵਾਲੀ ਦੇਰੀ ਨੂੰ ਘਟਾਉਣਾ ਹੈ।

# ਅਮਰੀਕੀ ਯੂਨੀਵਰਸਿਟੀ ਕਰੇਗੀ ਭਾਰਤ ਬਾਰੇ ਖੋਜ

**ਨਿਊਯਾਰਕ:** ਉੱਘੀ ਆਈਵੀ ਲੀਗ ਸੰਸਥਾ ਬ੍ਰਾਊਨ ਯੂਨੀਵਰਸਿਟੀ ਨੇ ਭਾਰਤ ਕੇਂਦਰਿਤ 'ਦਿ ਬ੍ਰਾਊਨ ਇੰਡੀਆ ਇਨੀਸ਼ੀਏਟਿਵ' ਨਾਂ ਦਾ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਹੈ ਜੋ ਭਾਰਤ ਬਾਰੇ ਅਕਾਦਮਿਕ ਖੋਜ ਤੇ ਵਰਤਮਾਨ ਮੁੱਦਿਆਂ 'ਤੇ ਆਧਾਰਤ ਹੋਵੇਗਾ। ਭਾਰਤੀ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਯੂਨੀਵਰਸਿਟੀ 'ਚ ਇਸ ਨਵੇਂ ਪ੍ਰੋਗਰਾਮ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨਾਲ 21ਵੀਂ ਸਦੀ ਵਿਚ ਭਾਰਤ ਦੀ ਵਿਦੇਸ਼ ਨੀਤੀ ਬਾਰੇ ਵਿਚਾਰ ਸਾਂਝੇ ਕੀਤੇ। ਯੂਨੀਵਰਸਿਟੀ ਵੱਲੋਂ ਕੀਤੀ ਇਸ ਪਹਿਲ ਤਹਿਤ ਪੂਰੇ ਵਿਦਿਅਕ ਵਰ੍ਹੇ ਦੌਰਾਨ ਖੋਜ, ਭਾਸ਼ਨ ਲੜੀ ਤੇ ਹੋਰ ਪ੍ਰੋਗਰਾਮਾਂ ਰਾਹੀਂ ਵਰਤਮਾਨ ਭਾਰਤ ਬਾਰੇ ਅਧਿਐਨ ਕੀਤਾ ਜਾਵੇਗਾ ਤੇ ਇਹ ਇਕ ਅੰਤਰ ਅਨੁਸ਼ਾਸਨੀ ਪ੍ਰੋਗਰਾਮ ਹੋਵੇਗਾ। ਬ੍ਰਾਊਨ ਇੰਡੀਆ ਇਨੀਸ਼ੀਏਟਿਵ ਦੇ ਡਾਇਰੈਕਟਰ ਅਸ਼ੂਤੋਸ਼ ਵਾਰਸ਼ਨੇ ਨੇ ਕਿਹਾ ਕਿ ਭਾਰਤ ਵਿਚ ਹੋ ਰਹੀਆਂ ਤਬਦੀਲੀਆਂ ਬੁੱਧੀਜੀਵੀ ਵਰਗ ਦਾ ਧਿਆਨ ਖਿੱਚ ਰਹੀਆਂ ਹਨ। ਮੁਲਕ ਵਿਚ ਪਿਛਲੇ ਦੋ ਦਹਾਕਿਆਂ ਦੌਰਾਨ ਤੇਜ਼ੀ ਨਾਲ ਵਾਪਰੇ ਪਰਿਵਰਤਨਾਂ ਨੇ ਖੋਜ ਖੇਤਰ ਵਿਚ ਨਵੇਂ ਸਵਾਲ ਖੜ੍ਹੇ ਕੀਤੇ ਹਨ। ਦੇਸ਼ ਨੂੰ ਦਰਪੇਸ਼ ਨਵੀਆਂ ਸਿਆਸੀ ਤੇ ਆਰਥਿਕ ਚੁਣੌਤੀਆਂ ਵੀ ਖੋਜ ਦਾ ਵਿਸ਼ਾ ਹਨ। ਮੌਜੂਦਾ ਸਿਆਸੀ ਤੇ ਆਰਥਿਕ ਮੁੱਦਿਆਂ 'ਤੇ ਸਵਾਲ ਖੜ੍ਹੇ ਕਰਦੀ ਖੋਜ ਨੂੰ ਉਤਸ਼ਾਹ ਦੇਣ ਸਦਕਾ ਬ੍ਰਾਊਨ ਯੂਨੀਵਰਸਿਟੀ ਭਾਰਤ ਦੇ ਭਵਿੱਖ ਬਾਰੇ ਛਿੜੀ ਬਹਿਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਸਕੇਗੀ। ਇਸ ਖੋਜ ਕਾਰਜ ਵਿਚ ਦੋ ਭਾਰਤੀ ਸੰਸਥਾਵਾਂ ਵੀ ਬ੍ਰਾਊਨ ਯੂਨੀਵਰਸਿਟੀ ਦੇ ਉਦੇਸ਼ ਵਿਚ ਭਾਈਵਾਲ ਹੋਣਗੀਆਂ।



# ਇਟਲੀ ਵਿਚ ਕੱਚੇ ਭਾਰਤੀਆਂ ਨੂੰ ਪਾਸਪੋਰਟ ਬਣਾਉਣ ਦਾ ਮੌਕਾ

**ਰੋਮ:** ਇਟਲੀ ਵਿਚ ਖੁੱਲੀ ਇੰਮੀਗਰੇਸ਼ਨ ਦੇ ਮੱਦੇਨਜ਼ਰ ਭਾਰਤੀ ਕੌਂਸਲੇਟ ਜਨਰਲ ਮਿਲਾਨ ਵਲੋਂ ਪਿਛਲੇ 15 ਸਤੰਬਰ ਤੋਂ 15 ਅਕਤੂਬਰ ਤੱਕ ਬਿਨਾਂ ਪੁਲਿਸ ਰਿਪੋਰਟ ਦੇ ਪਾਸਪੋਰਟ ਬਣਾਉਣ ਲਈ ਅਰਜ਼ੀਆਂ ਲਈਆਂ ਜਾ ਰਹੀਆਂ ਹਨ। ਬਿਨੈਕਾਰ ਨੂੰ ਸਿਰਫ਼ ਇਟਲੀ ਵਿਚ ਰਹਿੰਦੇ ਹੋਣ ਦਾ ਸਬੂਤ ਦੇਣਾ ਪਵੇਗਾ। ਭਾਰਤੀ ਕੌਂਸਲੇਟ ਜਨਰਲ ਵੱਲੋਂ ਦਿੱਤੀ ਇਸ ਵੱਡੀ ਰਾਹਤ ਨਾਲ ਇੱਥੇ ਵਸਦੇ ਕੱਚੇ ਭਾਰਤੀਆਂ ਨੂੰ ਪੱਕੇ ਹੋਣ ਵਿਚ ਬਹੁਤ ਵੱਡੀ ਸਹਾਇਤਾ ਮਿਲੀ ਹੈ।

ਇਸ ਬਾਰੇ ਕੌਂਸਲੇਟ ਜਨਰਲ ਐਸ.ਕੇ.ਵਰਮਾ ਨਾਲ ਮੁਲਾਕਾਤ ਕਰਨ ਉਪਰੰਤ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਇਟਲੀ ਪ੍ਰਧਾਨ ਹਰਪਾਲ ਸਿੰਘ ਦਾਦੂਵਾਲ, ਸੀਨੀਅਰ ਮੀਤ ਪ੍ਰਧਾਨ ਸੁਖਦੇਵ ਸਿੰਘ ਕੰਗ, ਇੰਡੀਅਨ ਓਵਰਸੀਜ਼ ਕਾਂਗਰਸ, ਇਟਲੀ ਦੇ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਜੀਤਪਾਲ ਤੇ ਇਟਲੀ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਬਲਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਇਸ ਨਾਲ ਇਟਲੀ ਦੇ ਕੱਚੇ ਭਾਰਤੀਆਂ ਦੀ ਪਿਛਲੇ ਸਮੇਂ ਲਟਕਦੀ ਮੰਗ ਪੂਰੀ ਹੋਈ ਹੈ।

ਉਨ੍ਹਾਂ ਭਾਰਤ ਦੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਦਾ ਇਸ ਲਈ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਇਟਲੀ ਦੇ ਭਾਰਤੀਆਂ ਦੀ ਇਸ ਮੰਗ ਨੂੰ ਸਵੀਕਾਰ ਕਰਦਿਆਂ ਕੌਂਸਲੇਟ ਜਨਰਲ ਨੂੰ ਇਹ ਹੁਕਮ ਜਾਰੀ ਕੀਤੇ ਹਨ।

# ਭਾਰਤੀਆਂ ਲਈ ਬਿਨਾਂ ਮੋਹਰ ਵਾਲਾ ਵੀਜ਼ਾ

**ਨਵੀਂ ਦਿੱਲੀ:** ਆਸਟਰੇਲੀਆ ਨੇ ਭਾਰਤੀ ਯਾਤਰੀਆਂ ਲਈ ਬਿਨਾਂ ਮੋਹਰ ਵਾਲੇ ਵੀਜ਼ਾ ਸਿਸਟਮ ਦਾ ਪ੍ਰਬੰਧ ਕੀਤਾ ਹੈ ਜੋ ਪਹਿਲੀ ਅਕਤੂਬਰ ਤੋਂ ਸ਼ੁਰੂ ਹੋ ਗਿਆ ਹੈ। ਇਸ ਨਾਲ ਆਸਟਰੇਲੀਆ ਆਉਣ ਵਾਲੇ ਭਾਰਤੀਆਂ ਨੂੰ ਆਪਣੇ ਪਾਸਪੋਰਟ 'ਤੇ ਵੀਜ਼ਾ ਮੋਹਰ ਲਵਾਉਣ ਦੇ ਝੰਜਟ ਤੋਂ ਆਜ਼ਾਦੀ ਮਿਲ ਜਾਵੇਗੀ। ਭਾਰਤ ਵਿਚ ਆਸਟਰੇਲੀਆ ਦੇ ਹਾਈ ਕਮਿਸ਼ਨਰ ਪੀਟਰ ਵਰਗੀਸ ਨੇ ਦੱਸਿਆ ਕਿ ਇਸ ਨਵੀਂ ਨੀਤੀ ਨਾਲ ਭਾਰਤੀਆਂ ਲਈ ਆਸਟਰੇਲੀਆ ਆਉਣਾ ਸੌਖਾ ਹੋ ਜਾਵੇਗਾ ਕਿਉਂਕਿ ਨਵੇਂ ਨਿਯਮਾਂ ਮੁਤਾਬਕ ਵੀਜ਼ਾ ਪ੍ਰਕਿਰਿਆ ਤੇਜ਼ ਹੋ ਜਾਵੇਗੀ। ਹੁਣ ਭਾਰਤੀਆਂ ਨੂੰ ਆਸਟਰੇਲਿਆਈ ਵੀਜ਼ੇ ਲਈ ਅਰਜ਼ੀ ਦੇਣ ਮੌਕੇ ਮੋਹਰ ਲਵਾਉਣ ਲਈ ਆਪਣਾ ਪਾਸਪੋਰਟ ਨਾਲ ਨਹੀਂ ਭੇਜਣਾ ਪਵੇਗਾ। ਇਸ ਦੀ ਥਾਂ ਹੁਣ ਯਾਤਰੀਆਂ ਨੂੰ ਵੀਜ਼ੇ ਦੀ ਆਗਿਆ ਬਾਰੇ ਇਲੈਕਟਰਾਨਿਕ ਪੱਤਰ ਮਿਲਿਆ ਕਰੇਗਾ। ਇਹ ਪੱਤਰ ਉਨ੍ਹਾਂ ਕੋਲ ਉਸੇ ਦਿਨ ਪਹੁੰਚ ਜਾਵੇਗਾ ਜਿਸ ਦਿਨ ਉਨ੍ਹਾਂ ਦਾ ਵੀਜ਼ਾ ਮਨਜ਼ੂਰ ਹੋ ਜਾਵੇਗਾ ਤੇ ਇਸ ਵਿਚ ਉਨ੍ਹਾਂ ਦੇ ਵੀਜ਼ੇ ਸਬੰਧੀ ਸਾਰੀਆਂ ਸ਼ਰਤਾਂ ਦਾ ਵੇਰਵਾ ਵੀ ਦਿੱਤਾ ਹੋਵੇਗਾ। ਇਸ ਨਵੀਂ ਪ੍ਰਕਿਰਿਆ ਸਦਕਾ ਜਿਥੇ ਵੀਜ਼ਾ ਪ੍ਰਕਿਰਿਆ ਦਾ ਸਮਾਂ ਘਟੇਗਾ, ਉਥੇ ਸਬੰਧਤ ਯਾਤਰੀਆਂ ਨੂੰ ਜ਼ਿਆਦਾ ਜਾਣਕਾਰੀ ਵੀ ਮੁਹੱਈਆ ਹੋਵੇਗੀ। ਇਹ ਪ੍ਰਣਾਲੀ ਯਾਤਰੀਆਂ ਨੂੰ ਜਾਅਲਸਾਜ਼ੀ ਦੇ ਝੰਜਟ ਤੋਂ ਵੀ ਬਚਾਵੇਗੀ। ਭਾਰਤ ਦੀ ਸਰਕਾਰ, ਭਾਰਤੀ ਹਵਾਈ ਕੰਪਨੀਆਂ ਤੇ ਟਰੈਵਲ ਏਜੰਟਾਂ ਨੇ ਇਸ ਨਵੀਂ ਪ੍ਰਣਾਲੀ ਦਾ ਸਵਾਗਤ ਕੀਤਾ ਹੈ।

# ਪਰਵਾਸੀ ਭਾਰਤੀ ਤੋਂ 15 ਕਰੋੜ ਦੀ ਹੈਰੋਇਨ ਬਰਾਮਦ

**ਅੰਮ੍ਰਿਤਸਰ:** ਇਥੇ ਹਵਾਈ ਅੱਡੇ ਤੋਂ ਕੈਨੇਡਾ ਲਈ ਰਵਾਨਾ ਹੋ ਰਹੇ 22 ਸਾਲਾਂ ਪਰਵਾਸੀ ਭਾਰਤੀ ਸਰਬਜੀਤ ਸਿੰਘ ਤੋਂ ਕਸਟਮ ਵਿਭਾਗ ਨੇ ਤਿੰਨ ਕਿਲੋ ਹੈਰੋਇਨ ਬਰਾਮਦ ਕੀਤੀ ਹੈ ਜਿਸਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ 15 ਕਰੋੜ ਰੁਪਏ ਹੈ। ਸਰਬਜੀਤ ਸਿੰਘ ਜ਼ਿਲ੍ਹਾ ਨਵਾਂ ਸ਼ਹਿਰ ਦੇ ਪਿੰਡ ਗੁਣਾਚੌਰ ਦਾ ਮੂਲ ਵਾਸੀ ਹੈ ਤੇ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਵਸਿਆ ਹੋਇਆ ਹੈ। ਉਸ ਨੂੰ ਇਸ ਵੇਲੇ ਕੈਨੇਡਾ ਦੀ ਪੱਕੀ ਨਾਗਰਿਕਤਾ ਮਿਲੀ ਹੋਈ ਹੈ ਤੇ ਉਥੇ ਉਸਦਾ ਚੰਗਾ ਕੰਮਕਾਰ ਹੈ।



ਲੰਘੇ ਦਿਨ ਜਦੋਂ ਉਹ ਅੰਮ੍ਰਿਤਸਰ ਹਵਾਈ ਅੱਡੇ ਤੋਂ ਕੈਨੇਡਾ ਲਈ ਰਵਾਨਾ ਹੋ ਰਿਹਾ ਸੀ ਤਾਂ ਅਗਾਊਂ ਸੂਚਨਾ ਦੇ ਆਧਾਰ 'ਤੇ ਕਸਟਮ ਵਿਭਾਗ ਤੇ ਸਟੇਟ ਆਪਰੇਸ਼ਨ ਸੈੱਲ ਨੇ ਸਾਂਝੀ ਕਾਰਵਾਈ ਕਰਦਿਆਂ ਉਸ ਦੇ ਸਾਮਾਨ ਵਿਚੋਂ ਤਕਰੀਬਨ ਤਿੰਨ ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਪੁਲਿਸ ਨੇ ਇਸ ਸਬੰਧੀ ਸਰਬਜੀਤ ਤੇ ਉਸ ਦੇ ਸਾਥੀ ਬਲਵਿੰਦਰ ਸਿੰਘ ਵਾਸੀ ਗੁਣਾਚੌਰ ਨੂੰ ਕਾਬੂ ਕੀਤਾ ਹੈ ਜੋ ਉਸ ਨੂੰ ਪਿੰਡ ਤੋਂ ਹਵਾਈ ਅੱਡੇ ਤੱਕ ਛੱਡਣ ਆਇਆ ਸੀ।

ਸਰਬਜੀਤ ਨੇ ਆਪਣੇ ਸੂਟਕੇਸ ਦੇ ਉਪਰਲੇ ਹਿੱਸੇ ਵਿਚ ਬਣਾਈ ਹੋਈ ਵਿਸ਼ੇਸ਼ ਥਾਂ ਵਿਚ ਇਹ ਹੈਰੋਇਨ ਲੁਕਾਈ ਹੋਈ ਸੀ ਜੋ ਉਸ ਨੇ ਕੈਨੇਡਾ ਲਿਜਾ ਕੇ ਵੇਚਣੀ ਸੀ। ਮੁੱਢਲੀ ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਕੈਨੇਡਾ ਵਿਚ ਉਸ ਦੀ ਮੁਲਾਕਾਤ ਸੁੱਖੀ ਨਾਂ ਦੇ ਵਿਅਕਤੀ ਨਾਲ ਹੋਈ ਸੀ ਜਿਸਨੇ ਇਸ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਧੰਦੇ ਲਈ ਪ੍ਰੇਰਿਆ। ਉਸ ਨੂੰ ਇਕ ਵਾਰ ਭਾਰਤ ਤੋਂ ਹੈਰੋਇਨ ਲਿਆ ਕੇ ਦੇਣ ਲਈ ਹਜ਼ਾਰਾਂ ਡਾਲਰ ਦੇਣ ਦਾ ਲਾਲਚ ਦਿੱਤਾ ਗਿਆ ਸੀ। ਇਹ ਹੈਰੋਇਨ ਇਸ ਨੂੰ ਹਵਾਈ ਅੱਡੇ 'ਤੇ ਆਉਂਦੇ ਸਮੇਂ ਰਾਹ ਵਿਚ ਕਿਸੇ ਵਿਅਕਤੀ ਵੱਲੋਂ ਸੌਂਪੀ ਗਈ ਸੀ ਜਿਸ ਬਾਰੇ ਇਸ ਨੂੰ ਕੋਈ ਜਾਣਕਾਰੀ ਨਹੀਂ ਹੈ। ਦੱਸਣਯੋਗ ਹੈ ਕਿ ਕੈਨੇਡਾ ਵਿਖੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਕੁਝ ਮਾਮਲੇ ਪਹਿਲਾਂ ਵੀ ਸਾਹਮਣੇ ਆ ਚੁੱਕੇ ਹਨ। ਅੰਮ੍ਰਿਤਸਰ ਦਾ ਇਹ ਸਰਹੱਦੀ ਇਲਾਕਾ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਲਾਂਘਾ ਬਣ ਚੁੱਕਾ ਹੈ। ਅਫ਼ਗਾਨਿਸਤਾਨ ਤੇ ਪਾਕਿਸਤਾਨ ਤੋਂ ਆਉਂਦੀ ਇਹ ਹੈਰੋਇਨ ਅੰਮ੍ਰਿਤਸਰ ਰਸਤੇ ਨਾ ਸਿਰਫ ਭਾਰਤ ਦੇ ਵੱਖ-ਵੱਖ ਸ਼ਹਿਰਾਂ ਸਗੋਂ ਵਿਦੇਸ਼ਾਂ ਵਿਚ ਪਹੁੰਚਾਈ ਜਾ ਰਹੀ ਹੈ।

# ਆਈਲੈਟਸ ਨੇ ਬਦਲਿਆ ਸਮਾਜ ਦਾ ਔਰਤਾਂ ਪ੍ਰਤੀ ਨਜ਼ਰੀਆ

**ਚੰਡੀਗੜ੍ਹ:** ਧੰਨ-ਦੌਲਤ ਨਾਲ ਸੰਪਨ ਤੇ ਖੁਦ ਦੇ ਦਮ 'ਤੇ ਅਯੋਗ ਪਰ ਅਮਰੀਕਾ, ਕੈਨੇਡਾ ਜਾਂ ਹੋਰ ਦੇਸ਼ਾਂ ਵਿਚ ਵਸਣ ਦੀਆਂ ਰੀਝਾ ਪਾਲੀ ਬੈਠੇ ਪੰਜਾਬੀ ਲੜਕਿਆਂ ਲਈ ਆਈਲੈਟਸ ਪਾਸ ਲੜਕੀਆਂ ਸੰਕਟ ਮੋਚਨ ਸਾਬਤ ਹੋਣ ਲੱਗੀਆਂ ਹਨ। ਵਿਦੇਸ਼ ਜਾਣ ਲਈ ਮੁੱਢਲੀ ਯੋਗਤਾ ਵਾਲੀ ਅੰਗਰੇਜ਼ੀ ਦੀ ਪ੍ਰੀਖਿਆ ਆਈਲੈਟਸ ਵਿਚ ਵੱਧ ਤੋਂ ਵੱਧ ਬੈਂਡ ਪ੍ਰਾਪਤ ਲੜਕੀਆਂ ਦੀ ਵਿਆਹ ਦੇ ਰਿਸ਼ਤਿਆਂ ਮੌਕੇ ਮੋਟਾ ਦਹੇਜ਼ ਲੈਣ ਦੇਣ ਦੀ ਮੰਗ ਨੂੰ ਪਾਸੇ ਕਰਕੇ ਜਿਥੇ ਸਮਾਜ ਵਿਚ ਲੜਕੀਆਂ ਦੀ ਕਦਰ ਪਾਈ ਹੈ, ਉਥੇ ਇਸ ਯੋਗਤਾ ਨਾਲ ਲੈਸ ਲੜਕੀਆਂ ਨੇ ਆਪਣੇ ਮਾਪਿਆ ਦੇ ਮਾਨ ਸਨਮਾਨ ਨੂੰ ਹੋਰ ਵਧਾਇਆ ਹੈ।



ਹਾਸਲ ਅੰਕੜਿਆਂ ਅਨੁਸਾਰ ਪੂਰੇ ਸੂਬੇ ਤੇ ਰਾਜਧਾਨੀ ਚੰਡੀਗੜ੍ਹ ਵਿਚ ਆਈਲੈਟਸ ਟੈਸਟ ਦੀ ਤਿਆਰੀ ਕਰਵਾਉਣ ਵਾਲੇ 300 ਤੋਂ ਵੀ ਵੱਧ ਕੋਚਿਗ ਸੈਂਟਰਾਂ ਦੇ ਜਿਥੇ 70 ਫ਼ੀਸਦੀ ਲੜਕੀਆਂ/ ਔਰਤਾ ਹੀ ਸਿਖਲਾਈ ਲੈ ਰਹੀਆਂ ਹਨ ਜਿੰਨ੍ਹਾਂ ਵਿਚ 20 ਫ਼ੀਸਦੀ ਨਵ ਵਿਆਹੁਤਾ ਤੇ 10 ਫ਼ੀਸਦੀ ਵੱਖ-ਵੱਖ ਕਿੱਤਿਆ ਵਿਚ ਲੱਗੀਆਂ ਕੰਮਕਾਜੀ ਤੇ ਬੱਚਿਆਂ ਵਾਲੀਆਂ 35 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਵੀ ਸ਼ਾਮਲ ਹਨ। ਬ੍ਰਿਟਿਸ਼ ਕੌਂਸਲ (ਯੂ.ਕੇ), ਆਈ.ਡੀ.ਪੀ (ਆਸਟ੍ਰੇਲੀਆਂ) ਵੱਲੋਂ ਆਈਲੈਟਸ ਦਾ ਟੈਸਟ ਲੈਣ ਲਈ ਬਣਾਏ ਜਾਂਦੇ ਪਟਿਆਲਾ, ਜਲੰਧਰ, ਲਧਿਆਣਾ, ਚੰਡੀਗੜ੍ਹ ਤੇ ਹੁਣ ਬਠਿੰਡਾ ਟੈਸਟ ਸੈਟਰਾਂ ਦੇ ਜਿਥੇ ਵੀ ਹਰ ਪਾਸੇ ਲੜਕੀਆਂ ਦਾ ਹੀ ਬੋਲਬਾਲਾ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਹਾਸਲ ਜਾਣਕਾਰੀ ਅਨੁਸਾਰ ਵਿਆਹ ਸ਼ਾਦੀ ਦੇ ਰਿਸ਼ਤੇ ਪੱਕੇ ਕਰਨ ਸਮੇਂ ਲੜਕੀ ਦੇ ਮਾਪਿਆਂ ਤੋਂ ਵਿਆਹ ਵਿਚ ਮੋਟਾ ਖ਼ਰਚ ਕਰਵਾਉਣ ਦੀ ਥਾਂ ਇਸ ਪ੍ਰੀਖਿਆ ਵਿਚ ਚੰਗੇ ਬੈਂਡ ਹਾਸਲ ਕਰਨ ਵਾਲੀ ਲੜਕੀ ਦੇ ਵਿਆਹ ਦਾ ਖ਼ਰਚ ਵੀ ਲੜਕਾ ਪਰਿਵਾਰ ਵੱਲੋਂ ਖੁਦ ਕਰਨ ਦੀ ਹਾਮੀ ਭਰੀ ਜਾਦੀ ਹੈ ਤਾਂ ਜੋ ਇਹ ਪ੍ਰੀਖਿਆਂ ਪਾਸ ਲੜਕੀ ਦੇ ਸਹਾਰੇ ਉਹ ਆਪਣੇ ਲਾਡਲੇ ਦਾ ਵਿਦੇਸ਼ੀ ਧਰਤੀ 'ਤੇ ਵੱਸਣ ਦਾ ਸੁਪਨਾ ਪੂਰਾ ਕਰ ਸਕਣ।

# ਕੈਨੇਡਾ ਦਾ ਪੱਕਾ ਨਾਗਰਿਕ ਬਣਨਾ ਹੁਣ ਹੋਰ ਵੀ ਔਖਾ

**ਕੈਲਗਰੀ (ਸੁਖਵੀਰ ਗਰੇਵਾਲ):** ਕੈਨੇਡਾ ਦੇ ਇਮੀਗਰੇਸ਼ਨ ਵਿਭਾਗ ਨੇ ਨਿਯਮ ਵਿਚ ਹੋਰ ਤਬਦੀਲੀ ਕਰ ਦਿੱਤੀ। ਇਸ ਨਵੇਂ ਨਿਯਮ ਅਧੀਨ ਹੁਣ ਕੈਨੇਡਾ ਦੀ ਨਾਗਰਿਕਤਾ ਹਾਸਲ ਕਰਨ ਲਈ ਪ੍ਰੀਖਿਆਰਥੀਆਂ ਨੂੰ ਅੰਗਰੇਜ਼ੀ ਜਾਂ ਫਰੈਂਚ ਭਾਸ਼ਾ ਵਿਚ ਲੋੜੀਂਦੀ ਮੁਹਾਰਤ ਦਾ ਸਬੂਤ ਦੇਣਾ ਪਵੇਗਾ। ਬਾਹਰਲੇ ਮੁਲਕਾਂ ਤੋਂ ਕੈਨੇਡਾ ਆ ਕੇ ਬਤੌਰ ਪੀ.ਆਰ. ਰਹਿ ਰਹੇ ਲੋਕ ਜਦੋਂ ਇਥੇ ਲੋੜੀਂਦੀ ਠਹਿਰ ਪੂਰੀ ਕਰ ਲੈਂਦੇ ਹਨ ਤਾਂ ਉਹ ਪੱਕੀ ਨਾਗਰਿਕਤਾ (ਸਿਟੀਜ਼ਨਸ਼ਿਪ) ਲਈ ਅਰਜ਼ੀ ਦੇ ਸਕਦੇ ਹਨ। ਕੈਨੇਡਾ ਦੀ ਨਾਗਰਿਕਤਾ ਹਾਸਲ ਕਰਨ ਲਈ ਇਕ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ। ਇਸ ਵਿਚ ਪਹਿਲਾਂ ਭਾਸ਼ਾ ਦੀ ਮੁਹਾਰਤ ਬਾਰੇ ਕੋਈ ਸ਼ਰਤ ਨਹੀਂ ਸੀ ਪਰ ਨਵੇਂ ਨਿਯਮ ਤਹਿਤ ਪ੍ਰੀਖਿਆਰਥੀ ਨੂੰ ਕੈਨੇਡੀਅਨ ਲੈਂਗੂਏਜ਼ ਬੈਂਚ ਮਾਰਕ ਰਾਹੀਂ ਬੋਲਣ ਤੇ ਸੁਣਨ ਦੇ ਚਾਰ ਬੈਂਡ ਲੈਣੇ ਪੈਣਗੇ। ਇਹ ਨਵਾਂ ਨਿਯਮ ਇਸ ਸਾਲ ਪਹਿਲੀ ਨਵੰਬਰ ਤੋਂ ਲਾਗੂ ਹੋ ਜਾਵੇਗਾ। ਇਮੀਗਰੇਸ਼ਨ ਮੰਤਰੀ ਜੈਸਨ ਕੇਨੀ ਦਾ ਕਹਿਣਾ ਹੈ ਕਿ ਹੁਣ ਤਕ ਦੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਕੈਨੇਡਾ ਦੇ ਨਵੇਂ ਨਾਗਰਿਕਾਂ ਕੋਲ ਜੇ ਅੰਗਰੇਜ਼ੀ ਜਾਂ ਫਰੈਂਚ ਵਿਚ ਬੋਲਣ ਅਤੇ ਸਮਝਣ ਦੀ ਸਮਰੱਥਾ ਹੈ ਤਾਂ ਉਹ ਇਥੋਂ ਦੀ ਆਰਥਿਕਤਾ ਵਿਚ ਚੰਗਾ ਯੋਗਦਾਨ ਪਾ ਸਕਦੇ ਹਨ। ਪਹਿਲੀ ਨਵੰਬਰ ਤੋਂ ਬਾਅਦ ਨਾਗਰਿਕਤਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਸਿਟੀਜ਼ਨਸ਼ਿਪ ਤੇ ਇਮੀਗਰੇਸ਼ਨ ਕੈਨੇਡਾ ਤੋਂ ਮਾਨਤਾ ਪ੍ਰਾਪਤ ਸੰਸਥਾ ਤੋਂ ਅੰਗਰੇਜ਼ੀ ਭਾਸ਼ਾ ਮੁਹਾਰਤ ਦੇ ਟੈਸਟ ਦਾ ਨਤੀਜਾ ਦਿਖਾਉਣਾ ਹੋਵੇਗਾ। ਬਿਨੈਕਾਰ ਕੈਨੇਡਾ ਵਿਚੋਂ ਬਾਰ੍ਹਵੀਂ ਜਮਾਤ ਤਕ ਅੰਗਰੇਜ਼ੀ ਜਾਂ ਫਰੈਂਚ ਪੜ੍ਹੇ ਹੋਣ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਕਿਸੇ ਸੰਸਥਾ ਤੋਂ ਭਾਸ਼ਾ ਸਿਖਲਾਈ ਕੋਰਸ ਦਾ ਸਬੂਤ ਵੀ ਆਪਣੀ ਅਰਜ਼ੀ ਨਾਲ ਲਾ ਸਕਦੇ ਹਨ।

ਇਸ ਤੋਂ ਬਾਅਦ ਬਿਨੈਕਾਰ ਦੀ ਇੰਟਰਵਿਊ ਦੌਰਾਨ ਵੀ ਉਸ ਦੀ ਭਾਸ਼ਾ ਦੀ ਮੁਹਾਰਤ ਪਰਖੀ ਜਾਵੇਗੀ। ਇਮੀਗਰੇਸ਼ਨ ਵਿਭਾਗ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਭਾਸ਼ਾ ਮੁਹਾਰਤ ਦੇ ਸਬੂਤ ਅਰਜ਼ੀ ਨਾਲ ਨਾ ਦੇਣ ਦੀ ਸੂਰਤ ਵਿਚ ਬਿਨੈਕਾਰ ਦੀ ਅਰਜ਼ੀ ਮੋੜ ਦਿੱਤੀ ਜਾਵੇਗੀ। ਇਹ ਨਵਾਂ ਨਿਯਮ 18 ਤੋਂ 54 ਸਾਲ ਦੀ ਉਮਰ ਦੇ ਬਿਨੈਕਾਰਾਂ ਉਪਰ ਲਾਗੂ ਹੋਵੇਗਾ।

# ਬੈਲਜੀਅਮ ਵਿਚ ਸਿੱਖ ਔਰਤ ਤੇ ਤਿੰਨ ਬੱਚਿਆਂ ਦਾ ਕਤਲ

**ਬਰਸਲਜ਼:** ਬੈਲਜੀਅਮ ਦੇ ਸ਼ਹਿਰ ਬਰਸਲਜ਼ ਵਿਚ ਇਕ ਘਰੋਂ ਸਿੱਖ ਔਰਤ ਤੇ ਉਸ ਦੇ ਤਿੰਨ ਬੱਚਿਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਇਹ ਪਰਿਵਾਰ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਤੋਂ ਵਿਦੇਸ਼ ਜਾ ਕੇ ਵੱਸਿਆ ਸੀ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕਾ ਦਾ ਪਤੀ ਜਦੋਂ ਕੰਮ ਤੋਂ ਘਰ ਪਰਤਿਆ ਤਾਂ ਉਸ ਨੇ ਘਰ ਵਿਚ ਆਪਣੀ ਪਤਨੀ ਤੇ ਤਿੰਨ ਬੱਚਿਆਂ ਦੀਆਂ ਲਾਸ਼ਾਂ ਖ਼ੂਨ ਨਾਲ ਲੱਥਪੱਥ ਪਈਆਂ ਵੇਖੀਆਂ।ਚਾਰੇ ਮ੍ਰਿਤਕਾਂ ਦੇ ਗਲੇ ਕੱਟੇ ਹੋਏ ਸਨ।

ਪੁਲਿਸ ਨੇ ਚਾਰ ਜੀਆਂ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਸ ਬਾਰੇ ਜਾਂਚ ਜਾਰੀ ਹੈ। ਸਥਾਨਕ ਮੀਡੀਆ ਅਨੁਸਾਰ ਮ੍ਰਿਤਕਾ ਦਾ ਪਤੀ ਜਸਬੀਰ ਸਿੰਘ (37) ਪਿਛਲੇ 15 ਸਾਲ ਤੋਂ ਬੈਲਜੀਅਮ ਵਿਚ ਰਹਿ ਰਿਹਾ ਸੀ। ਉਹ ਇਕ ਰੈਸਟੋਰੈਂਟ ਵਿਚ ਕੰਮ ਕਰਦਾ ਸੀ। ਉਸ ਦੀ ਪਤਨੀ ਪਿਛਲੇ ਪੰਜ ਸਾਲ ਤੋਂ ਉਸ ਨਾਲ ਰਹਿ ਰਹੀ ਸੀ। ਜਸਬੀਰ ਸਿੰਘ ਨੇ ਬੈਲਜੀਅਨ ਟੀ.ਵੀ. ਨੂੰ ਦੱਸਿਆ ਕਿ ਉਸ ਨੇ ਆਪਣੇ ਘਰ ਫੋਨ ਕੀਤਾ ਪਰ ਕੋਈ ਜਵਾਬ ਨਾ ਮਿਲਣ 'ਤੇ ਉਸ ਨੂੰ ਫਿਕਰ ਲੱਗ ਗਿਆ ਤੇ ਉਹ ਘਰ ਪਰਤ ਆਇਆ। ਉਸ ਨੇ ਵੇਖਿਆ ਕਿ ਘਰ 'ਚ ਉਸ ਦੀ ਪਤਨੀ ਤੇ ਬੱਚਿਆਂ ਦੀਆਂ ਲਾਸ਼ਾਂ ਪਈਆਂ ਸਨ। ਉਸ ਦੇ ਗੁਆਂਢੀਆਂ ਦਾ ਕਹਿਣਾ ਹੈ ਕਿ ਪਤੀ ਪਤਨੀ ਵਿਚਾਲੇ ਸੁਖਾਵਾਂ ਰਿਸ਼ਤਾ ਸੀ ਤੇ ਉਨ੍ਹਾਂ ਨੇ ਦੋਵਾਂ ਨੂੰ ਕਦੇ ਉੱਚਾ ਬੋਲਦੇ ਨਹੀਂ ਸੁਣਿਆ।

### ਪੰਗਤ 'ਚ ਬੈਠ ਕੇ ਲੰਗਰ ਛਕਣ ਦਾ ਮਾਮਲਾ

# ਪਰਵਾਸੀ ਭਾਰਤੀ ਭੰਡਾਲ ਦੀ ਪੰਥ 'ਚ ਵਾਪਸੀ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਪੰਗਤ ਵਿਚ ਬੈਠ ਕੇ ਲੰਗਰ ਛਕਣ ਬਾਰੇ 1998 ਵਿਚ ਜਾਰੀ ਹੋਏ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਪੰਥ ਵਿਚੋਂ ਛੇਕੇ ਗਏ ਕੈਨੇਡਾ ਵਾਸੀ ਜਰਨੈਲ ਸਿੰਘ ਭੰਡਾਲ ਵੱਲੋਂ ਆਪਣੀ ਗਲਤੀ ਦਾ ਅਹਿਸਾਸ ਕਰ ਲੈਣ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਉਸ ਨੂੰ ਤਨਖਾਹ ਲਾਈ ਗਈ ਹੈ। ਇਸ ਤੋਂ ਇਲਾਵਾ ਪੰਜ ਸਿੰਘ ਸਾਹਿਬਾਨ ਵੱਲੋਂ ਗੁਰਬਾਣੀ ਦੇ ਗੁਟਕੇ ਪ੍ਰਕਾਸ਼ਿਤ ਕਰਨ ਵਾਲੇ ਪ੍ਰਕਾਸ਼ਕਾਂ ਨੂੰ ਹਦਾਇਤ ਕੀਤੀ ਹੈ ਕਿ ਗੁਰਬਾਣੀ ਦੇ ਗੁਟਕਿਆਂ 'ਤੇ ਸਿਰਫ ਪ੍ਰਕਾਸ਼ਕ ਦਾ ਨਾਂ ਛਾਪਿਆ ਜਾਏ ਤੇ ਮਸ਼ਹੂਰੀਆਂ ਨਾ ਛਾਪੀਆਂ ਜਾਣ। ਇਹ ਫੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਕੀਤੇ ਗਏ।

ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਤੇ ਗ੍ਰੰਥੀ ਗਿਆਨੀ ਮੱਲ ਸ਼ਾਮਲ ਹੋਏ। ਇਕੱਤਰਤਾ ਦੌਰਾਨ ਕੈਨੇਡਾ ਵਾਸੀ ਜਰਨੈਲ ਸਿੰਘ ਭੰਡਾਲ ਨੂੰ ਇਹ ਤਨਖਾਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸੁਣਾਈ ਗਈ।

ਇਸ ਤਨਖਾਹ ਦੌਰਾਨ ਸ. ਭੰਡਾਲ ਦੋ ਦਿਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਇਕ ਘੰਟਾ ਸੰਗਤਾਂ ਦੇ ਜੂਠੇ ਬਰਤਨ ਸਾਫ ਕਰਨਗੇ ਤੇ ਜੋੜੇ ਝਾੜਨਗੇ। ਇਸੇ ਤਰ੍ਹਾਂ ਚਾਰ ਐਤਵਾਰ ਕੈਨੇਡਾ ਵਿਖੇ ਗੁਰਦੁਆਰੇ ਵਿਚ ਇਹੀ ਸੇਵਾ ਨੂੰ ਦੁਹਰਾਉਣਗੇ। ਸ. ਭੰਡਾਲ ਨੇ ਇਸ ਸੇਵਾ ਨੂੰ ਪ੍ਰਵਾਨ ਕੀਤਾ ਹੈ। ਇਸ ਤੋਂ ਪਹਿਲਾਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਕੱਤਰਤਾ ਬਾਰੇ ਆਖਿਆ ਕਿ ਸ. ਭੰਡਾਲ ਨੇ 14 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕ ਪੱਤਰ ਦੇ ਕੇ ਮਾਫੀ ਮੰਗੀ ਸੀ ਜਿਸ ਦੇ ਆਧਾਰ 'ਤੇ ਇਕੱਤਰਤਾ ਵਿਚ ਇਹ ਮਾਮਲਾ ਵਿਚਾਰਿਆ ਗਿਆ। ਇਥੇ ਦੱਸਣਯੋਗ ਹੈ ਕਿ 1998 ਵਿਚ ਇਹ ਹੁਕਮਨਾਮਾ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵੱਲੋਂ ਜਾਰੀ ਕੀਤਾ ਗਿਆ ਸੀ।





ਉਨ੍ਹਾਂ ਦੱਸਿਆ ਕਿ ਪੰਜ ਸਿੰਘ ਸਾਹਿਬਾਨ ਨੇ ਧਾਰਮਿਕ ਸਾਹਿਤ ਪ੍ਰਕਾਸ਼ਿਤ ਕਰਨ ਵਾਲੇ ਤੇ ਖਾਸ ਕਰਕੇ ਗੁਟਕੇ ਛਾਪਣ ਵਾਲੇ ਪ੍ਰਕਾਸ਼ਕਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਗੁਰਬਾਣੀ ਦੇ ਗੁਟਕਿਆਂ ਉਪਰ ਸਿਰਫ ਪ੍ਰਕਾਸ਼ਕ ਦਾ ਨਾਂ ਛਾਪਣ ਤੇ ਇਨ੍ਹਾਂ ਉਪਰ ਕੋਈ ਮਸ਼ਹੂਰੀ ਆਦਿ ਨਾ ਛਾਪੀ ਜਾਵੇ। ਇਸੇ ਤਰ੍ਹਾਂ ਕਈ ਥਾਵਾਂ 'ਤੇ ਇਕ-ਓਂਕਾਰ ਸ਼ਬਦ ਦਾ ਸਰੂਪ ਵਿਗਾੜੇ ਜਾਣ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਉਨ੍ਹਾਂ ਹਦਾਇਤ ਕੀਤੀ ਹੈ ਕਿ ਇਕ-ਓਂਕਾਰ ਦੇ ਸਰੂਪ ਨਾਲ ਛੇੜਛਾੜ ਨਾ ਕੀਤੀ ਜਾਵੇ।

ਉਨ੍ਹਾਂ ਸਮੂਹ ਗ੍ਰੰਥੀ ਸਿੰਘਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਆਪਣਾ ਆਚਾਰ-ਵਿਹਾਰ ਗੁਰਮਤਿ ਸਿਧਾਂਤਾਂ ਅਨੁਸਾਰ ਬਣਾਉਣ। ਗ੍ਰੰਥੀ ਸਿੰਘ ਸਮੂਹ ਸੰਗਤਾਂ ਲਈ ਰੋਲ ਮਾਡਲ ਹਨ। ਇਸੇ ਤਰ੍ਹਾਂ ਉਨ੍ਹਾਂ ਫਲੈਕਸ ਬੋਰਡਾਂ, ਬੈਨਰਾਂ ਤੇ ਵਾਹਨਾਂ ਉਪਰ ਗੁਰਬਾਣੀ ਲਿਖਣ ਦੇ ਰੁਝਾਨ ਬਾਰੇ ਆਖਿਆ ਕਿ ਇਸ ਨਾਲ ਗੁਰਬਾਣੀ ਦੀ ਬੇਅਦਬੀ ਹੁੰਦੀ ਹੈ। ਇਸ ਲਈ ਇਸ ਤੋਂ ਗੁਰੇਜ਼ ਕੀਤਾ ਜਾਏ। ਇਸ ਦੌਰਾਨ ਉਨ੍ਹਾਂ ਸਿੱਖ ਸੰਗਤਾਂ ਨੂੰ ਆਖਿਆ ਕਿ ਉਹ ਐਡਵੋਕੇਟ ਐਚ.ਐਸ. ਫੂਲਕਾ ਦੇ ਪ੍ਰੋਗਰਾਮ 'ਚ ਸਹਿਯੋਗ ਦੇਣ। ਉਨ੍ਹਾਂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਦੇ ਸੁਝਾਅ ਨੂੰ ਵੀ ਸਹਿਮਤੀ ਦਿੱਤੀ ਹੈ ਕਿ ਸਿੱਖ ਕਤਲੇਆਮ ਦੇ ਸਬੰਧ ਵਿਚ 3 ਨਵੰਬਰ ਨੂੰ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਸ੍ਰੀ ਅਖੰਡ ਪਾਠ ਦੇ ਭੋਗ ਪਾ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇ।

## ਪੰਜਾਬ ਸਰਕਾਰ ਵੱਲੋਂ ਕੈਂਸਰ ਨਾਲ ਨਜਿੱਠਣ ਦਾ ਤਹੱਈਆ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੂਬੇ ਵਿਚੋਂ ਕੈਂਸਰ ਰੋਗ ਦੀ ਰੋਕਥਾਮ ਲਈ ਇਕ ਮਹੀਨਾ ਲੰਮੀ ਸੂਬਾ ਪੱਧਰੀ ਕੈਂਸਰ ਚੇਤਨਾ ਤੇ ਲੱਛਣ ਆਧਾਰਤ ਜਲਦੀ ਜਾਂਚ ਲਈ ਡੋਰ ਟੂ ਡੋਰ ਮੁਹਿੰਮ ਤਜਰਬੇ ਵਜੋਂ ਜ਼ਿਲ੍ਹਾ ਫਰੀਦਕੋਟ ਤੋਂ ਚਲਾਈ ਗਈ ਹੈ। ਇਸ ਮੁਹਿੰਮ ਨੂੰ ਦਸੰਬਰ ਮਹੀਨੇ ਵਿਚ ਸਮੁੱਚੇ ਸੂਬੇ ਵਿਚ ਚਲਾਇਆ ਜਾਵੇਗਾ। ਘਰ-ਘਰ ਤੱਕ ਪਹੁੰਚ ਕਰਨ ਵਾਲੀ ਇਸ ਮੁਹਿੰਮ ਵਿਚ 50,000 ਮੁਲਾਜ਼ਮ ਸ਼ਾਮਲ ਹੋਣਗੇ ਤੇ ਉਹ ਸਿੱਧੇ ਤੌਰ 'ਤੇ 1.25 ਕਰੋੜ ਲੋਕਾਂ ਕੋਲ ਜਾਣਗੇ ਜੋ ਨਾ ਸਿਰਫ਼ ਦੇਸ਼ ਵਿਚ ਸਗੋਂ ਕੌਮਾਂਤਰੀ ਪੱਧਰ 'ਤੇ ਵੀ ਇੱਕ ਵਿਲੱਖਣ ਮੁਹਿੰਮ ਹੋਵੇਗੀ। ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਤੇ ਖੋਜ ਵਿਭਾਗ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਉਚ ਅਧਿਕਾਰੀਆਂ ਤੋਂ ਇਲਾਵਾ ਮੈਡੀਕਲ ਕੌਂਸਲ ਆਫ਼ ਇੰਡੀਆ ਤੇ ਵਿਸ਼ਵ ਸਿਹਤ ਸੰਸਥਾ ਦੇ ਨੁਮਾਇੰਦਿਆਂ ਦੀ ਉਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਬਾਦਲ ਨੇ ਇਸ ਵਿਸ਼ੇਸ਼ ਪ੍ਰਾਜੈਕਟ 'ਤੇ ਕੰਮ ਕਰ ਰਹੀ ਮਾਹਿਰਾਂ ਦੀ ਟੀਮ ਨੂੰ ਭਰੋਸਾ ਦਿੱਤਾ ਕਿ ਇਸ ਉਦੇਸ਼ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਸੂਬਾ ਪੱਧਰੀ ਮੁਹਿੰਮ ਨੂੰ ਫਰੀਦਕੋਟ ਵਿਚ ਤਜਰਬੇ ਵਜੋਂ ਚਲਾਉਣ ਉਪਰੰਤ ਉਸ ਦੇ ਸਿੱਟਿਆਂ ਦੀ ਸਮੀਖਿਆ ਕਰਨ ਤੋਂ ਬਾਅਦ ਦਸੰਬਰ ਤੋਂ ਸੂਬੇ ਦੇ ਹੋਰ ਹਿੱਸਿਆਂ ਵਿਚ ਵੀ ਇਹ ਮੁਹਿੰਮ ਚਲਾਉਣ ਬਾਰੇ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਵੱਲੋਂ ਰੱਖੀ ਤਜਵੀਜ਼ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

ਇਸੇ ਦੌਰਾਨ ਮੁੱਖ ਮੰਤਰੀ ਨੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਜੋ ਮੀਟਿੰਗ ਵਿਚ ਹਾਜ਼ਰ ਸਨ, ਨੂੰ ਆਖਿਆ ਕਿ ਇਸ ਬਾਰੇ ਲੋੜੀਂਦੇ ਫੰਡ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ ਤੁਰੰਤ ਜਾਰੀ ਕੀਤੇ ਜਾਣ ਤਾਂ ਜੋ ਸੂਬੇ ਦੇ ਮੈਡੀਕਲ ਕਾਲਜਾਂ ਵਿਚ ਕੈਂਸਰ ਰੋਗੀਆਂ ਦਾ ਇਲਾਜ ਛੇਤੀ ਤੇ ਬਗੈਰ ਕਿਸੇ ਮੁਸ਼ਕਲ ਤੋਂ ਯਕੀਨੀ ਬਣਾਉਣ ਲਈ ਢੁਕਵੇਂ ਪ੍ਰਬੰਧ ਕੀਤੇ ਜਾ ਸਕਣ। ਇਸ ਤੋਂ ਇਲਾਵਾ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੇ ਲੋੜੀਂਦੀਆਂ ਕੈਂਸਰ ਦਵਾਈਆਂ ਦੀ ਜੈਨੇਰਿਕ ਵਰਸ਼ਨ ਲਈ ਖੁੱਲ੍ਹੇ ਟੈਂਡਰ ਦੇ ਕੇ ਕੈਂਸਰ ਦੀ ਦਵਾਈ ਦੀਆਂ ਕੀਮਤਾਂ ਬਹੁਤ ਹੇਠਾਂ ਲਿਆਉਣ ਲਈ ਇਕ ਯੋਜਨਾ ਤਿਆਰ ਕੀਤੀ ਹੈ। ਦਵਾਈਆਂ ਦੀ ਸੂਚੀ ਪੀ.ਜੀ.ਆਈ. ਦੇ ਡਾਕਟਰਾਂ ਸਮੇਤ ਹੋਰ ਕੈਂਸਰ ਰੋਗ ਦੇ ਮਾਹਿਰਾਂ ਵਲੋਂ ਤਿਆਰ ਕੀਤੀ ਗਈ ਹੈ।

## ਹਜ਼ੂਰ ਸਾਹਿਬ ਜਾਣ ਲਈ ਨਵੀਂ ਐਕਸਪ੍ਰੈਸ ਰੇਲ ਚਾਲੂ

**ਫਗਵਾੜਾ:** ਉੱਤਰੀ ਰੇਲਵੇ ਨੇ ਪੰਜਾਬ ਤੋਂ ਇਲਾਵਾ ਜੰਮੂ ਕਸ਼ਮੀਰ ਤੋਂ ਸ੍ਰੀ ਹਜ਼ੂਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਨਵੀਂ ਐਕਸਪ੍ਰੈੱਸ ਰੇਲ ਗੱਡੀ ਚਾਲੂ ਕਰ ਦਿੱਤੀ ਹੈ ਜੋ ਹਫ਼ਤੇ ਵਿਚ ਇਕ ਦਿਨ ਚੱਲਿਆ ਕਰੇਗੀ। ਰੇਲਵੇ ਸੂਤਰਾਂ ਅਨੁਸਾਰ ਜੰਮੂ ਤਵੀ ਤੋਂ ਨਾਂਦੇੜ ਸਾਹਿਬ ਜਾਣ ਵਾਲੀ 2422 ਡਾਊਨ ਇਹ ਗੱਡੀ ਹਰ ਸੋਮਵਾਰ ਸਵੇਰੇ 9.45 'ਤੇ ਜੰਮੂ ਤਵੀ ਤੋਂ ਚੱਲਿਆ ਕਰੇਗੀ ਤੇ ਫਗਵਾੜਾ ਸ਼ਾਮੀਂ 3.55 ਵਜੇ ਪੁੱਜ ਕੇ ਨਾਂਦੇੜ ਸਾਹਿਬ ਲਈ ਰਵਾਨਾ ਹੋਵੇਗੀ ਤੇ 2421 ਅਪ ਨਾਂਦੇੜ ਤੋਂ ਹਰੇਕ ਸ਼ਨਿੱਚਰਵਾਰ ਚੱਲ ਕੇ ਐਤਵਾਰ ਰਾਤ 8.05 ਵਜੇ ਪੁੱਜਿਆ ਕਰੇਗੀ ਤੇ ਜੰਮੂ ਲਈ ਰਵਾਨਾ ਹੋਵੇਗੀ। ਰੇਲਵੇ ਸੂਤਰਾਂ ਅਨੁਸਾਰ ਇਸੇ ਤਰ੍ਹਾਂ ਰੇਲਵੇ ਨੇ ਪਠਾਨਕੋਟ ਤੇ ਬੀਕਾਨੇਰ ਵਿਚਕਾਰ ਵੀ ਇਕ ਸਪੈਸ਼ਲ 4732 ਅਪ ਤੇ 4733 ਡਾਊਨ ਟਰੇਨ ਚਾਲੂ ਕਰ ਦਿੱਤੀ ਹੈ ਜੋ ਹਰ ਸ਼ੁੱਕਰਵਾਰ ਦੁਪਹਿਰ 2 ਵਜੇ ਪਠਾਨਕੋਟ ਤੋਂ ਚੱਲੇਗੀ ਤੇ ਸ਼ਾਮ 4.15 ਵਜੇ ਫਗਵਾੜਾ ਤੋਂ ਚੱਲ ਕੇ ਬੀਕਾਨੇਰ ਰਵਾਨਾ ਹੋਵੇਗੀ।


**Global Multi Services**

ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸ
ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

ਉਪਲਬਧ ਸੇਵਾਵਾਂ

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

DMV Lic No. 62822



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay



Gurbans Singh Gill
Realtor

15 Years Experiance in Real Estate
e-mail: gurbans@gotracy.com
Fax: 209-836-0706
www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869

# ਪੁਸਤਕ 'ਪੱਥਰ ਤੋਂ ਰੰਗ ਤੱਕ' ਦੇ ਪ੍ਰਸੰਗ ਵਿਚ

## ਪੁਸਤਕ ਚਰਚਾ

ਪ੍ਰੋ. ਹਰਪਾਲ ਸਿੰਘ ਪੰਨੂ ਮੌਜੂਦਾ ਪੰਜਾਬੀ ਸਾਹਿਤ ਦਾ ਪ੍ਰਮੁੱਖ ਵਾਰਤਕਕਾਰ ਹੈ। ਪੰਜਾਬੀ ਸਾਹਿਤ ਨਾਲ ਜੁੜੀ ਵਾਰਤਕ ਦਾ ਨਿਵੇਕਲਾ ਪਿੜ ਸਿਰਜਣ ਵਾਲਾ ਇਹ ਲੇਖਕ ਸਾਖੀਆਂ ਦੇ ਸੂਖਮ ਅਹਿਸਾਸਾਂ ਨੂੰ ਬਰਕਤਾਂ ਭਰੇ ਬੋਲਾਂ ਵਿਚ ਇਉਂ ਪਰੋਂਦਾ ਹੈ ਕਿ ਪਾਠਕ ਸ਼ੁਰੂ ਤੋਂ ਅੰਤ ਤੀਕ ਕਾਵਿਕ ਸੰਵੇਦਨਾ 'ਚ ਉਡਦਾ ਜਾਂਦਾ ਹੈ। ਉਸ ਦੀ ਵਾਰਤਕ ਜੁਆਨੀ 'ਚ ਪੈਰ ਰੱਖਦੇ ਚੋਬਰ ਅਤੇ ਜ਼ਿੰਦਗੀ ਦੇ ਅਖੀਰਲੇ ਪੜਾਅ ਤੇ ਖਲੋਤੇ ਬਜ਼ੁਰਗ ਉਤੇ ਇਕੋ ਜਿਹਾ ਪ੍ਰਭਾਵ ਸਿਰਜਣ ਦੇ ਸਮਰੱਥ ਹੁੰਦੀ ਹੈ।

**ਪਰਮਵੀਰ ਸਿੰਘ**
ਫੋਨ: 91-98153-18889

ਮੈਨੂੰ ਯਾਦ ਹੈ ਜਦੋਂ ਪ੍ਰੋ. ਪੰਨੂ ਹੁਰਾਂ ਕੋਹਿਨੂਰ ਦਾ ਪਾਰਖੂ ਰਾਇ ਬੁਲਾਰ ਖਾਨ ਲਿਖਿਆ ਸੀ, ਮੇਰੇ ਪਿੰਡ ਦਾ ਇਕ ਬਜ਼ੁਰਗ ਜਿਸ ਨੂੰ ਇਕ ਕਦਮ ਪੁੱਟਿਆਂ ਸਾਹ ਚੜ੍ਹ ਜਾਂਦਾ ਸੀ, ਆਖਣ ਲੱਗਾ, 'ਸੱਚੇ ਪਾਤਸ਼ਾਹ ਹਾਜ਼ਰ-ਨਾਜ਼ਰ ਲੱਗਦੇ ਨੇ।' ਓਏ ਕਾਕਾ! ਤੂੰ ਵੀ ਕਵਿਤਾ ਲਿਖੀਂ ਕਦੀ ਬਾਬੇ 'ਤੇ। ਗੁਰਮਤਿ ਪ੍ਰਕਾਸ਼ ਦਾ ਅੰਕ ਦੇ ਕੇ ਮੁੜਿਆ, ਮੈਨੂੰ ਉਹ ਬਜ਼ੁਰਗ ਜਾਪਿਆ ਜਿਵੇਂ ਪ੍ਰੋ. ਪੰਨੂ ਨੂੰ ਨੋਬਲ ਪ੍ਰਾਈਜ਼ ਦੇ ਕੇ ਪਰਤਿਆ ਹੋਵੇ। ਸੱਚਮੁੱਚ ਪਾਠਕ ਦੇ ਧੁਰ ਅੰਦਰੋਂ ਨਿਕਲੇ ਇਨ੍ਹਾਂ ਬੋਲਾਂ ਦਾ ਕੋਈ ਪੁਰਸਕਾਰ ਵੀ ਹਾਥ ਨਹੀਂ ਪਾ ਸਕਦਾ।

ਪ੍ਰੋ. ਪੰਨੂ ਨੇ ਵਿਸਰ ਚੱਲੇ ਵਿਰਸੇ ਦੀਆਂ ਸੰਦਲੀ ਪੈੜਾਂ ਸ਼ਬਦ ਦੇ ਚਾਨਣ ਹੇਠ ਪ੍ਰਗਟਾਉਣ ਦਾ ਵੱਡਾ ਹੰਭਲਾ ਮਾਰਿਆ ਹੈ। ਅਚੇਤ ਜਾਂ ਸੁਚੇਤ ਇਹ ਵਾਰਤਕਕਾਰ ਮੂਲੋਂ ਟੁੱਟੀ ਲੋਕਾਈ ਲਈ ਵੱਡਾ ਦਰਦ ਸਮੋਈ ਬੈਠਾ ਹੈ। ਗਿਆਨ ਦੀ ਪੇਚੀਦਗੀ, ਸ਼ਬਦ ਜਾਲ, ਭਾਸ਼ਾ ਦਾ ਖਰ੍ਹਵਾਂਪਣ, ਫਲਸਫੇ ਦੀ ਖੁਸ਼ਕੀ ਸਭ ਰਸੀਲੇ ਹੋ ਉਸ ਦੀ ਵਾਰਤਕ ਵਿਚ ਨਿਵੇਕਲੇ ਤੇ ਉਚੇਰੇ ਜੀਵਨ ਦਰਸ਼ਨ ਤੇ ਵੱਡੇ ਨਾਇਕਤਵ ਦੀ ਭਾਲ ਲਈ ਹੰਭਲਾ ਮਾਰ ਰਹੇ ਹੁੰਦੇ ਹਨ। ਜਿਸ ਪਾਤਰ ਬਾਰੇ ਵਾਰਤਕਕਾਰ ਬਿਆਨ ਕਰ ਰਿਹਾ ਹੁੰਦਾ ਹੈ, ਪਾਠਕ ਉਸੇ ਕਾਲ, ਉਸੇ ਦੇਸ਼ ਦਾ ਪਾਂਧੀ ਹੋ ਕੇ ਨਾਲ ਨਾਲ ਤੁਰਦਾ ਹੈ। ਬਹੁਤੀ ਵੇਰ ਉਸ ਦੇ ਪਾਤਰਾਂ ਦੀ ਪੇਸ਼ਕਾਰੀ ਜਾਂ ਸਿਰਜਣਾ ਵਾਰਤਕਕਾਰ ਦੀ ਤਬੀਅਤ ਵਿਚਲੀ ਸਪਸ਼ਟਤਾ ਤੋਂ ਵੀ ਪ੍ਰਤੀਬਿੰਬਤ ਹੁੰਦੀ ਹੈ। ਉਹ ਬੇਬਾਕ ਹੋ ਕੇ ਲਿਖਦਾ ਹੈ, ਭਿੱਜ ਕੇ ਬੋਲਦਾ ਹੈ, ਢੁਕਵਾਂ ਤੋਲਦਾ ਹੈ, ਇਸੇ ਕਰਕੇ ਉਸ ਦੇ ਪਾਤਰਾਂ ਦੀ ਸਜੀਵਤਾ ਸਾਨੂੰ ਨਵਾਂ ਮਾਰਗ ਦਰਸ਼ਨ ਕਰਵਾਉਂਦੀ ਹੋਈ ਸਮਕਾਲੀ ਚੇਤਨਾ ਨਾਲ ਬਗਲਗੀਰ ਰੱਖਦੀ ਹੈ।

ਪ੍ਰੋ. ਪੰਨੂ ਨੇ ਵਾਰਤਕ ਵਿਚ ਸੰਸਾਰ ਪ੍ਰਸਿਧ ਸ਼ਖਸੀਅਤਾਂ ਨੂੰ ਪੰਜਾਬੀ ਦੇ ਰਸਭਿੰਨੜੇ ਮੁਹਾਵਰੇ ਰਾਹੀਂ ਪਾਠਕਾਂ ਅੱਗੇ ਪੇਸ਼ ਕੀਤਾ ਹੈ। ਕਈ ਵਾਰ ਅਸੀਂ ਉਨ੍ਹਾਂ ਦੀ ਵਾਰਤਕ ਦੇ ਮੂਲ ਸ੍ਰੋਤਾਂ, ਜਿਨ੍ਹਾਂ ਨੂੰ ਉਹ ਫਰਾਖਦਿਲੀ ਨਾਲ ਸਵੀਕਾਰਦੇ ਹਨ, ਵਿਚੋਂ ਗੁਜ਼ਰਨ ਦੀ ਕੋਸ਼ਿਸ਼ ਕੀਤੀ ਪਰ ਜੋ ਰਸ ਅਸੀਂ ਪ੍ਰੋ. ਪੰਨੂ ਦੀ ਰਚਨਾ 'ਚੋਂ ਚੱਖਦੇ ਹਾਂ, ਉਹ ਮੂਲ ਰਚਨਾਵਾਂ 'ਚੋਂ ਪ੍ਰਾਪਤ ਨਹੀਂ ਹੁੰਦਾ। ਅਸਲ ਵਿਚ ਪ੍ਰੋ. ਪੰਨੂ ਘਟਨਾਵਾਂ ਦੀ ਵਿਸਮਾਦੀ ਤਾਸੀਰ ਦੇ ਪਾਰਖੂ ਹਨ। ਇਹ ਸੱਚ ਹੈ ਕਿ ਸਿਰਫ ਘਟਨਾਵਾਂ ਦੀ ਪਛਾਣ ਹੀ ਕਾਫੀ ਨਹੀਂ ਹੁੰਦੀ, ਪ੍ਰੋ. ਪੰਨੂ ਉਨ੍ਹਾਂ ਨੂੰ ਹਿਰਦੇ ਵਿਚਲੇ ਸਰੋਵਰ 'ਚ ਚੁੱਭੀ ਲਵਾ ਕੇ ਰਚਨਾ ਦੀ ਤੇਰ-ਮੇਰ ਤੋਂ ਉਪਰ ਚੁੱਕ ਉਸ ਨੂੰ ਕਾਇਨਾਤ ਦੀ ਸ਼ੈਅ ਕਰ ਦਿੰਦੇ ਹਨ ਜਿਸ ਕਾਰਨ ਮਾਖਿਓਂ ਦੀ ਤਾਸੀਰ ਨੂੰ ਮਾਨਣਾ ਹੀ ਲਾਜ਼ਮ ਹੋ ਜਾਂਦਾ ਹੈ, ਬਾਕੀ ਸਭ ਪਿੱਛੇ ਰਹਿ ਜਾਂਦਾ ਹੈ। 'ਸਿੰਘ ਬ੍ਰਦਰਜ਼' ਅੰਮ੍ਰਿਤਸਰ ਵੱਲੋਂ ਤਾਜ਼ਾ ਪ੍ਰਕਾਸ਼ਿਤ ਹੋਈ ਉਨ੍ਹਾਂ ਦੀ ਪੁਸਤਕ 'ਪੱਥਰ ਤੋਂ ਰੰਗ ਤੱਕ' ਵਿਚ ਉਨ੍ਹਾਂ ਨੇ ਵੱਡੇ ਪੁਰਖਿਆਂ ਨੂੰ ਯਾਦ ਕੀਤਾ ਹੈ ਜਿਨ੍ਹਾਂ ਦੀ ਪਾਰਖੂ ਨਜ਼ਰ ਪੱਥਰਾਂ 'ਚੋਂ ਅਹਿਸਾਸ ਢੂੰਡਦੀ ਹੈ, ਰੰਗਾਂ ਦੇ ਅਣਗੌਲੇ ਸੰਵਾਦ ਸੁਣਦੇ ਹਨ, ਮਿਹਨਤ, ਤਰਸ, ਮੁਹੱਬਤ ਦਾ ਦਰਿਆ ਅਕਾਸ਼ ਵੱਲ ਹੱਥ ਫੈਲਾ ਕੇ ਪਰਵਾਜ਼ ਭਰਦਾ ਹੈ। ਪਿਆਸ ਪਿੱਛੇ ਖਲੋਤੀ ਪਿਆਸ ਦੇ ਦੀਦਾਰ ਹੁੰਦੇ ਹਨ।

'ਪੱਥਰ ਤੋਂ ਰੰਗ ਤੱਕ' ਵਿਚ ਉਨ੍ਹਾਂ ਨੇ ਸੰਸਾਰ ਪ੍ਰਸਿੱਧ ਬੁੱਤ ਘਾੜੇ ਮਾਇਕਲ ਏਂਜਲੋ-ਜਿਸ ਨੇ ਜੀਸਸ ਦੇ ਬੁੱਤ ਬਣਾਏ, ਮਰੀਅਮ ਦੀ ਗੋਦ ਵਿਚ ਮੋਇਆ ਪਿਆ ਜੀਸਸ ਜਿਸ ਨੂੰ 'ਦਾ ਪਾਇਟਾ' ਨਾਲ ਜਾਣਿਆ ਜਾਂਦਾ ਹੈ ਬਣਾਇਆ, ਦਾਊਦ ਦਾ ਬੁੱਤ ਘੜਿਆ-ਨਾਲ ਸਾਂਝ ਪਵਾਈ ਹੈ, ਉਥੇ ਮਹਾਨ ਪੇਂਟਰ ਵਾਨ ਗਾਗ ਤੇ ਅੰਮਿਤਾ ਸ਼ੇਰਗਿੱਲ, ਮਜ਼ਲੂਮਾਂ ਦੇ ਮਸੀਹੇ ਈਦੀ ਤੇ ਕਾਫਕਾ ਦੀ ਪਤਨੀ ਦੋਰਾ ਨਾਲ ਵੀ ਸਾਨੂੰ ਲੈ ਤੁਰਿਆ ਹੈ। ਇਕ ਪਾਤਰ ਦਾ ਜੀਵਨ ਬਿਊਰਾ ਮੁਕਾ ਕੇ ਦੂਜੇ ਪਾਤਰ ਲਈ ਕਿਸੇ ਵੱਖਰੀ ਧਰਤੀ ਵੱਲ ਪਾਠਕ ਪਰਵਾਜ਼ ਭਰਦਾ ਹੈ।




ਪੁਸਤਕ ਵਿਚ ਲਿਆਨਾਰਡੋ ਦਾ ਵਿੰਸੀ, ਵਿਕਟਰ ਤੇ ਕਾਫਕਾ ਦੀ ਹਾਜ਼ਰੀ ਸਬੰਧਤ ਪਾਤਰਾਂ ਨਾਲ ਅਟੁੱਟਤਾ ਕਾਰਨ ਲੱਗਦੀ ਹੈ ਜਿਸ ਕਾਰਨ ਉਨ੍ਹਾਂ ਦੇ ਜੀਵਨ ਦਰਸ਼ਨ ਦੇ ਵੀ ਅਨੇਕਾਂ ਹੀ ਰੰਗ ਰੂਪਮਾਨ ਹੁੰਦੇ ਹਨ। ਪ੍ਰੋ. ਪੰਨੂ ਦੀ ਵਾਰਤਕ ਦਾ ਨਮੂਨਾ ਵੇਖੋ,

"ਬਿਜਾਈ ਕਰਦੇ ਕਿਸਾਨ ਦੀ ਪੇਂਟਿੰਗ ਦੇਖ ਕੇ ਮਾਂ ਨੇ ਪੁੱਛਿਆ, 'ਜ਼ਮੀਨ ਕਿਥੋਂ ਸ਼ੁਰੂ ਹੁੰਦੀ, ਕਿਸਾਨ ਕਿਥੋਂ ਸ਼ੁਰੂ ਹੁੰਦਾ ਹੈ, ਪਤਾ ਨਹੀਂ ਲਗਦਾ ਵਾਨ! ਵਾਨ ਨੇ ਕਿਹਾ, ਮਿੱਟੀ ਤੇ ਮਾਸ ਇਕੋ ਚੀਜ਼ ਦੇ ਦੋ ਨਾਮ ਹਨ। ਇਨ੍ਹਾਂ ਵਿਚੋਂ ਕਿਹੜਾ ਕਿੱਥੋਂ ਸ਼ੁਰੂ ਹੋ ਕੇ ਕਿੱਥੇ ਖਤਮ ਹੋਵੇ ਇਸ ਦਾ ਨਿਰਣਾ ਨਹੀਂ ਹੋ ਸਕਦਾ ਮਾਂ।"

ਵਾਨ ਗਾਗ ਨੇ ਆਪਣੀਆਂ ਕਲਾਕ੍ਰਿਤਾਂ ਵਿਚ ਜਿੱਥੇ ਕਿਸਾਨਾਂ, ਮਜ਼ਦੂਰਾਂ, ਕੁਦਰਤ ਦੀ ਵਿਸ਼ਾਲਤਾ ਦੀ ਤਰਲਤਾ ਨੂੰ ਪੇਸ਼ ਕੀਤਾ, ਉਥੇ ਮਾਇਕਲ ਏਂਜਲੋ ਰੰਗਾਂ ਦੇ ਸੁਹਜ ਤੋਂ ਅੱਗੇ ਹੋ ਕੇ ਮਾਰਬਲ 'ਚੋਂ ਸੁਹਜ ਛਾਣਦਾ ਹੋਇਆ ਛੈਣੀਆਂ ਦੀ ਟਕ-ਟਕ 'ਚੋਂ ਜੀਸਸ ਦੀ ਮਾਸੂਮੀ ਨੂੰ ਬੋਚਦਾ ਹੈ। ਮਾਇਕਲ ਏਂਜਲੋ ਦਾ ਚਰਿੱਤਰ ਚਿਤਰਦਿਆਂ ਪ੍ਰੋ. ਪੰਨੂ ਦੀ ਵਾਰਤਕ ਦਾ ਇਕ ਹੋਰ ਨਮੂਨਾ ਵੇਖੋ, "ਮਾਇਕਲ ਕੰਮ ਵਿਚ ਮਗਨ ਸੀ, ਲੋਰੈਂਜੋ ਦਾ ਬੇਟਾ ਆਇਆ, ਕਿਹਾ-ਸ਼ਿਕਾਰ ਖੇਡਣ ਚੱਲੀਏ ਏਂਜਲੋ? ਸਤਿਕਾਰ ਨਾਲ ਸਲਾਮ ਅਰਜ਼ ਕੀਤੀ ਤੇ ਕਿਹਾ, ਕੰਮ ਵਿਚ ਰੁਝਿਆ ਹਾਂ। ਖਿਮਾਂ ਕਰਨਾ।

-ਕੰਮ? ਸਾਰਾ ਦਿਨ ਕੰਮ? ਕਦੀ ਅਰਾਮ ਕਰਨ ਨੂੰ ਦਿਲ ਨਹੀਂ ਕਰਦਾ?

-ਕੰਮ ਵਿਚ ਮੈਨੂੰ ਅਰਾਮ ਮਿਲਦਾ ਹੈ, ਸ਼੍ਰੀਮਾਨ।

-ਪਰ ਕਦੀ ਕਦਾਈਂ ਸ਼ਿਕਾਰ ਦਾ ਮਜ਼ਾ ਵੀ ਤਾਂ ਲੈਣਾ ਹੁੰਦੈ?

-ਮੈਂ ਮਾਰਬਲ ਦਾ ਸ਼ਿਕਾਰੀ ਹਾਂ, ਸ਼੍ਰੀਮਾਨ।

-ਕੀ ਤੈਨੂੰ ਪੱਥਰ ਤਰਾਸ਼ਣਾ ਅਤੇ ਸ਼ਿਕਾਰ ਖੇਡਣਾ ਇੱਕੋ ਜਿਹੀ ਗੱਲ ਲਗਦੀ ਹੈ?

-ਜੇ ਬੁਰਾ ਨਾ ਮਨਾਉ ਤਾਂ ਹਾਂ, ਸਗੋਂ ਪੱਥਰ ਤਰਾਸ਼ਣੇ ਸ਼ਿਕਾਰ ਨਾਲੋਂ ਵਧੀਕ ਮਨੋਰੰਜਕ ਹਨ।"

ਇਸੇ ਤਰ੍ਹਾਂ ਪ੍ਰੋ. ਪੰਨੂ ਅੰਮ੍ਰਿਤਾ ਸ਼ੇਰਗਿੱਲ ਦੇ ਚਿੱਤਰਾਂ, ਵਿਕਟਰ ਦੇ ਸਮਰਪਣ ਨੂੰ ਬਾਖੂਬ ਪੇਸ਼ ਕਰਦੇ ਹਨ। ਹਉਕਿਆਂ ਹਾਵਿਆਂ 'ਚ ਜਗਦੀ ਤਸਵੀਰ, ਉਨ੍ਹਾਂ ਮਜ਼ਲੂਮਾਂ ਦੇ ਵਾਰਿਸ ਈਦੀ ਦੀ ਖਿੱਚੀ ਹੈ ਜਿੱਥੇ ਕੋਈ ਦੂਜਾ ਹੈ ਹੀ ਨਹੀਂ। ਦਿਲ ਨੇ ਹਰ ਤਰ੍ਹਾਂ ਦੇ ਮੌਸਮ ਹੰਢਾ ਕੇ ਦੂਜਿਆ ਦੇ ਸਿਰ 'ਤੇ ਛਾਂ ਮੰਗੀ ਹੈ। ਈਦੀ ਦਾ ਪੁੱਟਿਆ ਹਰ ਕਦਮ ਜੰਨਤ ਵੱਲ ਪੁੱਟਿਆ ਕਦਮ ਹੋ ਚੁੱਕਾ ਹੈ, ਜਿੱਥੇ ਆਪ ਸੁੱਕੀ ਰੋਟੀ ਖਾ ਕੇ ਗਰੀਬੀ ਦੇ ਅਹਿਸਾਸ ਨੂੰ ਮਾਣਿਆ ਜਾ ਰਿਹਾ ਹੈ, ਦੂਜਿਆ ਦੀਆਂ ਲਾਸ਼ਾਂ ਨੂੰ ਰੁਲਣ ਤੋਂ ਬਚਾਉਣ ਲਈ ਕਬਰਸਤਾਨ ਨੂੰ ਨਖਲਿਸਤਾਨ ਦਾ ਰੂਪ ਦੇ ਦਿੱਤਾ ਹੈ। ਈਦੀ ਵਰਗੇ ਦਿਲ 'ਚੋਂ ਹੀ ਅਜਿਹੀ ਵਾਜ ਉਠ ਸਕਦੀ ਹੈ-ਤੈਨੂੰ ਪਿਆਰ ਕਰਦਾ ਹਾਂ ਮਾਲਕ। ਜਦੋਂ ਦੁੱਖ ਦੇਖਦਾ ਹਾਂ, ਤੈਨੂੰ ਭੁੱਲ ਕੇ ਦੁਖੀ ਬੰਦੇ ਨੂੰ ਪਿਆਰ ਕਰਨ ਲੱਗ ਜਾਨਾਂ।

ਇੱਥੇ ਸੇਵਾ ਦੇ ਹਰ ਕਦਮ ਨੇ ਰੱਬ ਨੂੰ ਵੱਸ ਵਿਚ ਕਰ ਲਿਆ ਹੈ, ਜਿਸ 'ਤੇ ਸ਼ਿਕਵਾ ਨਹੀਂ, ਮਲਾਲ ਨਹੀਂ ਸਿਰਫ਼ ਸ਼ੁਕਰ ਦੀ ਆਵਾਜ਼ ਪੁੱਜਦੀ ਹੈ। ਕਾਫ਼ਕਾ ਦਾ ਚਿੱਤਰ ਉਨ੍ਹਾਂ ਪਿਛਲੀ ਪੁਸਤਕ ਵਿਚ ਖਿੱਚਿਆ ਸੀ, ਇਸ ਪੁਸਤਕ ਵਿਚ ਉਸ ਦੀ ਪਤਨੀ ਦੋਰਾ ਨੂੰ ਬਿਆਨਿਆ ਹੈ ਜੋ ਖੁਦ ਆਪਣੀ ਮਾਤ ਬੋਲੀ, ਕਲਚਰ, ਥੀਏਟਰ ਨੂੰ ਸਮਰਪਿਤ ਹੈ। ਦੋਰਾ ਇਕ ਪੀੜ ਦੀ ਦਾਸਤਾਨ ਹੈ ਜਿਸ ਉਪਰ ਰਿਸ਼ਤਿਆਂ ਦੀ ਪੀੜ, ਕਾਫ਼ਕਾ ਦੀ ਪੀੜ, ਯਹੂਦੀਆਂ ਦੀ ਪੀੜ, ਯਿੱਦਿਸ਼ ਜੁਬਾਨ ਲਈ ਪੀੜ ਸਭ ਸਮਾਈਆਂ ਹੋਈਆਂ ਹਨ, ਦੋਰਾ ਨੂੰ ਚਿਤਰਨ 'ਚ ਕਾਫ਼ਕਾ ਦੀ ਹਾਜ਼ਰੀ ਲਵਾਉਣੀ ਜ਼ਰੂਰੀ ਹੋ ਜਾਂਦੀ ਹੈ। ਦੋਰਾ ਦੀ ਸਾਂਝ ਕਾਫ਼ਕਾ ਨਾਲ ਏਨੀ ਸ਼ਿੱਦਤ ਭਰੀ ਹੈ ਕਿ ਉਹ ਕਾਫ਼ਕਾ ਦੇ ਹਰ ਤਰ੍ਹਾਂ ਦੇ ਰਿਦਮ ਨੂੰ ਸਮਰਪਿਤ ਹੁੰਦੀ ਹੈ। ਅੰਗਰੇਜ਼ੀ ਵਿਚ ਇੰਟਰਵਿਊ ਦੇਣ ਤੋਂ ਸਾਫ਼ ਇਨਕਾਰ ਕਰਦੀ ਆਖਦੀ ਹੈ ਕਿ ਜੇ ਇੰਟਰਵਿਊ ਦਏਗੀ ਤਾਂ ਜਰਮਨੀ ਵਿਚ ਹੀ, ਕਿਉਂ ਜੋ ਕਾਫ਼ਕਾ ਜਰਮਨ ਭਾਸ਼ਾ 'ਚ ਲਿਖਦਾ ਰਿਹਾ ਹੈ ਤੇ ਉਸ ਨੇ ਇਹ ਜ਼ੁਬਾਨ ਕਾਫ਼ਕਾ ਤੋਂ ਸਿੱਖੀ ਹੈ। ਆਖਦੀ ਹੈ, "ਮੈਂ ਨਿਰਪੱਖ ਨਹੀਂ ਹਾਂ, ਹੋ ਹੀ ਨਹੀਂ ਸਕਦੀ, ਉਸ ਦੀ ਮੌਤ ਹੋਇਆਂ ਵੀਹ ਸਾਲ ਬੀਤ ਗਏ ਹਨ। ਸ਼ਬਦ, ਤੱਥ ਕੀ ਕਰਨਗੇ, ਮਹੱਤਵਪੂਰਣ ਹੈ ਉਹ ਮਾਹੌਲ, ਜਿਹੜਾ ਕਾਫ਼ਕਾ ਨੇ ਸਿਰਜਿਆ। ਮੇਰੇ ਅੰਦਰਲਾ ਕਾਫ਼ਕਾ ਸੱਚ ਹੈ, ਮੁੱਹਬਤ ਉਸ ਦੇ ਵਰਣਨ ਵਿਚ ਘੁਲੀ ਹੋਈ ਹੋਵੇਗੀ ਹੀ।"

ਕੁਲ ਮਿਲਾ ਕੇ 'ਪੱਥਰ ਤੋਂ ਰੰਗ ਤੱਕ' ਵਾਰਤਕ ਦਾ ਇਕ ਸਫ਼ਲ ਨਮੂਨਾ ਹੋ ਨਿਬੜਦੀ ਹੈ। ਹਰ ਤਰ੍ਹਾਂ ਦੇ ਪਾਠਕ ਨੂੰ ਨਾਲ ਲੈ ਕੇ ਤੁਰਨਾ, ਵਾਰਤਕਕਾਰ ਦੀ ਸ਼ੈਲੀ ਦੀ ਪ੍ਰਾਪਤੀ ਹੈ। ਵਾਰਤਾਲਾਪ ਬਹੁਤ ਰਸਿਕ ਤੇ ਸੰਖੇਪ ਹੈ। ਜਿੱਥੇ ਮਹਾਨ ਸ਼ਖਸੀਅਤਾਂ ਰਸਿਕ ਤੇ ਸੰਖੇਪ ਭਾਸ਼ਾ 'ਚ ਜੜੀਆਂ ਮਿਲਣਗੀਆਂ, ਉਥੇ ਕਾਵਿਕ ਉਡਾਰੀ ਤੁਹਾਨੂੰ ਨਵੇਂ ਅਕਾਸ਼ਾਂ ਦੀ ਝਲਕ ਜ਼ਰੂਰ ਦਿਖਾਏਗੀ। ਅਖੀਰ ਵਿਚ ਪੁਸਤਕ 'ਪੱਥਰ ਤੋਂ ਰੰਗ ਤੱਕ' ਲਈ ਸ਼ੁਭ ਇੱਛਾਵਾਂ। ਸ਼ੁਭ ਪ੍ਰਭਾਤ ਦਾ ਉਜੱਲ ਸੁਪਨਾ, ਸਾਕਾਰ ਹੋਵੇ। ਆਮੀਨ!

# ਮਾਤਾ ਸੁੰਦਰੀ ਜੀ: ਸੰਘਰਸ਼ ਅਤੇ ਸ਼ਖਸੀਅਤ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ 'ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' ਵਿਭਾਗ 'ਚ ਐਸੋਸੀਏਟ ਪ੍ਰੋਫ਼ੈਸਰ ਡਾ. ਪਰਮਵੀਰ ਸਿੰਘ ਦੀ ਪੁਸਤਕ 'ਮਾਤਾ ਸੁੰਦਰੀ ਜੀ: ਸੰਘਰਸ਼ ਅਤੇ ਸ਼ਖਸੀਅਤ' ਇਸ ਵਿਸ਼ੇ ਉਪਰ ਪਹਿਲਾਂ ਲਿਖੀਆਂ ਪੁਸਤਕਾਂ ਤੋਂ ਅਗੇ ਗੱਲ ਤੋਰਦੀ ਹੈ।

**ਰਿਵਿਊਕਾਰ-ਡਾ. ਨਰਿੰਦਰ ਨਿਰਛਲ**
ਫੋਨ: 91-98726-23447

ਲੇਖਕ ਨੇ ਪ੍ਰਮਾਣਿਕ ਜਾਣਕਾਰੀ ਰਾਹੀਂ ਗੁਰੂ ਗੋਬਿੰਦ ਸਿੰਘ ਦੇ ਮਹਿਲ ਮਾਤਾ ਸੁੰਦਰੀ ਬਾਰੇ ਭਰਮ-ਭੁਲੇਖੇ ਦੂਰ ਕਰਨ ਦਾ ਸਫ਼ਲ ਯਤਨ ਕੀਤਾ ਹੈ ਅਤੇ ਨਵੇਂ ਖੋਜਕਾਰਾਂ ਲਈ ਕਈ ਚੁਣੌਤੀਆਂ ਅਤੇ ਸੰਭਾਵਨਾਵਾਂ ਵੀ ਖੜੀਆਂ ਕੀਤੀਆਂ ਹਨ।

ਲੇਖਕ ਨੇ ਧਰਮ ਦੇ ਖੇਤਰ ਵਿਚ ਪਹਿਲਾਂ ਵੀ ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਅੱਠ ਪੁਸਤਕਾਂ ਲਿਖੀਆਂ/ਸੰਪਾਦਤ ਕੀਤੀਆਂ ਹਨ। ਪੁਸਤਕ ਦੇ 12 ਅਧਿਆਏ ਹਨ ਜਿਨ੍ਹਾਂ ਵਿਚ ਮਾਤਾ ਸੁੰਦਰੀ ਦੀ ਜੀਵਨ-ਗਾਥਾ ਬਿਆਨ ਕੀਤੀ ਗਈ ਹੈ। ਪਹਿਲੇ ਅਧਿਆਏ ਵਿਚ ਮਾਤਾ ਸੁੰਦਰੀ ਦਾ ਜਨਮ ਸਥਾਨ ਬਜਵਾੜਾ ਸਿੱਧ ਕੀਤਾ ਗਿਆ ਹੈ ਜੋ ਕਿ ਮੌਜੂਦਾ ਹੁਸ਼ਿਆਰਪੁਰ ਦਾ ਹਿੱਸਾ ਹੈ। ਇਸ ਰਾਹੀਂ ਪਹਿਲਾਂ ਚਲੀ ਆ ਰਹੀ ਇਸ ਧਾਰਨਾ ਨੂੰ ਤੋੜਿਆ ਗਿਆ ਹੈ ਕਿ ਮਾਤਾ ਜੀ ਲਾਹੌਰ ਦੇ ਜੰਮਪਲ ਸਨ। ਬਜਵਾੜਾ ਦੇ ਇਕ ਗਾਇਕ ਬੈਜੂ ਬਾਵੜਾ ਵਲੋਂ ਹਰੀ ਦਾਸ ਨਾਂ ਦੀ ਸ਼ਖ਼ਸੀਅਤ ਨੂੰ ਗੁਰੂ ਧਾਰਨਾ ਕੋਈ ਅਲੋਕਾਰ ਗੱਲ ਨਹੀਂ ਸੀ, ਕਿਉਂਕਿ ਇੱਥੇ ਗੁਰੂ ਦੀ ਲਿਆਕਤ ਦੇਖੀ ਜਾਂਦੀ ਸੀ, ਨਾ ਕਿ ਉਸ ਦਾ ਧਰਮ। ਗੱਲ ਕੀ ਬਜਵਾੜਾ ਉਦੋਂ ਇਕ ਪ੍ਰਮੁੱਖ ਕੇਂਦਰੀ ਸਥਾਨ ਕਿਆਸ ਕੀਤਾ ਗਿਆ ਹੈ ਅਤੇ ਮਾਤਾ ਸੁੰਦਰੀ ਦੇ ਬਜ਼ੁਰਗ ਅਮੀਰ ਹੋਣ ਕਾਰਨ ਉਥੇ ਹੀ ਨਿਵਾਸ ਕਰਦੇ ਸਨ। ਮਾਤਾ ਜੀ ਦੇ ਪਿਤਾ ਲਾਹੌਰ ਨਿਵਾਸੀ ਸਨ ਅਤੇ ਪਤਨੀ ਦੇ ਪੇਕੇ ਆ ਕੇ ਬੱਚੇ ਨੂੰ ਜਨਮ ਦੇਣ ਦੇ ਆਧਾਰ ਉਤੇ ਇਹ ਗੱਲ ਪ੍ਰਮਾਣਿਕ ਲਗਦੀ ਹੈ ਕਿ ਮਾਤਾ ਜੀ ਦਾ ਜਨਮ ਬਜਵਾੜੇ ਹੀ ਹੋਇਆ ਹੋਵੇ। ਇਸ ਦੀ ਗਵਾਹੀ ਵਜੋਂ ਲੇਖਕ ਨੇ ਕਈ ਪੁਸਤਕਾਂ ਦਾ ਹਵਾਲਾ ਵੀ ਦਿੱਤਾ ਹੈ। ਹਾਲਾਂ ਕਿ ਲੇਖਕ ਨੇ 23 ਦਸੰਬਰ 1667 ਈਸਵੀ ਨੂੰ ਮਾਤਾ ਜੀ ਦਾ ਜਨਮ ਹੋਣਾ ਮੰਨਿਆ ਹੈ, ਭਾਵੇਂ ਇਸ ਦਾ ਠੋਸ ਆਧਾਰ ਕਿਧਰੇ ਪ੍ਰਾਪਤ ਨਹੀਂ ਹੈ।

ਦੂਜਾ ਅਧਿਆਏ ਮਾਤਾ ਜੀ ਦੇ ਵਿਆਹ ਅਤੇ ਸੰਤਾਨ ਨਾਲ ਸਬੰਧਤ ਹੈ। ਲੇਖਕ ਨੇ ਸਿੱਧ ਕੀਤਾ ਹੈ ਕਿ ਮਾਤਾ ਜੀ ਦਾ ਗੁਰੂ ਗੋਬਿੰਦ ਸਿੰਘ ਨਾਲ ਦੂਜਾ ਵਿਆਹ ਸੀ ਅਤੇ ਦਸਮ ਪਾਤਸ਼ਾਹ ਦਾ ਪਹਿਲਾ ਵਿਆਹ ਮਾਤਾ ਜੀਤੋ ਨਾਲ ਹੋਇਆ। ਲੇਖਕ ਨੇ ਬਹੁਤ ਵਧੀਆ ਵਿਆਖਿਆ ਕੀਤੀ ਹੈ ਕਿ ਦਸਮ ਪਾਤਸ਼ਾਹ ਦੂਜਾ ਵਿਆਹ ਨਹੀਂ ਕਰਵਾਉਣਾ ਚਾਹੁੰਦੇ ਸਨ ਪਰ ਮਾਤਾ ਗੁਜਰੀ ਦੇ ਜ਼ੋਰ ਦੇਣ ਤੇ ਇਹ ਵਿਆਹ ਕਰਵਾਉਣਾ ਪਿਆ। ਇਥੇ ਨਵੇਂ ਖੋਜਕਾਰਾਂ ਇਹ ਸੁਆਲ ਖੁੱਲ੍ਹਾ ਛੱਡ ਦਿੱਤਾ ਗਿਆ ਹੈ। ਪਾਉਂਟਾ ਸਾਹਿਬ ਵਿਖੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਮਾਤਾ ਜੀ ਦੀ ਕੁੱਖੋਂ ਹੋਣ ਬਾਰੇ ਦੱਸਿਆ ਹੈ ਅਤੇ ਇਸ ਦੀ ਪ੍ਰਮਾਣਿਕਤਾ ਲਈ ਲਿਖਤੀ ਸਬੂਤ ਦਾ ਆਸਰਾ ਲੈ ਕੇ ਪੁਸਤਕ ਦੀ ਭਰੋਸੇਯੋਗਤਾ ਵਧਾਈ ਹੈ। ਤੀਜੇ ਅਧਿਆਏ ਵਿਚ ਗੁਰੂ ਗੋਬਿੰਦ ਸਿੰਘ ਦੇ ਮਹਿਲ ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਬਾਰੇ ਹੋਰ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਹੈ। ਮਾਤਾ ਜੀਤੋ ਜੀ ਅਤੇ ਮਾਤਾ ਸਾਹਿਬ ਦੇਵਾਂ ਦੇ ਮਾਤਾ ਸੁੰਦਰੀ ਨਾਲ ਚੰਗੇ ਸਬੰਧ ਸਨ ਅਤੇ ਆਪਸ ਵਿਚ ਮਨਮੁਟਾਵ ਨਹੀਂ ਸੀ।

ਮਾਤਾ ਸਾਹਿਬ ਦੇਵਾਂ ਦੇ ਮਾਪਿਆਂ ਵਲੋਂ ਉਨ੍ਹਾਂ ਦਾ ਵਿਆਹ ਗੁਰੂ ਜੀ ਨਾਲ ਕਰਾਉਣ ਦੀ ਤਜਵੀਜ਼ ਪ੍ਰਮਾਣਿਕ ਦਿਖਾਈ ਗਈ ਹੈ। ਗੁਰੂ ਜੀ ਦੇ ਨਾਂਹ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਇਸ ਵਿਆਹ ਲਈ ਮਨਾ ਲਿਆ ਗਿਆ ਪਰ ਲੇਖਕ ਦੱਸਦਾ ਹੈ ਕਿ ਸਾਹਿਬ ਦੇਵਾਂ ਨੇ ਗੁਰੂ ਜੀ ਪਾਸ ਰਹਿੰਦੇ ਹੋਏ ਸਾਰੀ ਉਮਰ ਕੁਆਰੀ ਰਹਿਣਾ ਮੰਨ ਲਿਆ। ਮਾਤਾ ਸਾਹਿਬ ਦੇਵਾਂ ਨੂੰ ਇਸੇ ਕਰਕੇ ਹੀ ਕੁਆਰਾ ਡੋਲਾ




**ਲੇਖਕ ਦਾ ਨਾਂ-ਡਾ. ਪਰਮਵੀਰ ਸਿੰਘ**
**ਪ੍ਰਕਾਸ਼ਕ-ਸਿੰਘ ਬ੍ਰਦਰਜ਼, ਅੰਮ੍ਰਿਤਸਰ**
**ਪੰਨੇ-224. ਕੀਮਤ-200 ਰੁਪਏ**

ਕਿਹਾ ਜਾਂਦਾ ਹੈ ਅਤੇ ਪੰਥ ਵਿਚ ਮਾਤਾ ਜੀ ਦਾ ਸਤਿਕਾਰ ਖ਼ਾਲਸੇ ਦੀ ਮਾਤਾ ਵਜੋਂ ਹੀ ਹੋਇਆ।

ਅਗਲੇ ਅਧਿਆਏ ਵਿਚ ਮਾਤਾ ਸੁੰਦਰੀ ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਦਿੱਲੀ ਆਉਣ ਦਾ ਜ਼ਿਕਰ ਹੈ। ਆਨੰਦਪੁਰ ਸਾਹਿਬ ਤੋਂ ਪਰਿਵਾਰ ਵਿਛੋੜੇ ਮਗਰੋਂ ਮਾਤਾ ਜੀ ਦਾ ਦਿੱਲੀ ਆਉਣਾ ਸੁਭਾਵਿਕ ਦੱਸਿਆ ਗਿਆ ਹੈ ਕਿ ਗੁਰੂ ਜੀ ਦੇ ਕਹਿਣ ਉਤੇ ਹੀ ਕੁਝ ਸਿੱਖਾਂ ਨਾਲ ਮਾਤਾ ਜੀ ਦਿੱਲੀ ਗਏ। ਫਿਰ ਜਦੋਂ ਗੁਰੂ ਜੀ ਚਮਕੌਰ ਦੀ ਗੜੀ ਵਿਚੋਂ ਸਿੰਘਾਂ ਦੀ ਬੇਨਤੀ ਪ੍ਰਵਾਨ ਕਰਕੇ ਬਾਹਰ ਆਉਂਦੇ ਹਨ ਤਾਂ ਇਸ ਘਟਨਾ ਦੀ ਲੇਖਕ ਨੇ ਸਿੱਖ ਧਰਮ ਅਨੁਸਾਰ ਵਧੀਆ ਵਿਆਖਿਆ ਕੀਤੀ ਹੈ। ਪ੍ਰਚਲਿਤ ਰਵਾਇਤ ਦੇ ਉਲਟ ਠੀਕ ਸ਼ਬਦਾਂ ਦੀ ਵਰਤੋਂ ਕਰਕੇ ਸਿੰਘਾਂ ਵਲੋਂ ਗੜੀ ਖਾਲੀ ਕਰ ਦੇਣ ਦੇ 'ਹੁਕਮ' ਦੀ ਥਾਂ 'ਬੇਨਤੀ' ਸ਼ਬਦ ਵਰਤਿਆ ਗਿਆ ਹੈ। ਸਿੱਖ ਚਾਹੇ ਬੇਖ਼ੌਫ਼ ਸਨ ਪਰ ਗੁਰੂ ਨੂੰ ਹੁਕਮ ਨਹੀਂ ਕਰ ਸਕਦੇ ਸਨ। ਇਥੇ ਲੇਖਕ ਨੇ 'ਬੇਨਤੀ' ਸ਼ਬਦ ਵਰਤ ਕੇ ਸਿੰਘਾਂ ਦੀ ਨਿਰਮਾਣਤਾ ਦਾ ਸਬੂਤ ਦਿੱਤਾ ਹੈ।

ਦਿੱਲੀ ਵਿਚ ਗੁਰੂ ਕੇ ਮਹਿਲਾਂ ਨੇ ਕੂਚਾ ਦਿਲਵਾਲੀ ਵਿਖੇ ਨਿਵਾਸ ਕੀਤਾ ਜਿਸ ਦਾ ਜ਼ਿਕਰ ਲੇਖਕ ਨੇ ਡਾ. ਮਹਿੰਦਰ ਕੌਰ ਗਿੱਲ ਦੀ ਖੋਜ ਦੇ ਆਧਾਰ 'ਤੇ ਕੀਤਾ ਹੈ। ਜਦੋਂ ਮਾਤਾਵਾਂ ਦੁਬਾਰਾ ਦਿੱਲੀ ਆਈਆਂ ਤਾਂ ਉਨ੍ਹਾਂ ਦਾ ਨਿਵਾਸ ਮਟੀਆ ਮਹਿਲ ਵਿਖੇ ਰਿਹਾ। ਇਹ ਨਵੇਂ ਖੋਜਾਰਥੀਆਂ ਲਈ ਇਕ ਚੁਣੌਤੀ ਹੈ ਕਿ ਉਹ ਮਟੀਆ ਮਹਿਲ ਬਾਰੇ ਹੋਰ ਖੋਜ ਕਰਨ। ਇਸੇ ਅਧਿਆਏ ਵਿਚ ਗੁਰੂ ਸਾਹਿਬ ਵਲੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਕੀਤੀ ਗਈ ਮਦਦ ਦਾ ਲੇਖਕ ਕੋਈ ਕਾਰਨ ਪੇਸ਼ ਨਹੀਂ ਕਰ ਸਕਿਆ, ਇਹ ਵਧੇਰੇ ਖੋਜ ਮੰਗਦਾ ਹੈ। ਮਾਤਾ ਜੀ ਦੇ ਦਿੱਲੀ ਨਿਵਾਸ ਦੇ ਕਾਰਨਾਂ ਦੀ ਲੇਖਕ ਨੇ ਬਹੁਤ ਵਧੀਆ ਵਿਆਖਿਆ ਕੀਤੀ ਹੈ ਅਤੇ ਇਸ ਲਈ ਉਹ ਵਧਾਈ ਦਾ ਪਾਤਰ ਹੈ।

ਅਗਲਾ ਅਧਿਆਏ ਮਾਤਾ ਸੁੰਦਰੀ ਜੀ ਦੇ ਦਿੱਲੀ ਕਿਆਮ ਨਾਲ ਸਬੰਧਤ ਹੈ। ਜਦੋਂ ਗੁਰੂ ਜੀ ਨੇ ਦਿੱਲੀ ਤੋਂ ਦੱਖਣ ਵਲ ਕੂਚ ਕੀਤਾ ਤਾਂ ਗੁਰੂ ਜੀ ਦੀ ਆਗਿਆ ਅਨੁਸਾਰ ਮਾਤਾ ਜੀ ਇਥੇ ਹੀ ਰਹਿ ਗਏ ਅਤੇ ਸਿੱਖੀ ਪ੍ਰਚਾਰ ਕੀਤਾ। ਇਥੇ ਮਾਤਾ ਜੀ ਨੇ ਗੁਰੂ ਜੀ ਦੀ ਆਗਿਆ ਨਾਲ ਇਕ ਬੱਚੇ ਨੂੰ ਆਪਣੇ ਕੋਲ ਰੱਖ ਲਿਆ ਅਤੇ ਉਸ ਦਾ ਨਾਂ ਅਜੀਤ ਸਿੰਘ ਰਖਿਆ ਗਿਆ। ਲੇਖਕ ਅਨੁਸਾਰ ਇਸ ਪਾਲਿਤ ਪੁੱਤਰ ਨੇ ਕਈ ਅਜਿਹੇ ਕੰਮ ਕੀਤੇ ਜੋ ਕਿ ਸਿੱਖ ਧਰਮ ਦੀ ਸ਼ਾਨ ਦੇ ਖ਼ਿਲਾਫ਼ ਸਨ ਅਤੇ ਇਸੇ ਕਾਰਨ ਮਾਤਾ ਜੀ ਨੇ ਉਸ ਨੂੰ ਮੂੰਹ ਨਾ ਲਾਇਆ ਪਰ ਉਸ ਦੀ ਮੌਤ ਮਗਰੋਂ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਉਸ ਦੀ ਪਤਨੀ ਤੇ ਬੱਚੇ ਹਠੀ ਸਿੰਘ ਦਾ ਪੂਰਾ ਪਾਲਣ ਪੋਸ਼ਣ ਕੀਤਾ। ਲੇਖਕ ਮਾਤਾ ਜੀ ਨੂੰ ਧਰਮ ਮੂਰਤ ਸਿੱਧ ਕਰਨ ਵਿਚ ਸਫ਼ਲ ਹੋ ਗਿਆ ਹੈ।

ਅਗਲਾ ਅਧਿਆਏ ਮਾਤਾ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਦੇ ਸਬੰਧਾਂ ਬਾਰੇ ਹੈ। ਲੇਖਕ ਨੇ ਨਿਰਣਾ ਕੀਤਾ ਹੈ ਕਿ ਮਾਤਾ ਜੀ ਨੇ ਅਜਿਹਾ ਕੋਈ ਕਾਰਜ ਨਹੀਂ ਕੀਤਾ ਜੋ ਸਿੱਖ ਮਰਿਆਦਾ ਦੇ ਉਲਟ ਜਾਂਦਾ ਹੋਵੇ ਅਤੇ ਸਿੱਖ ਪੰਥ ਵਿਚ ਭਰਮ ਪਾਉਂਦਾ ਹੋਵੇ। ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ ਤੇ ਜਥੇਦਾਰ ਆਹਲੂਵਾਲੀਆ ਦਾ ਜੀਵਨ ਸਿੱਖੀ ਪ੍ਰਚਾਰ ਲਈ ਹੀ ਸੀ। 10ਵਾਂ ਅਧਿਆਏ ਮਾਤਾ ਜੀ ਦੇ ਯਾਦਗਾਰੀ ਅਸਥਾਨਾਂ ਨਾਲ ਸਬੰਧਤ ਹੈ। ਸਮੁੱਚੇ ਤੌਰ 'ਤੇ ਪੁਸਤਕ ਵਿਚੋਂ ਮਾਤਾ ਜੀ ਦੀ ਧਰਮ-ਮੂਰਤਿ, ਪਤੀ ਦੀ ਆਗਿਆਕਾਰ ਅਤੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਮਾਤਾ ਜੀ ਵਲੋਂ ਸਿੱਖ ਪੰਥ ਨੂੰ ਦਿੱਤੀ ਅਗਵਾਈ ਦੀ ਸਟੀਕ ਵਿਆਖਿਆ ਦਾ ਬਿੰਬ ਬਣਦਾ ਨਜ਼ਰ ਆਉਂਦਾ ਹੈ। ਮਾਤਾ ਜੀ ਨੇ ਸਿੱਖ ਪੰਥ ਦੀ ਅਗਵਾਈ ਲਈ ਸੰਗਤਾਂ ਨੂੰ ਕਈ ਹੁਕਮਨਾਮੇ ਵੀ ਲਿਖੇ, ਜਿਨ੍ਹਾਂ ਦੀ ਇਬਾਰਤ ਤੋਂ ਲੇਖਕ ਨੇ ਇਹ ਸਿੱਧ ਕੀਤਾ ਹੈ ਕਿ ਮਾਤਾ ਜੀ ਇਕ ਕੁਸ਼ਲ ਪ੍ਰਬੰਧਕ ਵੀ ਸਨ, ਜਿਨ੍ਹਾਂ ਨੇ ਬਿਖੜੇ ਸਮੇਂ ਉਤੇ ਸਿੱਖ ਪੰਥ ਦੀ ਅਗਵਾਈ ਕੀਤੀ। ਇਨ੍ਹਾਂ ਹੁਕਮਨਾਮਿਆਂ ਦੀ ਫੋਟੋ ਕਾਪੀ ਅਤੇ ਮੂਲ ਪਾਠ ਦੇਣ ਤੋਂ ਜਾਹਰ ਹੈ ਕਿ ਲੇਖਕ ਨੇ ਇਨ੍ਹਾਂ ਨੂੰ ਇਕੱਠੀ ਕਰਨ ਵਿਚ ਕਾਫੀ ਸਮਾਂ ਖ਼ਰਚ ਕੀਤਾ ਹੈ।

ਪੁਸਤਕ ਦੇ ਅਖੀਰ 'ਚ ਹਵਾਲਾ ਪੁਸਤਕ-ਸੂਚੀ ਦਰਜ ਹੈ। ਪੁਸਤਕ ਦੀ ਭੂਮਿਕਾ ਅਤੇ ਮਾਤਾ ਜੀ ਨਾਲ ਸਬੰਧਤ ਯਾਦਗਾਰਾਂ ਦੀਆਂ ਤਸਵੀਰਾਂ ਗਵਾਹ ਹਨ ਕਿ ਲੇਖਕ ਨੇ ਵੱਖ-ਵੱਖ ਥਾਂਵਾਂ ਉਤੇ ਆਪ ਜਾ ਕੇ ਜਾਣਕਾਰੀ ਇਕੱਤਰ ਕੀਤੀ ਹੈ। ਇਹ ਸਭ ਕੁਝ ਇਸ ਪੁਸਤਕ ਨੂੰ ਇਕ ਨਿੱਗਰ ਇਤਿਹਾਸਕ ਦਸਤਾਵੇਜ਼ ਬਣਾਉਂਦਾ ਹੈ।

# ਅੰਮ੍ਰਿਤਾ ਦੇ ਸ਼ੈਲੀ ਨੂੰ ਯਾਦ ਕਰਦਿਆਂ

ਨਵਰਾਜ ਕਵਾਤੜਾ ਨਹੀਂ ਰਿਹਾ। ਇਹ ਨਵਰਾਜ ਕਵਾਤੜਾ ਆਪਣੀ ਅੰਮ੍ਰਿਤਾ ਪ੍ਰੀਤਮ ਦਾ ਇਕਲੌਤਾ ਪੁੱਤਰ ਸ਼ੈਲੀ ਸੀ। ਅਖ਼ਬਾਰਾਂ ਨੇ ਲਿਖਿਆ, ਪੰਜਾਬੀ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਦੇ ਫ਼ਿਲਮ ਫ਼ਾਈਨਾਂਸਰ, ਫ਼ਿਲਮ ਨਿਰਮਾਤਾ, ਫ਼ੋਟੋਗਰਾਫ਼ਰ ਬੇਟੇ ਦਾ ਕਤਲ ਹੋ ਗਿਆ। ਮਨੁੱਖ ਦਾ ਅੰਤ ਹਰ ਸੂਰਤ ਵਿਚ ਦੁਖਦਾਈ ਹੁੰਦਾ ਹੈ, ਖਾਸ ਕਰ ਕੇ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਦੀ ਜਾਣ ਵਾਲੇ ਨਾਲ ਕੋਈ ਸਿੱਧੀ-ਅਸਿੱਧੀ ਸਾਂਝ-ਸਕੀਰੀ



ਹੋਵੇ। ਜੇ ਅੰਤ ਅਚਾਨਕ ਹੋਵੇ, ਬੇਮੌਕਾ ਹੋਵੇ ਤੇ ਨਾਲ ਹੀ ਗ਼ੈਰ-ਕੁਦਰਤੀ ਵੀ ਹੋਵੇ, ਇਸ ਦੁੱਖ ਵਿਚ ਵਾਧਾ ਹੋਣਾ ਸੁਭਾਵਿਕ ਹੈ। ਨਵਰਾਜ ਦਾ ਅੰਤ ਸਿਰਫ਼ ਅਚਾਨਕ ਤੇ ਬੇਮੌਕਾ ਹੀ ਨਹੀਂ ਸੀ,

**ਗੁਰਬਚਨ ਸਿੰਘ ਭੁੱਲਰ**
ਫ਼ੋਨ:91-116-573-6868

ਗ਼ੈਰ-ਕੁਦਰਤੀ ਹੋਣ ਦੇ ਨਾਲ-ਨਾਲ ਬਹੁਤ ਬੇਕਿਰਕ, ਬੇਰਹਿਮ ਤੇ ਕਰੂਰ ਵੀ ਸੀ।

ਉਹਦੀ ਮੌਤ ਦਾ ਭਿਆਨਕ ਵੇਰਵਾ ਪੜ੍ਹ ਕੇ ਅੰਦਰ ਕੰਬ ਗਿਆ! ਮਨ ਦੀ ਪਰੇਸ਼ਾਨੀ ਸੁਭਾਵਿਕ ਸੀ, ਪਰ ਖ਼ਬਰ ਇਥੇ ਹੀ ਨਾ ਰੁਕੀ, ਉਹ ਤੁਰਦੀ ਰਹੀ ਤੇ ਆਉਂਦੇ ਦਿਨਾਂ ਵਿਚ ਇਕ-ਇਕ ਕਰ ਕੇ ਉਹਦੀਆਂ ਹੋਰ-ਹੋਰ ਤਹਿਆਂ ਖੁੱਲ੍ਹਦੀਆਂ ਗਈਆਂ। ਅਜਿਹੀਆਂ ਤਹਿਆਂ ਜਿਨ੍ਹਾਂ ਨਾਲ ਇਹ ਪਰੇਸ਼ਾਨੀ ਪਹਿਲਾਂ ਹੈਰਾਨੀ ਵਿਚ ਅਤੇ ਫੇਰ ਪਸ਼ੇਮਾਨੀ ਤੇ ਗਿਲਾਨੀ ਵਿਚ ਬਦਲ ਗਈ! ਹੈਰਾਨੀ ਉਸ ਜੀਵਨ-ਮਾਰਗ ਦੀ ਜੋ ਪ੍ਰੀਤਮ ਸਿੰਘ ਵਰਗੇ ਨੇਕ ਤੇ ਧੀਰਜਵਾਨ ਪਿਤਾ ਅਤੇ ਅੰਮ੍ਰਿਤਾ ਪ੍ਰੀਤਮ ਵਰਗੀ ਵੱਡੀ ਲੇਖਿਕਾ ਮਾਂ ਦਾ ਬੇਟਾ ਹੋ ਕੇ ਉਹਨੇ ਚੁਣਿਆ, ਪਸ਼ੇਮਾਨੀ ਤੇ ਗਿਲਾਨੀ ਉਸ ਮੰਜ਼ਿਲ ਦੀ ਜਿਸ ਉਤੇ ਉਹਨੂੰ ਇਹ ਮਾਰਗ ਲੈ ਗਿਆ!

ਨਵਰਾਜ ਨੂੰ ਮੈਂ ਪਹਿਲੀ ਵਾਰ ਅੰਮ੍ਰਿਤਾ ਵੱਲੋਂ ਆਪਣੇ ਹੌਜ਼ ਖਾਸ ਵਾਲੇ ਘਰ ਹਰ ਮਹੀਨੇ ਦੇ ਆਖ਼ਰੀ ਐਤਵਾਰ ਬੁਲਾਈ ਜਾਂਦੀ 'ਨਾਗਮਣੀ ਸ਼ਾਮ' ਸਮੇਂ ਦੇਖਿਆ ਸੀ। ਇਹ ਪਿਛਲੀ ਸਦੀ ਦੇ ਮਗਰਲੇ ਸੱਠਵਿਆਂ ਦੀ ਗੱਲ ਹੈ। 'ਨਾਗਮਣੀ ਸ਼ਾਮ' ਉਦੋਂ ਦਿੱਲੀ ਦਾ ਚਰਚਿਤ ਸਾਹਿਤਕ ਜੋੜ ਮੇਲਾ ਸੀ। ਇਹਦਾ ਆਪਣਾ ਗੰਭੀਰ ਸਾਹਿਤਕ ਮਹੱਤਵ ਤਾਂ ਸੀ ਹੀ, ਬਹੁਤ ਸਾਰੇ ਲੇਖਕਾਂ, ਖਾਸ ਕਰ ਕੇ ਪੰਜਾਬੋਂ ਆਏ ਲੇਖਕਾਂ ਵਾਸਤੇ ਅੰਮ੍ਰਿਤਾ ਦੇ ਦਰਸ਼ਨਾਂ ਦੀ ਆਪਣੀ ਅਭਿਲਾਸ਼ਾ ਪੂਰੀ ਕਰਨ ਦਾ ਵੀ ਇਹ ਵਧੀਆ ਵਸੀਲਾ ਤੇ ਬਹਾਨਾ ਸੀ। ਅੰਮ੍ਰਿਤਾ ਦਾ ਅਣਸੱਦਿਆਂ ਲਈ ਬੰਦ ਰਹਿੰਦਾ ਬੂਹਾ ਉਸ ਦਿਨ ਸੱਦਿਆਂ ਤੇ ਅਣਸੱਦਿਆਂ ਵਿਚ ਕੋਈ ਫ਼ਰਕ ਕਰੇ ਬਿਨਾਂ ਸਭ ਵਾਸਤੇ ਚੁਪੱਟ ਖੁੱਲ੍ਹ ਜਾਂਦਾ ਸੀ ਅਤੇ ਲੇਖਕ-ਪਾਠਕ ਸਭ ਦਾ ਖੁੱਲ੍ਹੀਆਂ ਬਾਂਹਾਂ ਨਾਲ ਨਿੱਘਾ ਸਵਾਗਤ ਕਰਦਾ ਸੀ।

ਸ਼ੈਲੀ ਉਸ ਸਮੇਂ ਪੜ੍ਹਾਈ ਖ਼ਤਮ ਕਰ ਕੇ ਕੋਰਸ ਦੀਆਂ ਮੁੱਢਲੀਆਂ ਜਮਾਤਾਂ ਵਿਚ ਸੀ। ਉਹ ਨਾਗਮਣੀ ਸ਼ਾਮ ਦਾ ਅੰਗ ਤਾਂ ਕਦੀ ਨਹੀਂ ਸੀ ਬਣਿਆ, ਬੈਠਕ ਵਿਚ ਕਦੀ ਕੋਈ ਚੀਜ਼ ਰੱਖਣ-ਚੁੱਕਣ ਜਾਂ ਮਾਂ ਨੂੰ ਕੁਛ ਕਹਿਣ ਜਾਂ ਮਾਂ ਤੋਂ ਕੁਛ ਪੁੱਛਣ ਵਾਸਤੇ ਹੀ ਆਉਂਦਾ।

ਅੰਮ੍ਰਿਤਾ ਦੀ ਬੇਟੀ ਕੰਦਲਾ ਉਥੇ ਅਸੀਂ ਕਦੀ ਇਉਂ ਆਈ ਵੀ ਨਹੀਂ ਸੀ ਦੇਖੀ। ਸਾਹਿਤ, ਸਾਹਿਤਕਾਰਾਂ ਜਾਂ ਨਾਗਮਣੀ ਸ਼ਾਮ ਵਿਚ ਸ਼ੈਲੀ ਨੂੰ ਕੋਈ ਦਿਲਚਸਪੀ ਨਹੀਂ ਸੀ ਦਿਸਦੀ। ਇਕ ਨਾਗਮਣੀ ਸ਼ਾਮ ਵਿਚ ਵਾਪਰੀ ਘਟਨਾ ਮੈਨੂੰ ਅੱਜ ਵੀ ਚੇਤੇ ਹੈ। ਜਦੋਂ ਸ਼ੈਲੀ ਉਥੇ ਆਇਆ, ਕਿਸੇ ਲੇਖਕ ਦੀ ਸੁਣਾਈ ਰਚਨਾ ਬਾਰੇ ਸਾਹਿਤਕ ਚਰਚਾ ਚੱਲ ਰਹੀ ਸੀ ਅਤੇ ਅੰਮ੍ਰਿਤਾ ਨੇ ਆਪਣੇ ਵਿਚਾਰ ਦੱਸਦਿਆਂ ਪੀਲੂ ਦੀ ਪ੍ਰਸਿੱਧ ਤੁਕ "ਗਲੀਆਂ ਹੋਵਣ ਸੁੰਨੀਆਂ, ਵਿਚ ਮਿਰਜ਼ਾ ਯਾਰ ਫਿਰੇ" ਬੋਲੀ। ਸ਼ੈਲੀ ਲੰਘਿਆ ਜਾਂਦਾ ਕਹਿੰਦਾ, ਮੰਮੀ, ਇਹ ਮਿਰਜ਼ਾ ਗ਼ਾਲਿਬ ਦੀ ਗੱਲ ਹੈ? ਅੰਮ੍ਰਿਤਾ ਸਮੇਤ ਸਭ ਹੱਸ ਪਏ ਤੇ ਉਹ ਕਹਿੰਦੀ, ਇਸ ਮਿਰਜ਼ੇ ਨਾਲ ਤੈਨੂੰ ਫੇਰ ਮਿਲਾਊਂ!

ਕੋਰਸ ਕਰਨ ਮਗਰੋਂ ਉਹਨੇ ਸਾਡੇ ਰੂਸੀ ਦਫ਼ਤਰ ਨਾਲ ਸਾਂਝੀ ਕੰਧ ਵਾਲੀ 27, ਬਾਰਾਖੰਭਾ ਰੋਡ ਦੀ ਇਮਾਰਤ ਵਿਚ ਕਿਸੇ ਨਾਲ ਸਾਂਝ ਪਾ ਕੇ ਆਰਕੀਟੈਕਟ ਫ਼ਰਮ ਖੋਲ੍ਹ ਲਈ। ਇਸ ਦੌਰਾਨ ਉਹਨੂੰ ਗਰਦਨ ਦੀ ਬੇਲਚਕਤਾ ਦਾ ਚੰਦਰਾ ਰੋਗ ਹੋ ਗਿਆ। ਹੌਲੀ-ਹੌਲੀ ਉਹਦੀ ਧੌਣ ਮੁੜਨੋਂ ਹਟ ਗਈ ਅਤੇ ਉਹਨੂੰ ਸੱਜੇ-ਖੱਬੇ ਦੇਖਣ ਵਾਸਤੇ ਪੂਰਾ ਧੜ ਹੀ ਮੋੜਨਾ ਪੈਂਦਾ। ਇਸ ਹਾਲਤ ਵਿਚ ਉਹਨੇ ਉਹ ਫ਼ਰਮ ਛੱਡ ਕੇ ਇਕੱਲੇ ਨੇ ਆਪਣਾ ਕੰਮ ਪਹਿਲਾਂ ਘਰ ਤੋਂ ਕਰਨਾ ਸ਼ੁਰੂ ਕੀਤਾ ਤੇ ਫੇਰ ਆਖ਼ਰ ਬੰਦ ਹੀ ਕਰ ਦਿੱਤਾ।

ਹਰ ਮਾਂ ਹੀ ਬੱਚੇ ਨੂੰ ਪਿਆਰ ਕਰਦੀ ਹੈ, ਪਰ ਜਜ਼ਬਾਤੀ ਅੰਮ੍ਰਿਤਾ ਦਾ ਉਸ ਨਾਲ ਕੁਝ ਵਧੇਰੇ ਹੀ ਮੋਹ ਸੀ। ਉਹਦੇ ਲਈ ਉਹ ਅਖ਼ੀਰ ਤੱਕ ਛੋਟਾ ਜਿਹਾ ਸ਼ੈਲੀ ਹੀ ਰਿਹਾ। ਉਹ ਉਹਦੀ ਹਰ ਇੱਛਾ ਪੂਰੀ ਕਰਨ ਦਾ ਜਤਨ ਕਰਦੀ। ਮੋਹ ਵਾਂਗ ਹੀ ਉਹ ਆਪਣਾ ਹੋਰ ਸਭ ਕੁਛ ਵੀ ਉਹਦੀ ਝੋਲੀ ਵਿਚ ਪਾ ਕੇ ਹੀ ਸੰਤੁਸ਼ਟ ਹੁੰਦੀ। ਮੈਨੂੰ ਚੇਤੇ ਹੈ ਜਦੋਂ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਪ੍ਰਸਿੱਧ ਕਮਾਨੀ ਆਡੀਟੋਰੀਅਮ ਵਿਚ ਉਹਦੀਆਂ ਸਾਹਿਤਕ ਸੇਵਾਵਾਂ ਲਈ ਗਿਆਰਾਂ ਲੱਖ ਰੁਪਏ ਭੇਟ ਕੀਤੇ। ਅੰਮ੍ਰਿਤਾ ਦਾ ਕਹਿਣਾ ਸੀ, ਸ਼ੈਲੀ ਦੇ ਬੱਚਿਆਂ ਦੇ ਭਵਿੱਖ ਬਾਰੇ ਮੇਰੀ ਚਿੰਤਾ ਘਟੀ! ਐਨ ਇਹੋ ਸ਼ਬਦ ਉਹਨੇ ਉਸ ਸਮੇਂ ਦੁਹਰਾਏ ਜਦੋਂ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਬਿਮਾਰੀ ਤੇ ਬੁਢਾਪੇ ਕਾਰਨ ਕਿਤੇ ਆਉਣ-ਜਾਣ ਤੋਂ ਅਸਮਰੱਥ ਅੰਮ੍ਰਿਤਾ ਨੂੰ ਅਮਲੇ-ਫ਼ੈਲੇ ਸਮੇਤ ਉਹਦੇ ਘਰ ਜਾ ਕੇ ਪੰਦਰਾਂ ਲੱਖ ਰੁਪਏ ਭੇਟ ਕੀਤੇ।

ਉਹਦਾ ਸਭ ਕੁਛ ਸ਼ੈਲੀ ਲਈ ਹੀ ਸੀ। ਇਹਦੇ ਉਲਟ ਅੰਮ੍ਰਿਤਾ ਨਾਲ ਸ਼ੈਲੀ ਦੇ ਰਿਸ਼ਤੇ ਨੂੰ ਮੋਹ ਦੇ ਖਾਨੇ ਵਿਚ ਰੱਖਣਾ ਸ਼ਾਇਦ ਸੰਭਵ ਨਾ ਹੋਵੇ। ਮੋਹ ਦੇ ਰਿਸ਼ਤੇ ਦੀ ਇਹ ਇਕਪਾਸੜਤਾ ਬਹੁਤ ਪਹਿਲਾਂ, ਉਦੋਂ ਹੀ ਬਣ ਤੇ ਪੱਕ ਚੁੱਕੀ ਸੀ ਜਦੋਂ ਬਹੁਤ ਛੋਟੀ ਉਮਰ ਵਿਚ ਸ਼ੈਲੀ ਨੇ ਮਾਂ ਨੂੰ ਬਹੁਤ ਵੱਡਾ ਸਵਾਲ ਪੁੱਛ ਲਿਆ ਸੀ, ਮੰਮੀ, ਕੀ ਮੈਂ ਸਾਹਿਰ ਅੰਕਲ ਦਾ ਬੇਟਾ ਹਾਂ? ਤਾਂ ਵੀ ਸ਼ੈਲੀ ਦਾ ਰਵੱਈਆ ਅੰਮ੍ਰਿਤਾ ਦੀ ਉਸ ਪ੍ਰਤੀ ਭਾਵਨਾ ਵਿਚ, ਘੱਟੋ-ਘੱਟ ਬਾਹਰੀ, ਕੋਈ ਫ਼ਰਕ ਨਹੀਂ ਸੀ ਪਾ ਸਕਿਆ। ਉਂਜ ਉਹ ਉਸੇ ਘਰ ਵਿਚ ਰਹਿੰਦੇ ਜਵਾਨ ਤੇ ਵਿਆਹੇ-ਵਰੇ ਸ਼ੈਲੀ ਦੀਆਂ ਹਰਕਤਾਂ ਤੋਂ ਕਈ ਵਾਰ ਪਰੇਸ਼ਾਨ ਹੋ ਜਾਂਦੀ ਸੀ ਪਰ ਸ਼ਾਇਦ ਸਵਾਲ ਦੇ ਅਣਸੁਖਾਵੇਂ ਜਵਾਬ ਦੇ ਡਰੋਂ ਚੁੱਪ ਕਰ ਰਹਿੰਦੀ ਸੀ। ਹੋਰ ਕਰਦੀ ਵੀ ਕੀ!

ਜਦੋਂ ਬਿਮਾਰ ਪਏ ਬਜ਼ੁਰਗ ਪ੍ਰੀਤਮ ਸਿੰਘ ਨੂੰ ਸ਼ੈਲੀ ਹੌਜ਼ ਖਾਸ ਵਾਲੇ ਘਰ ਦੇ ਆਪਣੇ ਵਾਲੇ ਹਿੱਸੇ ਵਿਚ ਲੈ ਆਇਆ, ਇਹ ਬੇਟੇ ਨਾਲ ਮੋਹ ਕਾਰਨ ਹੀ ਸੀ ਕਿ ਅੰਮ੍ਰਿਤਾ ਦਾ ਉਹਦੀ ਇਸ ਇੱਛਾ ਬਾਰੇ ਅੰਦਰਲਾ ਘੋਰ ਵਿਰੋਧ ਬੇਵੱਸ ਹੋ ਕੇ ਰਹਿ ਗਿਆ ਸੀ। ਉਹਦੇ ਵਿਰੋਧ ਦੀ ਹੱਦ ਇਹ ਸੀ ਕਿ ਆਪ ਉਹਨੇ ਆਪਣੀ ਅਮੇਲ, ਅਮਿੱਟ ਤੇ ਅਨੰਤ ਦੂਰੀ ਇਕੋ ਮਕਾਨ ਦੇ ਵੱਖ-ਵੱਖ ਕਮਰਿਆਂ ਵਿਚ ਰਹਿੰਦਿਆਂ ਵੀ ਆਪਣੇ ਅਣਤਲਾਕੇ ਕਾਨੂੰਨੀ ਪਤੀ ਪ੍ਰੀਤਮ ਸਿੰਘ ਦੀ ਦੋ-ਤਿੰਨ ਸਾਲ ਲੰਮੀ ਬਿਮਾਰੀ ਸਮੇਂ ਤੇ ਅੰਤ ਨੂੰ ਇਸ ਸੰਸਾਰ ਤੋਂ ਵਿਦਾਈ ਸਮੇਂ ਅਤੇ ਫੇਰ ਉਸ ਦੇ ਚਲੇ ਜਾਣ ਮਗਰੋਂ ਵੀ ਮੁਕੰਮਲ ਦ੍ਰਿੜ੍ਹਤਾ ਨਾਲ ਨਿਰੰਤਰ ਬਣਾਈ ਰੱਖੀ। ਪਿਤਾ ਦੇ ਨਾ ਰਹਿਣ ਮਗਰੋਂ ਸ਼ੈਲੀ ਦਾ ਦਿੱਲੀ ਤੋਂ ਬਹੁਤ ਦੂਰ ਮੁੰਬਈ ਜਾ ਰਹਿਣ ਦਾ ਫ਼ੈਸਲਾ ਰਿਸ਼ਤਿਆਂ ਦੇ ਇਸ ਗੋਰਖਧੰਦੇ ਕਾਰਨ ਹੀ ਸੀ। ਤਾਂ ਵੀ ਸ਼ੈਲੀ ਨੇ ਮੁੰਬਈ ਜਾ ਵਸਣ ਦੀ ਇੱਛਾ ਦੱਸੀ, ਤਾਂ ਅੰਮ੍ਰਿਤਾ ਨੇ ਉਹਨੂੰ ਉਥੇ ਫ਼ਲੈਟ ਲੈ ਦਿੱਤਾ।

ਇਸ ਸੰਸਾਰ ਤੋਂ ਜਾਣ ਸਮੇਂ ਹੌਜ਼ ਖਾਸ ਵਾਲੀ ਕੋਠੀ ਵੀ ਉਹ ਇਕੱਲੇ ਸ਼ੈਲੀ ਦੇ ਨਾਂ ਹੀ ਕਰ ਗਈ ਜਿਸ ਨੂੰ ਕੁਛ ਸਮਾਂ ਪਹਿਲਾਂ ਵੇਚੇ ਜਾਣ ਵੇਲੇ ਕਾਫ਼ੀ ਚਰਚਾ ਚੱਲੀ ਸੀ ਅਤੇ ਸਾਹਿਤਕ ਹਲਕਿਆਂ ਨੇ ਬਹੁਤ ਅਫ਼ਸੋਸ ਜਤਾਇਆ ਸੀ। ਇਹ ਕੋਠੀ ਵੇਚਣ ਵਿਚ ਸ਼ੈਲੀ ਦੀ ਪੈਸੇ ਦੀ ਲੋੜ ਦਾ ਕਿੰਨਾ ਹੱਥ ਸੀ ਅਤੇ ਉਹਦੀਆਂ ਕੰਧਾਂ ਉਤੇ ਡੂੰਘੀਆਂ ਉਕਰੀਆਂ ਕੌੜੀਆਂ ਯਾਦਾਂ ਦਾ ਕਿੰਨਾ, ਇਹ ਤੱਥ-ਸੱਚ ਤਾਂ ਸ਼ੈਲੀ ਆਪਣੇ ਨਾਲ ਹੀ ਲੈ ਗਿਆ। ਹਾਂ, ਇਹ ਸੱਚ ਹੈ ਕਿ ਇਸੇ ਕੋਠੀ ਦੇ ਵੱਟੇ ਪੈਸੇ ਹੀ ਆਖ਼ਰ ਨੂੰ ਉਹਦੀ ਜਾਨ ਦਾ ਖੌ ਬਣ ਗਏ! ਸ਼ੈਲੀ ਤੋਂ ਮਾਂ ਦੀ ਇਸ ਕੋਠੀ ਨੂੰ ਇਮਰੋਜ਼ ਦੀ ਨਿਗਰਾਨੀ ਹੇਠ ਉਹਦਾ ਸਿਮਰਤੀ-ਸਥਾਨ ਬਣਾਈ ਰੱਖਣ ਦੀ ਇੱਛਾ ਛੁਪੀ ਹੋਈ ਨਹੀਂ ਸੀ। ਉਹ ਤਾਂ ਆਪਣੀ ਇਹ ਇੱਛਾ ਵਸੀਅਤ ਵਿਚ ਵੀ ਗੂੜ੍ਹੇ ਅੱਖਰਾਂ ਵਿਚ ਲਿਖ ਗਈ ਸੀ। ਜੇ ਮਾਮਲਾ ਇਕੱਲੇ ਪੈਸੇ ਦਾ ਹੀ ਹੁੰਦਾ, ਪਿਤਾ ਦੀ ਹੌਜ਼ ਖਾਸ



*ਨਵਰਾਜ ਕਵਾਤੜਾ*

ਤੋਂ ਵੀ ਮਹਿੰਗੇ ਇਲਾਕੇ ਨਿਊ ਫ਼ਰੈਂਡਜ਼ ਕਾਲੋਨੀ ਵਾਲੀ ਕੋਠੀ ਦੇ ਪੈਸਿਆਂ ਦੇ ਗੱਠੜ ਹੀ ਬਹੁਤ ਸਨ। ਨਵਰਾਜ ਨੇ ਮਾਂ ਵਾਲੀ ਕੋਠੀ ਕੇਵਲ ਵੇਚੀ ਹੀ ਨਹੀਂ, ਵੇਚੀ ਵੀ ਅਜਿਹੇ ਬੰਦੇ ਨੂੰ ਜਿਸ ਨੇ ਆ ਕੇ ਉਸ ਵਿਚ ਉਸੇ ਰੂਪ ਵਿਚ ਜਾਂ ਥੋੜ੍ਹੀ-ਬਹੁਤ ਨਵਿਆ ਕੇ ਨਹੀਂ ਸੀ ਵਸਣਾ ਸਗੋਂ ਉਹਨੂੰ ਪੂਰੀ ਤਰ੍ਹਾਂ ਢਾਹ ਕੇ ਪਹਿਲਾਂ ਉਹਦਾ ਨਾਂ-ਨਿਸ਼ਾਨ ਮਿਟਾਉਣਾ ਸੀ ਤੇ ਫੇਰ ਵਿਕਾਊ ਧੌਲਰ ਉਸਾਰਨਾ ਸੀ!

ਮੁੰਬਈ ਵਿਚ ਉਨ੍ਹਾਂ ਦੀ ਪੜ੍ਹਾਈ ਖ਼ਤਮ ਹੋਣ ਮਗਰੋਂ ਨਵਰਾਜ ਨੇ ਬੇਟੇ-ਬੇਟੀ ਨੂੰ ਆਪਣੇ-ਆਪਣੇ ਰਾਹ ਤੋਰ ਦਿੱਤਾ। ਬੇਟੀ ਸ਼ਿਲਪੀ ਦਾ ਉਸੇ ਮਹਾਂਨਗਰ ਵਿਚ ਵਿਆਹ ਕਰ ਦਿੱਤਾ। ਮਾਸ ਮੀਡੀਆ ਦਾ ਕੋਈ ਕੋਰਸ ਕਰ ਕੇ ਚੰਗੇ ਕੰਮ ਲੱਗੇ ਹੋਏ ਅਣਵਿਆਹੇ ਬੇਟੇ ਅਮਨ ਨੂੰ ਉਹਨੇ ਵੱਖਰਾ ਫ਼ਲੈਟ ਲੈ ਦਿੱਤਾ। ਆਪ ਉਹ ਇਕੱਲਾ ਬੰਬਈਆ ਜੀਵਨ ਵਿਚ ਵਿਚਰਦਾ-ਵਿਚਰਦਾ, ਜਿਸ ਵਿਚ ਰਹੱਸਮਈ ਫ਼ਿਲਮੀ ਪੱਖ ਵੀ ਸ਼ਾਮਲ ਹੋ ਗਿਆ ਸੀ, ਡੂੰਘਾ ਹੀ ਡੂੰਘਾ ਧਸਦਾ ਗਿਆ। ਨਵਰਾਜ ਦੇ ਮੁੰਬਈ ਜਾਣ ਪਿੱਛੋਂ ਉਸ ਦੀ ਪਤਨੀ ਅਲਕਾ ਪਹਿਲਾਂ ਬੱਚਿਆਂ ਦੀ ਪੜ੍ਹਾਈ ਕਾਰਨ, ਫੇਰ ਅੰਮ੍ਰਿਤਾ ਦੇ ਲੰਮੇ ਕਸ਼ਟ ਭਰੇ ਅੰਤਲੇ ਸਾਲਾਂ ਦੌਰਾਨ ਉਹਦੀ ਸੇਵਾ-ਸੰਭਾਲ ਵਿਚ ਇਮਰੋਜ਼ ਦਾ ਹੱਥ ਵਟਾਉਣ ਲਈ ਅਤੇ ਅੰਤ ਨੂੰ ਅੰਮ੍ਰਿਤਾ ਦੇ ਚਲੇ ਜਾਣ ਮਗਰੋਂ ਪਤਾ ਨਹੀਂ ਕਿਉਂ ਦਿੱਲੀ ਹੀ ਟਿਕੀ ਰਹੀ। ਅੰਮ੍ਰਿਤਾ ਲਈ ਉਹਦਾ ਸਮਰਪਣ ਤਾਂ ਮਿਸਾਲੀ ਸੀ ਹੀ, ਜੋ ਕੋਈ ਅਣਜਾਣਿਆ ਵੀ ਅਲਕਾ ਦੇ ਹੁੰਦਿਆਂ ਕਦੀ ਅੰਮ੍ਰਿਤਾ ਦੇ ਘਰ ਗਿਆ ਹੈ, ਉਹਨੂੰ ਬੜੇ ਸਤਿਕਾਰ ਤੇ ਸੁਚੱਜ ਨਾਲ ਉਸ ਸਾਊ-ਸਭਿਅਕ ਸੁਆਣੀ ਦਾ ਚਾਹ-ਪਾਣੀ ਪੁੱਛਣਾ ਕਦੀ ਨਹੀਂ ਭੁੱਲਦਾ।

ਅੰਮ੍ਰਿਤਾ ਦੀ ਬੇਟੀ ਕੰਦਲਾ ਕਾਫ਼ੀ ਪਹਿਲਾਂ ਹੀ ਪੰਜਾਬੀ ਅਕਾਦਮੀ ਦਿੱਲੀ ਤੋਂ ਸੇਵਾ-ਮੁਕਤ ਹੋਣ ਪਿੱਛੋਂ ਆਪਣੇ ਅਮਰੀਕਾ ਵਸ ਚੁੱਕੇ ਬੇਟੀ ਅਤੇ ਬੇਟੇ ਕੋਲ ਜਾ ਟਿਕੀ ਸੀ। ਇਸ ਸਾਰੀ ਨਾਟ-ਪਟਕਥਾ ਵਿਚ ਉਹਦੀ ਭੂਮਿਕਾ ਅਣਹੋਇਆਂ ਵਰਗੀ ਹੀ ਰਹੀ। ਸਾਰੀ ਉਮਰ ਉਹਦੇ ਮਨ ਵਿਚ ਕੀ ਰਿੱਝਦਾ-ਪੱਕਦਾ ਰਿਹਾ, ਇਹਦਾ ਢੱਕਣ ਚੁੱਕ ਕੇ ਸ਼ਾਇਦ ਉਹਨੇ ਕਦੀ ਕਿਸੇ ਨੂੰ ਨਹੀਂ ਦਿਖਾਇਆ। ਉਹਦੇ ਅਮਰੀਕਾ ਜਾਣ ਤੋਂ ਪਿੱਛੋਂ ਦਾ ਉਹਦਾ ਪਰਿਵਾਰ ਨਾਲੋਂ ਵਿੱਥ-ਰੱਖਵਾਂ ਵਿਹਾਰ ਅਜਿਹੇ ਸੰਕੇਤ ਜ਼ਰੂਰ ਦਿੰਦਾ ਹੈ ਕਿ ਉਹਦੇ ਪਰਵਾਸ ਦਾ ਆਧਾਰ ਕੇਵਲ ਬੇਟੇ-ਬੇਟੀ ਕੋਲ ਜਾ ਰਹਿਣਾ ਹੀ ਨਹੀਂ ਸੀ, ਆਪਣੇ ਅਜਿਹੇ ਅਤੀਤ ਤੋਂ ਦੂਰ ਭੱਜਣਾ ਵੀ ਸੀ।

ਨਵਰਾਜ ਨੂੰ ਕਈ ਸਾਹਿਤਕਾਰਾਂ ਦੇ ਪੁੱਤਾਂ-ਧੀਆਂ ਵਾਂਗ ਹੀ ਸਾਹਿਤ ਨਾਲ ਕੋਈ ਲਗਾਉ ਨਹੀਂ ਸੀ। ਉਹ ਪੰਜਾਬੀ ਪੜ੍ਹ ਲੈਂਦਾ ਸੀ ਪਰ ਹੋਰਾਂ ਲੇਖਕਾਂ ਦੀਆਂ ਲਿਖਤਾਂ ਦੀ ਗੱਲ ਤਾਂ ਛੱਡੋ, ਉਹਨੂੰ ਅੰਮ੍ਰਿਤਾ ਦੇ ਰਚੇ ਸਾਹਿਤ ਵਿਚ ਵੀ ਕੋਈ ਦਿਲਚਸਪੀ ਨਹੀਂ ਸੀ। ਇਸੇ ਲਈ ਉਸ ਸਮੇਂ ਹੈਰਾਨੀ ਹੋਣੀ ਸੁਭਾਵਿਕ ਸੀ ਜਦੋਂ ਉਹਦੀਆਂ ਤਿੰਨ ਲਘੂ ਪੁਸਤਕਾਂ ਸ਼ੈਲੀ ਕਵਾਤੜਾ ਦੇ ਨਾਂ ਹੇਠ ਪੰਜਾਬੀ ਅਤੇ ਹਿੰਦੀ ਵਿਚ ਛਪੀਆਂ, ਪਰ ਇਨ੍ਹਾਂ ਪੁਸਤਕਾਂ ਉਤੇ ਸਰਸਰੀ ਝਾਤ ਮਾਰਿਆਂ ਵੀ ਕਿਸੇ ਸੂਖ਼ਮ ਸੋਚ ਤੇ ਕਲਾਪੂਰਨ ਕਲਪਨਾ ਵਾਲੀ ਮੌਲਿਕਤਾ ਦੀ ਘਾਟ ਰੜਕਣ ਲੱਗ ਪੈਂਦੀ ਹੈ। ਲਗਦਾ ਹੈ, ਇਹ 'ਸਾਹਿਤਕ' ਜਤਨ ਵੀ ਮੁੰਬਈ ਦੀ ਫ਼ਿਲਮੀ ਦੁਨੀਆਂ ਵਿਚ ਨਾਂ ਬਣਾਉਣ ਦੀ ਉਹਦੀ ਵਿਉਂਤ ਦਾ ਹੀ ਹਿੱਸਾ ਸੀ। ਉਹਦੀ ਇੱਛਾ ਸੀ ਕਿ ਉਹਦੀ ਕਿਸੇ ਰਚਨਾ ਦੀ ਫ਼ਿਲਮ ਬਣੇ। ਯਾਦ ਰਹੇ, ਕਦੀ ਅੰਮ੍ਰਿਤਾ ਵੀ ਦਿੱਲੀ ਦਾ ਸਭ ਕੁਛ ਛੱਡ-ਛੁਡਾ ਕੇ ਇਮਰੋਜ਼ ਨਾਲ ਇਸੇ ਬੰਬਈਆ ਫ਼ਿਲਮੀ ਦੁਨੀਆਂ ਵਿਚ ਸਫ਼ਲ ਹੋਣ ਦੇ ਸੁਫ਼ਨੇ ਬੁਣ ਕੇ ਗਈ ਸੀ ਪਰ ਸਭ ਪੱਖਾਂ ਤੋਂ ਅਸਫ਼ਲ ਹੋ ਕੇ ਪਰਤ ਆਈ ਸੀ।

ਸ਼ਾਇਦ ਇਨ੍ਹਾਂ ਹਾਲਾਤ ਕਾਰਨ ਹੀ ਨਵਰਾਜ ਸੁਭਾਅ ਪੱਖੋਂ ਦੂਜਿਆਂ ਨਾਲ ਬਹੁਤਾ ਘੁਲਣ-ਮਿਲਣ ਵਾਲਾ ਬੰਦਾ ਨਹੀਂ ਸੀ। ਜੇ ਮਾਂ ਨਾਲੋਂ ਇੰਨੀ ਜਜ਼ਬਾਤੀ ਦੂਰੀ ਸੀ, ਤਾਂ ਉਹਨੇ ਮਾਂ ਦੇ ਸਾਹਿਤ ਤੇ ਸਾਹਿਤਕਾਰਾਂ ਤੋਂ ਕੀ ਲੈਣਾ ਸੀ! ਉਹਦੀ ਮੌਤ ਮਗਰੋਂ ਉਹਦੇ ਗੁਆਂਢੀਆਂ ਦੀਆਂ ਗੱਲਾਂ ਤੋਂ ਵੀ ਉਹਦਾ ਇਹੋ ਅੰਤਰਮੁਖੀ ਸੁਭਾਅ ਪੱਕ ਗਏ ਹੋਣ ਦਾ ਪਤਾ ਲਗਦਾ ਹੈ। ਬਹੁਤਾ ਤਾਂ ਉਹ ਆਪਣੇ ਅੰਧੇਰੀ ਵਾਲੇ ਫ਼ਲੈਟ ਵਿਚ ਰਹਿੰਦਾ ਸੀ, ਪਰ ਉਹਨੇ ਇਕ ਹੋਰ ਨਿਵਾਸ ਅਤੇ ਸਟੂਡੀਓ ਬੋਰੀਵਲੀ ਵਾਲੇ ਫ਼ਲੈਟ ਵਿਚ ਬਣਾਇਆ ਹੋਇਆ ਸੀ ਜਿਥੇ ਉਹਦਾ ਕਤਲ ਹੋਇਆ। ਹੋਣੀ ਦਾ ਵਿਅੰਗ ਦੇਖੋ ਕਿ ਐਲ.ਆਈ.ਸੀ. ਕਾਲੋਨੀ ਵਿਚ ਨਵਰਾਜ ਦੇ ਜੀਵਨ ਨੂੰ ਉਜਾੜਨ ਵਾਲਾ ਇਹ ਫ਼ਲੈਟ ਜਿਹੜੇ ਅਪਾਰਟਮੈਂਟਾਂ ਵਿਚ ਹੈ, ਉਨ੍ਹਾਂ ਦਾ ਨਾਂ ਹੈ ਵਿਲਡਰਨੈਸ ਅਪਾਰਟਮੈਂਟਸ, ਭਾਵ ਉਜਾੜ ਅਪਾਰਟਮੈਂਟ।

ਨਵਰਾਜ ਆਪਣੀ ਵੱਖਰੀ ਪਛਾਣ ਬਣਾਉਣ ਦਾ, ਅੰਮ੍ਰਿਤਾ ਦੇ ਨਾਂ ਦੇ ਬੋਹੜ-ਬਿਰਛ ਦੀ ਛਾਂ ਵਿਚੋਂ ਨਿਕਲ ਕੇ ਕੁਛ ਕਰਨ ਦਾ ਚਾਹਵਾਨ ਸੀ। ਸ਼ਾਇਦ ਉਹ ਚਾਹੁੰਦਾ ਸੀ ਕਿ 'ਅੰਮ੍ਰਿਤਾ ਦਾ ਪਤੀ' ਰਹੇ ਆਪਣੇ ਪਿਤਾ ਵਾਂਗ ਉਹਦੀ ਆਪਣੀ ਪਛਾਣ ਸਿਰਫ਼ 'ਅੰਮ੍ਰਿਤਾ ਦਾ ਬੇਟਾ' ਹੀ ਨਾ ਰਹੇ, ਪਰ ਉਹਦੀ ਬੇਨਾਮੀ ਉਤੇ ਕੁਦਰਤ ਦਾ ਕਠੋਰ ਵਿਅੰਗ ਦੇਖੋ ਕਿ ਹਰ ਅਖ਼ਬਾਰ ਨੇ 'ਨਵਰਾਜ ਕਵਾਤੜਾ ਦੀ ਮੌਤ' ਦੀ ਥਾਂ 'ਲੇਖਿਕਾ ਅੰਮ੍ਰਿਤਾ ਪ੍ਰੀਤਮ ਦੇ ਬੇਟੇ ਦੀ ਮੌਤ' ਦੀ ਸੁਰਖੀ ਹੀ ਲਾਈ! ਕੁਛ ਵੱਡੇ ਅੰਗਰੇਜ਼ੀ ਅਖ਼ਬਾਰਾਂ ਨੇ ਤਾਂ ਉਹਦੀ ਮੌਤ ਦੀ ਖ਼ਬਰ ਨਾਲ ਵੀ ਫ਼ੋਟੋ ਅੰਮ੍ਰਿਤਾ ਦੀ ਹੀ ਛਾਪੀ। ਬੇਨਾਮੀ ਵਿਚੋਂ ਨਿਕਲਣ ਦੀ ਤਾਂਘ ਨਾਲ ਫ਼ਿਲਮੀ ਦੁਨੀਆਂ ਦਾ ਲੇਖਕ ਬਣਨ ਦੇ ਉਹਦੇ ਜਤਨ ਵਿਚ ਅੰਮ੍ਰਿਤਾ ਵਾਲੀ ਕੋਠੀ ਦੇ ਪੈਸੇ ਨੇ ਫ਼ਿਲਮੀ ਫ਼ਾਈਨਾਂਸਰ ਤੇ ਨਿਰਮਾਤਾ ਬਣਨ ਵਾਲਾ ਸਰਲ-ਸੌਖਾ ਦਿਸਦਾ ਰਾਹ ਜੋੜ ਦਿੱਤਾ।

ਇਨ੍ਹਾਂ ਸਾਰੀਆਂ ਸੋਚਾਂ ਵਿਚ ਸ਼ਾਇਦ ਕਦੀ ਫ਼ਿਲਮੀ ਦੁਨੀਆਂ ਦੇ ਘੋਰ ਹਨੇਰੇ ਆਦਮਖੋਰ ਪੱਖ ਵੱਲ ਉਹਦਾ ਧਿਆਨ ਹੀ ਨਹੀਂ ਸੀ ਗਿਆ ਜਿਸ ਨੇ ਆਖ਼ਰ ਨੂੰ ਉਸ ਨੂੰ ਨਿਗਲ ਲਿਆ। ਉਹਦੀ ਉਮਰ ਭਰ ਦੀ ਪਰੇਸ਼ਾਨੀ ਅਤੇ ਪਸ਼ੇਮਾਨੀ ਉਹਨੂੰ ਹੇਠਾਂ ਵੱਲ ਧੱਕਦੀ ਧੱਕਦੀ ਅਸ਼ਲੀਲਤਾ ਦੀ ਹਨੇਰੀ ਗੁਫ਼ਾ ਵਿਚ ਲੈ ਗਈ, ਅਪਰਾਧ ਜਿਸ ਦਾ ਜੌੜਾ ਭਾਈ ਹੈ। ਇਸ ਹਨੇਰੀ ਗੁਫ਼ਾ ਦੀ ਸਜਾਵਟ ਗੁਪਤ ਕੈਮਰੇ ਸਨ, ਕਾਮ-ਖਿਡੌਣੇ ਸਨ, ਨਗਨ ਫ਼ਿਲਮਾਂ ਸਨ ਤੇ ਸੌਖੇ ਪੈਸੇ ਨੂੰ ਤਾਂਘਦੀਆਂ ਜਵਾਨ ਕੁੜੀਆਂ



*ਅੰਮ੍ਰਿਤਾ ਪ੍ਰੀਤਮ*

ਸਨ। ਅਪਰਾਧ ਦੀ ਬੰਬਈਆ ਦੁਨੀਆਂ ਵਿਚ ਸਭ ਤੋਂ ਡਰਾਉਣਾ ਸ਼ਬਦ ਹੈ ਭਾਈ। ਪੁਲਿਸ ਨੂੰ ਖ਼ੂਬਸੂਰਤ ਕਾਗ਼ਜ਼ ਵਿਚ ਲਪੇਟਿਆ ਜੋ ਅਣਖੋਲ੍ਹਿਆ ਪਿਆ ਸੁਗਾਤੀ ਡੱਬਾ ਮਿਲਿਆ, ਦੋਵੇਂ ਕਾਤਲ "ਸਲੀਮ ਭਾਈ ਦਾ ਭੇਜਿਆ" ਆਖ ਕੇ ਉਹਦੇ ਬਹਾਨੇ ਹੀ ਅੰਦਰ ਆਏ ਸਨ।

ਉਹਦੀ ਮੌਤ ਦੀ ਤਫ਼ਤੀਸ਼ ਸਮੇਂ ਜੋ ਤੱਥ ਪਰਤ-ਦਰ-ਪਰਤ ਸਾਹਮਣੇ ਆਏ, ਉਨ੍ਹਾਂ ਨਾਲ ਪਰੇਸ਼ਾਨੀ ਤੋਂ ਮਗਰੋਂ ਹੈਰਾਨੀ ਅਤੇ ਫੇਰ ਪਸ਼ੇਮਾਨੀ ਤੇ ਗਿਲਾਨੀ ਦਾ ਅਹਿਸਾਸ ਹੋਣਾ ਕੁਦਰਤੀ ਹੈ, ਪਰ ਪੁਰਾਤਨ ਯੂਨਾਨ ਦੇ ਦੁਖਾਂਤ ਨਾਟਕਾਂ ਵਾਂਗ ਇਸ ਨਾਟਕ ਦਾ ਇਹੋ ਅੰਤ ਨਿਸਚਿਤ ਸੀ। ਇਸ ਅੰਤ ਉਤੇ ਸ਼ਾਇਦ ਵਿਧਮਾਤਾ ਨੇ ਉਸੇ ਦਿਨ ਦਸਤਖ਼ਤ ਕਰ ਦਿੱਤੇ ਸਨ ਜਿਸ ਦਿਨ ਸ਼ੈਲੀ ਨੇ ਮਾਂ ਨੂੰ ਸਾਹਿਰ ਅੰਕਲ ਵਾਲਾ ਸਵਾਲ ਪੁੱਛਿਆ ਸੀ। ਇਸ ਨਾਟਕ ਦੀ ਕਥਾ ਜਿਉਂ-ਜਿਉਂ ਅੱਗੇ ਵਧੀ, ਨਵਰਾਜ ਨੂੰ ਅਜਿਹੇ ਅੰਤ ਵੱਲ ਧੱਕਦੀ ਗਈ ਅਤੇ ਉਹ ਹੋਣੀ ਦੇ ਹੱਥਾਂ ਵਿਚ ਮੁਹਰਾ ਬਣਿਆ ਅੰਜਾਮ ਤੋਂ ਬੇਖ਼ਬਰ ਅੱਗੇ ਵਧਦਾ ਗਿਆ। ਦੇਖਣ ਨੂੰ ਲੋਹੇ-ਸੀਮਿੰਟ ਦੇ ਪੁਖ਼ਤਾ ਜਾਪਦੇ ਪਰ ਅਸਲ ਵਿਚ ਪਾਟੀਆਂ ਕੰਧਾਂ ਵਾਲੇ ਹੌਜ਼ ਖਾਸ ਵਿਚਲੇ ਘਰ ਦੇ ਚਰਾਗ਼ ਦਾ ਹਨੇਰੀ ਦੇ ਬੁੱਲਿਆਂ ਨਾਲ ਲੰਮਾ ਸਮਾਂ ਕੰਬ-ਡੋਲ ਕੇ ਆਖ਼ਰ ਨੂੰ ਬੁਝ ਜਾਣਾ ਕੋਈ ਅਣਹੋਣੀ ਜਾਂ ਅਲੋਕਾਰ ਗੱਲ ਨਹੀਂ।

ਤਾਂ ਵੀ ਇਸ ਸਭ ਕੁਛ ਦੇ ਬਾਵਜੂਦ ਮੇਰੇ ਵਾਂਗ ਅੰਮ੍ਰਿਤਾ ਨਾਲ ਅਪਣੱਤ ਅਤੇ ਸਾਹਿਤਕ ਸਾਂਝ ਵਾਲੇ ਹਰ ਬੰਦੇ ਨੂੰ ਉਹਦੇ ਬੇਟੇ ਦੇ ਅਜਿਹੇ ਦੁਖਦਾਈ ਅੰਤ ਦਾ ਦੁੱਖ ਹੋਣਾ ਅਤੇ ਪਸ਼ੇਮਾਨੀ ਤੇ ਗਿਲਾਨੀ ਦੇ ਨਾਲ-ਨਾਲ ਹਮਦਰਦੀ ਦਾ ਜਾਗਣਾ ਕੁਦਰਤੀ ਹੈ! ਉਹਦੀ ਮੌਤ ਵਿਚ ਕੀ ਪਤਾ, ਉਸ ਤੋਂ ਅਤੇ ਉਸ ਦੇ ਕਾਤਲਾਂ ਤੋਂ ਬਿਨਾਂ, ਕੀਹਦਾ-ਕੀਹਦਾ ਕਿੰਨਾ-ਕਿੰਨਾ ਚਾਹਿਆ-ਅਣਚਾਹਿਆ ਕਸੂਰ ਹੈ!




*ਅੰਮ੍ਰਿਤਾ ਪ੍ਰੀਤਮ ਦਾ ਹੌਜ਼ ਖਾਸ ਵਾਲਾ ਘਰ ਜੋ ਨਵਰਾਜ ਨੇ ਯਾਦ ਵਜੋਂ ਸਾਂਭਣ ਦੀ ਥਾਂ ਵੇਚ ਦਿੱਤਾ ਸੀ।*

**HELP WANTED**

**We need a couple for managing & housekeeping a small motel in Tulare county (CA). Must be able to speak English. Good salary, free accommodation.**

**ਟੂਲੇਅਰ ਕਾਊਂਟੀ, ਕੈਲੀਫੋਰਨੀਆ ਵਿਚ ਇਕ ਛੋਟੀ ਮੋਟਲ ਸੰਭਾਲਣ ਵਾਸਤੇ ਇਕ ਜੋੜੇ ਦੀ ਲੋੜ ਹੈ ਜੋ ਅੰਗਰੇਜ਼ੀ ਬੋਲਣੀ ਜਾਣਦਾ ਹੋਵੇ। ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼।**

*ਸੰਪਰਕ ਕਰੋ: ਅਮਰੀਕ ਭੰਡਾਲ*

**ਫੋਨ: 559-380-8888**

# ਐਮ ਫਿਲ ਅਤੇ ਡਾਕਟਰ ਦਿਲਗੀਰ ਨਾਲ ਨੇੜਤਾ ਦੇ ਦਿਨ

**ਰੰਗ-ਬੇਰੰਗ**

***ਪੰਜਾਬ ਟਾਈਮਜ਼ ਦੇ 18 ਅਗਸਤ ਦੇ ਅੰਕ ਵਿਚ ਲੇਖ 'ਕਮਲਿਆਂ ਦਾ ਟੱਬਰ' ਛਪਿਆ ਸੀ ਜੋ ਕਰੀਬ 4 ਸਾਲ ਪਹਿਲਾਂ ਇਨ੍ਹਾਂ ਕਾਲਮਾਂ ਵਿਚ ਛਪਿਆ ਸੀ। ਇਸ ਲੇਖ ਤੋਂ ਬਾਅਦ ਮੈਂ ਕੁਝ ਹੋਰ ਲੇਖ ਵੀ ਇਸੇ ਸਿਲਸਿਲੇ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੜ੍ਹਾਈ ਦੇ ਦਿਨਾਂ ਬਾਰੇ ਲਿਖੇ ਸਨ। 'ਕਮਲਿਆਂ ਦਾ ਟੱਬਰ' ਲੇਖ ਪੜ੍ਹਨ ਤੋਂ ਬਾਅਦ ਬਹੁਤ ਸਾਰੇ ਪਾਠਕਾਂ ਨੇ ਮੰਗ ਕੀਤੀ ਹੈ ਕਿ ਇਹ ਸਾਰੀ ਲੇਖ ਲੜੀ ਮੁੜ ਛਾਪੀ ਜਾਵੇ। ਉਨ੍ਹਾਂ ਦੇ ਇਸਰਾਰ 'ਤੇ ਇਹ ਲੇਖ ਕੁਝ ਵਿਸਥਾਰ ਪਿਛੋਂ ਛਾਪ ਰਹੇ ਹਾਂ। -ਸੰਪਾਦਕ***

ਜਿਵੇਂ ਪਹਿਲਾਂ ਜ਼ਿਕਰ ਕਰ ਚੁਕਾ ਹਾਂ, 1977 ਵਿਚ ਐਮ ਫਿਲ ਵਿਚ ਐਡਮਿਸ਼ਨ ਨਾ ਮਿਲਣ ਪਿਛੋਂ ਮੈਂ ਪੀ ਐਚ ਡੀ ਲਈ ਰਜਿਸਟਰੇਸ਼ਨ ਕਰਵਾ ਲਈ ਸੀ ਅਤੇ 2 ਨੰਬਰ ਹੋਸਟਲ ਵਿਚ ਰਹਿਣ ਲਗ ਪਿਆ ਸਾਂ। ਉਨ੍ਹੀਂ ਦਿਨੀਂ ਡਿਕਸ਼ਨਰੀ ਡਿਪਾਰਟਮੈਂਟ ਵਿਚ ਕੰਮ ਕਰਦਾ ਮੇਰਾ ਦੋਸਤ ਤੇ ਮੇਰੇ ਤੋਂ ਦੋ ਸਾਲ ਪਹਿਲਾਂ ਪੰਜਾਬੀ ਦੀ ਐਮ ਏ ਕਰ ਚੁਕਾ ਤਰਲੋਚਨ ਸਿੰਘ ਪੂਨੀਆ ਵੀ ਮੇਰੇ

**ਅਮੋਲਕ ਸਿੰਘ ਜੰਮੂ**
**ਫੋਨ: 847-359-0746**

ਨਾਲ ਹੀ ਹੋਸਟਲ ਵਿਚ ਰਹਿੰਦਾ ਸੀ। 1978 ਦੀਆਂ ਗਰਮੀਆਂ ਦੀਆਂ ਛੁਟੀਆਂ ਵਿਚ ਬਹੁਤੇ ਮੁੰਡੇ ਆਪੋ-ਆਪਣੇ ਘਰੀਂ ਚਲੇ ਗਏ ਸਨ। ਹੋਸਟਲ ਦੇ ਕੁਝ ਨੌਕਰ ਸਾਡੇ ਵਾਲੇ ਫਲੋਰ ਉਤੇ ਹੀ ਰਹਿੰਦੇ ਸਨ। ਉਨ੍ਹਾਂ ਆਪਣੇ ਤਪੜ ਕਾਰੀਡੋਰ ਵਿਚ ਵਿਛਾ ਕੇ ਸੌਣਾ ਸ਼ੁਰੂ ਕਰ ਦਿਤਾ। ਸਾਨੂੰ ਪਤਾ ਉਦੋਂ ਹੀ ਲੱਗਾ ਜਦੋਂ ਉਨ੍ਹਾਂ ਦੇ ਤਪੜਾਂ ਵਿਚੋਂ ਮਾਂਗਣੂੰ ਯਾਨਿ ਖਟਮਲ ਸਾਡੇ ਬਿਸਤਰਿਆਂ ਵਿਚ ਵੀ ਆ ਵੜੇ। ਕਈ ਦਿਨ ਧੁਪੇ ਬਿਸਤਰੇ ਵਿਛਾ ਕੇ



*ਡਾ. ਦਿਲਗੀਰ ਦੀ ਇਕ ਹਾਲੀਆ ਫੋਟੋ*

ਉਨ੍ਹਾਂ ਤੋਂ ਛੁਟਕਾਰਾ ਪਾਇਆ। ਅਜ ਤਕ ਵੀ ਅਸੀਂ ਇਹ ਗੱਲ ਚੇਤੇ ਕਰਕੇ ਹੱਸ ਲੈਂਦੇ ਹਾਂ। ਤਰਲੋਚਨ ਸਿੰਘ ਦੀ ਬਚਪਨ ਵਿਚ ਪੋਲੀਓ ਹੋਣ ਕਰਕੇ ਇਕ ਬਾਂਹ ਮਾਰੀ ਗਈ ਸੀ ਤੇ ਲੱਤ ਵਿਚ ਵੀ ਨੁਕਸ ਪੈ ਗਿਆ ਸੀ ਪਰ ਉਸ ਨੇ ਜ਼ਿੰਦਗੀ ਦੇ ਸੰਘਰਸ਼ ਵਿਚ ਆਪਣੀ ਅੰਗਹੀਣਤਾ ਨੂੰ ਕਦੇ ਅੜਿਕਾ ਨਹੀਂ ਬਣਨ ਦਿਤਾ। ਉਹ ਸਾਲ ਕੁ ਪਹਿਲਾਂ ਹੀ ਪੰਜਾਬ ਯੂਨੀਵਰਸਿਟੀ ਦੇ ਪੱਤਰਵਿਹਾਰ ਡਾਇਰੈਕਟੋਰੇਟ ਦੇ ਪੰਜਾਬੀ ਵਿਭਾਗ ਤੋਂ ਅਧਿਆਪਕ ਵਜੋਂ ਰਿਟਾਇਰ ਹੋਇਆ ਹੈ ਅਤੇ ਅਜ ਕਲ੍ਹ ਮੋਹਾਲੀ ਰਹਿੰਦਾ ਹੈ।

ਮਈ 1978 ਵਿਚ ਨਵੇਂ ਸ਼ੁਰੂ ਹੋਣ ਵਾਲੇ ਅਖਬਾਰ ਪੰਜਾਬੀ ਟ੍ਰਿਬਿਊਨ ਲਈ ਟ੍ਰਿਬਿਊਨ ਅਖਬਾਰ ਵਿਚ ਨੌਕਰੀਆਂ ਨਿਕਲੀਆਂ। ਮੈਂ ਸਬ ਐਡੀਟਰ ਅਤੇ ਪਰੂਫ ਰੀਡਰ ਦੋਹਾਂ ਲਈ ਅਰਜ਼ੀ ਦਿੱਤੀ। ਕਾਮਰੇਡ ਤਰਲੋਚਨ ਗਰੇਵਾਲ ਦੀ ਪ੍ਰੈਸ 15 ਸੈਕਟਰ ਹੁੰਦੀ ਸੀ। ਪੱਤਰਵਿਹਾਰ ਵਿਭਾਗ ਲਈ ਮੈਂ ਪਰੂਫ ਰੀਡਿੰਗ ਦਾ ਕੰਮ ਗਾਹੇ-ਬਗਾਹੇ ਪਾਰਟ ਟਾਈਮ ਕਰਦਾ ਹੀ ਸਾਂ। ਹਰਭਜਨ ਹਲਵਾਰਵੀ ਦੇ ਹਵਾਲੇ ਨਾਲ ਮੈਂ ਉਨ੍ਹਾਂ ਤੋਂ ਪਰੂਫ ਰੀਡਰ ਦੇ ਤਜਰਬੇ ਦਾ ਸਰਟੀਫਿਕੇਟ ਬਣਵਾ ਕੇ ਅਰਜ਼ੀ ਦੇ ਨਾਲ ਲਾ ਦਿਤਾ ਪਰ ਸਬ ਐਡੀਟਰ ਵਾਸਤੇ ਅਰਜ਼ੀ ਬਿਨਾ ਤਜਰਬੇ ਦੇ ਸਰਟੀਫਿਕੇਟ ਤੋਂ ਹੀ ਭੇਜ ਦਿਤੀ। ਮੈਨੂੰ ਇੰਟਰਵਿਊ ਸਿਰਫ ਪਰੂਫ ਰੀਡਰ ਲਈ ਆਈ।

ਪਰੂਫ ਰੀਡਰ ਦੀ ਇੰਟਰਵਿਊ 'ਤੇ ਮੇਰੇ ਨਾਲ ਕਹਾਣੀਕਾਰ ਪ੍ਰੇਮ ਗੋਰਖੀ, ਜੋ ਉਦੋਂ ਅਜੀਤ ਵਿਚ ਕੰਮ ਕਰਦਾ ਸੀ, ਸੁਰਿੰਦਰ ਸਿੰਘ ਅਤੇ ਕਵੀ ਮਰਹੂਮ ਰਾਜਿੰਦਰ ਸੋਢੀ ਵੀ ਪਹੁੰਚੇ। ਰਾਜਿੰਦਰ ਸੋਢੀ ਨੇ ਇਕ ਪੂਰਾ ਅਟੈਚੀ ਆਪਣੀਆਂ ਲਿਖਤਾਂ ਦਾ ਨਾਲ ਚੁਕਿਆ ਹੋਇਆ ਸੀ। ਮੇਰੇ ਕੋਲ ਕੋਈ ਛਪੀ ਲਿਖਤ ਦਿਖਾਉਣ ਲਈ ਸਿਰਫ 'ਬਿੰਦੂ' ਨਾਂ ਦਾ ਪੰਜਾਬੀ ਮਾਸਿਕ ਰਸਾਲਾ ਸੀ ਜਿਸ ਵਿਚ ਇੰਡੀਅਨ ਥੀਏਟਰ ਵਿਭਾਗ ਵਿਚ ਹੋਏ 'ਹੀਰ ਰਾਂਝਾ' ਨਾਟਕ ਦਾ ਮੇਰਾ ਲਿਖਿਆ ਰੀਵਿਊ ਛਪਿਆ ਹੋਇਆ ਸੀ। ਇਹ ਰਸਾਲਾ ਅਜਕਲ੍ਹ ਸ਼ਿਕਾਗੋ ਵਸਦਾ ਤੇ ਸਿੱਖ ਟੀ ਵੀ ਨਾਂ ਦਾ ਟੀ ਵੀ ਪ੍ਰੋਗਰਾਮ ਚਲਾਉਂਦਾ ਇੰਦਰਮੋਹਨ ਸਿੰਘ ਛਾਬੜਾ ਛਾਪਦਾ ਸੀ। ਮੇਰੀ ਕਿਸੇ ਅਖਬਾਰ ਰਸਾਲੇ ਵਿਚ ਛਪਣ ਵਾਲੀ ਇਹ ਪਹਿਲੀ ਰਚਨਾ ਸੀ। ਇੰਟਰਵਿਊ ਦੌਰਾਨ ਸੰਪਾਦਕ ਬਰਜਿੰਦਰ ਸਿੰਘ ਨੇ ਇਹ ਲਿਖਤ ਦੇਖੀ ਅਤੇ ਪ੍ਰਭਾਵਿਤ ਵੀ ਹੋਏ। ਇੰਦਰਮੋਹਨ ਅਜ ਤਕ ਵੀ ਮੈਨੂੰ ਟਿਚਰਾਂ ਕਰਦਾ ਰਹਿੰਦਾ ਹੈ, "ਤੈਨੂੰ ਪੱਤਰਕਾਰੀ ਮੈਂ ਸਿੱਖਾਈ ਹੈ।"

ਉਪਰ ਦੱਸੇ ਸਾਨੂੰ ਚਾਰਾਂ ਜਣਿਆਂ ਨੂੰ ਚੁਣ ਲਿਆ ਗਿਆ। ਮੈਂ ਵੀ ਜਾਂਦੇ ਚੋਰ ਦੀ ਲੰਗੋਟੀ ਸਮਝ ਇਹ ਨੌਕਰੀ ਹੱਥ ਕਰ ਲਈ। 15 ਜੁਲਾਈ 1978 ਨੂੰ ਪੰਜਾਬੀ ਟ੍ਰਿਬਿਊਨ ਦੀ ਨੌਕਰੀ ਦੇ ਪਹਿਲੇ ਦਿਨ ਹੀ ਮੇਰੀ ਮੁਲਾਕਾਤ ਗੁਰਦਿਆਲ ਸਿੰਘ ਬੱਲ ਨਾਲ ਹੋਈ ਅਤੇ ਅਸੀਂ ਉਸੇ ਦਿਨ ਹੀ ਜਿਵੇਂ ਇਕ ਦੂਜੇ ਦੇ ਅੰਦਰੋਂ ਕੁਝ ਪਛਾਣ ਲਿਆ। ਬੱਲ ਸਾਹਿਬ ਮੇਰੇ ਨਾਲੋਂ ਕਰੀਬ 5-7 ਸਾਲ ਵਡੇ ਹਨ। ਉਨ੍ਹਾਂ ਨਾਲ ਦੋਸਤੀ ਅਜ ਤਕ ਲਗਾਤਾਰ ਵਧਦੀ ਹੀ ਗਈ ਹੈ ਅਤੇ ਰਿਸ਼ਤੇ ਵਿਚ ਸੁਹਿਦਰਤਾ ਅਤੇ ਖਲੂਸ ਅੱਜ ਵੀ ਬਰਾਬਰ ਕਾਇਮ ਹੈ। ਅਸਲ ਵਿਚ ਬੰਦੇ ਦੀ ਜ਼ਿੰਦਗੀ ਵਿਚ ਦੋਸਤੀ ਅਤੇ ਮੁਹੱਬਤ ਦੀ ਅਹਿਮੀਅਤ ਦਾ ਜਿਸ ਕਿਸਮ ਦਾ ਸ਼ਿੱਦਤ ਭਰਿਆ ਅਹਿਸਾਸ ਗੁਰਦਿਆਲ ਬੱਲ ਨੂੰ ਹੈ, ਉਹ ਮੈਨੂੰ ਆਪਣੇ ਕਿਸੇ ਹੋਰ ਮਿਲਣ-ਗਿਲਣ ਵਾਲੇ ਅੰਦਰ ਘੱਟ ਹੀ ਨਜ਼ਰ ਆਈ ਹੈ। ਉਂਜ ਮੇਰੇ ਲਈ ਉਹ ਵਡੇ ਭਰਾ ਵਾਂਗ ਹਨ। 'ਪੰਜਾਬ ਟਾਈਮਜ਼' ਦੇ ਕਾਫੀ ਪਾਠਕ ਉਨ੍ਹਾਂ ਦੇ ਨਾਂ ਤੋਂ ਵਾਕਫ ਹਨ ਅਤੇ ਉਨ੍ਹਾਂ ਦੀ ਧਰਮ ਪਤਨੀ ਡਾ. ਗੁਰਨਾਮ ਕੌਰ ਦਾ 'ਪੰਜਾਬ ਟਾਈਮਜ਼' ਵਿਚ ਛਪਦਾ ਗੁਰਬਾਣੀ ਬਾਰੇ ਸਥਾਈ ਕਾਲਮ ਪੜ੍ਹਦੇ ਰਹਿੰਦੇ ਹਨ। ਪੰਜਾਬੀ ਟ੍ਰਿਬਿਊਨ ਵਿਚ ਆਉਣ ਤੋਂ ਕੁਝ ਹੀ ਹਫਤੇ ਬਾਅਦ ਮੇਰੀ ਨੇੜਤਾ ਕਰਮਜੀਤ ਭਾਅ ਜੀ ਨਾਲ ਵੀ ਹੋ ਗਈ। ਉਹ ਵੀ ਮੇਰੇ ਤੋਂ ਕਰੀਬ ਦਸ ਸਾਲ ਵਡੇ ਹਨ। ਉਨ੍ਹਾਂ ਹਮੇਸ਼ਾਂ ਮੈਨੂੰ ਛੋਟੇ ਭਰਾਵਾਂ ਵਾਲਾ ਮਾਣ ਦਿਤਾ ਹੈ। ਉਨ੍ਹਾਂ ਨਾਲ ਨੇੜੇ ਦੇ ਰਿਸ਼ਤੇ ਦਾ ਮੈਨੂੰ ਸਦਾ ਹੀ ਮਾਣ ਰਿਹਾ ਹੈ।

ਕੁਝ ਮਹੀਨੇ ਬਾਅਦ ਹੀ ਉਸ ਵੇਲੇ ਦੇ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਨੇ ਮੇਰੇ ਲਿਖੇ ਕੁਝ ਫੀਚਰਾਂ ਤੇ ਰਿਪੋਰਟਾਂ ਦੀ ਸ਼ਬਦ ਚੋਣ ਅਤੇ ਸ਼ੈਲੀ ਦੇਖਦਿਆਂ ਪੁੱਛਿਆ, "ਤੂੰ ਸਬ ਐਡੀਟਰ ਲਈ ਅਪਲਾਈ ਕਿਉਂ ਨਾ ਕੀਤਾ?" ਮੇਰਾ ਜਵਾਬ ਸੀ, ਮੈਨੂੰ ਇੰਟਰਵਿਊ ਨਹੀਂ ਆਈ। ਉਨ੍ਹਾਂ ਕਿਹਾ, ਤੂੰ ਦੋ ਸਾਲ ਦੇ ਤਜਰਬੇ ਦਾ ਸਰਟੀਫਿਕੇਟ ਨਹੀਂ ਲਾਇਆ ਹੋਣਾ? ਫਿਰ ਆਪ ਹੀ ਦਸਿਆ ਕਿ ਇੰਟਰਵਿਊ ਕਲਰਕਾਂ ਨੇ ਭੇਜੀ ਸੀ ਜਿਨ੍ਹਾਂ ਤਜਰਬੇ ਵਾਲੀ ਸ਼ਰਤ ਨੂੰ ਹੀ ਇੰਟਰਵਿਊ ਭੇਜਣ ਲਈ ਆਧਾਰ ਬਣਾਇਆ ਸੀ। ਮੈਂ ਕਿਹਾ ਕਿ ਮੇਰੇ ਕੋਲ ਇਹ ਤਜਰਬਾ ਹੈ ਨਹੀਂ ਸੀ। ਨਕਲੀ ਬਣਵਾਉਣ ਦਾ ਜੇਰਾ ਨਹੀਂ ਪਿਆ।

ਬਰਜਿੰਦਰ ਹੋਰੀਂ ਬੋਲੇ, "ਤੇਰਾ ਖਿਆਲ ਹੈ, ਬਾਕੀ ਸਭ ਦੇ ਅਸਲੀ ਸਨ?" ਪਰੂਫ ਰੀਡਰੀ ਦੇ ਗੇੜ੍ਹ ਵਿਚੋਂ ਨਿਕਲਣ ਲਈ ਮੈਨੂੰ ਫਿਰ 12 ਸਾਲ ਲੱਗੇ, ਇਹ ਵੇਰਵਾ ਫਿਰ ਕਿਤੇ ਸਹੀ।

ਇਸ ਸਮੇਂ ਦੌਰਾਨ ਮੈਨੂੰ ਪਤਾ ਲੱਗ ਗਿਆ ਹੋਇਆ ਸੀ ਕਿ ਮੇਰੇ ਸਾਥੀਆਂ ਦਲਜੀਤ ਅਤੇ ਜਗਤਾਰ ਸਿੰਘ ਸਿੱਧੂ ਉਤੇ ਕਿਸਮਤ ਇਸ ਕਰ ਕੇ ਮਿਹਰਬਾਨ ਰਹੀ ਸੀ ਕਿ ਉਨ੍ਹਾਂ ਨੇ ਕਿਸੇ ਤਰ੍ਹਾਂ ਤਜਰਬੇ ਦੇ ਸਰਟੀਫਿਕੇਟ ਆਪਣੀਆਂ ਅਰਜ਼ੀਆਂ ਨਾਲ ਲਾ ਲਏ ਸਨ। ਗੁਰਦਿਆਲ ਸਿੰਘ ਬੱਲ 'ਨਵਾਂ ਜ਼ਮਾਨਾ' ਵਿਚ ਕੰਮ ਕਰਦਾ ਸੀ ਪਰ ਸੁਰਜਨ ਜ਼ੀਰਵੀ ਨੇ ਉਸ ਨਾਲ ਯਾਰਾਨੇ ਦੇ ਬਾਵਜੂਦ ਉਸ ਨੂੰ ਤਜਰਬੇ ਦਾ ਸਰਟੀਫਿਕੇਟ ਨਹੀਂ ਸੀ ਦਿੱਤਾ। ਬੱਲ ਦੇ ਆਪਣੇ ਦੱਸਣ ਅਨੁਸਾਰ ਅਰਜੀਆਂ ਭੇਜਣ ਦੇ ਆਖਰੀ ਦਿਨ 'ਲੋਕ ਲਹਿਰ' ਦੇ ਸੰਪਾਦਕ ਕਾਮਰੇਡ ਸੁਹੇਲ ਦੇ ਜੋਰ ਦੇਣ ਤੇ ਉਸ ਨੇ ਬਿਨਾਂ ਸਰਟੀਫਿਕੇਟ ਹੀ ਅਰਜੀ ਭੇਜ ਦਿਤੀ ਪਰ ਉਂਜ ਇਸ ਵਿਚ ਦੋ ਸਾਲ ਦੇ ਤਜਰਬੇ ਦੀ ਗੱਲ ਲਿਖ ਦਿਤੀ। ਉਸ ਨੂੰ ਇੰਟਰਵਿਊ ਦਾ ਸੱਦਾ ਮਿਲ ਗਿਆ ਅਤੇ ਪਿਛੋਂ ਚੋਣ ਸਮੇਂ ਬਰਜਿੰਦਰ ਸਿੰਘ ਦੀ ਨਜ਼ਰੇ ਇਨਾਇਤ ਹੋ ਗਈ। ਇਹ ਬਰਜਿੰਦਰ ਸਿੰਘ ਦਾ ਅਜੇ ਆਦਰਸ਼ਵਾਦੀ ਦੌਰ ਸੀ। ਜਲੰਧਰ ਦੇ ਅਖਬਾਰੀ ਕਲਚਰ ਤੋਂ ਉਹ ਉਦੋਂ ਕਾਫੀ ਤਪੇ ਹੋਏ ਸਨ ਅਤੇ ਉਸ ਨੇ ਜਲੰਧਰ ਮਾਰਕਾ ਕਿਸੇ ਪੱਤਰਕਾਰ ਨੂੰ ਆਪਣੀ ਮੁਢਲੀ ਟੀਮ ਵਿਚ ਨਾ ਲੈਣ ਦਾ ਫੈਸਲਾ ਕੀਤਾ ਹੋਇਆ ਸੀ। ਬੱਲ ਤਾਂ ਅਗਲੇ ਕਈ ਸਾਲ ਇਹ ਵੀ ਕਹਿੰਦਾ ਰਿਹਾ ਕਿ ਬਰਜਿੰਦਰ 'ਭਾਅ ਜੀ' ਦਾ ਅਜਿਹਾ ਰੌਂਅ ਨਾ ਹੁੰਦਾ ਤਾਂ ਨਾ ਉਨ੍ਹਾਂ ਦਾ ਤੁੱਕਾ ਲੱਗਣਾ ਸੀ ਅਤੇ ਨਾ ਹੀ ਚੰਡੀਗੜ੍ਹ ਵਰਗੇ ਸੋਹਣੇ ਸ਼ਹਿਰ ਵਿਚ ਰਹਿ ਕੇ ਜ਼ਿੰਦਗੀ ਦੀਆਂ ਅਤਿ ਉਦਾਤ ਸ਼ਾਨਾਂ ਦਾ ਨਜ਼ਾਰਾ ਲੈ ਸਕਣ ਦਾ ਮੌਕਾ ਹੀ ਬਣਨਾ ਸੀ।

ਪੰਜਾਬੀ ਟ੍ਰਿਬਿਊਨ ਦੀ ਨੌਕਰੀ ਮੈਂ ਆਪਣੇ ਮਨੋਂ ਆਰਜੀ ਤੌਰ 'ਤੇ ਹੀ ਕਬੂਲ ਕੀਤੀ ਸੀ। ਉਂਜ ਮੇਰਾ ਮਨ ਐਮ ਫਿਲ ਕਰਕੇ ਅਧਿਆਪਨ ਖੇਤਰ ਵਿਚ ਜਾਣ ਦਾ ਹੀ ਸੀ। ਐਮ ਫਿਲ ਵਿਚ ਦਾਖਲੇ ਲਈ ਅਰਜੀ ਮੈਂ ਭਰੀ ਹੀ ਹੋਈ ਸੀ ਤੇ ਮੈਨੂੰ ਦਾਖਲਾ ਮਿਲ ਵੀ ਗਿਆ। ਮੈਂ ਸੰਪਾਦਕ ਬਰਜਿੰਦਰ ਸਿੰਘ ਨਾਲ ਇਸ ਬਾਰੇ ਗੱਲ ਕੀਤੀ ਅਤੇ ਪੜ੍ਹਾਈ ਜਾਰੀ ਰਖਣ ਲਈ ਇਜਾਜ਼ਤ ਮੰਗੀ ਜੋ ਉਨ੍ਹਾਂ ਖੁਸ਼ੀ-ਖੁਸ਼ੀ ਦੇ ਵੀ ਦਿਤੀ।

ਮੈਂ ਐਮ ਫਿਲ ਵਿਚ ਦਾਖਲਾ ਲੈ ਕੇ ਹੋਸਟਲ ਰਹਿਣਾ ਸ਼ੁਰੂ ਕਰ ਦਿਤਾ। ਅਵਤਾਰ ਸਿੰਘ ਥਿੰਦ ਜੋ ਹਾਲ ਹੀ ਵਿਚ ਚੰਡੀਗੜ੍ਹ ਦੇ ਕਿਸੇ ਗੋਰਮਿੰਟ ਕਾਲਜ ਵਿਚੋਂ ਰਿਟਾਇਰ ਹੋਇਆ ਹੈ, ਮੇਰਾ ਕਰੀਬੀ ਦੋਸਤ ਬਣਿਆ। ਅੰਗਰੇਜ਼ੀ ਦੀ ਐਮ ਏ ਅਤੇ ਪਹਿਲਾਂ ਹੀ ਜਲੰਧਰ ਵਿਚ ਕਾਲਜ ਅਧਿਆਪਕ ਰਹਿ ਚੁਕਾ ਹਰਜਿੰਦਰ ਸਿੰਘ ਦਿਲਗੀਰ ਵੀ ਸਾਡੇ ਨਾਲ ਐਮ ਫਿਲ ਦਾ ਵਿਦਿਆਰਥੀ ਸੀ। ਉਮਰ ਵਿਚ ਉਹ ਵੀ ਸਾਡੇ ਨਾਲੋਂ ਹਲਵਾਰਵੀ ਵਾਂਗ ਘੱਟੋ ਘੱਟ 10 ਸਾਲ ਵੱਡਾ ਸੀ ਪਰ ਪਤਾ ਨਹੀਂ ਕਿਵੇਂ ਮੇਰੀ ਉਸ ਦੇ ਨਾਲ ਪਹਿਲੇ ਦਿਨ ਤੋਂ ਹੀ ਨੇੜਤਾ ਬਣ ਗਈ ਜੋ ਪਿਛੋਂ ਪਰਿਵਾਰਕ ਸਾਂਝ ਵਿਚ ਵੀ ਵਟੀ। ਸਾਡੇ ਪਿੰਡਾਂ ਵਲ ਦਾ ਡਾ. ਭਗਵਾਨ ਸਿੰਘ ਮੋਕਲ ਇਕ ਪਿਛੋਂ ਇਕ ਕਈ ਐਮ ਏ ਕਰਨ ਤੋਂ ਬਾਅਦ ਬਸ ਯੂਨੀਵਰਸਿਟੀ ਵਿਚ ਟਿਕੇ ਰਹਿਣ ਲਈ ਪੀ ਐਚ ਡੀ ਦੀ ਰਜਿਸਟਰੇਸ਼ਨ ਕਰਵਾ ਹੋਸਟਲ ਵਿਚ ਰਹਿੰਦਾ ਸੀ। ਡਾ. ਭਗਵਾਨ ਸਿੰਘ ਦੇ ਨਾਲ ਹਿੰਦੂਆਂ ਦੇ ਕਈ ਮੁੰਡੇ ਜਿਨ੍ਹਾਂ ਵਿਚੋਂ ਇਕ ਬਾਅਦ ਵਿਚ ਕਾਂਗਰਸ ਦਾ ਬੁਲਾਰਾ ਬਣਿਆ ਸੂਰੀਆ ਸਵਾਮੀ ਵੀ ਸੀ, ਅਕਸਰ ਹੋਸਟਲ ਨੰਬਰ ਇਕ ਵਿਚ ਜਾਂ ਫਿਰ ਸਟੂਡੈਂਟ ਸੈਂਟਰ ਵਿਚ ਗਰਮਾ ਗਰਮ ਬਹਿਸਾਂ ਵਿਚ ਪਏ ਨਜ਼ਰ ਆਉਂਦੇ। ਦਿਲਗੀਰ ਵੀ ਇਨ੍ਹਾਂ ਵਿਚ ਸਿਰ ਫਸਾਈ ਬੈਠਾ ਹੁੰਦਾ। ਉਂਜ ਇਹ ਵੀ ਗੱਲ ਦਿਲਚਸਪ ਸੀ ਕਿ ਨਾ ਤੇ ਦਿਲਗੀਰ ਨੇ ਅਜੇ ਪੀ ਐਚ ਡੀ ਕੀਤੀ ਸੀ ਅਤੇ ਨਾ ਹੀ ਭਗਵਾਨ ਸਿੰਘ ਨੇ। ਪਰ ਦੋਹਾਂ ਦੀ ਉਮਰ ਵੇਖ ਕੇ ਹੀ ਹੋਸਟਲ ਦੇ ਨੌਕਰ ਅਤੇ ਉਨ੍ਹਾਂ ਦੀ ਵੇਖਾ ਵੇਖੀ ਮੁੰਡੇ ਵੀ ਉਨ੍ਹਾਂ ਨੂੰ ਡਾਕਟਰ ਕਹਿਣ ਲੱਗ ਪਏ ਸਨ।



*ਹਰਜਿੰਦਰ ਸਿੰਘ ਦਿਲਗੀਰ (ਸੱਜੇ) ਕੋਈ ਵੀਹ ਸਾਲ ਜਲਾਵਤਨੀ ਕੱਟਣ ਪਿਛੋਂ ਵਤਨ ਪਰਤਣ 'ਤੇ ਪਟਿਆਲੇ ਗੁਰਦਿਆਲ ਸਿੰਘ ਬੱਲ ਦੇ ਘਰ*



*ਹਰਜਿੰਦਰ ਸਿੰਘ ਦਿਲਗੀਰ (ਐਨ ਖੱਬੇ) ਲੇਖਕ ਦੇ ਵਿਆਹ ਮੌਕੇ*

ਡਾ. ਭਗਵਾਨ ਸਿੰਘ ਮੋਕਲ ਦਰਵੇਸ਼ ਆਦਮੀ ਸੀ ਅਤੇ ਸਿਰਦਾਰ ਕਪੂਰ ਸਿੰਘ ਦਾ ਪ੍ਰਸ਼ੰਸਕ ਸੀ। ਮੈਨੂੰ ਉਸ ਦੀਆਂ ਗੱਲਾਂ ਵਿਚ ਸੱਚੀ-ਮੁੱਚੀਂ ਦੀ ਉਤਸੁਕਤਾ ਸੀ। ਪੰਜਾਬ ਦੇ ਹਾਲਾਤ ਵਿਚ ਉਨ੍ਹੀਂ-ਦਿਨੀਂ ਰਾਜਨੀਤਕ ਤਪਸ਼ ਵਧ ਰਹੀ ਸੀ ਅਤੇ ਇਹ ਜਿਉਂ-ਜਿਉਂ ਵਧੀ, ਡਾ. ਭਗਵਾਨ ਸਿੰਘ ਮੋਕਲ ਅਤੇ ਉਸ ਦੇ ਕਈ ਕਰੀਬੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਲਹਿਰ ਵੱਲ ਝੁਕਦੇ ਗਏ। ਪਿਛੋਂ ਮੈਨੂੰ ਪਤਾ ਲੱਗਾ ਕਿ ਗੁਰਚਰਨ ਸਿੰਘ ਸੈਦਪੁਰ ਅਤੇ ਉਸ ਦਾ ਸਾਥੀ ਚਰਨਜੀਤ ਸਿੰਘ ਚੰਨੀ, ਜਿਸ ਨੇ ਬਾਅਦ ਵਿਚ ਜਾ ਕੇ ਡਾ. ਸੋਹਣ ਸਿੰਘ ਵਾਲੀ ਪੰਥਕ ਕਮੇਟੀ ਦੀ ਬਣਤ ਬਣਾਈ, ਭਗਵਾਨ ਸਿੰਘ ਮੋਕਲ ਦੇ ਹੀ ਲਾਡਲੇ ਚੇਲੇ ਸਨ। ਡਾ. ਭਗਵਾਨ ਸਿੰਘ ਅਜਕਲ੍ਹ ਚੰਡੀਗੜ੍ਹ ਰਹਿੰਦੇ ਹਨ। ਉਂਜ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਭਤੀਜਾ ਚਰਨਜੀਤ ਸਿੰਘ ਚੰਨੀ 1976-77 ਦੇ ਸਾਲਾਂ ਵਿਚ ਮਨਿੰਦਰ ਯਾਨਿ 'ਕਮਲਿਆਂ ਦੇ ਟੱਬਰ' ਨੂੰ ਕਈ ਵਾਰ ਮਿਲਣ ਆਉਂਦਾ ਅਤੇ ਸਾਡੇ ਨਾਲ ਬਹਿ ਕੇ ਗੁਲਾਟੀ ਦੀ ਕੰਟੀਨ ਤੋਂ ਚਾਹ-ਪਾਣੀ ਪੀ ਕੇ ਜਾਂਦਾ ਰਿਹਾ ਸੀ। ਚੰਨੀ ਮਨਿੰਦਰ ਦਾ ਮਾਸੀ ਦਾ ਪੁੱਤ ਭਰਾ ਲਗਦਾ ਸੀ। ਉਦੋਂ ਉਹ ਅਜੇ ਦਸਵੀਂ-ਗਿਆਰਵੀਂ ਵਿਚ ਪੜ੍ਹਦਾ ਮੁੰਡਾ-ਖੁੰਡਾ ਸੀ ਤੇ ਕਿਸੇ ਨਹੀਂ ਸੀ ਸੋਚਿਆ ਕਿ ਚੰਨੀ ਕਦੇ ਵਡਾ ਖਾੜਕੂ ਆਗੂ ਵੀ ਬਣੇਗਾ। ਚੰਨੀ ਨੂੰ ਪੁਲਿਸ ਨੇ 1989 ਵਿਚ ਇਕ ਝੂਠੇ ਮੁਕਾਬਲੇ ਵਿਚ ਖਤਮ ਕਰ ਦਿਤਾ ਸੀ। ਪਤਾ ਲੱਗਾ ਹੈ ਕਿ ਉਸ ਨੇ ਖਾੜਕੂ ਲਹਿਰ ਦੇ ਸ਼ਿਖਰ ਵੇਲਿਆਂ ਵਿਚ ਵਿਆਹ ਕਰਵਾ ਲਿਆ ਸੀ ਤੇ ਉਸ ਦੇ ਦੋ ਬੱਚੇ ਵੀ ਸਨ। ਉਸ ਦੀ ਪਤਨੀ ਅਤੇ ਬੱਚੇ ਸੁਣਿਐਂ ਅਮਰੀਕਾ ਵਿਚ ਹੀ ਕਿਧਰੇ ਰਹਿੰਦੇ ਹਨ।

ਪਿੱਛੋਂ ਪਤਾ ਲੱਗਾ ਕਿ ਗੁਰਚਰਨ ਸਿੰਘ ਸੈਦਪੁਰ ਬਲਿਊ ਸਟਾਰ ਅਪਰੇਸ਼ਨ ਤੋਂ ਪਿੱਛੋਂ ਸ਼ੁਰੂ ਹੋਈ ਲਹਿਰ ਦੇ ਅਰੰਭ ਵਿਚ ਹੀ ਸੁਮੇਧ ਸੈਣੀ ਅਤੇ ਪਿੰਕੀ ਕੈਟ ਦੀ ਕੁੜਿਕੀ ਵਿਚ ਫਸ ਕੇ ਹਰਨਾਂ ਦੇ ਸਿੰਗੀ ਚੜ੍ਹ ਗਿਆ ਸੀ ਪਰ ਚਰਨਜੀਤ ਸਿੰਘ ਚੰਨੀ ਵੇਲੇ ਸਿਰ ਕਰਮਜੀਤ ਭਾਅ ਜੀ ਦਾ ਥਾਪੜਾ ਮਿਲ ਜਾਣ ਕਾਰਨ ਆਪਣੀ ਸ਼ਹੀਦੀ ਤੋਂ ਪਹਿਲਾਂ-ਪਹਿਲਾਂ ਉਖੜੀ ਫਿਰਦੀ ਖਾਲਿਸਤਾਨੀ ਲਹਿਰ ਨੂੰ ਲੀਹੇ ਪਾ ਗਿਆ ਸੀ।

ਐਮ ਫਿਲ ਕਰਦਿਆਂ ਮੈਂ ਤੇ ਦਿਲਗੀਰ ਇਕ ਨੰਬਰ ਹੋਸਟਲ ਦੇ ਪਹਿਲੇ ਬਲਾਕ ਵਿਚ ਨਾਲ ਨਾਲ ਦੇ ਕਮਰਿਆਂ 'ਚ ਰਹਿੰਦੇ ਸਾਂ। ਇਥੇ ਹੀ ਨਾਲ ਦੇ ਇਕ ਕਮਰੇ ਵਿਚ ਅਨਮੋਲ ਰਤਨ ਸਿੰਘ ਸਿੱਧੂ ਰਹਿੰਦਾ ਸੀ ਜੋ ਬਾਅਦ ਵਿਚ ਪੰਜਾਬ ਦਾ ਅਸਿਸਟੈਂਟ ਐਡਵੋਕੇਟ ਜਨਰਲ ਬਣਿਆ। ਅਕਸਰ ਉਸ ਨੂੰ ਮਿਲਣ ਆਏ ਲੋਕ ਮੇਰੇ ਤੇ ਉਸ ਦੇ ਨਾਂ ਨਾਲ ਭੁਲੇਖਾ ਖਾ ਜਾਂਦੇ।

ਡਾ. ਭਗਵਾਨ ਸਿੰਘ ਅਤੇ ਦਿਲਗੀਰ ਨਾਲ ਬਹਿਸਾਂ 'ਚ ਉਲਝਣ ਵਾਲੇ ਕਾਂਗਰਸੀ ਮੁੰਡੇ ਵੱਡੇ ਤੰਬਾਕੂਨੋਸ਼ ਵੀ ਸਨ। ਇਕ ਦਿਨ ਦਿਲਗੀਰ ਨੂੰ ਪਤਾ ਨਹੀਂ ਕੀ ਸੁੱਝੀ ਕਿ ਉਸ ਹੋਸਟਲ ਵਿਚ ਤੰਬਾਕੂਨੋਸ਼ੀ ਵਿਰੁਧ ਝੰਡਾ ਚੁੱਕ ਲਿਆ। ਹੋਸਟਲ ਦੇ ਮੈਸ ਏਰੀਏ ਵਿਚ ਥਾਂ ਥਾਂ ਨੋ-ਸਮੋਕਿੰਗ ਦੇ ਚਿਤਾਵਨੀ ਬੋਰਡ ਪਹਿਲਾਂ ਹੀ ਲੱਗੇ ਹੋਏ ਸਨ। ਦਿਲਗੀਰ ਨੇ ਜਦੋਂ ਕਿਸੇ ਮੁੰਡੇ ਨੂੰ ਮੈਸ ਜਾਂ ਕਾਮਨ ਰੂਮ ਵਿਚ ਸਿਗਰਟ ਬੀੜੀ ਪੀਂਦੇ ਵੇਖਣਾ ਤਾਂ ਉਲਝ ਪੈਣਾ। ਉਸ ਨੇ ਉਸ ਵੇਲੇ ਦੇ ਵਾਰਡਨ ਅੰਬਰੀਸ਼ ਕੁਮਾਰ ਨੂੰ ਵੀ ਇਸ ਬਾਰੇ ਸ਼ਿਕਾਇਤ ਕੀਤੀ। ਦਿਲਚਸਪ ਗੱਲ ਇਹ ਹੋਈ ਕਿ ਇਕ ਸਵੇਰ ਮੈਂ ਅਤੇ ਦਿਲਗੀਰ ਕੰਟੀਨ ਵਿਚ ਚਾਹ ਪੀਣ ਲਈ ਜਾ ਰਹੇ ਸਾਂ ਕਿ ਅੱਗੋਂ ਵਾਰਡਨ ਅੰਬਰੀਸ਼ ਕੁਮਾਰ ਆਪ ਹੀ ਮੈਸ ਰੂਮ ਵਿਚ ਸਿਗਰਟ ਹੱਥ 'ਚ ਫੜ੍ਹੀ ਕਸ਼ ਲੈਂਦਾ ਤੁਰਿਆ ਆਵੇ। ਵਾਰਡਨ ਨੂੰ ਪਤਾ ਉਦੋਂ ਹੀ ਲੱਗਾ ਜਦੋਂ ਦਿਲਗੀਰ ਨੇ ਇਕ ਜ਼ੋਰ ਦਾ ਝਟਕਾ ਉਸ ਦੀ ਬਾਂਹ ਨੂੰ ਦਿੱਤਾ। ਸਿਗਰਟ ਕਿਤੇ ਦੀ ਕਿਤੇ ਜਾ ਪਈ ਅਤੇ ਵਾਰਡਨ ਘੁਮੇਰਨੀ ਖਾ ਗਿਆ। ਇਸ ਤੋਂ ਪਹਿਲਾਂ ਕਿ ਵਾਰਡਨ ਕੁਝ ਬੋਲਦਾ ਦਿਲਗੀਰ ਨੇ ਅੰਗਰੇਜ਼ੀ ਵਿਚ ਉਸ 'ਤੇ ਵਰ੍ਹਨਾ ਸ਼ੁਰੂ ਕਰ ਦਿਤਾ, ਜੇ ਤੂੰ ਆਪਣੇ ਆਪ ਨੂੰ ਹੀ ਮੈਸ ਰੂਮ ਵਿਚ ਸਿਗਰਟ ਪੀਣ ਤੋਂ ਨਹੀਂ ਰੋਕ ਸਕਦਾ ਤਾਂ ਹੋਰ ਕਿਸੇ ਨੂੰ ਕੀ ਰੋਕੇਂਗਾ? ਇਹ ਗੱਲ ਝੱਟ ਹੋਸਟਲ ਦੇ ਮੁੰਡਿਆਂ 'ਚ ਫੈਲ ਗਈ। ਬਸ, ਇਸ ਦਿਨ ਤੋਂ ਬਾਅਦ ਮੈਸ ਜਾਂ ਕਾਮਨ ਰੂਮ ਵਿਚ ਕੋਈ ਮੁੰਡਾ ਤੰਬਾਕੂਨੋਸ਼ੀ ਕਰਦਾ ਮੁੜ ਨਾ ਵੇਖਿਆ ਗਿਆ।

ਸ਼ਾਇਦ ਮਾਰਚ 1980 ਦੀ ਗੱਲ ਹੈ। ਡਾ. ਦਿਲਗੀਰ ਨੇ ਡਾ. ਮੋਕਲ ਅਤੇ ਹੋਰ ਮੁੰਡਿਆਂ ਨੂੰ ਨਾਲ ਲੈ ਕੇ ਹੋਸਟਲ ਵਿਚ ਅਖੰਡ ਪਾਠ ਰਖਵਾ ਲਿਆ। ਅਖੰਡਪਾਠ ਗੈਸਟ ਰੂਮ ਵਿਚ ਵਿਚ ਰਖਿਆ ਗਿਆ। ਹੋਸਟਲ ਦਾ ਵਾਰਡਨ ਅਤੇ ਯੂਨੀਵਰਸਿਟੀ ਅਧਿਕਾਰੀ ਰੋਕਣ ਦੀ ਹਿੰਮਤ ਨਾ ਕਰ ਸਕੇ। ਭੋਗ ਉਪਰੰਤ ਬਾਹਰ ਖੁਲ੍ਹੇ ਪੰਡਾਲ ਵਿਚ ਸਿਰਦਾਰ ਕਪੂਰ ਸਿੰਘ ਨੇ ਤਕਰੀਰ ਕੀਤੀ ਜਿਸ ਵਿਚ ਉਨ੍ਹਾਂ ਸਿੱਖ ਕੌਮ ਅਤੇ ਇਸ ਨਾਲ ਹੁੰਦੇ ਵਿਤਕਰੇ ਦੀ ਗੱਲ ਜ਼ਰਾ ਉਚੀ ਸੁਰ ਵਿਚ ਕੀਤੀ। ਸੰਗਤ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਇਕ ਸਾਖੀ ਸੁਣਾਉਂਦਿਆਂ ਦੱਸਿਆ ਕਿ ਦੂਰੋਂ-ਦੂਰੋਂ ਸ਼ਰਧਾਲੂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਆਉਂਦੇ। ਉਹ ਗੁਰੂ ਸਾਹਿਬ ਲਈ ਭੇਟਾ ਵਜੋਂ ਮਾਇਆ ਤੇ ਅਨਾਜ ਤੋਂ ਇਲਾਵਾ ਘੋੜੇ ਵੀ ਲੈ ਕੇ ਆਉਂਦੇ। ਰੋਪੜ ਇਲਾਕੇ ਵਿਚ ਰੰਘੜਾਂ ਦੇ ਕੁਝ ਪਿੰਡ ਪੈਂਦੇ ਸਨ। ਜਦੋਂ ਸਿੱਖ ਸ਼ਰਧਾਲੂਆਂ ਲੰਘਣਾ ਤਾਂ ਉਨ੍ਹਾਂ ਲੁਟ ਲੈਣਾ। ਉਨ੍ਹਾਂ ਦੱਸਿਆ, ਸ਼ਰਧਾਲੂਆਂ ਗੁਰੂ ਸਾਹਿਬ ਪਾਸ ਸ਼ਿਕਾਇਤ ਕਰਨੀ ਤਾਂ ਉਨ੍ਹਾਂ ਕਹਿਣਾ, ਤੁਸੀਂ ਲੈ ਆਏ, ਸਾਨੂੰ ਪਹੁੰਚ ਗਿਆ। ਪਰ ਇਕ ਵਾਰ ਸ਼ਰਧਾਲੂ ਗੁਰੂ ਸਾਹਿਬ ਦੇ ਚਰਨੀਂ ਢਹਿ ਪਏ ਤੇ ਦਸਿਆ ਕਿ ਰੰਘੜਾਂ ਉਨ੍ਹਾਂ ਦਾ ਸਾਮਾਨ ਤਾਂ ਲੁਟਿਆ ਹੀ, ਨਾਲ ਹੀ ਬੀਬੀਆਂ ਦੀ ਬੇਪਤੀ ਕੀਤੀ ਤੇ ਕਈਆਂ ਨੂੰ ਅਗਵਾ ਕਰਕੇ ਲੈ ਗਏ। ਗੁਰੂ ਸਾਹਿਬ ਨੇ ਉਸੇ ਵਕਤ

ਆਪਣੇ ਸਿੰਘਾਂ ਦਾ ਇਕ ਜਥਾ ਨਾਲ ਲਿਆ ਤੇ ਉਸ ਪਿੰਡ ਪਹੁੰਚੇ। ਪਿੰਡ ਦੇ ਬਾਹਰ ਖੜੇ ਹੋ ਕੇ ਉਨ੍ਹਾਂ ਸਿੰਘਾਂ ਨੂੰ ਕਿਹਾ, ਪਿੰਡ ਵਿਚੋਂ ਬੱਚੇ, ਬੁਢੇ ਤੇ ਬੀਬੀਆਂ ਬਾਹਰ ਨਾਲ ਲੈ ਆਓ। ਸਿੰਘਾਂ ਨੇ ਇੰਜ ਹੀ ਕੀਤਾ। ਗੁਰੂ ਸਾਹਿਬ ਨੇ ਸਿੰਘਾਂ ਨੂੰ ਮੁੜ ਭੇਜਿਆ ਕਿ ਜਾਓ, ਇਕ ਵਾਰ ਫਿਰ ਦੇਖ ਆਓ, ਕੋਈ ਲਾਚਾਰ ਜਾਂ ਬੱਚਾ, ਬੀਬੀ ਤਾਂ ਪਿਛੇ ਨਹੀਂ ਰਹਿ ਗਏ। ਜਦੋਂ ਸਿੰਘਾਂ ਨੇ ਮੁੜ ਕੇ ਆ ਕੇ ਜਵਾਬ ਦਿਤਾ ਕਿ ਨਹੀਂ, ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੁਕਮ ਕੀਤਾ, ਪਿੰਡ ਵਿਚ ਬਚਿਆ ਇਕ ਇਕ ਬੰਦਾ ਕਤਲ ਕਰ ਦਿਓ। ਸਿਰਦਾਰ ਕਪੂਰ ਸਿੰਘ ਨੇ ਇਹ ਗੱਲ ਸੁਣਾਉਣ ਪਿਛੋਂ ਕਿਹਾ ਕਿ ਜਦੋਂ ਹੱਦ ਮੁਕ ਜਾਵੇ ਤਾਂ ਸਭ ਤੋਂ ਕਾਰਗਰ ਨੀਤੀ 'ਪਵਿੱਤਰ ਦਹਿਸ਼ਤ' (ਹੋਲੀ ਵਾਰ) ਦੀ ਹੁੰਦੀ ਹੈ। ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਇਸ ਨੀਤੀ ਨੂੰ ਵਰਤਣ ਲਈ ਦਸਮੇਸ਼ ਪਿਤਾ ਦੀ ਦਿਤੀ ਮਤ ਦਾ ਹੋਣਾ ਵੀ ਜਰੂਰੀ ਹੈ। ਪੰਜਾਬ 'ਚ ਚੱਲੀ ਖਾੜਕੂ ਲਹਿਰ ਇਸੇ ਨੁਕਤੇ ਨੂੰ ਹੀ ਸ਼ਾਇਦ ਆਪਣੇ ਮਨ ਮਸਤਕ ਵਿਚ ਵਸਾ ਨਾ ਸਕਣ ਕਾਰਨ ਸਰਾਪੀ ਗਈ। ਇਸ ਸਮਾਗਮ ਤੋਂ ਬਾਅਦ ਡਾ. ਦਿਲਗੀਰ, ਡਾ. ਮੋਕਲ ਤੇ ਹੋਰ ਵਿਦਿਆਰਥੀਆਂ ਵਿਚਾਲੇ ਗੱਲ ਤੁਰੀ ਤਾਂ ਸਵਾਲ ਇਹ ਕੀਤਾ ਜਾ ਰਿਹਾ ਸੀ ਕਿ ਜੇ ਦਹਿਸ਼ਤ ਦੀ ਇਹ ਨੀਤੀ ਗਲਤ ਲੋਕਾਂ ਨੇ ਅਪਨਾ ਲਈ ਤਾਂ ਕੀ ਹੋਵੇਗਾ?

ਇੱਥੇ ਮੈਨੂੰ ਇਹ ਮੰਨਣ ਵਿਚ ਝਿਜਕ ਨਹੀਂ ਕਿ ਰਾਜਨੀਤੀ ਦੀ ਨਾ ਮੈਨੂੰ ਉਦੋਂ ਬਹੁਤੀ ਸਮਝ ਸੀ ਅਤੇ ਨਾ ਹੀ ਅੱਜ ਹੈ। ਫਿਰ ਵੀ ਜਦੋਂ ਦਲ ਖਾਲਸਾ ਵਾਲੇ ਹਰਸਿਮਰਨ ਸਿੰਘ, ਡਾ. ਦਰਸ਼ਨ ਸਿੰਘ, ਡਾ. ਹਰਦੇਵ ਸਿੰਘ ਸੱਚਰ, ਬੰਗਾ ਕਾਲਜ ਵਾਲੇ ਪ੍ਰੋ. ਹਰਪਾਲ ਸਿੰਘ, ਡਾ. ਭਗਵਾਨ ਸਿੰਘ ਮੋਕਲ ਅਤੇ ਸਭ ਤੋਂ ਵੱਧ ਹਰਜਿੰਦਰ ਸਿੰਘ ਦਿਲਗੀਰ ਨਾਲ ਸੰਗਤ ਦੇ ਸਮੇਂ ਨੂੰ ਚਿਤਵਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਇਹ ਹੀ ਉਹ ਲੋਕ ਸਨ ਜਿਨ੍ਹਾਂ ਨੇ ਮੇਰੇ ਅੰਦਰ ਆਪਣੀ ਸਿੱਖ ਭਾਈਚਾਰਕ ਪਛਾਣ ਬਾਰੇ ਜ਼ਿੰਮੇਵਾਰੀ ਲਈ ਅਹਿਸਾਸ ਦਾ ਮੁੱਢਲਾ ਬੀਜ ਬੀਜਿਆ। ਬਾਅਦ ਦੇ ਸਮੇਂ ਦੌਰਾਨ ਭਾਅ ਜੀ ਕਰਮਜੀਤ ਸਿੰਘ ਨਾਲ ਨੇੜਤਾ ਨੇ ਇਸ ਅਹਿਸਾਸ ਨੂੰ ਹੋਰ ਤਿੱਖਾ ਕੀਤਾ। ਮੈਨੂੰ ਲਗਦਾ ਹੈ ਕਿ 'ਪੰਜਾਬ ਟਾਈਮਜ਼' ਸ਼ੁਰੂ ਕਰਨ ਤੇ ਇਸ ਦੀ ਇਕ ਖਾਸ ਦਿਸ਼ਾ ਮਿਥਣ ਪਿਛੇ ਵੀ ਸ਼ਾਇਦ ਇਹੋ ਅਹਿਸਾਸ ਹੀ ਹੈ ਜੋ ਪੰਜਾਬ ਯੂਨੀਵਰਸਿਟੀ ਦੇ ਸਮਿਆਂ ਅਤੇ 'ਪੰਜਾਬੀ ਟ੍ਰਿਬਿਊਨ' ਵਿਚ ਨੌਕਰੀ ਕਰਦਿਆਂ ਗ੍ਰਹਿਣ ਕਰਨ ਦਾ ਮੈਨੂੰ ਮੌਕਾ ਮਿਲਿਆ।

ਸਮਾਂ ਅੱਗੇ ਵਧਦਾ ਜਾ ਰਿਹਾ ਸੀ। ਐਮ ਫਿਲ ਮੁਕੰਮਲ ਕਰਨ ਪਿਛੋਂ ਦਿਲਗੀਰ ਨੇ ਪੀ ਐਚ ਡੀ ਲਈ ਰਜਿਸਟਰੇਸ਼ਨ ਕਰਵਾ ਲਈ ਹੋਈ ਸੀ। ਮੈਂ ਤੇ ਦਿਲਗੀਰ 15 ਸੈਕਟਰ ਕਮਰਾ ਲੈ ਕੇ ਇਕੱਠੇ ਰਹਿਣ ਲੱਗੇ। ਦਿਲਗੀਰ ਨੂੰ ਵਾਦੀ ਸੀ ਕਿ ਉਸ ਨੇ ਹਰ ਰੋਜ਼ ਇਕ ਕਪੜਾ ਜ਼ਰੂਰ ਧੋਣਾ ਹੁੰਦਾ, ਆਪਣਾ ਨਾ ਲਭਦਾ ਤਾਂ ਮੇਰਾ ਹੀ ਧੋ ਦਿੰਦਾ। ਮੈਂ ਕਈ ਵਾਰ ਇਸ ਗੱਲ 'ਤੇ ਖਿਝਣਾ ਵੀ। ਨਿਰੰਕਾਰੀਆਂ ਵਾਲੇ ਮਾਮਲੇ ਨੂੰ ਲੈ ਕੇ ਸਿੱਖਾਂ ਵਿਚ ਰੋਸ ਵਧਦਾ ਹੀ ਜਾ ਰਿਹਾ ਸੀ। ਇਨ੍ਹਾਂ ਹੀ ਦਿਨਾਂ ਵਿਚ ਡਾ. ਦਿਲਗੀਰ ਨੇ ਅੰਗਰੇਜ਼ੀ ਵਿਚ ਅਕਾਲ ਤਖ਼ਤ 'ਤੇ ਇਕ ਪੁਸਤਕ ਲਿਖੀ। ਮੈਂ ਦਿਲਗੀਰ ਦੇ ਮਿਹਨਤ ਕਰਨ ਦੇ ਸੁਭਾਅ ਤੋਂ ਹੈਰਾਨ ਸਾਂ। ਕਿਤਾਬ ਲਿਖਣ ਸਮੇਂ ਉਹ ਲਗਾਤਾਰ 16-16 ਘੰਟੇ ਕਿਤਾਬਾਂ ਨੂੰ ਚੰਬੜਿਆ ਰਹਿੰਦਾ। ਹੁਣ ਛਾਪਣ ਲਈ ਉਸ ਕੋਲ ਪੈਸੇ ਨਹੀਂ ਸਨ। ਉਸ ਦੇ ਪਿਓ ਦਾ ਚੰਗਾ ਕਾਰੋਬਾਰ ਸੀ ਪਰ ਪਿਓ-ਪੁੱਤ 'ਚ ਬਣਦੀ ਨਹੀਂ ਸੀ। ਅਪਰੈਲ 1980 ਵਿਚ ਮੈਨੂੰ ਟ੍ਰਿਬਿਊਨ ਤੋਂ ਬੋਨਸ ਦੇ ਕਰੀਬ ਹਜਾਰ ਰੁਪਏ ਮਿਲੇ, ਦਿਲਗੀਰ ਨੇ ਇਹ ਪੈਸੇ ਮੇਰੇ ਤੋਂ ਉਧਾਰ ਫੜ ਕੇ ਉਹ ਕਿਤਾਬ ਛਪਵਾਈ। ਕਿਤਾਬ ਦੀ ਚਰਚਾ ਵੀ ਹੋਈ। ਅਕਾਲ ਤਖ਼ਤ ਸਾਹਿਬ ਬਾਰੇ ਆਪਣੀ ਕਿਸਮ ਦੀ ਇਹ ਪਹਿਲੀ ਪੁਸਤਕ ਸੀ। ਇਥੋਂ ਹੀ ਡਾ. ਦਿਲਗੀਰ ਨੇ ਆਪਣਾ ਰੁਖ ਸਿੱਖ ਇਤਿਹਾਸ ਵੱਲ ਕਰ ਲਿਆ ਅਤੇ ਬਾਅਦ ਵਿਚ ਕਈ ਪੁਸਤਕਾਂ ਸਿੱਖ ਇਤਿਹਾਸ ਬਾਰੇ ਲਿਖੀਆਂ।



ਡਾ. ਦਿਲਗੀਰ ਦੀ ਸਿੱਖ ਇਤਿਹਾਸ ਬਾਰੇ ਪੁਸਤਕ ਲੜੀ

24 ਅਪ੍ਰੈਲ 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਕਤਲ ਹੋ ਗਿਆ। ਮੈਂ ਕਮਰੇ ਵਿਚ ਸੁੱਤਾ ਪਿਆ ਸਾਂ ਜਦੋਂ ਡਾ ਦਿਲਗੀਰ ਨੇ ਅੱਧੀ ਰਾਤੀਂ ਮੈਨੂੰ ਉਠਾ ਕੇ ਦੱਸਿਆ ਕਿ ਸਿੰਘਾਂ ਨੇ 'ਨਰਕਧਾਰੀ' ਨੂੰ ਗੱਡੀ ਚਾੜ੍ਹ ਦਿੱਤਾ ਹੈ। ਪਰ ਉਹ ਹੈਰਾਨ ਸੀ ਕਿ ਇਹ ਖ਼ਬਰ ਸੁਣ ਕੇ ਮੈਨੂੰ ਉਸ ਜਿੰਨੀ ਖੁਸ਼ੀ ਕਿਉਂ ਨਹੀਂ ਹੋਈ ਅਤੇ ਮੈਂ ਉਸੇ ਪਲ ਉਠ ਕੇ ਭੰਗੜਾ ਪਾਉਣਾ ਸ਼ੁਰੂ ਕਿਉਂ ਨਾ ਕੀਤਾ। ਉਸ ਦਿਨ ਬਾਅਦ ਵਿਚ ਦਫ਼ਤਰ ਜਾ ਕੇ ਮੈਂ ਇਹ ਗੱਲ ਬੱਲ ਨਾਲ ਕੀਤੀ। ਬੱਲ ਦਾ ਕਹਿਣਾ ਸੀ, ਇਹ ਚੱਕਰ ਬਾਹਲਾ ਚੰਗਾ ਨਹੀਂ ਰਹਿਣਾ। ਉਸ ਕਿਹਾ, 1978 ਦਾ ਵਿਸਾਖੀ ਵਾਲਾ ਭਾਣਾ ਕਿਸੇ ਵੀ ਸੂਰਤ ਨਹੀਂ ਸੀ ਵਾਪਰਨਾ ਚਾਹੀਦਾ। ਇਸ ਨੂੰ ਸਹਿਜੇ ਹੀ ਟਾਲਿਆ ਜਾ ਸਕਦਾ ਸੀ ਪਰ ਜਿਹੜੀਆਂ ਨਿਹੱਥੀਆਂ ਫੌਜਾਂ ਨਿਰੰਕਾਰੀ ਸਮਾਗਮ ਰੁਕਵਾਉਣ ਗਈਆਂ ਸਨ, ਉਨ੍ਹਾਂ ਨੂੰ ਨਾ ਪਤਾ ਸੀ ਤੇ ਨਾ ਹੀ ਕਿਸੇ ਨੇ ਦੱਸਿਆ ਹੀ ਸੀ ਕਿ ਰੋਸ ਪ੍ਰਗਟ ਕਿਵੇਂ ਕਰਨਾ ਹੈ, ਕਿਸ ਹੱਦ ਦੇ ਅੰਦਰ ਰਹਿਣਾ ਹੈ? ਆਖਿਰਕਾਰ ਲੱਖਾਂ ਲੋਕਾਂ ਦਾ ਹਜੂਮ ਸੀ ਅਤੇ ਸਮਾਗਮ ਤਿੰਨ ਦਿਨ ਤੋਂ ਚੱਲ ਰਿਹਾ ਸੀ। ਖੜ੍ਹੇ ਪੈਰ ਕਿਵੇਂ ਰੋਕਿਆ ਜਾ ਸਕਦਾ ਸੀ? ਭਾਈ ਫੌਜਾ ਸਿੰਘ ਦੀ ਅਗਵਾਈ ਵਿਚ ਗਏ ਸਿੰਘ ਪੂਰੇ ਤਿੰਨ ਘੰਟੇ ਪੁਲਿਸ ਨਾਲ ਉਲਝਦੇ ਰਹੇ ਅਤੇ ਅਖਿਰ ਜੋ ਹੋਇਆ, ਸਭ ਨੂੰ ਪਤਾ ਹੈ। ਬੱਲ ਨਾਲ ਇਸ ਗੱਲਬਾਤ ਤੋਂ ਅਗਲੇ ਦਿਨ ਇਹੋ ਸ਼ੰਕੇ ਜਦੋਂ ਮੈਂ ਆਪਣੇ ਖਾਲਿਸਤਾਨੀ ਮਿੱਤਰਾਂ ਵਿਚੋਂ ਕਿਸੇ ਇਕ ਨਾਲ ਸਾਂਝੇ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਜਵਾਬ ਸੀ 'ਬੱਲ ਤਾਂ ਨਾਸਤਕ ਹੈ, ਤੇਰੀ ਬੁੱਧ ਭ੍ਰਿਸ਼ਟ ਕਰ ਦੇਵੇਗਾ।' ਹੁਣ ਮੈਂ ਸੋਚਦਾਂ, ਬੱਲ ਨੇ ਮੇਰੀ ਜਿੰਨੀ ਕੁ ਬੁੱਧ 'ਭ੍ਰਿਸ਼ਟ' ਕੀਤੀ, ਪਿੱਛੋਂ ਉਹੋ ਹੀ ਮੇਰੇ ਬੜੇ ਕੰਮ ਆਈ।

ਡਾ. ਦਿਲਗੀਰ ਨੇ ਕੁਝ ਸਾਹਿਤਕ ਪੁਸਤਕਾਂ ਵੀ ਲਿਖੀਆਂ। ਉਸ ਨੇ ਫਰਾਂਸੀਸੀ ਲੇਖਕ ਜਾਂ ਪਾਲ ਸਾਰਤਰ ਅਤੇ ਅਲਬਰਟ ਕਾਮੂ ਵੀ ਪੜ੍ਹੇ ਸਨ। ਜਲੰਧਰ ਰਹਿੰਦਾ ਹੋਣ ਕਰਕੇ ਉਸ ਦਾ ਉਥੋਂ ਦੇ ਪ੍ਰਸਿਧ ਕਾਫੀ ਹਾਊਸ ਵਿਚ ਜਾਣ-ਆਉਣ ਵੀ ਸੀ। ਉਸ ਨੇ ਉਨ੍ਹਾਂ ਪ੍ਰਭਾਵਾਂ ਹੇਠ 'ਤੇ ਕਾਮੂ ਰੋਂਦਾ ਰਹੇਗਾ' ਨਾਵਲਟ ਲਿਖਿਆ ਸੀ ਜੋ ਮੈਨੂੰ ਕਾਫੀ ਦਿਲਚਸਪ ਲੱਗਿਆ। ਕਾਵਿ ਸੰਗ੍ਰਿਹ 'ਐਸਕੀਮੋ ਸਮਾਈਲ' ਤੇ 'ਬੇਵਫਾਈਆਂ' ਤੋਂ ਇਲਾਵਾ ਸੰਪਾਦਿਤ ਪੁਸਤਕ '1960 ਤੋਂ ਬਾਅਦ ਦੀ ਪੰਜਾਬੀ ਕਵਿਤਾ' ਅਤੇ 'ਇੱਕੀ ਕਹਾਣੀਆਂ' ਨਾਂ ਦਾ ਕਹਾਣੀ ਸੰਗ੍ਰਿਹ ਵੀ ਛਪ ਚੁਕੇ ਸਨ।

ਦਿਲਗੀਰ ਦਾ ਪਹਿਲਾ ਵਿਆਹ ਕਾਮਯਾਬ ਨਹੀਂ ਸੀ ਹੋ ਸਕਿਆ ਅਤੇ 1981 ਵਿਚ ਉਸ ਨੇ ਹਿੰਦੂਆਂ ਦੀ ਇਕ ਲੜਕੀ ਊਸ਼ਾ ਨਾਲ ਲਵ ਮੈਰਿਜ ਕਰਵਾਈ। ਇਸ ਵਿਆਹ ਵਿਚ ਮੈਂ ਵੀ ਮੋਹਰੀ ਭੂਮਿਕਾ ਨਿਭਾਈ। ਉਸ ਦੇ ਵਿਆਹ ਤੋਂ ਕੁਝ ਮਹੀਨੇ ਪਹਿਲਾਂ ਹੀ ਸਾਡਾ ਵਿਆਹ ਹੋਇਆ ਸੀ। ਮੇਰੀ ਪਤਨੀ ਜਸਪ੍ਰੀਤ ਦਾ ਵਿਆਹ ਵਾਲਾ ਦੁਪੱਟਾ ਲਾਵਾਂ ਵੇਲੇ ਊਸ਼ਾ ਦੇ ਸਿਰ 'ਤੇ ਸੀ। ਊਸ਼ਾ ਦੇ ਘਰ ਦੇ ਮੰਨਦੇ ਨਹੀਂ ਸਨ ਅਤੇ ਉਸ ਮਾਪਿਆਂ ਤੋਂ ਬਾਹਰੀ ਹੋ ਕੇ ਦਿਲਗੀਰ ਨਾਲ ਵਿਆਹ ਕਰਵਾਇਆ। ਵਿਆਹ ਤੋਂ ਪਿਛੋਂ ਊਸ਼ਾ ਗੁਰਿੰਦਰ ਕੌਰ ਬਣ ਗਈ।

ਮੇਰਾ ਯੂਨੀਵਰਸਿਟੀ ਆਉਣਾ-ਜਾਣਾ ਪਹਿਲਾਂ ਵਾਂਗ ਹੀ ਬਣਿਆ ਰਿਹਾ। ਐਮ ਫਿਲ ਤੋਂ ਬਾਅਦ ਵੀ ਕਿਸੇ ਨਾ ਕਿਸੇ ਕੋਰਸ ਵਿਚ ਮੈਂ ਸਿਰ ਫਸਾਈ ਰਖਿਆ। ਯੂਨੀਵਰਸਿਟੀ ਦੇ ਮਾਹੌਲ ਵਿਚ ਸਿੱਖ ਪੱਖੀ ਝੁਕਾਅ ਸਾਫ ਨਜ਼ਰ ਆਉਣ ਲਗ ਪਿਆ ਸੀ। ਖਾਲਸਾ ਕਾਲਜ ਚੰਡੀਗੜ੍ਹ ਲੱਗੇ ਪ੍ਰੋਫੈਸਰ ਦਵਿੰਦਰ ਸਿੰਘ ਅਤੇ ਬਾਅਦ ਵਿਚ ਪੰਥਕ ਕਮੇਟੀ ਦੇ ਮੈਂਬਰ ਬਣੇ ਡਾ. ਸੋਹਣ ਸਿੰਘ ਕਿਸੇ ਨਾ ਕਿਸੇ ਸੈਮੀਨਾਰ ਵਿਚ ਖਾਲਿਸਤਾਨ ਦੀ ਗੱਲ ਕਰਦੇ ਸੁਣ ਜਾਂਦੇ। 1982 ਵਿਚ ਅਕਾਲੀ ਮੋਰਚਾ ਲਗਣ ਪਿਛੋਂ ਸਿੱਖ ਪੱਖੀ ਲਹਿਰ ਕੁਝ ਹੋਰ ਵੀ ਤਿੱਖੀ ਹੋਣ ਲੱਗੀ। "ਖਾਲਿਸਤਾਨ ਕਿਉਂ ਨਹੀਂ?" ਵਿਸ਼ੇ 'ਤੇ ਇਕ ਸੈਮੀਨਾਰ ਵੀ ਹੋਇਆ। ਗਾਂਧੀ ਭਵਨ ਦੇ ਨਜਦੀਕ ਦੋ ਵਾਰ ਅਖੰਡਪਾਠ ਵੀ ਰਖਵਾਇਆ ਗਿਆ। ਇਕ ਵਾਰ ਤਾਂ ਅਪਰੇਸ਼ਨ ਬਲਿਊ ਸਟਾਰ ਤੋਂ ਕੁਝ ਹੀ ਦਿਨ ਪਹਿਲਾਂ। ਇਹ ਵਖਰੀ ਗੱਲ ਹੈ ਕਿ ਅਖੰਡਪਾਠ ਰਖਵਾਉਣ ਵਾਲੇ ਮੁੰਡਿਆਂ ਵਿਚੋਂ ਕੁਝ ਮੁੜ ਕਦੀ ਨਜ਼ਰ ਨਾ ਆਏ। ਅਪਰੇਸ਼ਨ ਬਲਿਊ ਸਟਾਰ ਤੋਂ ਦੋ ਕੁ ਮਹੀਨੇ ਪਹਿਲਾਂ, ਦਿਲਗੀਰ ਜੋ ਉਦੋਂ ਤਕ ਪੀ ਐਚ ਡੀ ਕਰ ਚੁਕਾ ਸੀ, ਚੰਡੀਗੜ੍ਹ ਛਡ ਕੇ ਚਲਾ ਗਿਆ। ਫਿਰ ਉਸ ਦਾ ਮੈਨੂੰ ਪਤਾ ਉਦੋਂ ਹੀ ਲੱਗਾ ਜਦੋਂ ਇੰਗਲੈਂਡ ਵਿਚ ਉਸ ਦੇ ਜਲਾਵਤਨ ਖਾਲਿਸਤਾਨ ਸਰਕਾਰ ਦਾ ਵਿਦੇਸ਼ ਮੰਤਰੀ ਬਣਨ ਬਾਰੇ ਅਖਬਾਰਾਂ ਵਿਚ ਖਬਰ ਛਪੀ।

ਦਿਲਗੀਰ ਕਈ ਸਾਲ ਨਾਰਵੇ ਅਤੇ ਇੰਗਲੈਂਡ ਵਿਚ ਜਲਾਵਤਨੀ ਭੋਗਣ ਪਿਛੋਂ ਸੰਨ 2000 ਦੇ ਨੇੜੇ ਤੇੜੇ ਭਾਰਤ ਪਰਤਿਆ। ਮੇਰੀ ਉਸ ਨਾਲ ਮੁਲਾਕਾਤ ਮੁੜ ਸੰਨ 2006 ਵਿਚ ਹੀ ਹੋ ਸਕੀ ਜਦੋਂ ਮੈਂ ਕੋਈ 7 ਸਾਲ ਬਾਅਦ ਇੰਡੀਆ ਵਾਪਸ ਗਿਆ ਹੋਇਆ ਸੀ। ਦਿਲਗੀਰ ਦਾ ਸੁਭਾਅ ਪਹਿਲਾਂ ਵਾਂਗ ਹੀ ਹੱਸਮੁਖ ਅਤੇ ਤੇਹ-ਮੋਹ ਵਾਲਾ ਸੀ। ਉਦੋਂ ਤਕ ਉਹ ਸਿੱਖ ਇਤਿਹਾਸ ਬਾਰੇ ਕਈ ਹੋਰ ਕਿਤਾਬਾਂ ਵੀ ਲਿਖ ਚੁਕਾ ਸੀ। ਇਨ੍ਹਾਂ ਵਿਚ ਪੰਜ ਕਿਸ਼ਤਾਂ ਵਿਚ 1469-2007 ਈ. ਤਕ ਦਾ ਸੰਪੂਰਨ ਸਿੱਖ ਇਤਿਹਾਸ ਵੀ ਸ਼ਾਮਲ ਹੈ। ਉਸ ਦਾ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਮਾਣ-ਸਨਮਾਨ ਵੀ ਹੋ ਚੁਕਾ ਸੀ। ਮੋਹਾਲੀ ਜਦੋਂ ਮੈਂ ਉਨ੍ਹਾਂ ਦੇ ਘਰ ਗਿਆ ਤਾਂ ਗੁਰਿੰਦਰ ਬਹੁਤ ਉਤਸ਼ਾਹ ਨਾਲ ਮਿਲੀ। ਉਂਜ ਕਾਫੀ ਉਦਾਸ ਜਾਪਦੀ ਸੀ, ਸ਼ਾਇਦ ਇਹ ਦਿਲਗੀਰ ਦੇ ਦਬਕਿਆਂ ਦਾ ਅਸਰ ਹੋਵੇ! ਦਿਲਗੀਰ ਨੇ ਆਪਣੇ ਇਕ ਮੁੰਡੇ ਨਾਲ ਇਸ ਕਰਕੇ ਵਰਤਣਾ ਛਡ ਦਿਤਾ ਸੀ ਕਿ ਉਹ ਪਤਿਤ ਹੋ ਗਿਆ ਸੀ। ਸ਼ਾਇਦ ਪੁੱਤਰ ਤੋਂ ਦੂਰ ਜਾ ਮਾਪਿਆਂ ਤੋਂ ਦੂਰ ਹੋਣ ਦਾ ਵੀ ਕਿਤੇ ਮਲਾਲ ਹੋਵੇ।

(ਚਲਦਾ)


ਦਿਲਗੀਰ ਦੀ ਧਰਮਪਤਨੀ ਗੁਰਿੰਦਰ ਤੇ ਉਨ੍ਹਾਂ ਦੇ ਪੁੱਤਰ

## ਗੁਲਜ਼ਾਰ ਨੂੰ ਮਿਲੇਗਾ ਇੰਦਰਾ ਗਾਂਧੀ ਪੁਰਸਕਾਰ

**ਨਵੀਂ ਦਿੱਲੀ:** ਪ੍ਰਸਿੱਧ ਗੀਤਕਾਰ ਤੇ ਫ਼ਿਲਮ ਨਿਰਮਾਤਾ ਸੰਪੂਰਨ ਸਿੰਘ ਜੋ ਗੁਲਜ਼ਾਰ ਦੇ ਨਾਂ ਨਾਲ ਪ੍ਰਸਿੱਧ ਹਨ, ਨੂੰ 27ਵੇਂ ਇੰਦਰਾ ਗਾਂਧੀ ਕੌਮੀ ਏਕਤਾ ਪੁਰਸਕਾਰ 2011 ਲਈ ਚੁਣਿਆ ਗਿਆ ਹੈ। ਇਹ ਜਾਣਕਾਰੀ ਪੁਰਸਕਾਰ ਸਲਾਹਕਾਰ ਕਮੇਟੀ ਦੇ ਮੈਂਬਰ ਸਕੱਤਰ ਮੋਤੀ ਲਾਲ ਵੋਰਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਚੇਅਰਪਰਸਨ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਸ੍ਰੀਮਤੀ ਇੰਦਰਾ ਗਾਂਧੀ ਬਲਿਦਾਨ ਦਿਵਸ ਮੌਕੇ 31 ਅਕਤੂਬਰ ਨੂੰ ਇਹ ਪੁਰਸਕਾਰ ਦੇਣਗੇ।


# Wanted Owner Operators

ਸਟਾਕਟਨ ਦੀ ਇਕ ਬਹੁਤ ਹੀ ਵਧੀਆ ਟਰੱਕਿੰਗ ਕੰਪਨੀ ਨੂੰ ਓਨਰ ਆਪਰੇਟਰਾਂ ਦੀ ਲੋੜ ਹੈ

ਸਾਡੇ ਕੋਲ ਲੋਡ ਦੀ ਕੋਈ ਕਮੀ ਨਹੀਂ
ਅਤੇ ਤੁਸੀਂ 48 ਸਟੇਟਾਂ ਵਿਚ ਜਿਸ
ਤਰ੍ਹਾਂ ਦਾ ਚਾਹੋ, ਲੋਡ ਲੈ ਸਕਦੇ ਹੋ
ਤੇਲ ਲਈ ਕਾਰਡ ਜਾਂ ਕੌਮ ਚੈਕ ਲਓ
ਹਰ ਗੇੜੇ ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ

ਫੋਨ: 209-479-0242


## ਕਰਿ ਕਿਰਪਾ ਪ੍ਰਭ ਅੰਤਰਜਾਮੀ...

## ਗੁਰਬਾਣੀ ਗਿਆਨ

ਆਸਾ ਮਹਲਾ ੫
ਕਰਿ ਕਿਰਪਾ ਪ੍ਰਭ ਅੰਤਰਜਾਮੀ
ਸਾਧਸੰਗਿ ਹਰਿ ਪਾਈਐ॥
ਖੋਲਿ ਕਿਵਾਰ ਦਿਖਾਲੇ ਦਰਸਨੁ
ਪੁਨਰਪਿ ਜਨਮਿ ਨ ਆਈਐ॥੧॥
ਮਿਲਉ ਪਰੀਤਮ ਸੁਆਮੀ ਅਪੁਨੇ
ਸਗਲੇ ਦੂਖ ਹਰਉ ਰੇ॥
ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ
ਤਾ ਕੈ ਸੰਗਿ ਤਰਉ ਰੇ॥੧॥ਰਹਾਉ॥
ਮਹਾ ਉਦਿਆਨ ਪਾਵਕ ਸਾਗਰ ਭਏ
ਹਰਖ ਸੋਗ ਮਹਿ ਬਸਨਾ॥
ਸਤਿਗੁਰੁ ਭੇਟਿ ਭਇਆ ਮਨੁ ਨਿਰਮਲੁ
ਜਪਿ ਅੰਮ੍ਰਿਤੁ ਹਰਿ ਰਸਨਾ॥੨॥
ਤਨੁ ਧਨੁ ਥਾਪਿ ਕੀਓ ਸਭੁ ਅਪਨਾ
ਕੋਮਲ ਬੰਧਨ ਬਾਂਧਿਆ॥
ਗੁਰ ਪਰਸਾਦਿ ਭਏ ਜਨ ਮੁਕਤੇ
ਹਰਿ ਹਰਿ ਨਾਮੁ ਅਰਾਧਿਆ॥੩॥
ਰਾਖਿ ਲੀਏ ਪ੍ਰਭਿ ਰਾਖਨਹਾਰੈ
ਜੋ ਪ੍ਰਭ ਅਪੁਨੇ ਭਾਣੇ॥
ਜੀਉ ਪਿੰਡੁ ਸਭੁ ਤੁਮਰਾ ਦਾਤੇ
ਨਾਨਕ ਸਦ ਕੁਰਬਾਣੇ॥੪॥

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਇਸ ਸ਼ਬਦ ਵਿਚ ਆਖਦੇ ਹਨ ਕਿ ਜੇ ਮੇਰੇ 'ਤੇ ਪ੍ਰਭੂ ਕਿਰਪਾ ਕਰ ਦੇਵੇ ਤਾਂ ਫਿਰ ਮੈਂ ਆਪਣੇ ਪ੍ਰੀਤਮ ਸੁਆਮੀ ਦੇ ਮਿਲਾਪ ਸਦਕਾ ਆਪਣੇ ਸਾਰੇ ਹੀ ਦੁੱਖ ਦੂਰ ਕਰ ਲਵਾਂ ਅਤੇ ਜਿਨ੍ਹਾਂ ਜੀਵਾਂ ਦੇ ਅੰਦਰ ਪਰਮੇਸ਼ਵਰ ਦਾ ਸਿਮਰਨ ਚੱਲ ਰਿਹਾ ਹੈ, ਉਨ੍ਹਾਂ ਦੀ ਸੰਗਤ ਕਰ ਕੇ ਮੈਂ ਭੀ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਵਾਂ। ਹੇ ਸਭ ਦੇ ਦਿਲਾਂ ਦੀਆਂ ਜਾਨਣ ਵਾਲੇ ਪ੍ਰਭੂ! ਕਿਰਪਾ ਕਰੋ ਤੇ ਮੈਨੂੰ ਗੁਰੂ ਦੀ ਸੰਗਤ ਦੇਵੋ ਕਿਉਂਕਿ ਗੁਰੂ ਦੀ ਸੰਗਤ ਕਰ ਕੇ ਹੀ ਪ੍ਰਭੂ ਦਾ ਮਿਲਾਪ ਹੁੰਦਾ ਹੈ ਅਤੇ ਪ੍ਰਭੂ ਮਾਇਆ ਦੇ ਮੋਹ ਵਿਚ ਬੰਦ ਪਏ ਕਿਵਾੜ, ਭਾਵ ਬੂਹੇ ਖੋਲ੍ਹ ਕੇ ਦਰਸ਼ਨ ਦਿੰਦਾ ਹੈ। ਫਿਰ ਮੁੜ-ਮੁੜ ਕੇ ਜਨਮ ਵਿਚ ਆਉਣਾ ਨਹੀਂ ਪੈਂਦਾ।

ਮਹਾ ਉਦਿਆਨ ਪਾਵਕ ਸਾਗਰ ਭਏ
ਹਰਖ ਸੋਗ ਮਹਿ ਬਸਨਾ॥
ਸਤਿਗੁਰੁ ਭੇਟਿ ਭਇਆ ਮਨੁ ਨਿਰਮਲੁ
ਜਪਿ ਅੰਮ੍ਰਿਤੁ ਹਰਿ ਰਸਨਾ॥੨॥

ਗੁਰਦੇਵ ਜੀ ਬਖਸ਼ਿਸ਼ ਕਰਦੇ ਹਨ ਕਿ ਹੇ ਭਾਈ, ਪ੍ਰਭੂ ਤੋਂ ਵਿਛੜੇ ਹੋਏ ਜੀਵਾਂ ਵਾਸਤੇ ਇਹ ਜਗਤ ਉਦਿਆਨ, ਭਾਵ ਇਕ ਵੱਡੇ ਘੋਰ ਜੰਗਲ ਦੀ ਨਿਆਈ ਬਣ ਜਾਂਦਾ ਹੈ ਅਤੇ ਉਸ ਬੀਆਬਾਨ ਜੰਗਲ ਵਿਚ ਇਹ ਜੀਵ ਭਟਕਦਾ ਰਹਿੰਦਾ ਹੈ। ਇਹ ਸੰਸਾਰ ਅੱਗ ਦਾ ਸਮੁੰਦਰ ਵੀ ਬਣ ਜਾਂਦਾ ਹੈ ਜਿਸ ਵਿਚ ਇਹ ਜੀਵ ਹਰ ਸਮੇਂ ਸੜਦਾ ਰਹਿੰਦਾ ਹੈ। ਕਦੇ ਖੁਸ਼ੀ ਤੇ ਕਦੀ ਗਮੀ ਵਿਚ ਬਸਨਾ, ਭਾਵ ਜੀਵਨ ਗੁਜ਼ਾਰਦਾ ਹੈ, ਪਰ ਹੇ ਭਾਈ! ਜਿਸ ਜੀਵ ਨੂੰ ਗੁਰੂ ਦਾ ਮਿਲਾਪ ਹੋ ਜਾਂਦਾ ਹੈ, ਉਸ ਦਾ ਆਤਮਿਕ ਜੀਵਨ ਦੇਣ ਵਾਲਾ ਅੰਮ੍ਰਿਤ ਨਾਮ ਜਪ ਕੇ ਮਨ ਨਿਰਮਲ ਹੋ ਜਾਂਦਾ ਹੈ।

ਤਨੁ ਧਨੁ ਥਾਪਿ ਕੀਓ ਸਭੁ ਅਪਨਾ
ਕੋਮਲ ਬੰਧਨ ਬਾਂਧਿਆ॥
ਗੁਰ ਪਰਸਾਦਿ ਭਏ ਜਨ ਮੁਕਤੇ
ਹਰਿ ਹਰਿ ਨਾਮੁ ਅਰਾਧਿਆ॥੩॥

ਹੇ ਭਾਈ! ਤਨ, ਭਾਵ ਇਸ ਸਰੀਰ ਨੂੰ ਆਪਣਾ ਮੰਨ ਕੇ ਅਤੇ ਧਨ ਭਾਵ ਮਾਇਆ ਦੇ ਪਸਾਰੇ ਨੂੰ ਭੀ ਆਪਣਾ ਹੀ ਮੰਨ ਕੇ ਸੰਸਾਰ ਦੇ ਜੀਵ ਮਾਇਆ ਦੇ ਲੁਭਾਵਣੇ ਤੇ ਮਿੱਠੇ ਬੰਧਨਾਂ ਵਿਚ ਬੱਝੇ ਰਹਿੰਦੇ ਹਨ ਅਤੇ ਸੰਸਾਰ ਦੇ ਮਾਲਕ ਪ੍ਰਭੂ ਨੂੰ ਵਿਸਰ ਕੇ ਭਰਮ ਭੁਲੇਖਿਆਂ ਵਿਚ ਹੀ ਪਏ ਰਹਿੰਦੇ ਹਨ, ਪਰ ਜਿਨ੍ਹਾਂ ਜੀਵਾਂ ਨੇ ਗੁਰੂ ਦੀ ਕ੍ਰਿਪਾ ਸਦਕਾ ਮਾਲਕ ਪ੍ਰਭੂ ਦੇ ਨਾਮ ਨੂੰ ਅਰਾਧਿਆ ਹੈ, ਉਸ ਦਾ ਸਿਮਰਨ ਕੀਤਾ ਹੈ, ਉਹ ਜੀਵ ਸਹਿਜੇ ਹੀ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਗਏ। ਹੇ ਭਾਈ! ਮਾਇਆ ਰੂਪੀ ਪਦਾਰਥਾਂ ਨੂੰ ਛੱਡ ਕੇ ਪ੍ਰਭੂ ਦਾ ਨਾਮ ਜਪੋ।

ਰਾਖਿ ਲੀਏ ਪ੍ਰਭਿ ਰਾਖਨਹਾਰੈ
ਜੋ ਪ੍ਰਭ ਅਪੁਨੇ ਭਾਣੇ॥
ਜੀਉ ਪਿੰਡੁ ਸਭੁ ਤੁਮਰਾ ਦਾਤੇ
ਨਾਨਕ ਸਦ ਕੁਰਬਾਣੇ॥੪॥

ਗੁਰਦੇਵ ਪਿਤਾ ਸ਼ਬਦ ਦੇ ਅਖੀਰ ਵਿਚ ਬਖਸ਼ਿਸ਼ ਕਰਦੇ ਹਨ ਕਿ ਭਾਈ ਜਿਹੜੇ ਜੀਵ ਪ੍ਰਭੂ ਆਪਣੇ ਭਾਣੇ, ਭਾਵ ਉਸ ਮਾਲਕ ਨੂੰ ਚੰਗੇ ਲਗਦੇ ਹਨ, ਉਨ੍ਹਾਂ ਨੂੰ ਸੰਸਾਰ ਦਾ ਮਾਲਕ ਮੋਹ ਮਾਇਆ ਦੇ ਬੰਧਨਾਂ ਤੋਂ ਆਪ ਹੀ ਆਣ ਕੇ ਬਚਾ ਲੈਂਦਾ ਹੈ। ਇਹ ਨਾਨਕ ਆਖਦਾ ਹੈ, ਹੇ ਮੇਰੇ ਦਾਤਾਰ ਪ੍ਰਭੂ ਜੀਉ! ਇਹ ਜੀਉ ਪਿੰਡ, ਭਾਵ ਮੇਰੀ ਜਾਨ ਅਤੇ ਇਹ ਸਰੀਰ ਇਹ ਸਭ ਕੁਝ ਤਾਂ ਆਪ ਜੀ ਦਾ ਦਿੱਤਾ ਹੋਇਆ ਹੈ। ਕ੍ਰਿਪਾ ਕਰੋ, ਮੈਂ ਕਿਤੇ ਇਨ੍ਹਾਂ ਨੂੰ ਆਪਣੇ ਹੀ ਨਾ ਸਮਝਦਾ ਰਵਾਂ, ਮੇਰੇ ਪ੍ਰਭੂ ਮੈਂ ਤੈਥੋਂ ਸਦਕੇ ਜਾਂਦਾ ਹਾਂ।

ਆਓ ਦੇਹਧਾਰੀ ਗੁਰੂਆਂ ਨੂੰ ਛੱਡ ਕੇ ਸ਼ਬਦ ਗੁਰੂ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

ਵਿਚਾਰ-ਚਰਚਾ

## 'ਸਿੱਖ ਕੌਮ: ਹਸਤੀ ਤੇ ਹੋਣੀ'-ਕੁਝ ਸੰਸੇ, ਕੁਝ ਸਵਾਲ-4

# ਬੀਤੇ ਤੋਂ ਸਬਕ ਲੈਣੇ ਤੇ ਸੰਵਾਦ ਰਚਾਉਣਾ ਬਹੁਤ ਜ਼ਰੂਰੀ

***'ਪੰਜਾਬ ਟਾਈਮਜ਼' ਵਿਚ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਸਾਲ 2010-11 ਵਿਚ ਹੋਈ ਵਿਚਾਰ-ਚਰਚਾ ਦੇ ਆਧਾਰ 'ਤੇ ਛਪੀ ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਬਾਰੇ ਅਦਾਰਾ 'ਪੰਜਾਬ ਟਾਈਮਜ਼' ਵੱਲੋਂ ਬਜ਼ੁਰਗ ਦਾਨਸ਼ਵਰ ਡਾ. ਪਰੇਮ ਸਿੰਘ ਨੂੰ 'ਸਿੱਖ ਕੌਮ: ਹਸਤੀ ਤੇ ਹੋਣੀ ਬਾਰੇ' ਆਪਣੀ ਰਾਏ ਲਿਖ ਭੇਜਣ ਲਈ ਬੇਨਤੀ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਪੁਸਤਕ ਵਿਚ ਸ਼ਾਮਲ ਲੇਖਾਂ ਨੂੰ ਉਨ੍ਹਾਂ ਨੇ ਪੂਰੀ ਨੀਝ ਨਾਲ ਪੜ੍ਹਿਆ ਹੈ ਅਤੇ ਉਹ ਇਨ੍ਹਾਂ 'ਚੋਂ ਬਹੁਤੇ ਲੇਖਾਂ ਬਾਰੇ ਵੱਖਰੀ-ਵੱਖਰੀ ਟਿੱਪਣੀ ਲਿਖਣਾ ਵੱਧ ਪਸੰਦ ਕਰਨਗੇ। ਉਨ੍ਹਾਂ ਨੇ ਆਪਣੀ ਲੰਮੀ ਟਿੱਪਣੀ ਭੇਜ ਦਿੱਤੀ ਹੈ ਜੋ ਅਸੀਂ ਲੜੀਵਾਰ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

**ਪਰੇਮ ਸਿੰਘ (ਡਾ.)**

ਚਰਚਾ ਵਿਚ ਹਿੱਸਾ ਲੈ ਰਹੇ ਝੀਤੇ ਕਲਾਂ (ਜ਼ਿਲ੍ਹਾ ਅੰਮ੍ਰਿਤਸਰ) ਦੇ ਸ. ਰਣਜੀਤ ਸਿੰਘ ਜਿਹੜੇ ਉਨ੍ਹਾਂ ਦੇ ਆਖੇ ਅਨੁਸਾਰ ਅਜਮੇਰ ਸਿੰਘ ਦੇ ਬੌਧਿਕ ਕਾਰਜ ਵਿਚ ਸਰਗਰਮ ਭਾਈਵਾਲ ਸਨ, ਦਾ ਮੱਤ ਇਹ ਹੈ ਕਿ ਪ੍ਰੋ. ਬਲਕਾਰ ਸਿੰਘ ਦੀਆਂ ਦਲੀਲਾਂ ਬੇਸਿਰ-ਪੈਰ ਹਨ। ਪੁਸਤਕ ਵਿਚ ਦਰਜ ਉਨ੍ਹਾਂ ਦੀ ਲਿਖਤ ਦਾ ਸਿਰਲੇਖ ਹੈ: 'ਵਿਦਵਾਨ ਬਲਕਾਰ ਸਿੰਘ ਨੂੰ ਗੁੱਸਾ ਕਿਉਂ ਆਉਂਦਾ ਹੈ?' ਉਨ੍ਹਾਂ ਅਨੁਸਾਰ 1984 ਦੇ ਦਰਦਨਾਕ ਕਾਂਡ ਨੂੰ ਸਮਝਣ ਲਈ ਤਿੰਨ ਪੱਖਾਂ ਉਤੇ ਧਿਆਨ ਕੇਂਦਰਤ ਕਰਨਾ ਜ਼ਰੂਰੀ ਹੈ। ਇਕ ਇਹ ਕਿ ਕੀ ਕੁਝ ਵਾਪਰਿਆ, ਦੂਜਾ ਇਹ ਕਿ ਕਿਸ ਢੰਗ ਨਾਲ ਹੋਇਆ ਅਤੇ ਤੀਜਾ ਇਹ ਕਿ ਇਹ ਸਾਰਾ ਕੁਝ ਕਿਉਂ ਹੋਇਆ। ਪਹਿਲੇ ਦੋ ਪੱਖਾਂ ਦਾ ਜੁਆਬ ਲੱਭਣਾ ਔਖਾ ਨਹੀਂ। ਸਰਕਾਰੀ ਤੇ ਗ਼ੈਰ-ਸਰਕਾਰੀ ਰਿਪੋਰਟਾਂ ਅਤੇ ਦਸਤਾਵੇਜ਼ਾਂ ਤੇ ਦੁਸ਼ਮਣ ਦੇ ਬਾਹਰਮੁਖੀ ਅਮਲਾਂ ਨੂੰ ਆਧਾਰ ਬਣਾ ਕੇ ਨਿਸ਼ਚਿਤ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ, ਪਰ ਤੀਜੇ ਪੱਖ ਬਾਰੇ ਕਿਸੇ ਤਸੱਲੀਬਖ਼ਸ਼ ਨਤੀਜੇ ਉਤੇ ਪਹੁੰਚਣਾ ਸਭ ਨਾਲੋਂ ਮੁਸ਼ਕਲ ਹੈ।

ਨਾਜ਼ੀਵਾਦ ਅਧੀਨ ਯਹੂਦੀਆਂ ਨਾਲ ਹੋਏ ਜ਼ੁਲਮਾਂ ਦੀ ਸਿੱਖਾਂ ਉਤੇ ਹੋਏ ਅਤਿਆਚਾਰਾਂ ਦੀ ਤੁਲਨਾ ਕਰਦਿਆਂ ਰਣਜੀਤ ਸਿੰਘ ਨੇ ਲਿਖਿਆ ਹੈ ਕਿ ਜ਼ਿਆਦਾਤਰ ਸਿੱਖ ਵਿਦਵਾਨਾਂ ਨੇ ਸਾਰੇ ਘਟਨਾਕ੍ਰਮ ਲਈ ਭਾਰਤ ਦੇ ਹਾਕਮਾਂ ਨੂੰ ਦੋਸ਼ੀ ਜ਼ਰੂਰ ਮੰਨਿਆ ਹੈ ਪਰ ਉਹ ਇਸ ਗੱਲ ਦੀ ਕੋਈ ਵਿਆਖਿਆ ਨਹੀਂ ਕਰ ਸਕੇ ਕਿ ਹਾਕਮਾਂ ਨੇ ਅਜਿਹਾ ਕਹਿਰ ਕਿਉਂ ਵਰਤਾਇਆ? ਉਨ੍ਹਾਂ ਨੂੰ ਇਹ ਅਪਰਾਧ ਕਰਨ ਲਈ ਉਕਸਾਉਣ ਵਾਲੇ ਮਨੋਵਿਗਿਆਨਕ ਤੇ ਇਤਿਹਾਸਕ ਪ੍ਰੇਰਕ ਕਿਹੜੇ ਸਨ? ਕੁਝ ਸਿੱਖ ਵਿਦਵਾਨਾਂ ਨੇ ਸੰਤ ਜਰਨੈਲ ਸਿੰਘ ਦੇ ਪੈਂਤੜੇ ਨੂੰ ਹਮਦਰਦੀ ਦੇ ਨੁਕਤਾ-ਨਿਗਾਹ ਤੋਂ ਸਮਝਣ ਦਾ ਯਤਨ ਨਹੀਂ ਕੀਤਾ। ਉਹ ਇਹ ਨਹੀਂ ਸਮਝ ਸਕੇ ਕਿ ਸੰਤ ਭਿੰਡਰਾਂਵਾਲੇ ਨੇ ਕਿਸ ਵੱਡੇ ਮਨੋਰਥ ਨੂੰ ਧਿਆਨ ਵਿਚ ਰੱਖ ਕੇ ਅਜਿਹਾ ਪੈਂਤੜਾ ਅਪਨਾਇਆ ਸੀ। ਅਕਾਲੀ ਆਗੂਆਂ ਦਾ ਖਾੜਕੂ ਲਹਿਰ ਪ੍ਰਤੀ ਰਵੱਈਆ ਸੌੜੀਆਂ ਤੇ ਵਕਤੀ ਰਾਜਨੀਤਕ ਗਰਜ਼ਾਂ ਤੋਂ ਨਿਰਧਾਰਿਤ ਹੁੰਦਾ ਕਿਹਾ ਹੈ। ਪ੍ਰੋ. ਬਲਕਾਰ ਸਿੰਘ ਨੇ ਅਜਮੇਰ ਸਿੰਘ ਦੀਆਂ ਕਿਤਾਬਾਂ ਨੂੰ ਸੁਹਿਰਦਤਾ ਨਾਲ ਜਾਣਨ ਦਾ ਯਤਨ ਕਰਨ ਦੀ ਥਾਂ ਨਿੰਦਨੀਯ ਭਾਵਨਾ ਰੱਖੀ ਹੈ। ਉਨ੍ਹਾਂ ਨੂੰ ਭਾਰਤੀ ਸਟੇਟ ਦੇ ਖਾਸੇ, ਇਸ ਦੀ ਸਮਾਜੀ ਬਣਤਰ, ਅਕਾਲੀ ਰਾਜਨੀਤੀ ਤੇ ਨਾਲ ਹੀ ਖਾੜਕੂ ਲਹਿਰ ਦੀ ਡੂੰਘੀ ਸਮਝ ਨਹੀਂ। ਸਿੱਖ ਕੌਮ ਦੇ ਵਿਦਵਾਨਾਂ ਦੀ ਸਮਝ ਉਹੋ ਹੀ ਹੈ ਜੋ ਚਿਰਾਂ ਤੋਂ ਬਹੁਗਿਣਤੀ ਵਰਗ ਬਾਰੇ ਬਣੀ ਹੋਈ ਹੈ। ਜੇ ਪ੍ਰੋ. ਬਲਕਾਰ ਸਿੰਘ ਨੂੰ ਸਿੱਖ ਕੌਮ ਨਾਲ ਇੰਨਾ ਕੁਝ ਵਾਪਰਨ ਪਿਛੋਂ ਵੀ ਅਜਮੇਰ ਸਿੰਘ "ਹਿੰਦੂ ਹਊਏ ਨੂੰ ਵਧਾ ਕੇ ਪੇਸ਼ ਕਰ ਰਿਹਾ" ਜਾਪਦਾ ਹੈ ਤਾਂ ਦਲੀਲ ਲਈ ਕੋਈ ਥਾਂ ਨਹੀਂ। ਇਹ ਉਨ੍ਹਾਂ ਦੀ ਬਿਮਾਰ ਮਾਨਸਿਕ ਰੁਚੀ ਹੈ ਨਾ ਕਿ ਸੁਅਸਥ ਵਿਦਵਤਾ।

ਸ. ਰਣਜੀਤ ਸਿੰਘ ਅਨੁਸਾਰ ਅਜਮੇਰ ਸਿੰਘ ਉਤੇ ਪ੍ਰੋ. ਬਲਕਾਰ ਸਿੰਘ ਦਾ ਦੂਜਾ ਦੋਸ਼ ਇਹ ਹੈ ਕਿ ਉਸ ਨੇ ਆਪਣੇ ਥੀਸਿਸ ਨੂੰ ਜ਼ਬਰਦਸਤੀ ਸਹੀ ਸਿੱਧ ਕਰਨ ਲਈ ਖੁਸ਼ਵੰਤ ਸਿੰਘ ਵਰਗੇ ਕੱਟੜ ਵਿਰੋਧੀਆਂ ਦੀਆਂ ਟੂਕਾਂ ਨੂੰ ਵੀ ਪ੍ਰਸੰਗ ਵਿਚੋਂ ਕੱਢ ਕੇ ਆਪਣੇ ਹੱਕ ਵਿਚ ਭੁਗਤਾਇਆ ਹੈ। ਇਹ ਦੋਸ਼ ਲਾਉਂਦਿਆਂ ਰਣਜੀਤ ਸਿੰਘ ਨੇ ਮੰਗ ਕੀਤੀ ਹੈ ਕਿ ਪ੍ਰੋ. ਬਲਕਾਰ ਸਿੰਘ ਠੋਸ ਰੂਪ ਵਿਚ ਦੱਸਣ ਕਿ ਕਿਹੜੀ ਟੂਕ ਨੂੰ ਪ੍ਰਸੰਗ ਨਾਲੋਂ ਨਿਖੇੜ ਕੇ ਵਰਤਿਆ ਗਿਆ ਹੈ। ਉਨ੍ਹਾਂ ਅਨੁਸਾਰ ਅਜਮੇਰ ਸਿੰਘ ਨੇ ਅਕਾਲੀ ਆਗੂਆਂ ਦੇ ਮੁਲੰਕਣ ਦੇ ਪ੍ਰਸੰਗ ਵਿਚ ਸਿਧਾਂਤਕ ਦ੍ਰਿਸ਼ਟੀਕੋਣ ਉਭਾਰਿਆ ਹੈ। ਇਸ ਤੋਂ ਪਹਿਲਾਂ ਅਕਾਲੀਆਂ ਦੇ ਨਿੰਦਕ ਸਿੱਖ ਹਲਕਿਆਂ ਵਿਚ ਸਿਰਦਾਰ ਕਪੂਰ ਸਿੰਘ ਵੱਲੋਂ ਤੋਰੀ ਰੀਤ ਹੀ ਵਧੇਰੇ ਮਕਬੂਲ ਸੀ ਜਿਸ ਅਨੁਸਾਰ ਅਕਾਲੀ ਆਗੂਆਂ ਦੇ ਇਖ਼ਲਾਕੀ ਔਗੁਣਾਂ ਨੂੰ ਹੀ ਨਿੰਦਣ ਉਤੇ ਜ਼ੋਰ ਸੀ। 'ਸਾਚੀ ਸਾਖੀ' ਵਿਚ ਸਿਰਦਾਰ ਕਪੂਰ ਸਿੰਘ ਨੇ ਅਕਾਲੀ ਆਗੂਆਂ ਨੂੰ ਵਾਰ-ਵਾਰ "ਮੂਰਖ", "ਅਨਪੜ੍ਹ" ਤੇ "ਬੁਜ਼ਦਿਲ" ਆਖਿਆ ਹੋਇਆ ਹੈ।

ਸ. ਰਣਜੀਤ ਸਿੰਘ ਨੇ ਸੁਝਾਅ ਦਿੱਤਾ ਹੈ ਕਿ ਬੁਨਿਆਦੀ ਸਿਧਾਂਤਕ ਸਵਾਲ ਨਿਖੇੜ ਕੇ ਉਨ੍ਹਾਂ ਉਤੇ ਬਹਿਸ ਤੋਰੀ ਜਾਣੀ ਚਾਹੀਦੀ ਹੈ। ਇਹ ਸਾਵਲ ਉਨ੍ਹਾਂ ਅਨੁਸਾਰ ਇਉਂ ਹਨ,

1. ਕੀ ਉਹ (ਪ੍ਰੋ. ਬਲਕਾਰ ਸਿੰਘ) ਸੱਚਮੁੱਚ ਇਹ ਮਹਿਸੂਸ ਕਰਦੇ ਹਨ ਕਿ ਅਕਾਲੀ ਆਗੂਆਂ ਦੇ ਸਿਧਾਂਤਕ ਦ੍ਰਿਸ਼ਟੀਕੋਣ ਵਿਚ ਕੋਈ ਵੀ ਵੱਡਾ ਕਾਣ ਨਹੀਂ ਤੇ ਉਨ੍ਹਾਂ ਇਤਿਹਾਸ ਵਿਚ ਕੋਈ ਬੱਜਰ ਭੁੱਲ ਨਹੀਂ ਕੀਤੀ? ਜਾਂ ਕੀ ਉਹ ਇਹ ਸਮਝਦੇ ਹਨ ਕਿ ਅਕਾਲੀਆਂ ਦੇ ਸਿਧਾਂਤਕ ਦ੍ਰਿਸ਼ਟੀਕੋਣ ਤੇ ਅਮਲੀ ਪੈਂਤੜਿਆਂ 'ਚ ਵੱਡੇ ਨੁਕਸ ਰਹੇ ਹਨ? ਜੇ ਰਹੇ ਹਨ ਤਾਂ ਉਹ ਕਿਹੜੇ ਹਨ?

2. 'ਹਮ ਹਿੰਦੂ ਨਹੀਂ' ਦੀ ਧਾਰਨਾ ਸਿੱਖਾਂ ਦੀ ਆਮ ਸੂਝ ਦਾ ਹਿੱਸਾ ਬਣ ਗਈ ਹੈ ਪਰ ਇਸ ਬਾਰੇ ਸਿੱਖਾਂ ਦੀ ਚੇਤਨਾ ਇਕੋ ਜਿਹੀ ਨਹੀਂ ਹੈ। ਕੌਮੀ ਭਾਈਚਾਰਿਆਂ ਨੂੰ ਆਪਣੀ ਸਵੈ-ਪਛਾਣ ਵਾਰ-ਵਾਰ ਰੀਡੀਫਾਈਨ ਕਰਨੀ ਪੈਂਦੀ ਹੈ। ਅਜਮੇਰ ਸਿੰਘ ਨੇ ਇਹ ਕੰਮ ਕੀਤਾ ਹੈ। ਇਸ ਬਾਰੇ ਪ੍ਰੋ. ਬਲਕਾਰ ਸਿੰਘ ਦੀ ਰਾਏ ਕੀ ਹੈ? ਉਹ ਅਜਮੇਰ ਸਿੰਘ ਨੂੰ ਕਿੱਥੇ ਤੇ ਕਿਵੇਂ ਗਲਤ ਠਹਿਰਾਉਂਦੇ ਹਨ?

3. 1947 ਵਿਚ ਭਾਰਤ ਦੀ ਰਾਜਸੀ ਤਾਕਤ ਸਿੱਧੇ ਤੌਰ ਉਤੇ ਹਿੰਦੂ ਵਰਗ ਦੇ ਹੱਥਾਂ ਵਿਚ ਆ ਗਈ ਸੀ ਤੇ ਸਿੱਖ ਕੌਮ ਦੀ ਨਿਆਰੀ ਹਸਤੀ ਖ਼ਤਮ ਹੋਣ ਦਾ ਹਕੀਕੀ ਖ਼ਤਰਾ ਪੈਦਾ ਹੋ ਗਿਆ ਸੀ। ਅਜਮੇਰ ਸਿੰਘ ਨੇ 1984 ਦੀਆਂ ਘਟਨਾਵਾਂ ਤੋਂ ਸਿੱਖਿਅਤ ਹੋ ਕੇ ਭਾਰਤੀ ਰਾਸ਼ਟਰਵਾਦ ਨੂੰ ਸਿੱਖ ਦ੍ਰਿਸ਼ਟੀਕੋਣ ਤੋਂ ਪੜਤਾਲਣ ਦਾ ਸਿਲਸਿਲਾ ਸ਼ੁਰੂ ਕੀਤਾ ਹੈ ਤੇ ਇਸ ਤੋਂ ਸਿੱਖ ਕੌਮ ਦੀ ਹੋਣੀ ਉਤੇ ਪੈਣ ਵਾਲੇ ਮਾੜੇ ਪ੍ਰਭਾਵ ਦਾ ਨਕਸ਼ਾ ਕੌਮ ਦੇ ਸਾਹਮਣੇ ਰੱਖਿਆ ਹੈ। ਪ੍ਰੋ. ਬਲਕਾਰ ਸਿੰਘ ਨੂੰ ਅਜਮੇਰ ਸਿੰਘ ਦੀ ਸਿਧਾਂਤਕ ਵਿਆਖਿਆ ਬਾਰੇ ਆਪਣੀ ਰਾਏ ਦੇਣੀ ਚਾਹੀਦੀ ਹੈ।

ਰਣਜੀਤ ਸਿੰਘ ਦੀ ਇਹ ਧਾਰਨਾ ਦਰੁਸਤ ਹੈ ਕਿ ਪੰਜਾਬ ਦੇ ਇਸ ਸੰਕਟ ਅਤੇ ਇਸ ਸੰਕਟ ਦੇ ਭਵਿੱਖ ਨੂੰ ਸਮਝਣ ਲਈ ਇਹ ਨਿਤਾਰਾ ਕਰਨਾ ਜ਼ਰੂਰੀ ਹੈ ਕਿ 1984 ਦੀਆਂ ਘਟਨਾਵਾਂ ਕਿਉਂ ਵਾਪਰੀਆਂ। ਇਹ ਠੀਕ ਹੈ ਕਿ ਇੰਦਰਾ ਗਾਂਧੀ ਨੇ ਉਸ ਸਮੇਂ ਨੇੜੇ ਆ ਰਹੀਆਂ ਚੋਣਾਂ ਨੂੰ ਸਾਹਮਣੇ ਰੱਖਿਆ ਤੇ 'ਉਪਰੇਸ਼ਨ ਬਲਿਊ ਸਟਾਰ' ਕਰਨ ਵੇਲੇ ਉਹ ਚੋਣ ਰਾਜਨੀਤੀ ਤੋਂ ਵੀ ਪ੍ਰੇਰਿਤ ਸੀ ਪਰ ਉਸ 'ਵੱਡੇ ਮਨੋਰਥ' ਦੀ ਵਿਆਖਿਆ ਤਾਂ ਮਿਲਣੀ ਚਾਹੀਦੀ ਹੈ ਜਿਹੜਾ ਰਣਜੀਤ ਸਿੰਘ ਅਨੁਸਾਰ ਅਜਮੇਰ ਸਿੰਘ ਨੇ ਸੰਤ ਭਿੰਡਰਾਂਵਾਲੇ ਵੱਲੋਂ ਸਾਹਮਣੇ ਰੱਖਿਆ ਗਿਆ ਦੱਸਿਆ ਹੈ। ਰਣਜੀਤ ਸਿੰਘ ਨੇ ਪ੍ਰੋ. ਬਲਕਾਰ ਸਿੰਘ ਨੂੰ ਸਵਾਲ ਕੀਤਾ ਹੈ ਕਿ ਕੀ ਉਹ ਅਕਾਲੀ ਆਗੂਆਂ ਦੇ ਸਿਧਾਂਤਕ ਦ੍ਰਿਸ਼ਟੀਕੋਣ ਵਿਚ ਕੋਈ ਵੱਡਾ ਕਾਣ ਨਹੀਂ ਵੇਖਦੇ ਤੇ ਕੀ ਅਕਾਲੀਆਂ ਨੇ ਇਤਿਹਾਸ ਵਿਚ ਕੋਈ ਬੱਜਰ ਭੁੱਲ ਨਹੀਂ ਕੀਤੀ? ਚਲਦੀ ਚਰਚਾ ਵਿਚ ਪ੍ਰੋ. ਬਲਕਾਰ ਸਿੰਘ ਜੇ ਯੋਗ ਸਮਝਣ ਤਾਂ ਇਸ ਸਵਾਲ ਦਾ ਜਵਾਬ ਦੇ ਸਕਦੇ ਹਨ ਪਰ ਇਹ ਤਾਂ ਸਪੱਸ਼ਟ ਹੀ ਹੈ ਕਿ ਇਕ ਰਾਜਸੀ ਪਾਰਟੀ ਵਜੋਂ ਕਿਤੇ ਗਲਤੀਆਂ ਕਰਨਾ ਵੀ ਗੈਰ-ਕੁਦਰਤੀ ਨਹੀਂ ਹੁੰਦਾ।

ਰਣਜੀਤ ਸਿੰਘ ਦਾ ਇਹ ਕਹਿਣਾ ਠੀਕ ਨਹੀਂ ਕਿ 1947 ਵਿਚ ਭਾਰਤ ਦੀ ਰਾਜਸੀ ਤਾਕਤ ਸਿੱਧੇ ਤੌਰ 'ਤੇ ਹਿੰਦੂ ਵਰਗ ਦੇ ਹੱਥ ਆ ਗਈ ਸੀ ਤੇ ਸਿੱਖ ਕੌਮ ਦੀ ਸਿਆਸੀ ਹਸਤੀ ਦੇ ਖ਼ਤਮ ਹੋਣ ਦਾ ਹਕੀਕੀ ਖ਼ਤਰਾ ਪੈਦਾ ਹੋ ਗਿਆ ਸੀ। 1947 'ਚ ਆਜ਼ਾਦੀ ਪਿਛੋਂ ਭਾਰਤ ਦੀ ਰਾਜਸੀ ਤਾਕਤ ਕਾਂਗਰਸ ਪਾਰਟੀ ਦੇ ਹੱਥ 'ਚ ਆਈ ਸੀ ਜੋ ਧਰਮ ਨਿਰਪੇਖਤਾ 'ਤੇ ਆਧਾਰਿਤ ਸੀ। ਧਰਮ ਨਿਰਪੇਖਤਾ ਦੇ ਸਿਧਾਂਤ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਦੇ ਸਵਾਲ 'ਤੇ ਕੁਤਾਹੀਆਂ ਹੋਈਆਂ ਹੋ ਸਕਦੀਆਂ ਹਨ, ਪਰ ਹਿੰਦੂ ਕਿਉਂਕਿ ਦੇਸ਼ ਵਿਚ ਵੱਡੀ ਬਹੁਗਿਣਤੀ ਵਿਚ ਸਨ, ਇਸ ਲਈ ਹਰ ਪੱਧਰ ਦੀਆਂ ਚੋਣਾਂ ਵਿਚ ਹਿੰਦੂਆਂ ਦਾ ਵੱਡੀ ਗਿਣਤੀ ਵਿਚ ਚੁਣਿਆ ਜਾਣਾ ਸੁਭਾਵਕ ਸੀ ਪਰ ਇਸ ਨਾਲ ਇਹ ਸਪੱਸ਼ਟ ਨਹੀਂ ਹੁੰਦਾ ਕਿ ਸਿੱਖ ਭਾਈਚਾਰੇ ਦੀ ਸਿਆਸੀ ਹਸਤੀ ਨੂੰ ਖ਼ਤਰਾ ਕਿਵੇਂ ਪੈਦਾ ਹੋਇਆ?

ਇਕ ਹੋਰ ਸਵਾਲ ਵੀ ਹੈ ਕਿ ਜੇ ਭਾਰਤ ਅਜਿਹਾ ਹਿੰਦੂ ਰਾਸ਼ਟਰ ਹੈ ਜਿਹੋ-ਜਿਹਾ ਅਜਮੇਰ ਸਿੰਘ ਦੱਸ ਰਹੇ ਹਨ ਤਾਂ ਯੂ.ਪੀ. ਵਰਗੇ ਕੇਂਦਰੀ ਵਿਸ਼ਾਲ ਰਾਜ ਵਿਚ ਬਸਪਾ ਆਗੂ ਬੀਬੀ ਮਾਇਆਵਤੀ ਇਕੱਲੀ ਹੀ ਤਾਕਤ 'ਚ ਕਿੰਜ ਆ ਗਈ ਜੋ ਹਿੰਦੂ ਰਾਸ਼ਟਰਵਾਦੀਆਂ ਨੂੰ ਪਾਣੀ ਪੀ-ਪੀ ਕੇ ਕੋਸਦੀ ਰਹੀ ਹੈ। ਗੁਜਰਾਤ ਵਿਚ ਕੱਟੜ ਹਿੰਦੂਵਾਦੀ ਨਰਿੰਦਰ ਮੋਦੀ ਦੀ ਸਰਕਾਰ ਹੈ। 2002 ਦੇ ਮੁਸਲਮਾਨ ਵਿਰੋਧੀ ਦੰਗੇ ਮੰਨਿਆ ਕਿ ਉਸ ਦੀ ਸ਼ਹਿ ਨਾਲ ਹੀ ਭੜਕੇ ਪਰ ਕੋਰਟਾਂ ਨੇ ਮੋਦੀ ਦੇ ਦੋ ਮੁੱਖ ਸਹਿਯੋਗੀਆਂ ਬਾਬੂ ਬਜਰੰਗੀ ਅਤੇ ਮਹਿਲਾ ਵਜ਼ੀਰ ਮਾਇਆ ਕੋਡਨਾਨੀ ਨੂੰ ਦੋਸ਼ੀ ਗਰਦਾਨ ਕੇ ਤਾਉਮਰ ਕੈਦ ਦੀ ਸਖ਼ਤ ਸਜ਼ਾ ਸੁਣਾ ਦਿੱਤੀ ਹੈ। ਕੀ ਰਣਜੀਤ ਸਿੰਘ ਦੱਸਣਗੇ ਕਿ ਕੀ ਅਜਿਹਾ ਹਿਟਲਰ ਦੀ ਜਰਮਨੀ 'ਚ ਸੰਭਵ ਸੀ ਜਾਂ ਅੱਜ ਦੇ ਪਾਕਿਸਤਾਨ ਵਿਚ ਸੰਭਵ ਹੈ? ਕੀ ਰਣਜੀਤ ਸਿੰਘ ਨੂੰ ਪਤਾ ਹੈ ਕਿ ਇਸੇ ਸਾਲ ਪਾਕਿਸਤਾਨ ਦੇ ਘੱਟ-ਗਿਣਤੀਆਂ ਨਾਲ ਸਬੰਧਤ ਇਸਾਈ ਵਜ਼ੀਰ ਕਾਸਮ ਭੱਟੀ ਨੂੰ ਅਤਿਵਾਦੀਆਂ ਨੇ ਕੇਵਲ ਇੰਨੀ ਗੱਲ 'ਤੇ ਦਿਨ-ਦਿਹਾੜੇ ਗੋਲੀ ਨਾਲ ਉਡਾ ਦਿੱਤਾ ਕਿ ਉਸ ਨੇ ਕੁਫਰ ਵਿਰੋਧੀ ਬਦਨਾਮ ਕਾਨੂੰਨ ਦੀ ਦੁਰਵਰਤੋਂ ਰੋਕਣ ਲਈ ਉਸ ਨੂੰ ਮੁੜ ਵਿਚਾਰਨ ਦੀ ਮੰਗ ਕੀਤੀ ਸੀ। ਭੱਟੀ ਦੇ ਕਾਤਲਾਂ ਦੀ ਅੱਜ ਤੱਕ ਵੀ ਕੋਈ ਉੱਘ-ਸੁੱਘ ਨਹੀਂ ਹੈ।

***ਚਰਚਾ ਵਿਚ ਹਿੱਸਾ ਲੈ ਰਹੇ ਪ੍ਰੋ. ਅਵਤਾਰ ਸਿੰਘ ਫਗਵਾੜਾ ਨੇ ਆਪਣੇ ਲੇਖ 'ਜੋ ਖੁਦ ਹਨੇਰੇ ਵਿਚ ਹੈ, ਉਸ ਨੂੰ ਸਾਡੇ ਜਾਗਣ ਤੇ ਇਤਰਾਜ਼ ਹੈ' ਵਿਚ ਲਿਖਿਆ ਹੈ ਕਿ ਕਈ ਲੋਕ ਖਾੜਕੂ ਸੁਰ ਦੀ ਕੇਵਲ ਪ੍ਰੋੜਤਾ ਹੀ ਕਰਦੇ ਹਨ। ਕਈ ਐਸੇ ਵੀ ਹਨ ਜਿਨ੍ਹਾਂ ਲਈ ਪ੍ਰੋੜਤਾ ਸਿਰਫ ਕਾਰੋਬਾਰ ਹੈ। ਕਈ ਲੋਕ ਨੌਜਵਾਨਾਂ ਨੂੰ ਭੜਕਾ ਕੇ ਉਨ੍ਹਾਂ ਨੂੰ ਮੌਤ ਦੇ ਬੁੱਥੇ ਦਿੰਦੇ ਹਨ ਤੇ ਬਾਹਰਲੇ ਮੁਲਕਾਂ ਵਿਚ ਆਪਣੀ ਸੂਰਮਗਤੀ ਦੀ ਇਸ਼ਤਿਹਾਰਬਾਜ਼ੀ ਕਰਦੇ ਹਨ ਪਰ ਅਜਿਹੇ ਲੋਕ ਆਪਣੀ ਸਿਟੀਜ਼ਨਸ਼ਿਪ ਵਾਲੇ ਦੇਸ਼ ਵਿਚ ਖਾਲਸਾ ਰਾਜ ਸਥਾਪਤ ਕਰਨ ਬਾਰੇ ਕਦੀ ਨਹੀਂ ਸੋਚਦੇ। ਸ. ਫਗਵਾੜਾ ਅਨੁਸਾਰ ਅਸਾਂ ਕੇਵਲ ਭਾਰਤੀ ਪੰਜਾਬ ਨੂੰ ਹੀ ਸਿੱਖੀ ਦੀ ਕਰਮਭੂਮੀ ਮੰਨ ਲਿਆ ਹੈ। ਇੱਥੇ ਵੱਸਣ ਵਾਲਿਆਂ ਨੇ ਖੁਦ ਨੂੰ ਹੀ ਖਾਲਸਾ ਪੰਥ ਮੰਨਿਆ ਹੋਇਆ ਹੈ। "ਰਾਜ ਕਰੇਗਾ ਖਾਲਸਾ" ਪੜ੍ਹਨ ਵੇਲੇ ਵੀ ਸਾਡਾ ਧਿਆਨ ਲਾਲੜੂ ਤੋਂ ਅੱਗੇ ਨਹੀਂ ਟੱਪਦਾ। ਵਿਦੇਸ਼ੀ ਸਿੱਖਾਂ ਨੂੰ ਸਾਡੇ ਦੇਸੀ ਯੋਧਿਆਂ ਨੂੰ ਗੱਫੇ ਦੇਣ ਦੀ ਥਾਂ ਆਪਣੇ ਹਾਲਾਤ ਮੁਤਾਬਕ "ਰਾਜ ਕਰੇਗਾ ਖਾਲਸਾ" ਦੇ ਆਦਰਸ਼ ਵੱਲ ਵਧਣ ਦਾ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ। ਪਰਵਾਸ ਕਾਰਨ ਪੰਜਾਬ ਉਜੜ ਗਿਆ ਹੈ। ਸਿੱਖੀ ਅਤੇ ਸਿੱਖਾਂ ਦਾ ਘਾਣ ਅਸੀਂ ਖੁਦ ਕਰ ਰਹੇ ਹਾਂ। ਅਵਤਾਰ ਸਿੰਘ ਅਨੁਸਾਰ ਉਨ੍ਹਾਂ ਅਕਾਲ ਤਖ਼ਤ ਦੇ ਢਹਿਣ ਦੀ ਪੀੜਾ ਮਹਿਸੂਸ ਕੀਤੀ ਹੈ ਪਰ ਉਹ ਉਸ ਰੁਦਨ ਵਿਚ ਉਮਰ ਗੁਜ਼ਾਰਨ ਨੂੰ ਸਿੱਖੀ ਨਹੀਂ ਸਮਝਦੇ।***

ਰਣਜੀਤ ਸਿੰਘ ਅਜਮੇਰ ਸਿੰਘ ਵੱਲੋਂ ਸਿੱਖਾਂ ਨਾਲ ਵਿਤਕਰੇ ਦੇ ਕੇਸ ਯਹੂਦੀਆਂ ਉਪਰ ਨਾਜ਼ੀਆਂ ਦੇ ਜ਼ੁਲਮਾਂ ਨਾਲ ਜੋੜ ਕੇ ਸਮਝਾਏ ਜਾਣ ਤੋਂ ਬਹੁਤ ਮੁਤਾਸਰ ਹੋਏ ਲਗਦੇ ਹਨ। ਆਜ਼ਾਦ ਭਾਰਤ ਵਿਚ ਪੰਜਾਬੀਆਂ/ਸਿੱਖਾਂ ਨਾਲ ਵਿਤਕਰੇ ਹੋਏ। ਕੇਂਦਰ ਦੀਆਂ ਕਾਂਗਰਸ ਸਰਕਾਰਾਂ ਬਦਨੀਤੀ ਨਾਲ ਸੌੜੀ ਸਿਆਸਤ ਕਰਦੀਆਂ ਰਹੀਆਂ। ਸਵਾਲ ਤਾਂ ਇਹ ਹੈ ਕਿ ਕਾਂਗਰਸ ਸਰਕਾਰ ਨੇ ਵਿਤਕਰਾ ਇਕੱਲਾ ਪੰਜਾਬੀਆਂ ਜਾਂ ਸਿੱਖਾਂ ਨਾਲ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਤਾਂ ਅਜਿਹਾ ਵਿਤਕਰਾ ਮਰਹੱਟਿਆਂ ਨਾਲ ਵੀ ਕੀਤਾ ਅਤੇ 1960 ਤਕ ਮਹਾਂਰਾਸ਼ਟਰ ਤੇ ਗੁਜਰਾਤ ਨੂੰ ਵੱਖਰੇ ਵੱਖਰੇ ਸੂਬੇ ਮੰਨਣ ਲਈ ਉਦੋਂ ਤੱਕ ਤਿਆਰ ਨਾ ਹੋਏ ਜਦੋਂ ਤੱਕ ਨੌਬਤ ਮੁੰਬਈ ਸ਼ਹਿਰ ਦੇ ਅੱਗ ਦੀਆਂ ਲਾਟਾਂ ਦੀ ਭੇਟ ਹੋ ਜਾਣ ਤੱਕ ਨਾ ਪੁੱਜੀ। ਹੋਰ ਕਈ ਸੂਬੇ ਪੰਜਾਬੀ ਸੂਬੇ ਤੋਂ ਵੀ ਬਾਅਦ ਬਣਾਏ ਗਏ। ਕੇਂਦਰ ਸਰਕਾਰ ਦੇ ਅਜਿਹੇ ਰਵੱਈਏ ਦਾ ਵਿਰੋਧ ਹੋਣਾ ਚਾਹੀਦਾ ਸੀ ਅਤੇ ਅਸੀਂ ਖੁਦ ਸਦਾ ਕਰਦੇ ਵੀ ਰਹੇ ਹਾਂ। ਜਬਰ ਕਿਸੇ ਵੀ ਕੌਮ ਜਾਂ ਫਿਰਕੇ ਉਤੇ ਕਦੇ ਵੀ ਹੋਵੇ; ਇਸ ਦਾ ਡਟਵਾਂ ਵਿਰੋਧ ਹੋਣਾ ਹੀ ਚਾਹੀਦਾ ਹੈ, ਪਰ ਸਿੱਖਾਂ ਦੇ ਕੇਸ ਨੂੰ ਖਿੱਚ ਕੇ ਯਹੂਦੀਆਂ ਦੀ ਬਰਬਾਦੀ ਨਾਲ ਮੇਲਣ ਦੀ ਗੱਲ ਠੀਕ ਨਹੀਂ ਹੈ। ਰਣਜੀਤ ਸਿੰਘ ਇਸ ਪਾਸੇ ਆਪਣੇ ਅਧਿਐਨ ਨੂੰ ਅਪਡੇਟ ਕਰਨ। ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਅਨੇਕਾਂ ਪੁਸਤਕਾਂ ਦੀ ਦੱਸ ਪਾਈ ਹੋਈ ਹੈ। ਇਸੇ ਸਬੰਧ ਵਿਚ ਇਕ ਅਹਿਮ ਪੁਸਤਕ ਉੱਘੀ ਫਿਲਾਸਫਰ ਹੰਨਾ ਅਰੰਤ ਦੀ 'ਆਈਖਮਾਨ ਇਨ ਯੇਰੋਸ਼ੋਲਮ' ਹੈ। ਇਹ ਲੇਖਿਕਾ ਖੁਦ ਯਹੂਦੀ ਸੀ। ਇਜ਼ਰਾਈਲ ਸਰਕਾਰ ਨੇ ਲੱਖਾਂ ਯਹੂਦੀਆਂ ਦੇ ਕਤਲੇਆਮ ਲਈ ਜ਼ਿੰਮੇਵਾਰ ਆਈਖਮਾਨ ਨੂੰ 1960 ਵਿਚ ਅਰਜਨਟਾਈਨਾ ਵਿਚੋਂ ਜਾ ਲੱਭਿਆ ਅਤੇ ਪੂਰੇ ਧੂਮ-ਧੜੱਕੇ ਨਾਲ ਉਸ ਵਿਰੁਧ ਮਹਾਂ ਅਪਰਾਧ ਲਈ ਮੁਕੱਦਮਾ ਚਲਾ ਦਿੱਤਾ। ਹੰਨਾ ਅਰੰਤ ਨੇ ਉਸ ਮੁਕੱਦਮੇ ਦੀ ਕਾਰਵਾਈ ਦੀ ਜਿਸ ਨਿਰਪੱਖਤਾ ਨਾਲ ਕਵਰੇਜ ਕੀਤੀ ਸੀ, ਉਹ ਅੱਜ ਵੀ ਮਿਸਾਲ ਹੈ। ਚੰਗਾ ਰਹੇ ਜੇ ਰਣਜੀਤ ਸਿੰਘ ਇਹ ਪੁਸਤਕ ਵੀ ਪੜ੍ਹ ਛੱਡਣ। ਉਨ੍ਹਾਂ ਨੂੰ ਫਤਵਿਆਂ ਦੀ ਭਾਸ਼ਾ ਛੱਡ ਕੇ ਧੀਮੀ ਸੁਰ ਅਪਨਾਉਣ ਵਿਚ ਮਦਦ ਮਿਲੇਗੀ। ਉਹ ਮਸਲਿਆਂ ਨੂੰ ਵਧੇਰੇ ਸਹਿਜ ਨਾਲ ਦੇਖਣ ਦੀ ਹਿੰਦੂ 'ਫਾਸ਼ੀ ਸਰਕਾਰ' ਵੱਲੋਂ ਪੰਜਾਬ ਤੇ ਸਿੱਖਾਂ ਨਾਲ ਮਿਥ ਕੇ ਵਿਤਕਰੇ ਦੀਆਂ ਕਹਾਣੀਆਂ ਵੀ ਲਿਖੀ ਜਾਣ, ਪਰ ਉਹ ਇਹ ਨਾ ਭੁੱਲਣ ਕਿ 'ਸਿੱਖ ਕੌਮ: ਹਸਤੀ ਤੇ ਹੋਣੀ' ਵਾਲੀ ਪੁਸਤਕ ਅੰਦਰ ਸ਼ਾਮਲ ਆਪਣੇ ਪਹਿਲੇ ਹੀ ਲੇਖ ਵਿਚ, ਪੰਨਾ 145-46 ਉਤੇ ਕਰਮ ਬਰਸਟ ਨੇ ਦੱਸਿਆ ਹੋਇਆ ਹੈ ਕਿ ਭਾਵੇਂ ਵੋਟ ਸਿਆਸਤ ਦੀਆਂ ਗਿਣਤੀਆਂ-ਮਿਣਤੀਆਂ ਕਰਕੇ ਹਿੰਦੀ ਬੈਲਟ ਦਾ ਸਿਆਸਤ ਵਿਚ ਚੋਖਾ ਬੋਲਬਾਲਾ ਹੈ, ਪਰ ਹਿੰਦੀ ਬੈਲਟ ਸਮਾਜਕ, ਆਰਥਿਕ ਪਾੜੇ ਅਤੇ ਸਭਿਆਚਾਰਕ ਪੱਖੋਂ (ਭਾਰਤ ਦੀਆਂ) ਬਾਕੀ ਵਿਕਸਤ ਕੌਮੀਅਤਾਂ ਨਾਲੋਂ ਕਾਫ਼ੀ ਪਿੱਛੇ ਹੈ। ਕਰਮ ਬਰਸਟ ਨੇ ਇਹ ਡਰ ਵੀ ਪ੍ਰਗਟਾਇਆ ਹੋਇਆ ਹੈ ਕਿ ਧਰਮ ਨੂੰ ਕੌਮੀ ਸਵਾਲ ਨਾਲ ਰਲਗੱਡ ਕਰਨ ਨਾਲ ਲਹਿਰ ਗੈਰ-ਜਮਹੂਰੀ ਅਤੇ ਫਿਰਕਾਪ੍ਰਸਤੀ ਨੂੰ ਪਾਲਣ ਦਾ ਸੰਦ ਹੋ ਨਿਬੜਦੀ ਹੈ। ਇਸ ਨਾਲ ਇਕ ਹੀ ਕੌਮੀਅਤ ਦੇ ਲੋਕਾਂ ਵਿਚ ਫੁੱਟ ਤਾਂ ਪੈਂਦੀ ਹੀ ਹੈ ਬਲਕਿ ਇਹ ਫੁੱਟ ਆਰਥਿਕ ਤੌਰ 'ਤੇ ਲੁੱਟੇ-ਲਤਾੜੇ ਲੋਕਾਂ ਵਿਚ ਵੀ ਪਸਰ ਜਾਂਦੀ ਹੈ। ਉਧਰ ਹਾਕਮ ਜਮਾਤਾਂ ਨੂੰ ਆਪਣੀਆਂ ਲੋਕ ਵਿਰੋਧੀ ਨੀਤੀਆਂ ਨੂੰ ਧੜੱਲੇ ਨਾਲ ਲਾਗੂ ਕਰਨ ਦਾ ਸੁਨਹਿਰੀ ਮੌਕਾ ਹੱਥ ਲੱਗ ਜਾਂਦਾ ਹੈ। ਪੰਜਾਬ ਦੀ ਬਦਕਿਸਮਤੀ ਮਿਸਾਲ ਹੈ ਜੀਹਦੇ ਲਈ "ਸਿੱਖ ਕੌਮ" ਦੇ ਢੰਡੋਰਚੀ ਵੀ ਜ਼ਿੰਮੇਵਾਰ ਹਨ। ਭਾਰਤੀ ਸਟੇਟ ਦੇ ਧਰਮ ਨਿਰਪੱਖ ਚਲਨ ਵਿਚ ਅਨੇਕਾਂ ਬਜਰ ਖਾਮੀਆਂ ਹਨ। ਇਨ੍ਹਾਂ ਖਾਮੀਆਂ ਵਿਰੁਧ ਸਭ ਜਮਹੂਰੀਅਤ ਪਸੰਦਾਂ ਵੱਲੋਂ ਡਟ ਕੇ ਲੜਿਆ ਜਾਣਾ ਚਾਹੀਦਾ ਹੈ, ਪਰ ਉਸ ਤਰ੍ਹਾਂ ਨਹੀਂ ਜਿਸ ਤਰ੍ਹਾਂ ਦੀ ਲੜਾਈ ਦੀ ਦੱਸ ਅਜਮੇਰ ਸਿੰਘ ਅਤੇ ਉਨ੍ਹਾਂ ਦਾ ਸਹਿਕਰਮੀ ਰਣਜੀਤ ਸਿੰਘ ਪਾ ਰਹੇ ਹਨ।

ਚਰਚਾ ਵਿਚ ਹਿੱਸਾ ਲੈਣ ਵਾਲੇ ਸ. ਅਮਨਦੀਪ ਸਿੰਘ ਨੇ ਆਪਣੀ ਸੰਖੇਪ ਟਿੱਪਣੀ 'ਉਪਰੇਸ਼ਨ ਬਲਿਊ ਸਟਾਰ ਤੇ ਸਿੱਖ ਬੁਧੀਜੀਵੀਆਂ ਦੀ ਤਰਾਸਦੀ' ਵਿਚ ਲਿਖਿਆ ਹੈ ਕਿ ਸਿੱਖਾਂ ਦਾ ਪੜ੍ਹਿਆ-ਲਿਖਿਆ ਵਰਗ ਸ਼ਰਧਾ ਦੀ ਹੱਦ ਤੱਕ ਭਾਰਤ ਨੂੰ ਧਰਮ-ਨਿਰਪੇਖ ਦੇਸ਼ ਮੰਨਦਾ ਹੈ। ਉਨ੍ਹਾਂ ਦੇ ਇਸ ਵਿਸ਼ਵਾਸ ਵਿਚੋਂ ਹੀ ਇਹ ਮਾਨਤਾ ਨਿਕਲਦੀ ਹੈ ਕਿ ਸਿੱਖਾਂ ਦੇ ਕੇਂਦਰੀ ਸਥਾਨ ਉਤੇ ਹਮਲਾ ਨਹੀਂ ਹੋ ਸਕਦਾ ਸੀ। ਜਦੋਂ ਇਹ ਵਾਪਰ ਗਿਆ ਤਾਂ ਇਸ ਵਰਗ ਨੂੰ ਇਹ ਗੱਲ ਅਣਹੋਣੀ ਲੱਗੀ। ਇਸੇ ਲਈ ਪ੍ਰੋ. ਬਲਕਾਰ ਸਿੰਘ ਦਾ ਵਿਚਾਰ ਹੈ ਕਿ 1984 ਜਿਹੀਆਂ ਘਟਨਾਵਾਂ ਦੁਬਾਰਾ ਨਹੀਂ ਵਾਪਰ ਸਕਦੀਆਂ। ਅਮਨਦੀਪ ਸਿੰਘ ਹੋਰਾਂ ਪੁੱਛਿਆ ਹੈ ਕਿ ਕੀ 1984 ਤੋਂ ਪਹਿਲਾਂ ਇਹ ਅਨੁਭਵ ਲੱਗ ਸਕਿਆ ਸੀ ਕਿ ਅਜਿਹਾ ਹੋਵੇਗਾ?

ਉਨ੍ਹਾਂ ਦੇ ਇਸ ਕਥਨ ਬਾਰੇ ਕੇਵਲ ਇਹ ਹੀ ਕਿਹਾ ਜਾ ਸਕਦਾ ਹੈ ਕਿ ਜੇ ਉਹ ਸਮਝਦੇ ਹਨ ਕਿ ਅਜਿਹਾ ਦੁਬਾਰਾ ਹੋ ਸਕਦਾ ਹੈ ਤਾਂ ਉਨ੍ਹਾਂ ਨੂੰ ਇਹ ਧਾਰਨਾ ਹਾਂ-ਪੱਖੀ ਢੰਗ ਨਾਲ ਪੇਸ਼ ਕਰਨੀ ਚਾਹੀਦੀ ਹੈ ਪਰ ਇਸ ਤੋਂ ਵੀ ਜ਼ਰੂਰੀ ਗੱਲ ਇਹ ਹੈ ਕਿ ਉਹ ਉਨ੍ਹਾਂ ਕਦਮਾਂ ਦਾ ਉਲੇਖ ਕਰਨ ਜਿਨ੍ਹਾਂ ਨਾਲ ਅਜਿਹਾ ਵਾਪਰਨ ਤੋਂ ਰੋਕਿਆ ਜਾ ਸਕਦਾ ਹੈ। ਸ਼ਾਇਦ ਬਗੈਰ ਕਾਰਨ ਤੋਂ 1984 ਨਹੀਂ ਵਾਪਰਿਆ ਸੀ। ਉਨ੍ਹਾਂ ਕਾਰਨਾਂ ਨੂੰ ਦੂਰ ਕਰਨ ਦੇ ਉਪਰਾਲੇ ਕਰਨਾ ਸਿੱਖ ਭਾਈਚਾਰੇ ਦੇ ਹਿੱਤ ਵਿਚ ਹੈ ਅਤੇ ਹੋਰ ਸਾਰੇ ਲੋਕਾਂ ਦੇ ਹਿੱਤ ਵਿਚ ਵੀ।

ਚਰਚਾ ਵਿਚ ਹਿੱਸਾ ਲੈ ਰਹੇ ਪ੍ਰੋ. ਅਵਤਾਰ ਸਿੰਘ ਫਗਵਾੜਾ ਨੇ ਆਪਣੇ ਲੇਖ 'ਜੋ ਖੁਦ ਹਨੇਰੇ ਵਿਚ ਹੈ, ਉਸ ਨੂੰ ਸਾਡੇ ਜਾਗਣ ਤੇ ਇਤਰਾਜ਼ ਹੈ' ਵਿਚ ਲਿਖਿਆ ਹੈ ਕਿ ਕਈ ਲੋਕ ਖਾੜਕੂ ਸੁਰ ਦੀ ਕੇਵਲ ਪ੍ਰੋੜਤਾ ਹੀ ਕਰਦੇ ਹਨ। ਕਈ ਐਸੇ ਵੀ ਹਨ ਜਿਨ੍ਹਾਂ ਲਈ ਪ੍ਰੋੜਤਾ ਸਿਰਫ ਕਾਰੋਬਾਰ ਹੈ। ਕਈ ਲੋਕ ਨੌਜਵਾਨਾਂ ਨੂੰ ਭੜਕਾ ਕੇ ਉਨ੍ਹਾਂ ਨੂੰ ਮੌਤ ਦੇ ਬੁੱਥੇ ਦਿੰਦੇ ਹਨ ਤੇ ਬਾਹਰਲੇ ਮੁਲਕਾਂ ਵਿਚ ਆਪਣੀ ਸੂਰਮਗਤੀ ਦੀ ਇਸ਼ਤਿਹਾਰਬਾਜ਼ੀ ਕਰਦੇ ਹਨ ਪਰ ਅਜਿਹੇ ਲੋਕ ਆਪਣੀ ਸਿਟੀਜ਼ਨਸ਼ਿਪ ਵਾਲੇ ਦੇਸ਼ ਵਿਚ ਖਾਲਸਾ ਰਾਜ ਸਥਾਪਤ ਕਰਨ ਬਾਰੇ ਕਦੀ ਨਹੀਂ ਸੋਚਦੇ। ਅਵਤਾਰ ਸਿੰਘ ਅਨੁਸਾਰ ਅਸਾਂ ਕੇਵਲ ਭਾਰਤੀ ਪੰਜਾਬ ਨੂੰ ਹੀ ਸਿੱਖੀ ਦੀ ਕਰਮਭੂਮੀ ਮੰਨ ਲਿਆ ਹੈ। ਇੱਥੇ ਵੱਸਣ ਵਾਲਿਆਂ ਨੇ ਖੁਦ ਨੂੰ ਹੀ ਖਾਲਸਾ ਪੰਥ ਮੰਨਿਆ ਹੋਇਆ ਹੈ। "ਰਾਜ ਕਰੇਗਾ ਖਾਲਸਾ" ਪੜ੍ਹਨ ਵੇਲੇ ਵੀ ਸਾਡਾ ਧਿਆਨ ਲਾਲੜੂ ਤੋਂ ਅੱਗੇ ਨਹੀਂ ਟੱਪਦਾ। ਵਿਦੇਸ਼ੀ ਸਿੱਖਾਂ ਨੂੰ ਸਾਡੇ ਦੇਸੀ ਯੋਧਿਆਂ ਨੂੰ ਗੱਫੇ ਦੇਣ ਦੀ ਥਾਂ ਆਪਣੇ ਹਾਲਾਤ ਮੁਤਾਬਕ "ਰਾਜ ਕਰੇਗਾ ਖਾਲਸਾ" ਦੇ ਆਦਰਸ਼ ਵੱਲ ਵਧਣ ਦਾ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ। ਪਰਵਾਸ ਕਾਰਨ ਪੰਜਾਬ ਉਜੜ ਗਿਆ ਹੈ। ਸਿੱਖੀ ਅਤੇ ਸਿੱਖਾਂ ਦਾ ਘਾਣ ਅਸੀਂ ਖੁਦ ਕਰ ਰਹੇ ਹਾਂ। ਉਨ੍ਹਾਂ ਅਨੁਸਾਰ ਉਨ੍ਹਾਂ ਅਕਾਲ ਤਖ਼ਤ ਦੇ ਢਹਿਣ ਦੀ ਪੀੜਾ ਮਹਿਸੂਸ ਕੀਤੀ ਹੈ ਪਰ ਉਹ ਉਸ ਰੁਦਨ ਵਿਚ ਉਮਰ ਗੁਜ਼ਾਰਨ ਨੂੰ ਸਿੱਖੀ ਨਹੀਂ ਸਮਝਦੇ।

ਪ੍ਰੋ. ਫਗਵਾੜਾ ਦੇ ਇਹ ਵਿਚਾਰ ਸਿਹਤਮੰਦ ਸੋਚ ਦੀ ਨਿਸ਼ਾਨਦੇਹੀ ਕਰਦੇ ਹਨ। ਵਿਦੇਸ਼ਾਂ ਵਿਚ ਵਸਦੇ ਖਾੜਕੂ ਸਿੱਖ ਸੋਚ ਵਾਲਿਆਂ ਦੀ ਬੁਨਿਆਦੀ ਕਮਜ਼ੋਰੀ ਇਹੀ ਹੈ ਕਿ ਉਹ ਪੈਸੇ ਦੇ ਜ਼ੋਰ ਉਤੇ ਪੰਜਾਬ ਵਿਚ ਵੱਖਵਾਦੀ ਲਹਿਰ ਮਘਦੀ ਰੱਖਣੀ ਚਾਹੁੰਦੇ ਹਨ। ਉਹ ਇਸ ਲਈ ਮਾਇਕ ਸਹਾਇਤਾ ਤਾਂ ਜੁਟਾ ਰਹੇ ਹਨ ਪਰ ਦੇਸ਼ ਵਾਪਸ ਆ ਕੇ ਇਸ ਵਿਚ ਹਿੱਸਾ ਲੈਣ ਲਈ ਤਿਆਰ ਨਹੀਂ। ਉਹ ਆਪਣੀ ਸੁੱਖ-ਸਹੂਲਤ ਦੀ ਕੁਰਬਾਨੀ ਦੇਣ ਨੂੰ ਤਿਆਰ

***(ਬਾਕੀ ਅਗਲੇ ਸਫੇ 'ਤੇ)***

ਨਹੀਂ ਹਨ। ਇਉਂ ਉਨ੍ਹਾਂ ਦਾ ਇਹ ਪੈਂਤੜਾ ਉਨ੍ਹਾਂ ਦੀ ਮਾਨਸਿਕ ਤਸਵੀਰ ਸਾਫ ਕਰ ਦਿੰਦਾ ਹੈ। ਕਿੰਨਾ ਚੰਗਾ ਹੋਵੇ, ਜੇ ਅਮਰੀਕਾ-ਕੈਨੇਡਾ ਵੱਸਦੇ ਸਿੱਖਾਂ ਵੱਲੋਂ ਪ੍ਰੋ. ਅਵਤਾਰ ਸਿੰਘ ਦੀਆਂ ਸਲਾਹਾਂ ਨੂੰ ਠੰਢੇ ਮਨ ਨਾਲ ਵਿਚਾਰਿਆ ਜਾਵੇ।

ਅਵਤਾਰ ਸਿੰਘ ਦੇ ਪ੍ਰਤੀਕਰਮ ਵਿਚ ਸ. ਕਰਮਜੀਤ ਸਿੰਘ ਦੇ ਜਵਾਬ ਵਿਚ ਸੰਜਮ ਦੀ ਘਾਟ ਸੀ ਤੇ ਇਹ ਬਹੁਤ ਗੈਰਜ਼ਿੰਮੇਵਾਰਨਾ ਵੀ ਸੀ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਅਵਤਾਰ ਸਿੰਘ ਦੇ ਤਰਫੋਂ ਕਰਮਜੀਤ ਸਿੰਘ ਨੂੰ ਜਿਸ ਤਰ੍ਹਾਂ ਦਾ ਢੁਕਵਾਂ ਜਵਾਬ ਦਿੱਤਾ ਹੈ, ਉਹ ਇਸ ਪੁਸਤਕ ਦਾ ਹਾਸਲ ਮੰਨਿਆ ਜਾ ਸਕਦਾ ਹੈ।

'ਲਕੀਰ ਕੁੱਟਣੀ ਛੱਡ ਅਸਲੀ ਮੁੱਦੇ ਤੇ ਆਓ' ਨਾਮੀ ਆਪਣੇ ਲੇਖ ਰਾਹੀਂ ਸ. ਕਰਨੈਲ ਸਿੰਘ ਖਾਲਸਾ ਨੇ ਇਸ ਬਹਿਸ ਵਿਚ ਸ਼ਿਰਕਤ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਹੁਣ ਬਹਿਸ ਸ. ਅਭੈ ਸਿੰਘ ਵੱਲੋਂ ਦਿੱਤੇ ਗਏ ਸੰਕੇਤ ਅਨੁਸਾਰ ਸਿੱਖਾਂ ਦੀ ਗੁਲਾਮੀ ਜਾਂ ਆਜ਼ਾਦੀ ਦੇ ਸਵਾਲ ਉਤੇ ਹੋਣੀ ਚਾਹੀਦੀ ਹੈ। ਅਕਾਦਮਿਕ ਬਹਿਸ ਛੱਡ ਕੇ ਵਿਹਾਰੀ ਸਵਾਲ ਉਠਾਉਣੇ ਚਾਹੀਦੇ ਹਨ। ਅਸਲ ਬਹਿਸ ਦਾ ਮੁੱਦਾ ਖਾਲਿਸਤਾਨ ਹੈ। ਸ. ਕਰਨੈਲ ਸਿੰਘ ਅਨੁਸਾਰ ਭਾਰਤ ਕੇਵਲ ਵੇਖਣ ਨੂੰ ਲੋਕਤੰਤਰ ਹੈ, ਅਸਲ ਵਿਚ ਇਹ ਤਾਨਾਸ਼ਾਹੀ ਤੋਂ ਵੀ ਭਿਅੰਕਰ ਹੈ। ਆਪਣੇ ਮੱਤ ਦੀ ਵਿਆਖਿਆ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਸਾਡੇ 50 ਫੀਸਦੀ ਤੋਂ ਵੱਧ ਪਾਰਲੀਮੈਂਟ ਤੇ ਅਸੈਂਬਲੀ ਮੈਂਬਰ ਅਪਰਾਧੀ ਹਨ। ਚੋਣ ਇੰਨੀ ਮਹਿੰਗੀ ਹੋ ਗਈ ਹੈ ਕਿ ਆਮ ਬੰਦਾ ਇਸ ਤੋਂ ਲਾਂਭੇ ਹੈ। ਲੋਕਤੰਤਰ ਦੀ ਪ੍ਰਣਾਲੀ ਗਿਣਤੀ ਉਤੇ ਖੜ੍ਹੀ ਹੈ ਪਰ ਗੁਰਮਤਿ ਪ੍ਰਣਾਲੀ ਗੁੱਟਾਂ ਉਤੇ ਖੜ੍ਹੀ ਹੈ। ਭਾਈ ਅਤਿੰਦਰਪਾਲ ਸਿੰਘ ਦੀ ਪੁਸਤਕ 'ਖਾਲਿਸਤਾਨ' ਦੇ ਹਵਾਲੇ ਨਾਲ ਉਨ੍ਹਾਂ ਲਿਖਿਆ ਹੈ ਕਿ ਖਾਲਿਸਤਾਨ ਭਾਰਤ ਦੇ ਅੰਦਰ ਅਤੇ ਭਾਰਤ ਦੇ ਹੇਠ ਹੀ ਹੋਵੇਗਾ। ਭਾਰਤ ਦੇ ਸੰਵਿਧਾਨ ਵਿਚ ਚੋਣ ਲੜ ਕੇ ਖਾਲਿਸਤਾਨ ਦੀ ਪਹਿਲੀ ਮੰਜ਼ਿਲ ਤੈਅ ਕਰਨ ਦੀ ਗੁੰਜਾਇਸ਼ ਮੌਜੂਦ ਹੈ। ਕੋਈ ਵੀ ਸੱਚਾ ਹਿੰਦੂ ਜਾਂ ਸੱਚਾ ਮੁਸਲਮਾਨ, ਜੇ ਉਹ ਖਾਲਿਸਤਾਨ ਪੱਖੀ ਹੈ ਤਾਂ ਇਸ ਦਾ ਮੁਖੀ ਬਣ ਸਕਦਾ ਹੈ।

ਕਰਨੈਲ ਸਿੰਘ ਦੇ ਇਨ੍ਹਾਂ ਵਿਚਾਰਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਜੇ ਖਾਲਿਸਤਾਨ ਭਾਰਤ ਦੇ ਅੰਦਰ ਇਸ ਦੇ ਸੰਵਿਧਾਨ ਅਧੀਨ ਕਾਇਮ ਕੀਤਾ ਜਾਂਦਾ ਹੈ ਤਾਂ ਇਸ ਉਤੇ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ। ਅਸਲ ਵਿਚ ਇਹ ਕੇਵਲ ਨਾਂ ਦੀ ਤਬਦੀਲੀ ਹੀ ਹੋਵੇਗੀ, ਪੰਜਾਬ ਦੀ ਥਾਂ ਖਾਲਿਸਤਾਨ; ਪਰ ਇਹ ਵੀ ਜ਼ਾਹਿਰ ਹੀ ਹੈ ਕਿ ਖਾਲਿਸਤਾਨ ਦੇ ਕਈ ਸਮਰਥਕ ਅਜਿਹੇ ਵੀ ਹਨ ਜਿਹੜੇ ਨਾਮ ਦੀ ਤਬਦੀਲੀ ਨਾਲ ਸੰਤੁਸ਼ਟ ਨਹੀਂ ਹੋਣਗੇ। ਉਨ੍ਹਾਂ ਦੀ ਮੰਗ ਵੱਖਰੇ ਦੇਸ਼ ਦੀ ਹੈ।

'ਖਾਲਿਸਤਾਨ ਲਈ ਲੜਨ ਵਾਲੇ ਅੱਤਿਵਾਦੀ ਕਿਉਂ?' ਦੇ ਸਿਰਲੇਖ ਹੇਠ ਨਿਊ ਜਰਸੀ ਤੋਂ ਸ. ਜੋਗਾ ਸਿੰਘ ਨੇ ਭਾਰਤ ਦੇ ਹਾਕਮਾਂ ਨੂੰ ਸਵਾਲ ਕੀਤਾ ਹੈ ਕਿ ਉਨ੍ਹਾਂ ਅਜਿਹੇ ਹਾਲਾਤ ਕਿਉਂ ਪੈਦਾ ਕੀਤੇ ਕਿ ਸਿੱਖ ਕੌਮ ਹਿੰਦੁਸਤਾਨ ਤੋਂ ਬਾਗੀ ਹੋ ਕੇ ਖਾਲਿਸਤਾਨ ਨੂੰ ਆਜ਼ਾਦ ਕਰਾਉਣ ਲਈ ਸੰਘਰਸ਼ ਵੱਲ ਤੁਰੀ? ਉਨ੍ਹਾਂ ਅਨੁਸਾਰ ਆਜ਼ਾਦੀ ਆਉਣ ਸਮੇਂ ਹਿੰਦੂ ਲੀਡਰਾਂ ਨੇ ਵਾਅਦਾ ਕੀਤਾ ਸੀ ਕਿ ਸਿੱਖਾਂ ਨੂੰ ਦੇਸ਼ ਦੇ ਉਤਰ ਵੱਲ ਅਜਿਹਾ ਖਿੱਤਾ ਦਿੱਤਾ ਜਾਵੇਗਾ ਜਿਸ ਵਿਚ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣ, ਪਰ ਦੇਸ਼ ਆਜ਼ਾਦ ਹੁੰਦਿਆਂ ਹੀ ਹਿੰਦੂ ਲੀਡਰ ਗਿਰਗਿਟ ਵਾਂਗ ਰੰਗ ਬਦਲ ਗਏ ਤੇ ਸਿੱਖੀ ਨੂੰ ਨਿਗਲਣ ਦੀਆਂ ਚਾਲਾਂ ਚੱਲਣ ਲੱਗੇ। ਜੋਗਾ ਸਿੰਘ ਨੇ ਇਨ੍ਹਾਂ ਦੀਆਂ ਉਦਾਹਰਣਾਂ ਦਿੱਤੀਆਂ ਹਨ ਜਿਵੇਂ ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦੇਣ ਦਾ ਗ੍ਰਹਿ ਵਿਭਾਗ ਦਾ ਸਰਕੂਲਰ, ਰਾਧਾ ਸਵਾਮੀਆਂ ਦੀ ਅੰਦਰ ਖਾਤੇ ਮਦਦ, 1978 ਵਿਚ ਨਿਰੰਕਾਰੀਆਂ ਹੱਥੋਂ ਸਿੰਘਾਂ ਦੇ ਕਤਲ, ਅਕਾਲ ਤਖਤ ਤੇ ਗੁਰਦੁਆਰਿਆਂ 'ਤੇ ਹਮਲੇ, 1984 ਦੀਆਂ ਘਟਨਾਵਾਂ। ਸੰਤ ਭਿੰਡਰਾਂਵਾਲੇ ਦੀ ਮਿਸਾਲ ਦਿੰਦਿਆਂ ਉਨ੍ਹਾਂ ਲਿਖਿਆ ਹੈ ਕਿ ਜਦੋਂ ਸਿੱਖ ਕੌਮ ਨੂੰ ਜਰਕਾਉਣ ਲਈ ਅਕਾਲ ਤਖਤ ਢਾਹਿਆ ਗਿਆ ਤੇ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ ਤਾਂ ਸਤਾਈ ਹੋਈ ਕੌਮ ਨੇ ਹਥਿਆਰ ਚੁੱਕ ਲਏ। ਉਨ੍ਹਾਂ ਪੁੱਛਿਆ ਹੈ ਕਿ ਜੇ ਜਲ੍ਹਿਆਂਵਾਲੇ ਬਾਗ ਦਾ ਬਦਲਾ ਲੈਣ ਵਾਲਾ ਊਧਮ ਸਿੰਘ ਸ਼ਹੀਦ ਮੰਨਿਆ ਜਾਂਦਾ ਹੈ ਪਰ ਇੰਦਰਾ ਗਾਂਧੀ ਨੂੰ ਮਾਰਨ ਵਾਲੇ ਸਤਵੰਤ ਸਿੰਘ ਤੇ ਬੇਅੰਤ ਸਿੰਘ ਅੱਤਿਵਾਦੀ ਕਿਉਂ?

ਜੋਗਾ ਸਿੰਘ ਦਾ ਸਵਾਲ ਹਾਲਾਤ ਨੂੰ ਠੀਕ ਤਰ੍ਹਾਂ ਬਿਆਨ ਨਹੀਂ ਕਰਦਾ। ਸਿੱਖ ਕੌਮ ਦੇ ਬਾਗੀ ਹੋਣ ਦੇ ਹਾਲਾਤ ਭਾਰਤ ਦੇ ਹਾਕਮਾਂ ਨੇ ਪੈਦਾ ਕੀਤੇ ਪਰ ਦੁੱਖ ਤਾਂ ਇਸ ਗੱਲ ਦਾ ਹੈ ਕਿ ਸਿੱਖਾਂ ਦੇ ਹੱਕਾਂ ਲਈ ਲੜਨ ਦਾ ਦਾਅਵਾ ਕਰਨ ਵਾਲਿਆਂ ਕੁਝ ਧਿਰਾਂ ਨੇ ਸਰਕਾਰ ਦੀਆਂ ਸਿਆਸੀ ਚਾਲਾਂ ਨੂੰ ਸਮਝਿਆ ਕਿਉਂ ਨਾ; ਬਲਕਿ ਜਵਾਬੀ ਤੌਰ 'ਤੇ ਗਲਤ ਚਾਲਾਂ ਚੱਲ ਕੇ ਸਰਕਾਰ ਨੂੰ ਹਮਲੇ ਲਈ ਬਹਾਨਾ ਕਿਉਂ ਦਿੱਤਾ? ਸਿੱਖਾਂ ਦੀਆਂ ਮੰਗਾਂ-ਉਮੰਗਾਂ ਦੀ ਪੂਰਤੀ ਲਈ ਅਕਾਲੀ ਦਲ ਮੁਹਿੰਮਾਂ ਚਲਾ ਰਿਹਾ ਸੀ। ਹਾਲਾਤ ਵਿਚ ਤਿੱਖਾ ਮੋੜ ਉਸ ਵਕਤ ਆਇਆ ਜਦੋਂ ਸੰਤ ਜਰਨੈਲ ਸਿੰਘ ਦੇ ਸਮਰਥਨ ਨਾਲ ਨੌਜਵਾਨਾਂ ਦੇ ਹਥਿਆਰਬੰਦ ਗਰੁਪ ਨੇ ਪੰਜਾਬ ਵਿਚ ਕਈ ਥਾਈਂ ਨਿਰਦੋਸ਼ ਹਿੰਦੂਆਂ ਦੇ ਕਤਲ ਕੀਤੇ। ਕਿਸੇ ਨਾ ਕਿਸੇ ਢੰਗ ਨਾਲ ਇਨ੍ਹਾਂ ਕਤਲਾਂ ਨੂੰ ਰੋਕਣਾ ਜ਼ਰੂਰੀ ਸੀ। ਹੋਰ ਕੋਈ ਰਾਹ ਨਹੀਂ ਸੀ। ਉਪਰੰਤ ਸੰਤ ਵੱਲੋਂ ਹਿੰਦੂਆਂ ਦੇ ਕਤਲ ਦਾ ਖੁੱਲ੍ਹਾ ਸੱਦਾ, ਜਿਸ ਦਾ ਜ਼ਿਕਰ ਪਹਿਲਾਂ ਕੀਤਾ ਗਿਆ ਹੈ, ਸ਼੍ਰੇਆਮ ਦਿੱਤਾ ਜਾ ਰਿਹਾ ਸੀ। ਜਿਹੜੀ ਗੱਲ ਜੋਗਾ ਸਿੰਘ ਨੇ "ਹਿੰਦੂ ਲੀਡਰਾਂ" ਵੱਲੋਂ ਸਿੱਖਾਂ ਨੂੰ ਵੱਖਰਾ ਖਿੱਤਾ ਦੇਣ ਦੇ ਵਾਅਦੇ ਦੀ ਕੀਤੀ ਹੈ, ਉਹ ਵਾਅਦਾ ਕਾਂਗਰਸ ਦੇ ਮੁੱਖ ਆਗੂ ਜਵਾਹਰ ਲਾਲ ਨਹਿਰੂ ਦਾ ਸੀ। ਇਹ ਦੇਸ਼ ਨੂੰ ਵੰਡਣ ਦਾ ਵਾਅਦਾ ਨਹੀਂ ਸੀ ਜਿਸ ਦੇ ਖਿਲਾਫ ਕਾਂਗਰਸ ਨੇ ਦੇਰ ਤੱਕ ਸੰਘਰਸ਼ ਕੀਤਾ ਸੀ। ਇਹ ਸਿੱਖਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਦਾ ਸੀ ਜਿਸ ਦਾ ਨਤੀਜਾ ਸਿੱਖ ਬਹੁ-ਗਿਣਤੀ ਵਾਲੇ ਸੂਬੇ ਦੀ ਸ਼ਕਲ ਵਿਚ ਨਿਕਲਿਆ ਭਾਵੇਂ ਇਸ ਦੀ ਪ੍ਰਾਪਤੀ ਵਾਸਤੇ ਵੀ ਸੰਘਰਸ਼ ਕਰਨਾ ਪਿਆ।

ਡਾ. ਗੁਰਨਾਮ ਕੌਰ (ਟੋਰਾਂਟੋ, ਕੈਨੇਡਾ) ਨੇ ਬਹਿਸ ਵਿਚ ਹਿੱਸਾ ਲੈਂਦਿਆਂ ਲਿਖਿਆ ਹੈ ਕਿ ਇਸ ਬਹਿਸ ਵਿਚ ਬਹੁਤ ਸਾਰੇ ਸਿਧਾਂਤਕ ਨੁਕਤੇ ਸਾਹਮਣੇ ਲਿਆਂਦੇ ਗਏ ਹਨ ਜਿਨ੍ਹਾਂ ਨੂੰ ਸਿੱਖ ਰਾਜਨੀਤੀ ਦੇ ਪ੍ਰਸੰਗ ਵਿਚ ਤੇ ਗੁਰਮਤਿ ਦੇ ਸਿਧਾਂਤਾਂ ਦੀ ਲੋਅ ਵਿਚ ਵਿਚਾਰਨ ਦੀ ਬੇਹੱਦ ਜ਼ਰੂਰਤ ਹੈ। ਉਨ੍ਹਾਂ ਕਰਮਜੀਤ ਸਿੰਘ ਦੇ ਵਿਚਾਰਾਂ ਨੂੰ ਉਲਾਰ ਤੇ ਜਜ਼ਬਾਤੀ ਕਿਹਾ ਹੈ ਤੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਕੌਮ ਨੂੰ ਇੰਨੇ ਭਾਰੀ ਨੁਕਸਾਨ ਤੋਂ ਪਿੱਛੋਂ ਵੀ ਉਨ੍ਹਾਂ ਕੁਝ ਵੀ ਕਿਉਂ ਨਹੀਂ ਸਿੱਖਿਆ। ਉਨ੍ਹਾਂ ਸ. ਅਭੈ ਸਿੰਘ ਦੇ ਵਿਚਾਰਾਂ ਨੂੰ ਸਭ ਤੋਂ ਵੱਧ ਸੰਤੁਲਤ ਕਿਹਾ ਹੈ। ਉਨ੍ਹਾਂ 'ਸਾਕਾ ਨੀਲਾ ਤਾਰਾ' ਦੀ ਜ਼ਿੰਮੇਵਾਰੀ ਦੇ ਸਵਾਲ ਉਤੇ ਗੰਭੀਰ ਚਿੰਤਨ ਦੀ ਤਜਵੀਜ਼ ਦਿੱਤੀ ਹੈ ਤਾਂ ਜੋ ਦੁਬਾਰਾ ਅਜਿਹਾ ਭਾਣਾ ਨਾ ਵਾਪਰੇ। ਉਨ੍ਹਾਂ ਅਨੁਸਾਰ ਮਾਰਚ-ਅਪ੍ਰੈਲ 1984 ਤੱਕ ਪਹੁੰਚਦੇ-ਪਹੁੰਚਦੇ ਹਾਲਾਤ ਇਸ ਕਿਸਮ ਦੀ ਦਿਸ਼ਾ ਅਖਤਿਆਰ ਕਰ ਗਏ ਸਨ ਕਿ ਜਾਪਣ ਲੱਗ ਪਿਆ ਸੀ, ਕੁਝ ਬਹੁਤ ਭਿਆਨਕ ਵਾਪਰਨ ਲਗ ਪਿਆ ਹੈ। ਗੁਰੂ ਗੋਬਿੰਦ ਸਿੰਘ ਵੱਲੋਂ ਪੰਜ ਪਿਆਰਿਆਂ ਦੇ ਹੁਕਮ ਅਨੁਸਾਰ ਚਮਕੌਰ ਦੀ ਗੜ੍ਹੀ ਛੱਡਣ ਦੀ ਉਦਾਹਰਣ ਦਿੰਦਿਆਂ ਡਾ. ਗੁਰਨਾਮ ਕੌਰ ਨੇ ਸੁਝਾਅ ਦਿੱਤਾ ਹੈ ਕਿ ਕੀ ਅੱਜ ਸਿੱਖ, ਪੰਜ ਪਿਆਰਿਆਂ ਦੇ ਰੂਪ ਵਿਚ ਇਹ ਬੇਨਤੀ ਨਹੀਂ ਕਰ ਸਕਦੇ ਕਿ ਦਰਬਾਰ ਸਾਹਿਬ ਨੂੰ ਛੱਡ ਕੇ ਹਥਿਆਰਬੰਦ ਸਰਗਰਮੀਆਂ ਆਪਣੇ ਨਿੱਜੀ ਕੇਂਦਰ ਤੋਂ ਕੀਤੀਆਂ ਜਾਣ? ਪਰ ਕਿਸੇ ਕੋਲ ਵੀ ਇਸ ਦਾ ਉਤਰ ਨਹੀਂ ਹੈ। ਪ੍ਰੋ. ਭੁਪਿੰਦਰ ਸਿੰਘ ਦਾ ਲੇਖ ਉਨ੍ਹਾਂ ਨੂੰ ਚੰਗਾ ਲੱਗਾ ਹੈ। ਉਨ੍ਹਾਂ ਕਿਹਾ ਹੈ ਕਿ ਹੁਣ ਵਕਤ ਆ ਗਿਆ ਹੈ ਕਿ ਪ੍ਰੋ. ਭੁਪਿੰਦਰ ਸਿੰਘ ਤੇ ਅਭੈ ਸਿੰਘ ਦੇ ਵਿਸ਼ਲੇਸ਼ਣ ਨੂੰ ਆਪਣੇ ਅੰਦਰ ਵਸਾਇਆ ਜਾਵੇ। ਉਨ੍ਹਾਂ ਵਾਹਿਗੁਰੂ ਕੋਲ ਸਿੱਖ ਜਗਤ ਲਈ ਅਜਿਹੇ ਚਿੰਤਕਾਂ ਦੀ ਆਮਦ ਲਈ ਦੁਆ ਕੀਤੀ ਹੈ। ਡਾ. ਗੁਰਨਾਮ ਕੌਰ ਦੀਆਂ ਇਹ ਭਾਵਨਾਵਾਂ ਸੁਹਿਰਦ ਹਨ। ਇਨ੍ਹਾਂ ਨਾਲ ਕਿਸੇ ਦੀ ਵੀ ਕੋਈ ਕੀ ਅਸਹਿਮਤੀ ਕੀ ਹੋ ਸਕਦੀ ਹੈ!

ਇਸ ਤੋਂ ਇਲਾਵਾ ਪੁਸਤਕ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਗਾਜ਼ੀ, ਡਾ. ਗੋਬਿੰਦਰ ਸਿੰਘ (ਸਾਬਕਾ ਪ੍ਰੋਫੈਸਰ ਪੁਲੀਟੀਕਲ ਸਾਇੰਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ), ਲਾਸ ਏਂਜਲਸ ਤੋਂ ਡਾ. ਸੁਰਜੀਤ ਸਿੰਘ, ਸਟਾਕਟਨ (ਕੈਲੀਫੋਰਨੀਆ) ਤੋਂ ਦੇਵਿੰਦਰ ਸਿੰਘ ਖਟਕੜ, ਨਿਊ ਯਾਰਕ ਤੋਂ ਹਰਬੰਸ ਬੱਧਣ ਅਤੇ ਸੈਕਰਾਮੈਂਟੋ ਤੋਂ ਸੁਰਿੰਦਰ ਸਿੰਘ ਦੇ ਵਿਚਾਰ ਵੀ ਸ਼ਾਮਲ ਕੀਤੇ ਗਏ ਹਨ। ਇਹ ਟਿੱਪਣੀਆਂ ਵੀ ਬਾਕੀ ਲਿਖਤਾਂ ਵਾਂਗ ਦੋਵੇਂ ਤਰ੍ਹਾਂ ਦੀਆਂ ਹਨ; ਭਾਵ ਅਜਮੇਰ ਸਿੰਘ ਦੀ ਪ੍ਰੋੜਤਾ ਕਰਨ ਵਾਲੀਆਂ ਤੇ ਉਸ ਦੀਆਂ ਆਲੋਚਕ ਵੀ। ਇਨ੍ਹਾਂ ਵਿਚ ਉਪਰ ਦਿੱਤੇ ਗਏ ਵਿਚਾਰਾਂ ਦਾ ਹੀ ਦੁਹਰਾਓ ਹੈ। ਇਨ੍ਹਾਂ ਬਾਰੇ ਟਿੱਪਣੀਆਂ ਵੀ ਉਨ੍ਹਾਂ ਦਲੀਲਾਂ ਦਾ ਦੁਹਰਾਓ ਹੋਵੇਗਾ ਜੋ ਪਹਿਲਾਂ ਦਿੱਤੀਆਂ ਜਾ ਚੁੱਕੀਆਂ ਹਨ।

ਉਮੀਦ ਹੈ ਕਿ ਇਹ ਪੁਸਤਕ ਸਿੱਖ ਧਰਮ ਤੇ ਫਲਸਫੇ ਬਾਰੇ ਸੱਜਰੇ ਸਿੱਖ ਇਤਿਹਾਸ ਵਿਚ ਉਠੇ ਸੰਵੇਦਨਸ਼ੀਲ ਸਵਾਲਾਂ ਤੇ ਵਿਰੋਧਤਾਈਆਂ ਨੂੰ ਸਮਝਣ ਦੀ ਦਿਸ਼ਾ 'ਚ ਜਗਿਆਸੂਆਂ ਦੇ ਕੰਮ ਆਵੇਗੀ। ਚੰਗੀ ਗੱਲ ਹੈ ਕਿ ਸੰਪਾਦਕਾਂ ਨੇ ਪੁਸਤਕ ਦੇ ਸ਼ੁਰੂ ਵਿਚ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਕੋਈ ਹਰਫੇ ਆਖਰ ਨਹੀਂ ਹੈ। ਕੇਵਲ ਸੰਵਾਦ ਨੂੰ ਖੁੱਲ੍ਹਾ ਰੱਖਣ ਦਾ ਉਪਰਾਲਾ ਹੈ।

(ਸਮਾਪਤ)

# ਉਲਝੀ ਤਾਣੀ ਸੁਲਝਾਈਏ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਦੇਖਿਆ ਜਾਵੇ ਤਾਂ ਸਾਰੀ ਕਾਇਨਾਤ ਇਕ ਵਿਸ਼ਾਲ ਤਾਣਾ-ਬਾਣਾ ਹੀ ਤਾਂ ਹੈ। ਮਨੁਖ ਨੂੰ ਇਹ ਉਲਝਿਆ ਵੀ ਪ੍ਰਤੀਤ ਹੁੰਦਾ ਹੈ। ਇਸ ਨੂੰ ਸੁਲਝਾਉਣਾ ਤਾਂ ਆਪਣੇ ਤਨ ਦੇ ਵਸ ਨਹੀ ਹੈਂ। ਏਧਰ ਤਾਣਾ ਸ਼ਬਦ ਨੇ ਵੀ ਦੂਰ ਤੱਕ ਆਪਣਾ ਤਾਣਾ-ਬਾਣਾ ਫੈਲਾਇਆ ਹੋਇਆ ਹੈ, ਚਲੋ ਇਸ ਨੂੰ ਹੱਥ ਪਾ ਕੇ ਦੇਖੀਏ।

ਕਪੜੇ ਦੇ ਲੰਮੇ ਰੁਖ ਤਣੇ ਹੋਏ ਸੂਤ ਨੂੰ ਤਾਣਾ ਆਖਦੇ ਹਨ। ਖੱਡੀ 'ਤੇ ਵੀ ਇਹ ਲੰਮੇਦਾਅ ਚੜ੍ਹਾਇਆ ਜਾਂਦਾ ਹੈ। ਬਾਅਦ ਵਿਚ ਚੌੜੇ ਰੁਖ ਧਾਗੇ ਦੀ ਬੁਣਾਈ ਕੀਤੀ ਜਾਂਦੀ ਹੈ, ਇਸ ਨੂੰ ਬਾਣਾ ਆਖਦੇ ਹਨ। ਤਾਣਾ ਤੇ ਤਾਣੀ ਭਾਵੇਂ ਇਕੋ ਸ਼ਬਦ ਦੇ ਦੋ ਭੇਦ ਹਨ ਪਰ ਫਿਰ ਵੀ ਅਨੇਕਾਂ ਪ੍ਰਸੰਗਾਂ ਵਿਚ ਅਲੱਗ-ਅਲੱਗ ਅਰਥਾਂ ਵਿਚ ਵਰਤੇ ਜਾਣਗੇ। ਮਿਸਾਲ ਵਜੋਂ ਅਸੀਂ ਮੁਹਾਵਰੇ ਵਜੋਂ 'ਉਲਝੀ ਤਾਣੀ' ਤਾਂ ਕਹਿ ਸਕਦੇ ਹਾਂ ਉਲਝਿਆ ਤਾਣਾ ਨਹੀਂ; ਤਾਣਾ ਬਾਣਾ ਕਹਿ ਸਕਦੇ ਹਾਂ ਤਾਣੀ ਬਾਣੀ ਨਹੀਂ, "ਉਰਝੀ ਤਾਣੀ ਕਿਛੁ ਨ ਬਸਾਇ॥" -ਗੁਰੂ ਨਾਨਕ। ਤਾਣੀ ਉਲਝ ਗਈ ਹੈ, ਕੁਝ ਵਸ ਨਹੀਂ ਰਿਹਾ। ਤਾਣੀ, ਤਾਣੇ ਦਾ ਇਕ ਧਾਗਾ ਹੈ, ਭਾਵੇਂ ਤਾਣਾ ਤੇ ਤਾਣੀ ਕਦੇ ਕਦੇ ਸਮਾਨਾਰਥਕ ਰੂਪ ਵਿਚ ਵੀ ਵਰਤੇ ਜਾ ਸਕਦੇ ਹਨ ਜਿਵੇਂ ਤੰਦ ਨਹੀਂ ਵਿਗੜੀ ਤਾਣੀ ਵਿਗੜੀ। ਤਣੀ/ਤਣਾਅ ਵੀ ਇਨ੍ਹਾਂ ਸ਼ਬਦਾਂ ਦੀ ਹੀ ਭੈਣ ਹੈ। ਇਨ੍ਹਾਂ ਸਾਰੇ ਸ਼ਬਦਾਂ ਵਿਚ 'ਤਾਨਣ' ਦਾ ਭਾਵ ਹੈ। ਤਾਨਣ ਦੀ ਕਿਰਿਆ ਵਿਚ ਖਿਚਣ, ਕੱਸਣ, ਵਿਸਤਾਰ ਦੇਣ, ਫੈਲਾਉਣ, ਪਤਲਾ ਕਰਨ ਦੀਆ ਕਿਰਿਆਵਾਂ ਹੁੰਦੀਆਂ ਹਨ। ਖੱਡੀ ਦਾ ਤਾਣਾ ਖਿਚ ਕੇ ਹੀ ਤਣਿਆ ਜਾਂਦਾ ਹੈ। ਪਤੰਗ, ਤੱਕੜੀ, ਝੋਲੇ ਆਦਿ ਦੀ ਤਣੀ ਜਾਂ ਤਣਾਅ ਦਾ ਇਕ ਮਕਸਦ ਇਨ੍ਹਾਂ ਨੂੰ ਖਿਚ ਕੇ ਰੱਖਣ ਦਾ ਵੀ ਹੈ। ਕਿਸੇ ਵੀ ਵਰਤਾਰੇ ਵਿਚ ਤਣੇ ਹੋਏ ਹੋਣ ਦੀ ਸਥਿਤੀ ਨੂੰ ਤਣਾਅ ਜਾਂ ਤਣਾਉ ਕਿਹਾ ਜਾਂਦਾ ਹੈ। ਇਸ ਸਥਿਤੀ ਵਿਚ ਕਈ ਸ਼ਕਤੀਆਂ ਵਸਤੂ ਜਾਂ ਵਰਤਾਰੇ ਨੂੰ ਅੱਡ ਅੱਡ ਦਿਸ਼ਾਵਾਂ ਵੱਲ ਖਿਚਦੀਆਂ ਹਨ। ਮਿਸਾਲ ਵਜੋਂ ਮਾਨਸਿਕ ਤਣਾਅ ਵਿਚ ਬੰਦਾ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦੇ ਬੋਝ ਕਾਰਨ ਤਣਿਆ ਰਹਿੰਦਾ ਹੈ ਜਿਸ ਕਾਰਨ ਭਾਵਨਾਵਾਂ ਕੁੰਠਿਤ ਹੋ ਜਾਂਦੀਆਂ ਹਨ। ਤਣਾਅ ਭਰਪੂਰ ਸਬੰਧਾਂ ਵਿਚ ਦੋ ਵਿਅਕਤੀ ਜ਼ਿੰਦਗੀ ਦੀ ਗੱਡੀ ਨੂੰ ਆਪੋ ਆਪਣੇ ਪਾਸੇ ਖਿਚਦੇ ਹਨ। ਇਸ ਨੂੰ ਖਿਚ-ਖਿਚ, ਖਿਚੋਤਾਣ ਜਾਂ ਤਣਾਤਣੀ ਵੀ ਕਿਹਾ ਜਾਂਦਾ ਹੈ। ਮਨੁਖ ਜਦ ਕਿਸੇ ਕੰਮ ਨੂੰ ਲੋੜ ਤੋਂ ਵਧ ਜ਼ੋਰ ਲਾ ਕੇ ਯਾਨਿ ਆਪਣੇ ਆਪ ਨੂੰ ਖਿਚ ਕੇ ਕੰਮ ਕਰਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਉਸ ਨੇ ਆਪਣਾ ਤਾਣ ਲਾ ਦਿੱਤਾ। ਇਸ ਦੇ ਉਲਟ ਨਿਤਾਣਾ ਸ਼ਬਦ ਵੀ ਹੈ, "ਨਿਤਾਣਿਆਂ ਦੇ ਤਾਣ॥"

ਉਪਰੋਕਤ ਸ਼ਬਦਾਂ ਵਿਚ ਕਿਰਿਆਸ਼ੀਲ ਧਾਤੂ ਹੈ 'ਤਨ' ਜਿਸ ਵਿਚ ਖਿਚਣ, ਫੈਲਾਉਣ, ਵਿਸਤਾਰ ਦੇਣ, ਕੱਸਣ, ਤਗਣ, ਪਤਲਾਉਣ ਦੇ ਭਾਵ ਹਨ। ਇਹ ਸਾਰੀਆਂ ਕਿਰਿਆਵਾਂ ਕਈ ਵਾਰੀ ਇਕੱਠੀਆਂ ਹੀ ਹੁੰਦੀਆਂ ਹਨ। ਮਿਸਾਲ ਵਜੋਂ ਧਾਤ ਤੋਂ ਤਾਰ ਬਣਾਉਣ ਲਈ ਇਸ ਨੂੰ ਖਿਚ ਕੇ ਹੀ ਵਡੇਰਾ ਕੀਤਾ ਜਾਂਦਾ ਹੈ। ਮਨੁਖ ਦੇ ਸਰੀਰ ਨੂੰ ਤਨ ਕਿਹਾ ਜਾਂਦਾ ਹੈ ਕਿਉਂਕਿ ਇਹ ਫੈਲਦਾ, ਵਧਦਾ ਜਾਂ ਮੋਕਲਾ ਹੁੰਦਾ ਹੈ। ਤਨ ਦਾ ਅਰਥ ਸਵੈ ਜਾਂ ਆਪਾ ਵੀ ਹੈ, 'ਤਨ ਰਾਜੀ' ਉਕਤੀ ਵਿਚ ਇਸ ਦਾ ਸਬੂਤ ਮਿਲਦਾ ਹੈ। 'ਤਨੁਜਾ' ਦਾ ਅਰਥ ਤਨ ਤੋਂ ਪੈਦਾ ਹੋਣ ਵਾਲਾ ਹੈ। ਤਾਨਿਆ ਰੂਸੀ ਨਾਮ ਵੀ ਹੈ ਤੇ ਭਾਰਤੀ ਵੀ-ਦੋਨਾਂ ਦੇ ਅਰਥ ਵਖ ਵਖ ਹਨ। ਰੂਸੀ ਵਿਚ ਅਰਥ ਹੈ ਕਾਬਲੇ-ਤਾਰੀਫ, ਸੰਸਕ੍ਰਿਤ ਵਿਚ ਪਤਲੂ। ਉਪਰ ਨੂੰ ਵਧਦੇ ਫੈਲਦੇ ਹੋਣ ਕਾਰਨ ਦਰਖਤ ਦੇ ਮੁਖ ਭਾਗ ਨੂੰ ਤਣਾ ਕਿਹਾ ਜਾਂਦਾ ਹੈ। ਤੁਣਕਾ ਵਿਚ ਵੀ ਖਿਚਣ ਦਾ ਹੀ ਭਾਵ ਹੈ, ਭਾਵੇਂ ਪਿਆਰ ਦਾ ਹੋਵੇ ਭਾਵੇਂ ਪਤੰਗ ਦਾ! ਸੰਗੀਤ ਵਿਚ ਤਰਜ਼ ਜਾਂ ਮੁਖ ਸੁਰ ਦੇ ਭਾਵ ਵਾਲਾ ਸ਼ਬਦ 'ਤਾਨ' ਸੁਰਾਂ ਦਾ ਵਿਸਤਾਰ ਹੈ। ਬੁਲ੍ਹੇ ਸ਼ਾਹ ਦਾ ਕਲਾਮ ਹੈ,

ਅਨਹਦ ਵਾਜਾ ਵੱਜੇ ਸੁਹਾਨਾ,
ਮੁਤਰਿਬ ਸੁਘੜਾਂ ਤਾਨ ਤਰਾਨਾ।

ਤਾਨ ਬੁਣਨ ਲਈ ਤਣੇ ਹੋਏ ਸੂਤ ਯਾਨਿ ਤਾਣੇ ਨੂੰ ਵੀ ਕਹਿੰਦੇ ਹਨ,

ਪੂਣੀ ਪੂਣੀ ਕਰ ਜੋ ਕਤਿਆ
ਉਹਦਾ ਤਾਨ ਨਾ ਤਣਿਆ।

ਖਿਚੀ ਹੋਈ ਚੀਜ਼ ਪਤਲੀ ਹੋ ਜਾਂਦੀ ਹੈ। ਇਸ ਲਈ ਤਨੁ/ਤਨਿਕ ਦਾ ਅਰਥ ਪਤਲਾ ਹੁੰਦਾ ਹੈ। 'ਤਨ' ਧਾਤੂ ਵਿਚ ਵਿਸਤਾਰ ਦਾ ਭਾਵ ਹੋਣ ਕਾਰਨ ਇਸ ਤੋਂ ਲਗਾਤਾਰਤਾ ਜਾਂ ਨਿਰੰਤਰਤਾ ਦੇ ਅਰਥ ਦਿੰਦੇ ਸ਼ਬਦ ਵੀ ਬਣੇ ਹਨ। ਔਲਾਦ ਮਨੁਖ ਦੀ ਵੇਲ ਵਧਾਉਂਦੀ ਹੈ, ਜ਼ਿੰਦਗੀ ਦੇ ਅੱਗੇ ਲਗਾਤਾਰ ਚੱਲਦੇ ਰਹਿਣ ਦੀ ਸੂਚਕ ਹੈ, ਇਸ ਲਈ 'ਤਨਹ/ਤਨ' ਦਾ ਅਰਥ ਔਲਾਦ ਵੀ ਹੈ, 'ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੰ ਅਚੁਤ ਤਨਹ॥' -ਗੁਰੂ ਅਰਜਨ ਦੇਵ। ਮਨੁਖ ਦਾ ਸਾਥ ਸਦਾ ਨਾਮ ਹੀ ਦਿੰਦਾ ਹੈ, ਇਹ ਨਾਮ ਰੱਬ ਦੇ ਪੁੱਤਰ ਸੰਤ ਜਨਾਂ ਤੋਂ ਮਿਲਦਾ ਹੈ। 'ਕੁੰਮੀ ਜਲ ਮਹਿ ਤਨ ਤਿਸੁ ਬਾਹਰਿ॥' -ਧੰਨਾ ਭਗਤ। ਅਰਥਾਤ ਮਾਂ-ਕਛੂ ਪਾਣੀ ਵਿਚ ਹੈ ਪਰ ਬੱਚੇ ਬਾਹਰ ਹਨ। ਔਲਾਦ ਲਈ ਆਮ ਵਰਤੋਂ ਵਾਲਾ ਸ਼ਬਦ ਸੰਤਾਨ (ਸੰ+ਤਾਨ) ਹੈ। ਇਸ ਵਿਚ ਵੀ ਲਗਾਤਾਰਤਾ ਦਾ ਭਾਵ ਸਪਸ਼ਟ ਵਿਖਾਈ ਦਿੰਦਾ ਹੈ। 'ਸੰ' ਅਗੇਤਰ ਦਾ ਅਰਥ ਨਾਲ, ਸੰਗ, ਬਰਾਬਰ ਹੁੰਦਾ ਹੈ। ਸੰਤਾਨ ਉਹ ਹੈ ਜੋ ਮਨੁਖ ਨੂੰ ਭਵਿਖ ਵਿਚ ਲੈ ਜਾਂਦੀ ਹੈ।



ਤਨ ਧਾਤੂ ਤੋਂ ਹੀ ਤੰਤ ਬਣਿਆ ਜਿਸ ਦਾ ਅਰਥ ਧਾਗਾ ਹੈ। ਤੰਤ ਤੋਂ ਅੱਗੇ 'ਤੰਤਰ' ਹੋਂਦ ਵਿਚ ਆਇਆ। ਇਸ ਦਾ ਵੀ ਮੁਢਲਾ ਅਰਥ ਤਾਂ ਤਾਣਾ ਹੀ ਹੈ ਪਰ ਹੋਰ ਅਰਥ ਵਿਸਥਾਰ ਪਾ ਕੇ ਕਿਸੇ ਵਿਸ਼ੇਸ਼ ਵਰਤਾਰੇ ਦੇ ਅੰਤਰ ਸਬੰਧਤ ਤੱਤਾਂ ਦਾ ਸਿਲਸਿਲਾ ਬਣ ਗਿਆ ਜਿਵੇਂ ਲੋਕਤੰਤਰ ਜਾਂ ਗਣਤੰਤਰ। ਤੰਤਰ ਦਾ ਅਰਥ ਸਿਧਾਂਤ, ਨਿਯਮ ਆਦਿ ਵੀ ਹੁੰਦਾ ਹੈ। ਤੰਤਰ ਦਾ ਅਰਥ ਜਾਦੂ ਟੂਣਾ ਵੀ ਹੈ ਜੋ ਤਾਂਤਰਿਕ ਲੋਕ ਕਰਦੇ ਹਨ। ਇਨ੍ਹਾਂ ਦੇ ਤੰਤਰ ਵਿਚ ਜੰਤਰ-ਮੰਤਰ-ਤੰਤਰ ਦਾ ਪ੍ਰਯੋਗ ਹੁੰਦਾ ਹੈ, "ਮੁਖ ਤੰਤੁ ਅਉਖਧ ਪੁਨਹਚਾਰੁ॥" -ਗੁਰੂ ਅਰਜਨ ਦੇਵ। ਅਰਥਾਤ ਨਾਮ ਹੀ ਮੰਤਰ, ਤੰਤਰ ਤੇ ਮਾੜੇ ਕਰਮਾਂ ਦਾ ਪਸ਼ਚਾਤਾਪ ਹੈ। ਇਸ ਜੰਤਰ-ਮੰਤਰ-ਤੰਤਰ ਨੂੰ ਸੰਖੇਪ ਵਿਚ ਤੰਤ ਮੰਤ ਕਿਹਾ ਜਾਂਦਾ ਹੈ। ਤੰਤਰ ਵਿਚ ਹਲਦੀ, ਸੰਧੂਰ, ਦਾਲ, ਚੌਲ ਦਾ ਜਾਦੂ-ਟੂਣਾ ਕੀਤਾ ਜਾਂਦਾ ਹੈ। ਤੰਤਰ ਤੋਂ ਹੀ 'ਤਾਂਤਾ' ਬਣਿਆ ਜਿਸ ਦਾ ਮਤਲਬ ਲੜੀ, ਲਕੀਰ, ਕਤਾਰ, ਲਾਮਡੋਰੀ ਆਦਿ ਹੈ। ਇਸ ਤੋਂ ਅੱਗੇ ਤੰਤੂ ਸ਼ਬਦ ਬਣਿਆ ਜਿਸ ਦਾ ਅਰਥ ਸਰੀਰ ਦੀਆਂ ਨਸਾਂ ਹੁੰਦਾ ਹੈ। ਤੰਦ ਸ਼ਬਦ ਵੀ ਤੰਤ ਦਾ ਇਕ ਰੁਪਾਂਤਰ ਹੈ। ਤੰਦ ਖਿਚ ਕੇ ਹੀ ਬਣਾਈ ਜਾਂਦੀ ਹੈ। ਤੰਦ ਤੋਂ ਹੀ ਸਾਗ ਵਿਚ ਪਾਏ ਜਾਂਦੇ ਇਕ ਨਦੀਨ ਦਾ ਨਾਂ ਤਾਂਦਲਾ ਪਿਆ ਕਿਉਂਕਿ ਇਸ ਦੇ ਫੁੱਲ ਇਕ ਲੰਮੀ ਤਾਰ ਜਿਹੀ ਨਾਲ ਲੱਗੇ ਹੁੰਦੇ ਹਨ। ਜੀਭ ਨੂੰ ਥੱਲੇ ਜੋੜਨ ਵਾਲੇ ਤੰਦਨੁਮਾ ਮਾਸ ਨੂੰ ਤੰਦੂਆ ਆਖਦੇ ਹਨ। ਪਾਣੀ ਦੇ ਇਕ ਤੰਦਨੁਮਾ ਬਹੁ-ਪੈਰੀ ਜੀਵ ਨੂੰ ਵੀ ਤੰਦੂਆ ਕਿਹਾ ਜਾਂਦਾ ਹੈ।

ਆਉ ਜ਼ਰਾ ਇਸ ਤਾਣੇ ਬਾਣੇ ਨੂੰ ਖਿਚ ਕੇ ਹੋਰ ਭਾਰੋਪੀ ਭਾਸ਼ਾਵਾਂ ਵੱਲ ਲਿਜਾਈਏ। ਇਸ ਦਾ ਭਾਰੋਪੀ ਮੂਲ ਵੀ 'ਟਨ' ਜਾਂ 'ਤਨ' ਮਿਥਿਆ ਗਿਆ ਹੈ ਜਿਸ ਦਾ ਅਰਥ ਖਿਚਣਾ, ਵਿਸਥਾਰ ਦੇਣਾ ਹੈ। ਫਾਰਸੀ ਵਿਚ ਇਸ ਤੋਂ 'ਤਾਰ' ਸ਼ਬਦ ਬਣਿਆ ਜੋ ਪੰਜਾਬੀ ਭਾਸ਼ਾ ਵਿਚ ਵੀ ਆ ਗਿਆ ਹੈ। ਫਾਰਸੀ ਵਿਚ ਤਾਰ ਦਾ ਅਰਥ ਤਾਣਾ ਵੀ ਹੈ। ਅਸੀਂ ਇਸ ਨੂੰ ਲਾਖਣਿਕ ਅਰਥਾਂ ਵਿਚ ਵੀ ਵਰਤਦੇ ਹਾਂ ਜਿਵੇਂ 'ਉਸ ਦੀ ਪਰਮਾਤਮਾ ਨਾਲ ਤਾਰ ਜੁੜ ਗਈ।' ਕਿਸੇ ਸਾਜ਼ ਦੇ ਵਜਾਉਣ ਵਾਲੀ ਧਾਤ ਜਾਂ ਨਾੜੀ ਦੀ ਬਣੀ ਡੋਰ ਨੂੰ ਵੀ ਤਾਰ ਜਾਂ ਤੰਤੀ ਕਿਹਾ ਜਾਂਦਾ ਹੈ, 'ਤੂੰਬਾ ਵਜਦਾ ਨਾ ਤਾਰ ਬਿਨਾ।' ਤਾਰ ਸ਼ਬਦ ਦੇ ਪਹਿਲਾਂ ਸੰਸਕ੍ਰਿਤ ਵਲੋਂ ਆਇਆ ਸ਼ਬਦ 'ਲਗ' (ਲੱਗਣਾ ਦਾ ਭੂਤ ਕਾਰਦੰਤਕ) ਲਾ ਕੇ 'ਲਗਾਤਾਰ' ਸ਼ਬਦ ਬਣਿਆ। ਇਸੇ ਤੋਂ ਲਿਵਤਾਰ ਬਣਿਆ। ਨਿਯਮ, ਸਿਧਾਂਤ ਜਾਂ ਧਾਰਨਾ ਦੇ ਅਰਥ ਦਿੰਦਾ ਅੰਗਰੇਜ਼ੀ ਟੈਨੇਟ (tenet) ਸ਼ਬਦ ਵੀ ਇਸੇ ਮੂਲ ਤੋਂ ਬਣਿਆ। ਇਸ ਵਿਚ ਕਿਸੇ ਵਿਚਾਰ ਨੂੰ 'ਲਗਾਤਾਰ ਧਾਰੀ' ਰੱਖਣ ਤੋਂ ਭਾਵ ਹੈ। ਰੱਖਣ ਜਾਂ ਧਾਰਨ ਦੀ ਕਿਰਿਆ ਵਿਚ ਲਗਾਤਾਰਤਾ ਦਾ ਭਾਵ ਨਿਹਿਤ ਹੈ। ਅੰਗਰੇਜ਼ੀ ਸ਼ਬਦ ਟਿਨੈਸ਼ਿਸ (tenacious) ਵਿਚ ਲਗੇ ਜਾਂ ਚੁੰਬੜੇ ਰਹਿਣ ਦਾ ਭਾਵ ਹੈ। ਇਕ ਬੈਕਟੀਰੀਆ ਤੋਂ ਹੁੰਦੀ ਟੈਟਨਸ ਦੀ ਬੀਮਾਰੀ ਵਿਚ ਪੱਠੇ ਖਿਚੇ ਜਾਂਦੇ ਹਨ। ਅਸੀਂ ਇਸ ਨੂੰ ਖਿਚ ਦੀ ਬੀਮਾਰੀ ਕਹਿੰਦੇ ਹਾਂ ਜੋ ਟੈਟਨਸ ਦੇ ਸਹੀ ਭਾਵ ਵਿਅਕਤ ਕਰਦੀ ਹੈ। ਪੁਰਾਣੇ ਜ਼ਮਾਨੇ ਵਿਚ ਸਮਝਿਆ ਜਾਂਦਾ ਸੀ ਕਿ ਚੰਦ ਦੀ ਖਿਚ ਕਾਰਨ ਇਹ ਬੀਮਾਰੀ ਹੁੰਦੀ ਹੈ, ਇਸ ਲਈ ਇਸ ਨੂੰ ਚਾਂਦਨੀ ਵੀ ਕਿਹਾ ਜਾਂਦਾ ਹੈ। ਸਰੀਰ ਦਾ ਧਣੁਖ ਵਾਂਗ ਕੱਸੇ ਜਾਂ ਖਿਚੇ ਹੋਣ ਕਾਰਨ ਇਸ ਨੂੰ ਧਣਖਵਾ ਵੀ ਕਹਿ ਦਈਦਾ ਹੈ। ਅੰਗਰੇਜ਼ੀ ਟੈਨਸ਼ਨ ਤਾਂ ਪੰਜਾਬੀ ਤਣਾਅ ਦੇ ਪੂਰੇ ਮੇਚ ਹੈ। ਫਰਾਂਸੀਸੀ ਵਲੋਂ ਆਇਆ ਰਾਜਨੀਤਕ ਪਦ ਦੀਤਾਂਤ detante ਵਿਚ ਸੰਸਾਰ ਨੂੰ ਤਣਾਅ ਤੋਂ ਮੁਕਤ ਕਰਨ ਦੀ ਭਾਵਨਾ ਹੈ। ਟੈਂਸ ਤੇ ਇਨਟੈਂਸ ਵੀ ਇਸੇ ਕੜੀ ਵਿਚ ਆਉਂਦੇ ਹਨ। ਲਾਤੀਨੀ ਵਲੋਂ ਆਇਆ ਅੰਗਰੇਜ਼ੀ tenous ਜਾਂ thin ਬਿਲਕੁਲ ਤਨੁ, ਤਨਿਕ (ਪਤਲਾ) ਸ਼ਬਦਾਂ ਦੀ ਬਰਾਬਰੀ ਕਰਦੇ ਹਨ। ਫਿਰ ਅੰਗਰੇਜ਼ੀ ਟੋਨ (tone) ਲੈ ਲਵੋ। ਇਹ ਸੰਗੀਤ ਤੇ ਗੈਰ-ਸੰਗੀਤ ਸੰਦਰਭ ਵਿਚ ਬਹੁਤ ਹੱਦ ਤੀਕ ਪੰਜਾਬੀ ਤਾਨ ਅਤੇ ਤਾਣ ਦਾ ਹੀ ਅਰਥਾਵਾਂ ਹੈ। ਅਸੀਂ ਪੱਠਿਆਂ ਵਿਚ ਤਾਨ ਜਾਂ ਤਾਣ ਕਾਇਮ ਰੱਖਣ ਲਈ ਟਾਨਿਕ (tonic) ਖਾਂਦੇ ਹਾਂ, ਪੰਜਾਬੀ ਵਿਚ ਅਸੀਂ ਇਸ ਨੂੰ 'ਤਾਣਕ' ਕਹਿ ਸਕਦੇ ਹਾਂ। ਇਸੇ ਤਰ੍ਹਾਂ ਹੀ ਤਰਜ਼ ਜਾਂ ਧੁੰਨ ਦੇ ਅਰਥ ਦਿੰਦਾ ਟੋਨ ਦਾ ਇਕ ਭੇਦ, ਟਿਊਨ (tune) ਸ਼ਬਦ ਤਾਂ ਤਾਨ ਦੇ ਬਾਹਲਾ ਹੀ ਨੇੜੇ ਹੈ। ਇਸੇ ਤੋਂ attune (ਇਕ ਸੁਰ ਹੋਣਾ) ਸ਼ਬਦ ਬਣਿਆ ਹੈ। ਅੰਗਰੇਜ਼ੀ ਟੈਂਡ (tend), ਚੇਸ਼ਟਾ ਕਰਨਾ, ਵਿਚ ਮੁਖ ਭਾਵ ਇਕ ਦਿਸ਼ਾ ਵੱਲ ਵਧਣਾ, ਰੁਚਿਤ ਹੋਣਾ ਆਦਿ ਹੈ। ਇਸ ਤੋਂ ਬਣੇ extend ਵਿਚ ਅੱਗੇ ਵਧਣ ਦੇ ਅਰਥ ਸਪਸ਼ਟ ਦਿਸ ਰਹੇ ਹਨ। Tender ਵਿਚ ਕਮਜ਼ੋਰੀ, ਨਾਜ਼ੁਕਤਾ ਦਾ ਭਾਵ ਹੈ। ਵੇਲਾਂ ਦੀਆਂ ਤਾਰਾਂ ਨੂੰ ਅੰਗਰੇਜ਼ੀ ਵਿਚ tendril ਕਿਹਾ ਜਾਂਦਾ ਹੈ। ਅੰਗਰੇਜ਼ੀ ਸ਼ਬਦ ਟੈਂਟ ਪਿਛੇ ਲਾਤੀਨੀ ਵਿਚ ਚਮੜੇ ਨੂੰ ਬਾਂਸ ਤੇ ਤਾਨਣ ਦਾ ਭਾਵ ਕੰਮ ਕਰ ਰਿਹਾ ਹੈ। ਮਿਆਦ ਦੇ ਅਰਥਾਂ ਵਾਲੇ tenure ਸ਼ਬਦ ਵਿਚ ਵੀ ਸਮੇਂ ਦੇ ਵਿਸਥਾਰ ਦਾ ਭਾਵ ਹੈ। ਮੈਂ ਹੁਣ ਤਾਨ ਵਿਚ ਆਇਆ ਹੋਇਆ ਹਾਂ, ਮੇਰੇ ਕੋਲ ਇਸ ਮੂਲ ਤੋਂ ਬਣੇ ਬਹੁਤ ਸਾਰੇ ਸ਼ਬਦ ਹਨ ਪਰ ਪਹਿਲਾਂ ਏਨੇ ਹਜਮ ਕਰ ਲਵੋ।

# ਕਾਲੇ ਪਾਣੀ ਦੀ ਚਸ਼ਮਦੀਦ ਗਵਾਹੀ

## ਸਿਦਕ ਤੇ ਸਿਰੜ ਨੇ ਜ਼ੁਲਮੋ-ਸਿਤਮ ਦੇ ਤੂੰਬੇ ਉਡਾ ਸੁੱਟੇ

***ਸ਼ਬਦਾਂ ਅਤੇ ਵਿਚਾਰਾਂ ਦੀਆਂ ਲੜੀਆਂ ਜੋੜਨ ਦੇ ਧਨੀ, ਪੰਜਾਬੀ ਦੇ ਨਾਮੀ ਲੇਖਕ ਵਰਿਆਮ ਸਿੰਘ ਸੰਧੂ ਨੇ ਗਦਰੀਆਂ ਬਾਰੇ ਲਿਖੀ ਇਸ ਲੇਖ ਲੜੀ ਵਿਚ ਕਾਲੇ ਪਾਣੀਆਂ ਦੀ ਦਾਸਤਾਨ ਬਿਆਨ ਕੀਤੀ ਹੈ। ਕਾਲੇ ਪਾਣੀਆਂ ਦਾ ਇਹ ਬਿਆਨ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ। ਦੇਸ਼ ਭਗਤ ਗਦਰੀਆਂ ਨੇ ਜਿਸ ਤਰ੍ਹਾਂ ਨਿਰਭੈ ਹੋ ਕੇ ਆਜ਼ਾਦੀ ਦੀ ਲੜਾਈ ਵਿਚ ਭਰਪੂਰ ਯੋਗਦਾਨ ਪਾਇਆ, ਉਹ ਬੇਮਿਸਾਲ ਹੈ। ਗਦਰ ਦੀ ਸ਼ਤਾਬਦੀ ਮੌਕੇ ਅਸੀਂ ਅਜਿਹੀਆਂ ਲਿਖਤਾਂ ਰਾਹੀਂ ਆਪਣੇ ਇਨ੍ਹਾਂ ਪੁਰਖਿਆਂ ਦੀਆਂ ਕੁਰਬਾਨੀਆਂ ਨੂੰ ਸਲਾਮੀ ਦੇ ਰਹੇ ਹਾਂ। ਉਂਜ, ਇਹ ਵਕਤ ਦੀ ਸਿਤਮਜ਼ਰੀਫੀ ਹੀ ਹੈ ਕਿ ਗਦਰੀਆਂ ਨੂੰ ਪਹਿਲਾਂ ਪਹਿਲ ਕਮਿਊਨਿਸਟਾਂ ਨਾਲ ਜੋੜ ਕੇ ਦੇਖਿਆ ਗਿਆ। ਗਦਰੀਆਂ ਵਿਚੋਂ ਬਹੁਤੇ ਭਾਵੇਂ ਬਾਅਦ ਵਿਚ ਕਮਿਊਨਿਸਟ ਵਿਚਾਰਧਾਰਾ ਨਾਲ ਹੀ ਜੁੜੇ ਅਤੇ ਉਨ੍ਹਾਂ ਨੇ ਸਿਆਸੀ ਖੇਤਰ ਵਿਚ ਚੋਖੀ ਸਰਗਰਮੀ ਵੀ ਕੀਤੀ, ਪਰ ਉਹ ਉਦੋਂ ਕੌਮਾਂਤਰੀ ਪੱਧਰ 'ਤੇ ਮੁਕੰਮਲ ਇਨਕਲਾਬ ਦੇ ਕੋਣ ਤੋਂ ਸਾਰੀ ਸਰਗਰਮੀ ਕਰ ਰਹੇ ਸਨ, ਤੇ ਮੁਕੰਮਲ ਇਨਕਲਾਬ ਦੀ ਅਗਵਾਈ ਉਦੋਂ ਕਮਿਊਨਿਸਟ ਕਰ ਰਹੇ ਸਨ। ਗਦਰੀਆਂ ਨੇ ਤਾਂ ਸਗੋਂ ਆਪਣੇ ਮੁਕੰਮਲ ਗਦਰ ਲਈ ਹਰ ਧਿਰ ਅਤੇ ਧਾਰਾ ਨਾਲ ਰਾਬਤਾ ਬਣਾਉਣ ਦਾ ਯਤਨ ਕੀਤਾ। ਗਦਰੀਆਂ ਦੀ ਸੁੱਚੀ ਲੜਾਈ ਦੀ ਤਹਿ ਤੱਕ ਪੁੱਜਣ ਲਈ ਸਾਨੂੰ ਇਹ ਨੁਕਤਾ ਧਿਆਨ ਵਿਚ ਰੱਖਣਾ ਪਵੇਗਾ, ਪਰ ਹੁਣ ਇਨ੍ਹਾਂ ਗਦਰੀਆਂ ਨੂੰ ਨਿਰੋਲ ਸਿੱਖ ਸਾਬਤ ਕਰਨ ਦੀਆਂ ਕੋਸ਼ਿਸ਼ ਵੀ ਕੀਤੀਆਂ ਜਾਣ ਲੱਗੀਆਂ ਹਨ। ਸੱਚ ਤਾਂ ਇਹ ਹੈ ਕਿ ਗਦਰੀ ਸਭ ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਮੁਕੰਮਲ ਗਦਰ ਦੇ ਵੱਡੇ ਸੁਪਨਸਾਜ਼ ਸਨ। ਇਨ੍ਹਾਂ ਨੂੰ ਅਜਿਹੇ ਸੌੜੇ ਖਾਨਿਆਂ ਵਿਚ ਕੈਦ ਕਰਨਾ ਇਨ੍ਹਾਂ ਵੱਲੋਂ ਉਸ ਵੇਲੇ ਲੜੀ ਸੱਚ ਦੀ ਲੜਾਈ ਨਾਲ ਵਧੀਕੀ ਹੈ। ਲੇਖਕ ਵਰਿਆਮ ਸਿੰਘ ਸੰਧੂ ਦੀ ਇਸ ਲੇਖ ਲੜੀ ਵਿਚ ਜਿਸ ਤਰ੍ਹਾਂ ਗਦਰੀਆਂ ਦਾ ਜ਼ਿਕਰ ਆਇਆ ਹੈ, ਉਸ ਤੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਨ੍ਹਾਂ ਗਦਰੀਆਂ ਦਾ ਦਾਈਆ ਸਚਮੁੱਚ ਸਰਬੱਤ ਦੇ ਭਲੇ ਵਾਲਾ ਸੀ ਅਤੇ ਉਨ੍ਹਾਂ ਨੇ ਇਸ ਰਾਹ ਉਤੇ ਤੁਰਦਿਆਂ ਆਪਣੀ ਜ਼ਿੰਦੜੀਆਂ ਵਾਰ ਦਿੱਤੀਆਂ। -ਸੰਪਾਦਕ***

ਭਾਰਤ ਦੀ ਆਜ਼ਾਦੀ ਲਈ ਲੜੀ ਲੜਾਈ ਦਾ ਬੜਾ ਲੰਮਾ ਲੇਖਾ ਹੈ। ਇਸ ਲੇਖੇ 'ਚ ਬੜੇ ਭੁੱਲ-ਭੁਲੇਖੇ, ਬੜੀਆਂ ਲੰਮੀਆਂ ਖਾਈਆਂ ਤੇ ਖੱਪੇ ਹਨ। ਇਨ੍ਹਾਂ ਖਾਈਆਂ ਵਿਚ ਕਿੰਨਿਆਂ ਦੀਆਂ ਕਰਨੀਆਂ, ਕੁਰਬਾਨੀਆਂ ਮਰ-ਖਪ ਗਈਆਂ; ਕੌਣ ਜਾਣਦਾ ਹੈ! ਦੇਸ਼ ਲਈ ਕੁਝ ਕਰਨ ਵਾਲੇ, ਮਰਨ ਵਾਲੇ ਇਨਕਲਾਬੀ ਦੇਸ਼ ਭਗਤ ਸ਼ਾਇਦ ਇਹ ਜਾਣਦੇ ਨਹੀਂ ਸਨ ਜਾਂ ਉਨ੍ਹਾਂ ਦਾ ਇਹ ਮਨਸ਼ਾ ਹੀ ਨਹੀਂ ਸੀ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਨੂੰ ਯਾਦ ਰੱਖਣਗੀਆਂ ਜਾਂ ਨਹੀਂ। ਉਨ੍ਹਾਂ ਦੀ ਕੁਰਬਾਨੀ ਬੇਗਰਜ਼ ਸੀ। ਗਰਜ਼ ਸੀ ਤਾਂ ਕੇਵਲ ਇੰਨੀ ਕਿ ਉਨ੍ਹਾਂ ਦਾ ਦੇਸ਼ ਆਜ਼ਾਦ ਹੋ ਸਕੇ ਤੇ ਆਜ਼ਾਦ ਦੇਸ਼



■ ਵਰਿਆਮ ਸਿੰਘ ਸੰਧੂ

ਵਿਚ ਉਨ੍ਹਾਂ ਦੇ ਸੁਪਨਿਆਂ ਦਾ ਰਾਜ ਤੇ ਸਮਾਜ ਸਿਰਜਿਆ ਜਾ ਸਕੇ। ਪ੍ਰਾਪਤ ਆਜ਼ਾਦੀ ਉਨ੍ਹਾਂ ਦੇ ਸੁਪਨਿਆਂ ਦੇ ਹਾਣ ਦੀ ਨਾ ਨਿਕਲੀ। ਅੰਗਰੇਜ਼ ਜਾਂਦੇ-ਜਾਂਦੇ ਜਿਨ੍ਹਾਂ ਦੀ ਝੋਲੀ ਵਿਚ ਰਾਜ-ਭਾਗ ਦੀ ਚਾਬੀ ਸੁੱਟ ਗਏ, ਉਨ੍ਹਾਂ ਦੀ ਆਪਣੀ ਕਿਸਮਤ ਦੇ ਤਾਂ ਸਾਰੇ ਦਰਵਾਜ਼ੇ ਖੁੱਲ੍ਹ ਗਏ ਪਰ ਜਿਨ੍ਹਾਂ ਨੇ ਦੇਸ਼ ਨੂੰ ਮੁਕਤ ਕਰਵਾਉਣ ਲਈ ਆਪਣਾ ਤਨ, ਮਨ, ਧਨ ਕੁਰਬਾਨ ਕਰ ਦਿੱਤਾ, ਉਨ੍ਹਾਂ ਤੇ ਉਨ੍ਹਾਂ ਦੇ ਵਾਰਸਾਂ ਲਈ ਉਨ੍ਹਾਂ ਦੀ ਰੀਝ-ਪੂਰਤੀ ਦੇ ਦਰਵਾਜ਼ੇ ਢੋ ਲਏ ਗਏ। ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਘੱਟੇ ਕੌਡੀ ਰੋਲ ਦਿੱਤਾ। ਉਨ੍ਹਾਂ ਨਾਲ ਜੁੜੇ ਇਤਿਹਾਸ ਨੂੰ ਅਣਗੌਲਾ ਕਰ ਦਿੱਤਾ।

ਅੱਜਕੱਲ੍ਹ ਹਾਸ਼ੀਆਗ੍ਰਸਤ ਲੋਕਾਂ (ਸਬਾਲਟਰਨ) ਦੀ ਗੱਲ ਕਰਨ ਦਾ ਰਿਵਾਜ ਜਿਹਾ ਬਣ ਗਿਆ ਹੈ ਜਿਨ੍ਹਾਂ ਵਿਚ ਆਰਥਿਕ, ਸਮਾਜਿਕ ਜਾਂ ਰਾਜਨੀਤਕ ਪੱਖੋਂ ਦੱਬੇ, ਲਿਤਾੜੇ, ਅਣਗੌਲੇ ਲੋਕਾਂ ਦਾ ਜ਼ਿਕਰ ਕੀਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਵਿਸ਼ੇਸ਼ ਕਿਸਮ ਦਾ ਇਤਿਹਾਸ ਵੀ ਸਬਾਲਟਰਨ ਵਾਲੀ ਹਾਲਤ ਹੰਢਾਉਂਦਾ ਹੈ। ਸਥਾਪਤ ਤਾਕਤਾਂ ਵੱਲੋਂ ਉਸ ਨੂੰ ਹਾਸ਼ੀਏ ਉਤੇ ਧੱਕ ਦਿੱਤਾ ਜਾਂਦਾ ਹੈ। ਆਜ਼ਾਦੀ ਸੰਗਰਾਮ ਨਾਲ ਜੁੜੀਆਂ ਇਨਕਲਾਬੀ ਤਹਿਰੀਕਾਂ ਦੇ ਇਤਿਹਾਸ ਨਾਲ ਵੀ ਅਜਿਹਾ ਹੀ ਵਾਪਰਿਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸਬਾਲਟਰਨ ਸ਼੍ਰੇਣੀਆਂ ਦੀ ਹੋਂਦ ਤੇ ਹੋਣੀ ਦਾ ਸਵਾਲ ਵੀ ਅਸਲ ਵਿਚ ਹਾਸ਼ੀਏ 'ਤੇ ਧੱਕ ਦਿੱਤੇ ਗਏ ਇਸ ਇਤਿਹਾਸ ਨਾਲ ਹੀ ਜੁੜਿਆ ਹੋਇਆ ਹੈ। 'ਸਬਾਲਟਰਨ' ਇਤਿਹਾਸ ਅਤੇ ਉਸ ਨਾਲ ਜੁੜੇ ਸੁਪਨਿਆਂ ਦੇ ਅਗਰਭੂਮੀ ਵਿਚ ਆਉਣ ਨਾਲ ਘੱਟ-ਗਿਣਤੀਆਂ, ਆਰਥਿਕ ਤੇ ਜਾਤੀਗਤ ਤੌਰ 'ਤੇ ਲਿਤਾੜੀਆਂ ਧਿਰਾਂ, ਔਰਤਾਂ ਤੇ ਹੋਰ ਦੱਬੇ-ਦਲੇ ਲੋਕਾਂ ਦੀ ਹਾਲਤ ਉਨ੍ਹਾਂ ਦੀ ਵਰਤਮਾਨ ਹਾਲਤ ਨਾਲੋਂ ਨਿਸਚੈ ਹੀ ਵੱਖਰੀ ਤੇ ਵਧੀਆ ਹੋਣੀ ਸੀ।

ਹਾਸ਼ੀਆਗਤ ਜਾਂ ਸਬਾਲਟਰਨ ਇਤਿਹਾਸ ਦੇ ਲੁਕੇ ਜਾਂ ਲੁਕਾਏ ਗਏ ਅਨੇਕਾਂ ਅਜਿਹੇ ਪਹਿਲੂ ਜਾਂ ਪੱਖ ਹਨ ਜਿਨ੍ਹਾਂ ਨੂੰ ਰੋਸ਼ਨੀ ਵਿਚ ਲਿਆਉਣਾ ਹਾਸ਼ੀਏ 'ਤੇ ਰਹਿ ਗਏ ਜਾਂ ਕਰ ਦਿੱਤੇ ਗਏ (ਸਬਾਲਟਰਨ) ਲੋਕਾਂ ਦੀ ਵੱਡੀ ਲੋੜ ਹੈ ਕਿਉਂਕਿ ਸਮਾਜ ਵਿਚ ਆਪਣਾ ਹੱਕੀ ਥਾਂ ਬਣਾਉਣ ਲਈ, ਅਗਲੀਆਂ ਤੇ ਨਵੀਆਂ ਲੜਾਈਆਂ ਲੜਨ ਲਈ ਪਹਿਲੀਆਂ ਤੇ ਪੁਰਾਣੀਆਂ ਲੜਾਈਆਂ ਦੀ ਜਾਣਕਾਰੀ, ਸਮਝ ਤੇ ਸਾਰਥਿਕਤਾ ਸਾਡੀ ਚੇਤਨਾ ਦਾ ਜ਼ਰੂਰ ਹਿੱਸਾ ਬਣਨੀ ਚਾਹੀਦੀ ਹੈ।

ਅੱਜ ਅਸੀਂ ਆਪਣੇ ਅਜਿਹੇ ਭੁਲਾ ਤੇ ਲੁਕਾ ਦਿੱਤੇ ਗਏ ਇਤਿਹਾਸ ਦੇ ਉਸ ਕਾਲ-ਖੰਡ ਬਾਰੇ ਜਾਣਨਾ ਹੈ ਜਿਸ ਦੀ ਰੋਸ਼ਨੀ ਨੂੰ ਸਥਾਪਤ ਤਾਕਤਾਂ ਵੱਲੋਂ 'ਕਾਲੇ ਪਾਣੀਆਂ' ਦੇ ਹਨੇਰੇ ਵਿਚ ਡੋਬਣ ਦਾ ਹਰ ਚਾਰਾ ਕੀਤਾ ਗਿਆ। ਇਸ ਲਿਖਤ ਵਿਚ ਵੱਖ-ਵੱਖ ਕੋਨਿਆਂ ਤੋਂ ਅੰਡੇਮਾਨ ਵਿਚ ਜਲਾਵਤਨ ਕੀਤੇ ਗਏ ਬਹਾਦਰ ਦੇਸ਼ ਭਗਤਾਂ ਉਤੇ ਜੇਲ੍ਹ ਅਧਿਕਾਰੀਆਂ ਵੱਲੋਂ ਢਾਹੇ ਗਏ ਬੇਇੰਤਹਾ ਜ਼ੁਲਮ ਅਤੇ ਜਬਰ ਦੀ ਤਸਵੀਰ ਬਿਆਨ ਕੀਤੀ ਗਈ ਹੈ ਤੇ ਉਸ ਜਬਰ ਨੂੰ ਸਹਿਣ ਅਤੇ ਸਿੱਧੇ ਹੋ ਕੇ ਟੱਕਰਨ ਵਾਲੇ ਸੂਰਬੀਰਾਂ ਦੀ ਦਾਸਤਾਨ ਬਿਆਨੀ ਗਈ ਹੈ। ਸੁਣਾਉਣ ਵਾਲੇ ਵੀ ਉਹ ਬਹਾਦਰ ਇਨਕਲਾਬੀ ਹਨ ਜਿਹੜੇ ਇਨ੍ਹਾਂ ਜ਼ੁਲਮਾਂ ਦੇ ਚਸ਼ਮਦੀਦ ਗਵਾਹ ਹੀ ਨਹੀਂ ਸਗੋਂ ਇਨ੍ਹਾਂ ਨੂੰ ਸਹਿਣ ਵਾਲੇ ਤੇ ਇਨ੍ਹਾਂ ਨਾਲ ਸਿੱਝਣ ਵਾਲੇ ਵੀ ਸਨ। ਬਾਬਾ ਸੋਹਨ ਸਿੰਘ ਭਕਨਾ, ਬਾਬਾ ਗੁਰਮੁਖ ਸਿੰਘ ਲਲਤੋਂ, ਤ੍ਰਿਲੋਕੀ ਨਾਥ ਚੱਕ੍ਰਵਰਤੀ, ਬਾਬਾ ਪ੍ਰਿਥਵੀ ਸਿੰਘ, ਬਾਬਾ ਵਿਸਾਖਾ ਸਿੰਘ ਹੁਰਾਂ ਤੋਂ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੀ ਹਕੀਕੀ ਤਸਵੀਰ ਪੇਸ਼ ਕਰਨ ਵਾਲਾ ਹੋਰ ਕਿਹੜਾ 'ਇਤਿਹਾਸਕਾਰ' ਹੋ ਸਕਦਾ ਹੈ। ਇਹ ਪ੍ਰਮਾਣਿਕ ਗਵਾਹੀ ਪੜ੍ਹਦਿਆਂ-ਸੁਣਦਿਆਂ ਅੱਜ ਵੀ ਸਾਡੀਆਂ ਅੱਖਾਂ ਨਮ ਹੁੰਦੀਆਂ ਹਨ ਪਰ ਨਾਲ ਹੀ ਦੇਸ਼ ਭਗਤਾਂ ਵੱਲੋਂ ਇਸ ਜ਼ੁਲਮ ਨੂੰ ਸਹਿਣ ਵਾਲੇ ਜੇਰੇ ਨੂੰ ਜਾਣ ਕੇ ਸਾਡੀ ਛਾਤੀ ਮਾਣ ਨਾਲ ਵੀ ਭਰ ਜਾਂਦੀ ਹੈ।

'ਕਾਲੇ ਪਾਣੀ' ਸ਼ਬਦ ਜੁੱਟ ਦਾ ਉਚਾਰਨ ਕਰਦਿਆਂ ਹੀ ਸਾਡੀ ਸੋਚ ਅੰਦਰ ਵਿਸਫੋਟ ਹੁੰਦਾ ਹੈ। ਮੀਲਾਂ ਤੱਕ ਫੈਲੇ ਗਹਿਰੇ ਪਾਣੀਆਂ ਦੀ ਹਿੱਕ ਵਿਚੋਂ ਹਰੇ-ਭਰੇ ਜੰਗਲਾਂ ਵਾਲੇ ਅੰਡੇਮਾਨ-ਨਿਕੋਬਾਰ ਦੀਪ-ਸਮੂਹ ਦਾ ਦ੍ਰਿਸ਼ ਉਭਰਦਾ ਹੈ। ਇਸ ਦ੍ਰਿਸ਼ ਵਿਚੋਂ ਆਕਾਰ ਜਿਹਾ ਨਿਕਲਦਾ ਹੈ, ਸੈਲੂਲਰ ਜੇਲ੍ਹ ਦੀ ਇਮਾਰਤ ਦਾ। ਇਸ ਇਮਾਰਤ ਦੇ ਚੇਤਨਾ ਵਿਚ ਉਦੈ ਹੋਣ ਦੇ ਨਾਲ ਹੀ ਚੌਗਿਰਦੇ ਦੀ ਸਾਰੀ ਹਰਿਆਵਲ ਤੇ ਕੁਦਰਤੀ ਖ਼ੂਬਸੂਰਤੀ ਡੂੰਘੇ ਕਾਲੇ ਹਨੇਰੇ ਵਿਚ ਡੁੱਬ ਜਾਂਦੀ ਹੈ। ਜੇਲ੍ਹ ਦੀ ਬੰਦੇ-ਭੱਖਣੀ ਵੱਡੀ ਇਮਾਰਤ ਤੁਹਾਡੇ ਮਨ-ਮਸਤਕ 'ਤੇ ਛਾ ਜਾਂਦੀ ਹੈ। ਦਾਇਰੇ ਦੀ ਸ਼ਕਲ ਵਿਚ ਬਣੀ ਜੇਲ੍ਹ ਦੇ ਵਿਚਕਾਰ ਤਿੰਨ-ਮੰਜ਼ਿਲਾ ਉਚਾ ਕੇਂਦਰੀ ਬੁਰਜ ਹੈ। ਇਸ ਬੁਰਜ ਨਾਲ ਚੁਫੇਰੇ ਜੁੜੀਆਂ ਤਿੰਨ-ਮੰਜ਼ਿਲਾ ਸੱਤ ਬੈਰਕਾਂ ਹਨ। ਬੈਰਕਾਂ ਦੁਆਲੇ ਗੋਲ ਆਕਾਰ ਦੀ ਬਾਹਰਲੀ ਉਚੀ ਦੀਵਾਰ ਹੈ। ਹਰ ਮੰਜ਼ਿਲ 'ਤੇ ਦਰਵਾਜ਼ਿਆਂ ਦੀ ਥਾਂ ਲੋਹੇ ਦੀਆਂ ਸੀਖਾਂ ਨਾਲ ਕਿਲੇਬੰਦ ਕੋਠੜੀਆਂ ਦੀਆਂ ਕਤਾਰਾਂ ਹਨ। ਬੈਰਕਾਂ ਅੱਗੇ ਲੋਹੇ ਦੀਆਂ ਸੀਖਾਂ ਵਾਲੇ ਬਰਾਂਡੇ ਹਨ। ਹਰ ਬੈਰਕ ਦੇ ਸਾਹਮਣੇ ਖੁੱਲ੍ਹੇ ਅਹਾਤੇ ਹਨ। ਇਥੇ ਕੈਦੀਆਂ ਦੇ ਕੰਮ ਕਰਨ ਲਈ ਵਰਕਸ਼ਾਪਾਂ ਹਨ, ਨਹਾਉਣ-ਧੋਣ ਲਈ ਸ਼ੈਡ ਹਨ ਜਿਨ੍ਹਾਂ ਵਿਚ ਵਰਤਣ ਲਈ ਸਮੁੰਦਰੀ ਪਾਣੀ ਦਾ ਬੰਦੋਬਸਤ ਕੀਤਾ ਹੋਇਆ ਹੈ। ਬਰਾਂਡਿਆਂ ਦੇ ਸਾਰੇ ਰਾਹ ਕੇਂਦਰੀ ਬੁਰਜ ਵਿਚ ਖੁੱਲ੍ਹਦੇ ਹਨ। ਇਸੇ ਬੁਰਜ ਤੋਂ ਹੋ ਰਹੀ ਨਿਗਰਾਨੀ ਦੀ ਮੁੱਠੀ ਵਿਚ ਨੇ ਸਾਰੀਆਂ ਬੈਰਕਾਂ। ਦਿਨ-ਰਾਤ ਬੰਦੂਕਾਂ ਦਾ ਸਖਤ ਪਹਿਰਾ ਰਹਿੰਦਾ ਹੈ। ਜੇਲ੍ਹ ਅਧਿਕਾਰੀਆਂ ਦੀ ਮਰਜ਼ੀ ਬਿਨਾਂ ਇਥੇ ਪੰਛੀ ਵੀ ਪਰ ਨਹੀਂ ਮਾਰ ਸਕਦਾ। ਇਨ੍ਹਾਂ ਕੋਠੜੀਆਂ ਵਿਚ ਦੇਸ਼ ਦੇ ਵੱਖੋ-ਵੱਖਰੇ ਭਾਗਾਂ ਤੋਂ ਕੋਈ ਪੰਦਰਾਂ ਹਜ਼ਾਰ ਇਖਲਾਕੀ ਤੇ ਰਾਜਸੀ ਕੈਦੀ ਆਪਣੀਆਂ ਲੰਮੀਆਂ ਕੈਦਾਂ ਭੋਗ ਰਹੇ ਹਨ। ਮੌਸਮ ਦਾ ਕਹਿਰ ਝੱਲ ਰਹੇ ਹਨ। ਬੇਰਹਿਮ ਮੁਸ਼ੱਕਤ, ਘੱਟ ਤੇ ਘਟੀਆ ਖ਼ੁਰਾਕ ਨੇ ਜਿਸਮ ਦੀ ਪਹਿਲਾਂ ਹੀ ਸੱਤਿਆ ਸੂਤ ਲਈ ਹੈ। ਉਤੋਂ ਮੱਛਰਾਂ ਦੀ ਭਰਮਾਰ ਵਾਲੇ ਟਾਪੂ 'ਤੇ ਬਿਮਾਰੀਆਂ ਦੀ ਵਾਛੜ ਮੀਂਹ ਵਾਂਗ ਹੁੰਦੀ ਹੈ। ਕੁਝ ਮਲੇਰੀਏ ਤੋਂ ਪੀੜਤ ਹਨ, ਕੁਝ ਪੇਚਸ਼ ਤੋਂ ਅਤੇ ਕੁਝ ਖੰਘ-ਤਾਪ ਤੋਂ। ਨਿੱਕੇ-ਨਿੱਕੇ ਬਹਾਨੇ ਲੱਭ ਕੇ ਬੈਂਤ ਮਾਰਨ ਦੀ ਸਜ਼ਾ ਦਿੱਤੀ ਜਾਂਦੀ ਹੈ। ਪਿੰਡੇ ਦੇ ਮਾਸ 'ਚੋਂ ਲਹੂ-ਭਿੱਜੀਆਂ ਬੋਟੀਆਂ ਬੈਂਤ ਦੇ ਨਾਲ ਹੀ ਖਿੱਚੀਦੀਆਂ ਚਲੀਆਂ ਆਉਂਦੀਆਂ ਹਨ। ਬੇਤਹਾਸ਼ਾ ਜ਼ੁਲਮ ਬਰਦਾਸ਼ਤ ਨਾ ਕਰਦਿਆਂ ਕਈ ਕੈਦੀ ਮਰਨਹਾਰ ਹਾਲਾਤ ਵਾਲਾ ਲਾਹਣਤ ਭਰਿਆ ਜੀਵਨ ਜਿਉਣ ਨਾਲੋਂ ਮੌਤ ਨੂੰ ਤਰਜੀਹ ਦਿੰਦੇ ਹਨ ਤੇ ਆਤਮ-ਹੱਤਿਆ ਕਰ ਲੈਂਦੇ ਹਨ। ਕੁਝ ਬੇਬਹਾ ਤਸ਼ੱਦਦ ਦਾ ਸ਼ਿਕਾਰ ਹੋ ਕੇ ਸੁਰਤ ਗਵਾ ਬੈਠੇ ਹਨ। ਪਾਗਲ ਹੋ ਗਏ ਹਨ।

ਇਨ੍ਹਾਂ ਕੈਦੀਆਂ ਵਿਚ ਗਦਰ ਲਹਿਰ ਦੇ ਜ਼ਿੰਦਾ ਸ਼ਹੀਦ, ਮਰਜੀਵੜੇ ਸਿਰੜੀ ਸੂਰਮੇ ਵੀ ਹਨ ਜੋ ਆਪਣੀ ਕੈਦ ਭੋਗਦੇ ਵੀ 'ਜੂਨ' ਭੋਗਣ ਲਈ ਤਿਆਰ ਨਹੀਂ। ਉਨ੍ਹਾਂ ਦੀ ਜਾਨ ਤੇ ਜ਼ਮੀਰ ਜਾਗਦੀ ਵੀ ਹੈ ਤੇ ਜਿਉਂਦੀ ਵੀ। ਉਹ ਮਰਨ-ਮਿਟਣ ਲਈ ਤਿਆਰ ਹਨ ਪਰ ਜ਼ਮੀਰ ਮਾਰ ਕੇ ਕੋਈ ਵੀ ਗ਼ੈਰ-ਵਾਜਬ ਸਮਝੌਤਾ ਕਰਨ ਲਈ ਤਿਆਰ ਨਹੀਂ। ਉਨ੍ਹਾਂ ਦਾ ਹਰ ਪਲ ਪੀੜਾਂ-ਵਿੰਨ੍ਹਿਆਂ ਹੈ; ਪਰ ਉਹ ਕੇਵਲ ਆਪਣੀ ਪੀੜ ਲਈ ਹੀ ਨਹੀਂ ਹੂੰਗਦੇ, ਸਾਥੀਆਂ ਦੀ ਪੀੜ ਨੂੰ ਵੀ ਆਪਣੀ ਬਣਾ ਲੈਂਦੇ ਹਨ। ਟੁੱਟਦੇ, ਡਿੱਗਦੇ ਤੇ ਮਰਦੇ ਸਾਥੀਆਂ ਦਾ ਸਹਾਰਾ ਬਣਦੇ ਹਨ। ਆਪਣੀਆਂ ਬਾਹਾਂ ਵਿਚ ਬੋਚ ਕੇ ਉਨ੍ਹਾਂ ਨੂੰ ਖੱਡ ਵਿਚ ਡਿੱਗਣੋਂ ਬਚਾ ਲੈਂਦੇ ਹਨ। ਜਿਸਮ ਜ਼ੁਲਮ-ਜਬਰ ਤੇ ਭੁੱਖ-ਦੁੱਖ ਸਹਿ ਕੇ ਪੀਲੇ ਤੇ ਕਮਜ਼ੋਰ ਹੋ ਚੁੱਕੇ ਹਨ ਪਰ ਅੱਖਾਂ ਵਿਚ ਅਜੇ ਵੀ ਲਾਟਾਂ ਬਲਦੀਆਂ ਹਨ; ਦਿਲਾਂ ਵਿਚ ਅਜੇ ਵੀ ਜਜ਼ਬੇ ਅੰਗਿਆਰਾਂ ਵਾਂਗ ਮਘਦੇ ਹਨ।




*ਸੈਲੂਲਰ ਜੇਲ੍ਹ ਦਾ ਮੱਥਾ*

ਕੁੰਭੀ ਨਰਕ ਨੂੰ ਮਾਤ ਪਾਉਂਦੀ ਇਹ ਸੈਲੂਲਰ ਜੇਲ੍ਹ ਦੀ ਸਥਾਪਨਾ ਕਿਉਂ ਹੋਈ; ਇਸ ਦੇ ਪਿਛੋਕੜ ਵੱਲ ਝਾਤ ਮਾਰ ਲੈਣੀ ਗ਼ੈਰ-ਵਾਜਬ ਨਹੀਂ ਹੋਵੇਗੀ। ਹਿੰਦੁਸਤਾਨ ਦੇ ਨਕਸ਼ੇ ਵੱਲ ਸਾਹਮਣਿਓਂ ਵੇਖਦਿਆਂ, ਸੱਜੇ ਹੱਥ ਬੰਗਾਲ ਦੀ ਖਾੜੀ ਵਿਚ ਥੋੜ੍ਹਾ ਕੁ ਹੇਠਾਂ ਨੂੰ ਛੇ ਸੌ ਨਿੱਕੇ-ਵੱਡੇ ਟਾਪੂਆਂ ਦਾ ਜੁੜਵਾਂ ਦੀਪ-ਸਮੂਹ ਹੈ ਜਿਸ ਨੂੰ ਅੰਡੇਮਾਨ-ਨਿਕੋਬਾਰ ਦੀਪ-ਸਮੂਹ ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਟਾਪੂਆਂ 'ਤੇ ਆਦਿਵਾਸੀ ਲੋਕਾਂ ਦਾ ਬਸੇਰਾ ਹੈ। ਸਿਰਫ ਨੌਂ ਟਾਪੂ ਵਿਦੇਸ਼ੀਆਂ ਦੇ ਸੈਰ-ਸਪਾਟੇ ਲਈ ਖੁੱਲ੍ਹੇ ਹਨ; ਬਾਕੀਆਂ 'ਤੇ ਅਜੇ ਵੀ ਆਦਿਵਾਸੀ ਲੋਕ ਮੁੱਖ-ਧਾਰਾ ਦੇ ਜੀਵਨ ਤੋਂ ਅਲੱਗ-ਥਲੱਗ ਆਪਣਾ ਸਦੀਆਂ ਪੁਰਾਣਾ ਜੀਵਨ ਜੀ ਰਹੇ ਹਨ। ਪਹਿਲੀਆਂ ਵਿਚ ਦੂਜੇ ਦੇਸ਼ਾਂ ਦੇ ਸੌਦਾਗਰ ਇਥੋਂ ਦੇ ਆਦਿਵਾਸੀ ਲੋਕਾਂ ਨੂੰ ਫੜ ਕੇ ਤੇ ਜਹਾਜ਼ਾਂ ਵਿਚ ਲੱਦ ਕੇ ਦੂਰ-ਦੁਰਾਡੇ ਦੇਸ਼ਾਂ ਵਿਚ ਗੁਲਾਮਾਂ ਵਜੋਂ ਵੇਚ ਦਿੰਦੇ ਸਨ; ਇਸ ਲਈ ਆਦਿਵਾਸੀ ਲੋਕਾਂ ਦੇ ਮਨ ਵਿਚ ਵਿਦੇਸ਼ੀਆਂ ਲਈ ਡਾਢੀ ਨਫਰਤ ਸੀ। ਜਦੋਂ ਵੀ ਮੌਕਾ ਮਿਲਦਾ, ਉਹ ਵਿਦੇਸ਼ੀਆਂ ਨੂੰ ਫੜ ਕੇ ਬੰਦੀ ਬਣਾ ਲੈਂਦੇ ਜਾਂ ਮਾਰ



*ਜੇਲ੍ਹ ਦਾ ਇਕ ਸੈੱਲ*

### ਬਾਤਾਂ ਗਦਰ ਦੀਆਂ

ਦਿੰਦੇ। ਉਨ੍ਹਾਂ ਲਈ ਵਿਦੇਸ਼ੀ ਲੋਕ ਖਤਰਾ ਸਨ ਤਾਂ ਉਹ ਵਿਦੇਸ਼ੀਆਂ ਲਈ ਖਤਰਾ ਬਣਨ ਲੱਗੇ। ਇਨ੍ਹਾਂ ਲੋਕਾਂ ਨੂੰ ਕਾਬੂ ਕਰ ਕੇ ਆਪਣੇ ਅਧੀਨ ਤੇ ਅਨੁਸਾਰੀ ਬਣਾਉਣਾ ਵਿਦੇਸ਼ੀ ਹਾਕਮਾਂ ਦੀ ਲੋੜ ਤੇ ਮਜਬੂਰੀ ਬਣ ਗਈ। ਇਸ ਮਕਸਦ ਲਈ ਪਹਿਲਾਂ ਪਹਿਲ ਇਕ ਫਰਾਂਸੀਸੀ ਪਾਦਰੀ 1711 ਵਿਚ ਇਥੇ ਆਇਆ, ਪਰ ਇਨ੍ਹਾਂ ਲੋਕਾਂ ਨੂੰ ਪਿਆਰ ਤੇ ਸਦਭਾਵਨਾ ਦਾ ਪਾਠ ਪੜ੍ਹਾ ਕੇ ਈਸਾਈ ਬਣਾਉਣ ਦੀ ਉਹਦੀ ਕੋਸ਼ਿਸ਼ ਸਫਲ ਨਾ ਹੋ ਸਕੀ ਤੇ ਉਹਨੂੰ ਨਿਰਾਸ਼ ਪਰਤਣਾ ਪਿਆ। ਉਸ ਤੋਂ ਬਾਅਦ 18ਵੀਂ ਸਦੀ ਦੇ ਅੱਧ ਵਿਚਕਾਰ ਡੈਨਿਸ਼ ਦੀ ਈਸਟ ਇੰਡੀਆ ਕੰਪਨੀ ਨੇ ਵੀ ਇਥੇ ਸਥਾਪਤ ਹੋਣ ਦੀ ਕੋਸ਼ਿਸ਼ ਕੀਤੀ ਪਰ ਮਾੜੇ ਜਲਵਾਯੂ ਕਾਰਨ ਲੱਗਣ ਵਾਲੀਆਂ ਮਾਰੂ ਬਿਮਾਰੀਆਂ ਨਾਲ ਇਥੇ ਆਉਣ ਵਾਲੇ ਉਨ੍ਹਾਂ ਦੇ ਬਹੁਤੇ ਬੰਦੇ ਮਰ ਗਏ ਤੇ ਬਾਕੀ ਜਾਨ ਬਚਾ ਕੇ ਵਾਪਸ ਪਰਤ ਗਏ। 1778 ਵਿਚ ਆਸਟਰੀਆ ਦੀ ਸਰਕਾਰ ਨੇ ਇਥੇ 'ਕੁਮਾਂਤਰਾ' ਕਿਲੇ ਦੀ ਉਸਾਰੀ ਕੀਤੀ ਪਰ ਛੇਤੀ ਹੀ ਯੂਰਪ ਵਿਚ ਜੰਗ ਲੱਗ ਗਈ ਤੇ ਉਨ੍ਹਾਂ ਨੂੰ ਵੀ ਵਾਪਸ ਪਰਤਣਾ ਪੈ ਗਿਆ।

ਇਹ ਉਹ ਸਾਲ ਸਨ ਜਦੋਂ ਪੂਰਬੀ ਭਾਰਤ ਦੇ ਵਡੇਰੇ ਹਿੱਸੇ 'ਤੇ ਅੰਗਰੇਜ਼ ਕਾਬਜ਼ ਹੋ ਚੁੱਕੇ ਸਨ। ਅੰਗਰੇਜ਼ਾਂ ਦੇ ਸਮੁੰਦਰੀ ਜਹਾਜ਼ ਜਦੋਂ ਇਨ੍ਹਾਂ ਟਾਪੂਆਂ ਕੋਲੋਂ ਲੰਘਦੇ ਤਾਂ ਆਦਿਵਾਸੀ ਜਹਾਜ਼ ਚਾਲਕਾਂ ਨੂੰ ਮਾਰ ਦਿੰਦੇ ਜਾਂ ਕੈਦ ਕਰ ਲੈਂਦੇ। ਕੀਮਤੀ ਸਮਾਨ ਲੁੱਟ ਲੈਂਦੇ। ਜੇ ਕੋਈ ਇਨ੍ਹਾਂ ਬੰਦੀਆਂ ਵਿਚੋਂ ਬਚ ਕੇ ਨਿਕਲਣ ਵਿਚ ਕਾਮਯਾਬ ਵੀ ਹੋ ਜਾਂਦਾ ਤਾਂ ਉਹ ਭੁੱਖ ਤੇ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ। ਅਜਿਹੀ ਹਾਲਤ ਵਿਚ ਅੰਗਰੇਜ਼ਾਂ ਨੇ ਇਸ ਦੀਪ-ਸਮੂਹ ਨੂੰ ਕਬਜ਼ੇ ਵਿਚ ਲੈ ਕੇ ਇਨ੍ਹਾਂ ਟਾਪੂਆਂ ਨੂੰ ਆਬਾਦ ਕਰਨ ਅਤੇ ਆਪਣੇ ਨਿਸਚਿਤ ਨਿਸ਼ਾਨਿਆਂ ਲਈ ਵਰਤਣ ਦੀ ਯੋਜਨਾ ਬਣਾ ਲਈ। ਸਭ ਤੋਂ ਪਹਿਲਾਂ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਲਾਰਡ ਕਾਰਨਿਵਾਲਸ ਨੇ ਇਥੇ ਬੰਦਰਗਾਹ ਬਣਾਉਣ ਦਾ ਫ਼ੈਸਲਾ ਕੀਤਾ। ਸਰਵੇਖਣ ਉਪਰੰਤ ਅੰਡੇਮਾਨ ਟਾਪੂ ਦੇ 'ਚੈਥਮ' ਜਜ਼ੀਰੇ 'ਤੇ 1789 ਵਿਚ ਬੰਦਰਗਾਹ ਬਣਾਉਣ ਦਾ ਫੈਸਲਾ ਕੀਤਾ ਗਿਆ। ਇਸ ਬੰਦਰਗਾਹ ਦਾ ਪਹਿਲਾ ਨਾਂ 'ਪੋਰਟ ਕਾਰਨਿਵਾਲਸ' ਰੱਖਿਆ ਗਿਆ।

ਉਸ ਵਕਤ ਅੰਗਰੇਜ਼ ਅਧਿਕਾਰੀਆਂ ਦਾ ਇਹ ਮਨਸ਼ਾ ਸੀ ਕਿ ਇਸ ਧਰਤੀ ਨੂੰ ਆਬਾਦ ਕਰਨ ਲਈ ਇਥੇ ਮੁਜਰਮਾਂ ਨੂੰ ਵਸਾਇਆ ਜਾਵੇ। ਮੁਜਰਮ ਜੇ ਬੇਰਹਿਮ ਮੌਸਮ ਤੇ ਮਾੜੇ ਹਾਲਾਤ ਦੀ ਮਾਰ ਨਾ ਝੱਲਦਿਆਂ ਮੌਤ ਦਾ ਖਾਜਾ ਵੀ ਬਣ ਜਾਣਗੇ ਤਾਂ ਅੰਗਰੇਜ਼ਾਂ ਦਾ ਆਪਣਾ ਤਾਂ ਕੁਝ ਜਾਣ ਨਹੀਂ ਲੱਗਾ। ਇਸ ਮਕਸਦ ਲਈ ਪਹਿਲਾਂ ਪਹਿਲ ਇਥੇ 270 ਮੁਜਰਮ ਅਤੇ 550 ਲੋੜਵੰਦ ਆਜ਼ਾਦ ਬੰਗਾਲੀਆਂ ਨੂੰ ਵਸਾਇਆ ਗਿਆ ਪਰ ਅੰਗਰੇਜ਼ਾਂ ਦੀ ਇਹ ਕੋਸ਼ਿਸ਼ ਵੀ ਸਫਲ ਨਾ ਹੋ ਸਕੀ ਤੇ ਗਏ ਬੰਦਿਆਂ ਨੂੰ ਵਾਪਸ ਭੇਜਣਾ ਪਿਆ। ਬੰਗਾਲੀ ਵਾਪਸ ਬੰਗਾਲ ਆ ਗਏ ਤੇ ਮੁਜਰਮਾਂ ਨੂੰ ਪੀਨਾਂਗ ਤੇ ਦੂਜੀਆਂ ਆਬਾਦੀਆਂ 'ਤੇ ਭੇਜ ਦਿੱਤਾ ਗਿਆ। ਮੁੜ 1858 ਤੱਕ ਇਥੇ ਵਸੋਂ ਨਾ ਹੋ ਸਕੀ।

ਅੱਜ ਭਾਵੇਂ ਅੰਡੇਮਾਨ ਨਿਕੋਬਾਰ ਦਾ ਇਹ ਟਾਪੂ ਖ਼ੂਬਸੂਰਤ ਯਾਤਰਾ-ਸਥਲ ਵਜੋਂ ਜਾਣਿਆਂ ਜਾਂਦਾ ਹੈ। ਇਥੇ ਨਿੱਕੇ ਨਿੱਕੇ ਸੋਹਣੇ ਸ਼ਹਿਰ ਤੇ ਪ੍ਰਕਿਰਤੀ ਦਾ ਹੁਸਨ ਵੇਖਣ ਤੇ ਮਾਣਨਯੋਗ ਹੈ। ਹੋ ਸਕਦਾ ਹੈ, ਇਸ ਖ਼ੂਬਸੂਰਤੀ ਪਿੱਛੇ ਉਨ੍ਹਾਂ ਹਜ਼ਾਰਾਂ ਬਦਕਿਸਮਤ ਰਾਜਨੀਤਕ ਤੇ ਇਖਲਾਕੀ ਕੈਦੀਆਂ ਦੀ ਘਾਲਣਾ ਤੇ ਕੁਰਬਾਨੀ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਾ ਹੋਵੇ ਜਿਨ੍ਹਾਂ ਦੀਆਂ ਲਾਸ਼ਾਂ ਉਤੇ ਇਨ੍ਹਾਂ ਸ਼ਹਿਰਾਂ ਦੀ ਉਸਾਰੀ ਕੀਤੀ ਗਈ ਹੈ। ਪਹਿਲੇ ਯਤਨਾਂ ਦੀ ਅਸਫਲਤਾ ਤੋਂ ਬਾਅਦ ਵੀ ਅੰਗਰੇਜ਼ੀ ਸਰਕਾਰ ਨੇ ਇਸ ਟਾਪੂ ਨੂੰ ਆਬਾਦ ਕਰਨ ਦੇ ਯਤਨ ਜਾਰੀ ਰੱਖੇ। ਜਦੋਂ ਇਥੇ ਮਾੜਾ-ਮੋਟਾ ਪੈਰ ਧਰਾਵਾ ਹੋ ਗਿਆ ਤਾਂ ਅੰਗਰੇਜ਼ਾਂ ਨੇ ਇਸ ਧਰਤੀ ਨੂੰ ਲੰਮੀਆਂ ਕੈਦਾਂ ਵਾਲੇ ਦੇਸ਼ ਭਗਤਾਂ ਤੇ ਹੋਰ ਇਖਲਾਕੀ ਕੈਦੀਆਂ ਦੇ ਬੰਦੀਖਾਨੇ ਵਜੋਂ ਵਰਤਣ ਦਾ ਫੈਸਲਾ ਕੀਤਾ। ਇਸੇ ਕਰ ਕੇ ਇਹਨੂੰ ਦੰਡ-ਬਸਤੀ (ਪੀਨਲ ਕਲੋਨੀ) ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਪਹਿਲਾਂ ਪਹਿਲਾਂ ਤਾਂ ਇਥੇ ਰਾਜਸੀ ਕੈਦੀਆਂ ਨੂੰ ਹੀ ਭੇਜਿਆ ਜਾਂਦਾ ਸੀ ਪਰ ਪਿੱਛੋਂ ਇਖਲਾਕੀ ਕੈਦੀ ਵੀ ਭੇਜੇ ਜਾਣ ਲੱਗੇ। ਆਮ ਕੈਦੀਆਂ ਨੂੰ ਜੇਲ੍ਹ ਵਿਚ ਤਿੰਨ ਮਹੀਨਿਆਂ ਤੋਂ ਲੈ

ਕੇ ਦੋ ਸਾਲ ਤੱਕ ਰੱਖ ਕੇ ਹੋਰ ਟਾਪੂਆਂ 'ਤੇ ਭੇਜ ਦਿੱਤਾ ਜਾਂਦਾ। ਉਨ੍ਹਾਂ ਨੂੰ ਜੇਲ੍ਹ ਵਿਚੋਂ ਬਾਹਰ ਰਹਿਣ ਦਾ ਮੌਕਾ ਤਾਂ ਮਿਲ ਜਾਂਦਾ ਸੀ ਪਰ ਹੁੰਦੇ ਉਹ ਸਰਕਾਰ ਦੇ ਕਬਜ਼ੇ ਵਿਚ ਹੀ ਸਨ। ਸਰਕਾਰ ਹੀ ਉਨ੍ਹਾਂ ਨੂੰ ਖਾਣ ਨੂੰ ਦਿੰਦੀ ਸੀ ਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਸੌਂਪਿਆ ਕੰਮ ਹੀ ਕਰਨਾ ਪੈਂਦਾ ਸੀ। ਜੇਲ੍ਹ ਦੀ ਚਾਰ ਦੀਵਾਰੀ ਤੋਂ ਤਾਂ ਉਹ ਬਾਹਰ ਹੁੰਦੇ ਸਨ ਪਰ ਡੂੰਘੇ ਤੇ ਖੌਫਨਾਕ ਸਮੁੰਦਰੀ ਪਾਣੀਆਂ ਦੀ ਦੀਵਾਰ ਉਨ੍ਹਾਂ ਦੇ ਦੁਆਲੇ ਹੁੰਦੀ ਸੀ। ਇਸ 'ਦੀਵਾਰ' ਨੂੰ ਉਹ ਕਦੀ ਪਾਰ ਨਹੀਂ ਸਨ ਕਰ ਸਕਦੇ। ਉਨ੍ਹਾਂ 'ਤੇ ਹਕੂਮਤ ਦਾ ਸ਼ਿਕੰਜਾ ਪੂਰੀ ਤਰ੍ਹਾਂ ਕੱਸਿਆ ਹੋਇਆ ਸੀ।

ਸਭ ਤੋਂ ਪਹਿਲਾਂ ਇਥੇ 1857 ਦੇ ਗਦਰ, ਵਹਾਬੀ ਲਹਿਰ, ਬਾਡਬਾਡੀ ਲਹਿਰ, ਨਾਮਧਾਰੀ ਅੰਦੋਲਨ ਤੇ ਮਹਾਰਾਸ਼ਟਰ ਦੇ ਵਾਸੂਦੇਵ ਬਲਵੰਤ ਫੜਕੇ ਨਾਲ ਸਬੰਧਤ ਲਹਿਰ ਦੇ ਦੇਸ਼ ਭਗਤਾਂ ਵੱਲੋਂ ਸਜ਼ਾ ਭੋਗਣ ਦਾ ਜ਼ਿਕਰ ਮਿਲਦਾ ਹੈ। ਵੀਰ ਸਾਵਰਕਰ ਬਾਰੇ ਲਿਖੀ ਪੁਸਤਕ ਵਿਚ ਧਨੰਨਜੈਕੀਰ ਦਾ ਹਵਾਲਾ ਵਾਚਣਯੋਗ ਹੈ, "1911 ਵਿਚ ਵੀਰ ਸਾਵਰਕਰ ਜੇਲ੍ਹ ਗਏ ਤਾਂ 1857 ਦੇ ਗਦਰ ਵਾਲੇ ਬੁੱਢੇ ਦੇਸ਼ ਭਗਤ ਨੇ ਸਲੂਟ ਮਾਰ ਕੇ 'ਜੀ ਆਇਆਂ' ਆਖਿਆ ਸੀ।" ਐਸ. ਵੀ. ਪੋਰਟਮੈਨ ਨੇ ਇਥੋਂ ਦੇ ਪਹਿਲੇ ਸੁਪਰਡੈਂਟ ਜੇਮਜ ਪੈਟੀਸਨ ਦੇ ਹਵਾਲੇ ਨਾਲ 1858 ਦੀ ਰਿਪੋਰਟ ਦਾ ਵਰਣਨ ਕਰਦਿਆਂ ਲਿਖਿਆ ਹੈ, "87 ਦੇਸ਼ ਭਗਤਾਂ ਨੂੰ ਅੰਡੇਮਾਨ ਵਿਚ ਫਾਹੇ ਲਾਇਆ ਗਿਆ ਸੀ, ਇਕ ਨੇ ਖੁਦਕੁਸ਼ੀ ਕੀਤੀ ਤੇ ਇਕ ਸੌ ਚਾਲੀ ਉਥੋਂ ਦੇ ਹਸਪਤਾਲਾਂ ਵਿਚ ਮਰ ਗਏ ਸਨ।" ਪੋਰਟਮੈਨ ਦੂਧ ਨਾਥ ਤਿਵਾੜੀ ਦਾ ਜ਼ਿਕਰ ਕਰਦਿਆਂ ਹੋਰ ਕੈਦੀਆਂ ਬਾਰੇ ਵੀ ਸੂਚਨਾ ਦਿੰਦੇ ਹਨ, "ਦੂਧ ਨਾਥ ਤਿਵਾੜੀ ਨੇਟਿਵ ਰਜਮੈਂਟ ਦਾ ਸਿਪਾਹੀ ਸੀ। ਜਿਹਲਮ ਦੇ ਕਮਿਸ਼ਨਰ ਨੇ 25 ਸਤੰਬਰ 1857 ਨੂੰ ਜਲਾਵਤਨ ਕਰ ਕੇ ਉਸ ਨੂੰ 'ਰੋਮਨ ਐਮਪਾਇਰ' ਜਹਾਜ਼ ਰਾਹੀਂ ਅੰਡੇਮਾਨ ਟਾਪੂ 'ਤੇ ਭੇਜਿਆ ਸੀ। ਇਸ ਜਹਾਜ਼ ਵਿਚ 216 ਹੋਰ ਪੰਜਾਬੀ ਕੈਦੀ ਵੀ ਸਨ।"

ਗਦਰੀ ਸੂਰਬੀਰਾਂ ਦੇ ਅੰਡੇਮਾਨ ਪਹੁੰਚਣ ਤੋਂ ਪਹਿਲਾਂ ਵੱਖੋ-ਵੱਖਰੇ ਸੂਬਿਆਂ ਤੋਂ ਵੱਖ-ਵੱਖ ਇਨਕਲਾਬੀ ਲਹਿਰਾਂ ਨਾਲ ਜੁੜੇ ਅਨੇਕਾਂ ਦੇਸ਼ ਭਗਤ ਇਸ ਟਾਪੂ 'ਤੇ ਵਾਪਰੇ ਕਹਿਰ ਦਾ ਸ਼ਿਕਾਰ ਹੋ ਚੁੱਕੇ ਸਨ। ਇਕ ਵਾਰ ਇਥੇ ਫਸ ਗਿਆ ਕੈਦੀ ਬੜੀ ਮੁਸ਼ਕਿਲ ਨਾਲ ਹੀ ਜਿਉਂਦਾ ਦੇਸ਼ ਮੁੜਦਾ ਸੀ। ਇਨ੍ਹਾਂ ਕੈਦੀਆਂ ਵਿਚ ਹਿੰਦੂ-ਸਿੱਖ ਵੀ ਸਨ ਤੇ ਮੁਸਲਮਾਨ ਵੀ। ਮੌਲਵੀ ਫਜ਼ਲ-ਉਲ-ਹੱਕ, ਹਿਮਾਚਲ ਸਿੰਘ, ਕੂੜਾ ਸਿੰਘ, ਸਾਲਗਰਾਮ ਬਰੀਹਾ, ਬੈਰੀ ਸਿੰਘ, ਹਾਤੇ ਸਿੰਘ, ਕੁੰਜਲ ਸਿੰਘ, ਕੌੜਾ ਸਿੰਘ, ਲਿਆਕਤ ਅਲੀ, ਲੋਨੇ ਸਿੰਘ, ਨਾਇਕ ਭੀਮ, ਗਰਬਾ ਦਾਸ ਪਟੇਲ, ਸੱਯਦ ਅਲਾਉਦੀਨ ਮੌਲਵੀ, ਨਰਾਇਣ, ਨਰਾਇਣ ਸਿੰਘ, ਵੈਂਕਟ ਰਾਓ, ਬਹਾਦਰ ਸਿੰਘ, ਦੇਵੀ, ਫੱਤਾ, ਗੁਲਾਬ ਖਾਨ, ਜਵਾਹਰ ਸਿੰਘ, ਮਹੀਬ-ਉਲਾਹ, ਮੰਜੂ ਸ਼ਾਹ, ਮਾਇਆ ਰਾਮ, ਨੂਰਾ, ਕਾਸਿਮ ਖਾਨ ਅਤੇ ਸਰਾਜੁਦੀਨ ਨੂੰ 1857 ਦੇ ਗਦਰ ਵੇਲੇ ਤੇ ਉਸ ਤੋਂ ਪਿੱਛੋਂ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਥਾਂਵਾਂ ਤੋਂ ਗ੍ਰਿਫਤਾਰ ਕਰ ਕੇ ਕਾਲੇ ਪਾਣੀਆਂ ਦੀ ਕਾਲੀ ਕੈਦ ਵਿਚ ਸੁੱਟਿਆ ਗਿਆ। ਇਹ ਸਾਰੇ ਹੀ ਸੂਰਬੀਰ ਲੰਮੀਆਂ ਕੈਦਾਂ ਭੋਗਦੇ, ਜੇਲ੍ਹ ਅਧਿਕਾਰੀਆਂ ਦਾ ਜ਼ੁਲਮ ਸਹਿੰਦੇ, ਨਾ-ਖੁਸ਼ਗਵਾਰ ਮੌਸਮ ਦਾ ਮਿਜ਼ਾਜ ਝੱਲਦੇ, ਭੁੱਖ ਅਤੇ ਬਿਮਾਰੀ ਨਾਲ ਲੜਦੇ ਇਸੇ ਡੈਣ ਧਰਤੀ 'ਤੇ ਸ਼ਹੀਦ ਹੋ ਗਏ। ਇਥੇ ਆਉਣ ਬਾਅਦ ਕਿਸੇ ਨੂੰ ਵੀ ਆਪਣੀ ਮਾਂ-ਧਰਤੀ ਤੇ ਸਕੇ-ਸੰਬੰਧੀਆਂ ਦੇ ਮੁੜ ਦੀਦਾਰ ਨਾ ਹੋ ਸਕੇ। ਸੱਚੀ ਗੱਲ ਤਾਂ ਇਹ ਹੈ ਕਿ ਜਦੋਂ



*ਸੈਲੂਲਰ ਜੇਲ੍ਹ ਦਾ ਬਾਹਰੀ ਦ੍ਰਿਸ਼*

ਕਿਸੇ ਕੈਦੀ ਨੂੰ ਕਾਲੇ ਪਾਣੀ ਦੀ ਸਜ਼ਾ ਮਿਲ ਜਾਂਦੀ ਸੀ ਤਾਂ ਉਹਦੇ ਵਾਰਸ ਇਹ ਪੱਕ ਸਮਝ ਲੈਂਦੇ ਸਨ ਕਿ ਹੁਣ ਉਨ੍ਹਾਂ ਦੇ ਕਰਮਾਂ ਵਿਚ ਜਾਣ ਵਾਲੇ ਦੇ ਮੁੜ ਦੀਦਾਰ ਕਰਨੇ ਸੰਭਵ ਨਹੀਂ ਹੋਣੇ। ਉਹ ਉਹਨੂੰ ਮਰਿਆ-ਖਪਿਆ ਸਮਝ ਕੇ ਤੇ ਰੋ-ਪਿੱਟ ਕੇ ਸਬਰ ਕਰ ਲੈਂਦੇ ਸਨ।

ਇਨ੍ਹਾਂ ਦੇਸ਼ ਭਗਤਾਂ ਵਿਚੋਂ ਲੋਨੇ ਸਿੰਘ ਤੇ ਨਰਾਇਣ ਦਾ ਜ਼ਿਕਰ ਵੱਖਰੇ ਪ੍ਰਸੰਗ ਵਿਚ ਵੀ ਕਰਨਾ ਬਣਦਾ ਹੈ। ਲੋਨੇ ਸਿੰਘ ਯੂ.ਪੀ. ਦੇ ਸੀਤਾਪੁਰ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਗਦਰ ਵਿਚ ਹਿੱਸਾ ਲੈਣ ਦੀ ਸਜ਼ਾ ਵਜੋਂ ਉਹਨੂੰ ਅੰਡੇਮਾਨ ਨਿੱਕੋਬਾਰ ਭੇਜਿਆ ਗਿਆ। ਉਸ ਇਥੇ ਹੁੰਦੀ ਬੇਇਨਸਾਫੀ ਵਿਰੁਧ ਭੁੱਖ ਹੜਤਾਲ ਕੀਤੀ ਜਿਸ ਦੇ ਨਤੀਜੇ ਵਜੋਂ ਉਹ ਸ਼ਹੀਦ ਹੋ ਗਿਆ। ਉਹ ਅੰਡੇਮਾਨ ਨਿੱਕੋਬਾਰ ਟਾਪੂਆਂ ਦਾ ਪਹਿਲਾ ਦੇਸ਼ ਭਗਤ ਸੀ ਜੋ ਭੁੱਖ ਹੜਤਾਲ ਕਾਰਨ ਸ਼ਹੀਦੀ ਪਾ ਗਿਆ। 1857 ਦੇ ਗਦਰ ਦਾ ਇਕ ਹੋਰ ਬਾਗੀ ਨਰਾਇਣ ਜਦੋਂ ਕਾਲੇਪਾਣੀ ਪਹੁੰਚਿਆ ਤਾਂ ਚੌਥੇ ਦਿਨ ਹੀ ਉਸ ਨੇ ਬਚ ਕੇ ਭੱਜਣ ਲਈ ਸਮੁੰਦਰ ਵਿਚ ਛਾਲ ਮਾਰ ਦਿੱਤੀ। ਮਲਾਹਾਂ ਦੀ ਮਦਦ ਨਾਲ ਉਸ ਨੂੰ ਫੜ ਕੇ ਫਾਂਸੀ ਦੀ ਸਜ਼ਾ ਦਿੱਤੀ ਗਈ। ਇੰਜ ਉਹ ਕਾਲੇਪਾਣੀ ਵਿਚ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਪਹਿਲਾ ਦੇਸ਼ ਭਗਤ ਸੀ।

ਵਹਾਬੀ ਤੇ ਫਿਰਾਜੀਆ ਲਹਿਰ ਦੇ ਦੇਸ਼ ਭਗਤਾਂ ਨੇ ਲੰਮਾ ਸਮਾਂ ਪਹਿਲਾਂ ਈਸਟ ਇੰਡੀਆ ਕੰਪਨੀ ਤੇ ਫਿਰ ਅੰਗਰੇਜ਼ੀ ਸਰਕਾਰ ਵਿਰੁਧ ਸੰਘਰਸ਼ ਜਾਰੀ ਰੱਖਿਆ। ਉਨ੍ਹਾਂ ਨੇ 1847 ਵਿਚ ਅੰਗਰੇਜ਼ਾਂ ਵਿਰੁਧ ਜੰਗ ਦਾ ਐਲਾਨ ਕੀਤਾ ਤੇ 1863 ਤੱਕ ਆਪਣੀ ਲੜਾਈ ਲੜਦੇ ਰਹੇ। 1863 ਤੋਂ 1870 ਤੱਕ ਅੰਗਰੇਜ਼ਾਂ ਨੇ ਇਸ ਲਹਿਰ ਨਾਲ ਸਬੰਧਤ ਸਾਰੇ ਇਨਕਲਾਬੀ ਫੜ ਲਏ ਤੇ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਉਮਰ ਕੈਦ ਤੇ ਕਾਲੇ ਪਾਣੀ ਦੀ ਸਜ਼ਾ ਦੇ ਕੇ ਅੰਡੇਮਾਨ ਟਾਪੂਆਂ 'ਤੇ ਭੇਜ ਦਿੱਤਾ ਗਿਆ। ਇੰਜ ਹੀ ਬਰਮਾ ਦੀ ਬਾਡਬਾਡੀ ਲਹਿਰ ਦੇ ਬਹੁਤ ਸਾਰੇ ਬਾਗੀਆਂ ਨੂੰ ਫੜ ਕੇ ਕਾਲੇ ਪਾਣੀ ਭੇਜਿਆ ਗਿਆ ਤੇ ਇਸ ਬਸਤੀ ਨੂੰ ਆਬਾਦ ਕਰਵਾਉਣ ਲਈ ਉਨ੍ਹਾਂ ਨੂੰ ਕੰਮ 'ਤੇ ਲਾਇਆ ਗਿਆ। ਇਨ੍ਹਾਂ ਵਿਚੋਂ ਬਹੁਤੇ ਤਾਂ ਉਥੋਂ ਦੇ ਵਾਸੀ ਬਣ ਗਏ ਤੇ ਬਾਕੀ ਮਰ-ਖਪ ਗਏ। ਕੂਕਾ ਲਹਿਰ ਦੇ ਗਿਆਰਾਂ ਨਾਮਧਾਰੀ ਸੂਰਬੀਰਾਂ ਦਾ ਜ਼ਿਕਰ ਵੀ ਮਿਲਦਾ ਹੈ ਜਿਨ੍ਹਾਂ ਨੂੰ ਜਲਾਵਤਨੀ ਦੀ ਸਜ਼ਾ ਦੇ ਕੇ ਕਾਲੇ ਪਾਣੀ ਭੇਜਿਆ ਗਿਆ ਸੀ। ਇਹ ਸਾਰੇ ਵੀ ਉਥੇ ਹੀ ਸ਼ਹੀਦ ਹੋ ਗਏ। ਇਨ੍ਹਾਂ ਵਿਚੋਂ ਤਿੰਨ ਦੇਸ਼ ਭਗਤਾਂ ਦਾ ਹਵਾਲਾ ਜ਼ਰੂਰ ਮਿਲਦਾ ਹੈ ਜਿਨ੍ਹਾਂ ਦੇ ਨਾਂ ਲਾਲ ਸਿੰਘ, ਲਹਿਣਾ ਸਿੰਘ ਤੇ ਲੋਹਈਆ ਸਿੰਘ ਹਨ।

ਪੰਜਾਬ ਦੀ ਘੋੜ-ਸਵਾਰ ਪੁਲਿਸ ਵਿਚ ਨੌਕਰੀ ਕਰਨ ਵਾਲੇ ਮੁਹੰਮਦ ਸ਼ੇਰ ਅਲੀ ਪਠਾਣ ਨੇ ਤਾਂ ਇਥੇ ਪਹਿਲਾ ਇਨਕਲਾਬੀ ਐਕਸ਼ਨ ਕਰ ਕੇ ਇਤਿਹਾਸ ਵਿਚ ਆਪਣਾ ਤੇ ਪੰਜਾਬ ਦਾ ਨਾਂ ਦਰਜ ਕਰਵਾ ਲਿਆ। ਉਹ ਕਿਸੇ ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਪਾ ਕੇ ਕਾਲੇ ਪਾਣੀ ਆਇਆ ਸੀ। ਇਥੇ ਆ ਕੇ ਉਸ ਨੇ ਵਹਾਬੀ ਲਹਿਰ ਦਾ ਡੂੰਘਾ ਅਸਰ ਵੀ ਕਬੂਲ ਕਰ ਲਿਆ ਸੀ। 1872 ਵਿਚ ਜੇਲ੍ਹ ਦੇ ਸੁਪਰਡੈਂਟ ਸਟੂਅਰਟ ਵਾਟ ਨੇ ਉਸ ਵੇਲੇ ਦੇ ਵਾਇਸਰਾਇ ਲਾਰਡ ਮਿਓ ਨੂੰ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਸੱਦਾ ਦਿੱਤਾ। ਲਾਰਡ ਮਿਓ ਜਦੋਂ ਸਮੁੰਦਰ ਵਿਚ ਡੁੱਬਦੇ ਸੂਰਜ ਦਾ ਨਜ਼ਾਰਾ ਦੇਖ ਕੇ ਖੁਸ਼ੀ-ਖੁਸ਼ੀ ਹੇਠਾਂ ਆ ਰਿਹਾ ਸੀ ਤਾਂ ਲੁਕ ਕੇ ਬੈਠੇ ਮੁਹੰਮਦ ਸ਼ੇਰ ਅਲੀ ਨੇ ਸ਼ੇਰ ਵਾਂਗ ਝਪਟ ਮਾਰ ਕੇ ਉਸ ਉਤੇ ਅਜਿਹਾ ਜਾਨ-ਲੇਵਾ ਵਾਰ ਕੀਤਾ ਕਿ ਲਾਰਡ ਮਿਓ ਦੀ ਮੌਤ ਹੋ ਗਈ। ਅੰਡੇਮਾਨ ਦੀ ਧਰਤੀ 'ਤੇ ਕਿਸੇ ਅੰਗਰੇਜ਼ ਅਧਿਕਾਰੀ ਦਾ ਪਹਿਲਾ ਕਤਲ ਕਰਨ ਵਾਲੇ ਉਸ ਬਹਾਦਰ ਪਠਾਣ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਐਸ. ਐਨ. ਅਗਰਵਾਲ ਵੱਲੋਂ ਬਾਸੂਦੇਵ ਬਲਵੰਤ ਫੜਕੇ ਨੂੰ ਪਹਿਲਾ ਭਾਰਤੀ ਦੇਸ਼ ਭਗਤ ਸ਼ਹੀਦ ਕਿਹਾ ਗਿਆ ਹੈ ਜਿਸ ਨੇ ਅੰਗਰੇਜ਼ਾਂ ਵਿਰੁਧ ਖੁੱਲ੍ਹ ਕੇ ਹਥਿਆਰ ਵਰਤਣ ਦਾ ਪ੍ਰਚਾਰ ਕੀਤਾ ਤੇ ਜਿਸ ਨੂੰ ਬਗਾਵਤ ਦੇ ਜੁਰਮ ਵਿਚ ਗ੍ਰਿਫਤਾਰ ਕਰ ਕੇ ਅਦਨ ਦੇ ਕਾਲੇ ਪਾਣੀ ਦੇ ਟਾਪੂ ਦੇ ਕਿਲੇ ਵਿਚ ਤਸੀਹੇ ਦੇ ਦੇ ਕੇ 17 ਫਰਵਰੀ 1883 ਨੂੰ ਸ਼ਹੀਦ ਕੀਤਾ ਗਿਆ। ਉਸ ਦੀ ਮੁਹਿੰਮ ਵਿਚ ਸ਼ਾਮਲ ਉਹਦੇ ਚੌਦਾਂ ਸਾਥੀਆਂ ਨੂੰ ਅੰਡੇਮਾਨ ਕਾਲੇ ਪਾਣੀਆਂ ਵਿਚ ਉਮਰ ਭਰ ਲਈ ਜਲਾਵਤਨ ਕਰ ਦਿੱਤਾ।

ਇਸ ਤੋਂ ਅਗਲੇ ਦੌਰ ਵਿਚ ਬੰਗਾਲ, ਮਹਾਰਾਸ਼ਟਰ, ਯੂ.ਪੀ. ਤੇ ਪੰਜਾਬ ਦੇ ਨੌਂ ਇਨਕਲਾਬੀ ਗਰੁਪਾਂ ਦੇ 27 ਦੇਸ਼ ਭਗਤਾਂ ਨੂੰ ਸੈਲੂਲਰ ਜੇਲ੍ਹ ਵਿਚ ਕੈਦੀ ਬਣਾ ਕੇ ਭੇਜਿਆ ਗਿਆ। ਇਨ੍ਹਾਂ ਵਿਚ ਵੱਡਾ ਗਰੁਪ ਸੰਪਾਦਕਾਂ, ਪੱਤਰਕਾਰਾਂ ਤੇ ਲੇਖਕਾਂ ਦਾ ਸੀ। 'ਇਨਕਲਾਬ' ਤੇ 'ਭਾਰਤ ਮਾਤਾ' ਨਾਮੀ ਅਖਬਾਰ ਭਾਵੇਂ ਪਹਿਲਾਂ ਹੀ ਇਨਕਲਾਬੀ ਚੇਤਨਾ ਉਭਾਰਨ ਲਈ ਪ੍ਰਕਾਸ਼ਤ ਕੀਤੇ ਜਾ ਰਹੇ ਸਨ, ਤਦ ਵੀ 'ਭਾਰਤ ਮਾਤਾ ਸੁਸਾਇਟੀ' ਦੇ ਦੇਸ਼ ਭਗਤਾਂ ਨੇ ਯੂ.ਪੀ. ਵਿਚ ਵੀ ਇਨਕਲਾਬੀ ਅਖਬਾਰ ਸ਼ੁਰੂ ਕਰਨ ਦੀ ਯੋਜਨਾ ਬਣਾ ਲਈ। 'ਸਵਰਾਜ' ਨਾਮੀ ਇਹ ਹਫਤਾਵਾਰੀ ਅਖਬਾਰ ਲਗਭਗ ਢਾਈ ਸਾਲ ਚੱਲਿਆ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਾਦੀਆਂ ਦੇ ਵਸਨੀਕ ਇਨਕਲਾਬੀ ਬਾਬੂ ਹਰੀ ਰਾਮ ਨੂੰ ਰਾਇਜ਼ਾਦਾ ਭਟਨਾਗਰ ਅਖ਼ਬਾਰ ਦਾ ਕੰਮ ਸੰਭਾਲਣ ਲਈ ਆਪਣੇ ਨਾਲ ਅਲਾਹਾਬਾਦ ਲੈ ਗਏ। 'ਸਵਰਾਜ' ਦਾ ਪਹਿਲਾ ਅੰਕ 19 ਨਵੰਬਰ 1907 ਨੂੰ ਛਪਿਆ। ਅਜੇ ਸਿਰਫ ਤਿੰਨ ਅੰਕ ਹੀ ਨਿਕਲੇ ਸਨ ਕਿ 23 ਦਿਨਾਂ ਬਾਅਦ 10 ਦਸੰਬਰ 1907 ਨੂੰ ਬਾਬੂ ਹਰੀ ਰਾਮ ਦੇ ਖਿਲਾਫ ਕੇਸ ਦਰਜ ਹੋ ਗਿਆ। 'ਸਵਰਾਜ' ਵਿਚ ਬਾਗੀਆਨਾ ਲੇਖ ਲਿਖਣ ਕਰ ਕੇ ਬਾਬੂ ਹਰੀ ਰਾਮ ਨੂੰ ਸੱਤ ਸਾਲ ਦੀ ਬਾ-ਮੁਸ਼ੱਕਤ ਕੈਦ ਸੁਣਾ ਕੇ ਕਾਲੇ ਪਾਣੀ ਭੇਜ ਦਿੱਤਾ ਗਿਆ।

ਸਰਕਾਰ ਵਿਰੋਧੀ ਲਿਖਤ ਲਿਖਣ ਕਾਰਨ ਇਸ ਦੇ ਸੰਪਾਦਕਾਂ ਨੂੰ ਵਾਰ-ਵਾਰ ਗ੍ਰਿਫਤਾਰ ਕੀਤਾ ਜਾਂਦਾ ਰਿਹਾ। ਇਕ ਸੰਪਾਦਕ ਗ੍ਰਿਫਤਾਰ ਹੁੰਦਾ ਤਾਂ ਦੂਜਾ ਉਹਦੀ ਡਿਊਟੀ ਸੰਭਾਲਣ ਲਈ ਤਿਆਰ ਹੁੰਦਾ। ਨੰਦ ਗੋਪਾਲ ਚੋਪੜਾ 'ਸਵਰਾਜ' ਅਖਬਾਰ ਦਾ ਇਕ ਹੋਰ ਬਾਗੀ ਲੇਖਕ ਸੀ ਜਿਸ ਨੂੰ ਦਸ ਸਾਲ ਦੀ ਸਜ਼ਾ ਦੇ ਕੇ ਕਾਲੇ ਪਾਣੀ ਭੇਜਿਆ ਗਿਆ। ਉਹ ਪਹਿਲਾ ਦੇਸ਼ ਭਗਤ ਸੀ ਜਿਸ ਨੇ ਜੇਲ੍ਹ ਅਧਿਕਾਰੀਆਂ ਵੱਲੋਂ ਰਾਜਸੀ ਕੈਦੀਆਂ ਨਾਲ ਕੀਤੀ ਜਾਂਦੀ ਬਦਸਲੂਕੀ ਤੇ ਅਣਮਨੁੱਖੀ ਵਿਹਾਰ ਦੇ ਖਿਲਾਫ ਸ਼ਾਂਤਮਈ ਵਿਰੋਧ ਕਰ ਕੇ ਅਧਿਕਾਰੀਆਂ ਨੂੰ ਸਮਝੌਤੇ ਨਜ਼ਦੀਕ ਲਿਆਉਣ ਦਾ ਯਤਨ ਕੀਤਾ। ਇਹ ਵੱਖਰੀ ਗੱਲ ਹੈ ਕਿ ਜੇਲ੍ਹ ਅਧਿਕਾਰੀ ਸਮਝੌਤਾ ਕਰ ਕੇ ਵੀ ਬਾਅਦ ਵਿਚ ਮੁੱਕਰ ਗਏ। ਫਲਸਰੂਪ ਦੂਜੇ ਸਾਥੀਆਂ ਨੂੰ ਵੀ ਸੰਘਰਸ਼ ਵਿਚ ਹਿੱਸਾ ਲੈਣਾ ਪਿਆ ਤੇ ਨੰਦ ਲਾਲ ਵੱਲੋਂ ਸ਼ੁਰੂ ਕੀਤੀ ਲੜਾਈ ਵਿਚ ਆਖਰਕਾਰ ਦੇਸ਼ ਭਗਤਾਂ ਦੀ ਹੀ ਜਿੱਤ ਹੋਈ।

ਪਾਣੀਪੱਤ ਦਾ ਵਸਨੀਕ ਹੋਤੀ ਲਾਲ ਵਰਮਾ ਇਕ ਹੋਰ ਪੰਜਾਬੀ ਸੀ ਜਿਸ ਨੇ 'ਪੰਜਾਬੀਆਂ ਦੇ ਨਾਂ ਸੁਨੇਹਾ' ਲਿਖ ਕੇ ਵੰਡਿਆ। ਉਹ 'ਸਵਰਾਜ' ਦਾ ਇਕ ਹੋਰ ਸੰਪਾਦਕ ਸੀ ਜਿਸ ਨੂੰ ਦਸ ਸਾਲ ਦੀ ਕਾਲੇ ਪਾਣੀ ਦੀ ਸਜ਼ਾ ਹੋਈ। ਉਹਨੇ ਜੇਲ੍ਹ ਦੀ ਨਰਕੀ ਹਾਲਤ ਦੀ ਤਸਵੀਰ ਖਿੱਚਦੀ ਤਿੰਨ ਸਫਿਆਂ ਦੀ ਰਿਪੋਰਟ ਲਿਖ ਕੇ ਬਾਹਰ ਭੇਜੀ ਤੇ ਦੇਸ਼ ਵਾਸੀਆਂ ਨੂੰ ਇਥੋਂ ਦੇ ਹਾਲਾਤ ਬਾਰੇ ਆਗਾਹ ਕਰ ਦਿੱਤਾ। ਬੰਗਾਲ ਵਿਚ ਛਪਦੀ ਪ੍ਰਸਿੱਧ ਅਖਬਾਰ 'ਅੰਮ੍ਰਿਤ ਬਾਜ਼ਾਰ ਪੱਤ੍ਰਿਕਾ' ਅਤੇ ਲਾਹੌਰੋਂ ਛਪਦੇ 'ਦਾ ਟ੍ਰਿਬਿਊਨ' ਵਿਚ ਜਦੋਂ ਇਹ ਰਿਪੋਰਟ ਛਪੀ ਤਾਂ ਸੰਸਾਰ ਭਰ ਵਿਚ ਤਹਿਲਕਾ ਮੱਚ ਗਿਆ। ਮਜਬੂਰ ਹੋ ਕੇ ਅੰਗਰੇਜ਼ ਸਰਕਾਰ ਨੂੰ ਅੰਡੇਮਾਨ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਪੜਤਾਲ ਕਰਨ ਦਾ ਹੁਕਮ ਦੇਣਾ ਪਿਆ।

ਗੁਜਰਾਤ ਦੇ ਪਿੰਡ ਵਰੈਨ ਵਾਲੇ ਦੇ ਲੱਧਾ ਰਾਮ ਕਪੂਰ ਦੇ ਵਡੇਰੇ ਸਾਊਥ ਈਸਟ ਏਸ਼ੀਆ ਵਿਚ ਰਹਿੰਦੇ ਸਨ। ਇਸ ਨੇ ਵੀ ਉਥੇ ਪਹੁੰਚ ਕੇ ਬਹੁਤ ਕਮਾਈ ਕੀਤੀ। ਸਾਊਥ ਈਸਟ ਦੀਆਂ ਲਹਿਰਾਂ ਨੇ ਤੇ 1905 ਵਿਚ ਰੂਸ ਉਤੇ ਜਪਾਨ ਦੀ ਜਿੱਤ ਨੇ ਉਸ ਨੂੰ ਪ੍ਰਭਾਵਤ ਕੀਤਾ ਤੇ ਉਹ ਸਾਰਾ ਧਨ-ਮਾਲ ਲੈ ਕੇ ਭਾਰਤ ਆ ਗਿਆ ਤੇ ਕੌਮੀ ਲਹਿਰ ਦਾ ਅੰਗ ਬਣ ਗਿਆ। ਲਾਹੌਰ ਪਹੁੰਚ ਕੇ ਪਹਿਲਾਂ ਉਹ 'ਭਾਰਤ ਮਾਂ' ਅਖਬਾਰ ਦਾ ਸੰਪਾਦਕ ਬਣਿਆ ਤੇ ਪਿੱਛੋਂ 'ਸਵਰਾਜ' ਦੀ ਸੰਪਾਦਨਾ ਦੀ ਜ਼ਿੰਮੇਵਾਰੀ ਸੰਭਾਲ ਲਈ। ਉਸ ਨੂੰ ਵੀ ਨੰਦ ਗੋਪਾਲ ਵਾਂਗ ਹੀ ਦਸ ਦਸ ਸਾਲ ਦੀ ਜਲਾਵਤਨੀ ਦੀਆਂ ਤਿੰਨ ਸਜ਼ਾਵਾਂ ਦਿੱਤੀਆਂ ਗਈਆਂ। ਇੰਜ ਹੀ ਯੂ.ਪੀ. ਦਾ ਰਹਿਣ ਵਾਲਾ ਪੰਡਿਤ ਰਾਮ ਚਰਨ ਲਾਲ ਸ਼ਰਮਾ ਅਜਿਹਾ ਦੇਸ਼ ਭਗਤ ਸੀ ਜਿਸ ਨੂੰ ਅਨਪੜ੍ਹ ਲੋਕਾਂ ਨੂੰ 'ਸਵਰਾਜ' ਵਿਚ ਛਪਦੇ ਇਨਕਲਾਬੀ ਲੇਖ ਪੜ੍ਹ ਕੇ ਸੁਣਾਉਣ ਤੇ ਸਰਕਾਰ ਵਿਰੁਧ ਭੜਕਾਉਣ ਦੇ ਦੋਸ਼ ਵਿਚ ਸਜ਼ਾ ਸੁਣਾਈ ਗਈ।

ਇਸੇ ਦੌਰ ਵਿਚ ਹੀ 'ਡਲਹੌਜ਼ੀ ਸੁਕੇਅਰ ਬੰਬ ਕੇਸ' ਵਿਚ ਇੰਦੂ ਭੂਸ਼ਨ ਰਾਇ, 'ਅਲੀਪੁਰ ਬੰਬ ਕੇਸ' ਵਿਚ ਉਲਾਸਕਰ ਦੱਤ ਅਤੇ 'ਢਾਕਾ ਕਾਂਸਪੀਰੇਸੀ ਕੇਸ' ਵਿਚ ਪੁਲਿਨ ਬਿਹਾਰੀ ਦਾਸ ਨੂੰ ਵੀ ਵੱਖ-ਵੱਖ ਸਮੇਂ 'ਤੇ ਸਜ਼ਾ ਸੁਣਾ ਕੇ ਕਾਲੇ ਪਾਣੀ ਭੇਜਿਆ ਗਿਆ। 'ਅਲੀਪੁਰ ਬੰਬ ਕੇਸ' ਵਿਚ ਹੀ ਵਰਿੰਦਰ ਕੁਮਾਰ ਘੋਸ਼, ਹੇਮ ਚੰਦਰ ਦਾਸ, ਉਪਿੰਦਰ ਨਾਥ ਬੈਨਰਜੀ ਨੂੰ ਵੀ ਸਜ਼ਾ ਹੋਈ। 'ਨਾਸਿਕ ਕਾਂਸਪੀਰੇਸੀ ਕੇਸ' ਨਾਲ ਸਬੰਧਤ ਵੀ.ਡੀ. ਸਾਵਰਕਰ, ਜੀ.ਡੀ. ਸਵਾਰਕਰ ਅਤੇ ਬਾਵਨ ਰਾਓ ਵੀ ਇਸੇ ਜੇਲ੍ਹ ਵਿਚ ਸਨ। ਰਾਜਨਪੁਰ ਟਰੇਨ ਡਕੈਤੀ ਕੇਸ ਦਾ ਸੂਰਯ ਚੰਦ ਸੈਨ ਵੀ ਕਾਲੇ ਪਾਣੀ ਦੀ ਸਜ਼ਾ ਭੁਗਤ ਰਿਹਾ ਸੀ।

ਜਦੋਂ ਇਹ ਸਾਰੇ ਦੇਸ਼ ਭਗਤ ਜੇਲ੍ਹ ਅਧਿਕਾਰੀਆਂ ਦਾ ਤਸ਼ੱਦਦ ਸਹਿ ਰਹੇ ਸਨ, ਜਿਸ ਤਸ਼ੱਦਦ ਦੀ ਮਾਰ ਨਾ ਝੱਲਦਿਆਂ ਇੰਦੂ ਭੂਸ਼ਨ ਰਾਇ ਫਾਹਾ ਲੈ ਕੇ ਖੁਦਕੁਸ਼ੀ ਕਰ ਗਿਆ ਸੀ ਤੇ ਉਲਾਸਕਰ ਦੱਤ ਪਾਗਲ ਹੋ ਗਿਆ ਸੀ ਤਾਂ ਐਨ ਉਦੋਂ ਹੀ ਗਦਰ ਪਾਰਟੀ ਦੇ ਸੂਰਬੀਰਾਂ ਦੇ ਜਥੇ ਉਮਰ ਕੈਦਾਂ ਭੋਗਣ, ਜ਼ੁਲਮ ਸਹਿਣ ਪਰ ਨਾਲ ਹੀ ਜ਼ਾਲਮ ਨੂੰ ਵੱਖਰੇ ਅੰਦਾਜ਼ ਵਿਚ ਮੁਖਾਤਬ ਹੋਣ ਲਈ ਪਹੁੰਚਣੇ ਸ਼ੁਰੂ ਹੋ ਗਏ। ਇਹ ਨਹੀਂ ਕਿ ਇਸ ਤੋਂ ਪਹਿਲੇ ਦੇਸ਼ ਭਗਤਾਂ ਨੇ ਜੇਲ੍ਹ ਵਿਚ ਹੁੰਦੀਆਂ ਵਧੀਕੀਆਂ ਵਿਰੁਧ ਆਵਾਜ਼ ਨਾ ਉਠਾਈ ਹੋਵੇ, ਉਹ ਵੀ ਜ਼ੁਲਮ ਦੇ ਵਿਰੁਧ ਇਕਮੁੱਠ ਹੋ ਕੇ ਸਮਰੱਥਾ ਅਨੁਸਾਰ ਜੂਝਦੇ ਰਹੇ। ਆਪਣੀਆਂ ਮੰਗਾਂ 'ਤੇ ਅੜਦੇ ਵੀ ਰਹੇ। ਸਮੇਂ ਸਮੇਂ ਤੇ ਹੜਤਾਲਾਂ ਵੀ ਕਰਦੇ ਰਹੇ। ਇਨ੍ਹਾਂ ਵਿਚੋਂ ਤਿੰਨ ਤਾਂ ਵੱਡੀਆਂ ਹੜਤਾਲਾਂ ਸਨ ਜੋ ਕ੍ਰਮਵਾਰ 42, 52 ਤੇ 32 ਦਿਨ ਚੱਲੀਆਂ। ਇਨ੍ਹਾਂ ਦੇਸ਼ ਭਗਤਾਂ ਦੀ ਇਕਮੁੱਠਤਾ, ਦਲੇਰੀ ਤੇ ਸੰਘਰਸ਼ ਦੀ ਇਹ ਪ੍ਰਾਪਤੀ ਸੀ ਕਿ ਗਵਰਨਰ ਦੇ ਹੋਮ ਮੈਂਬਰ ਰੋਨਾਲਡ ਕਰੈਡਾਕ ਨੂੰ ਅੰਡੇਮਾਨ ਦੀ ਪੜਤਾਲ ਕਰਨ ਆਪ ਜਾਣਾ ਪਿਆ ਸੀ। ਕਰੈਡਾਕ ਸਾਹਮਣੇ ਨੰਦ ਲਾਲ ਚੋਪੜਾ, ਕਾਂਜੀ ਲਾਲ, ਸਾਵਰਕਰ ਤੇ ਹੋਰ ਦੇਸ਼ ਭਗਤਾਂ ਨੇ ਬੇਖੌਫ ਹੋ ਕੇ ਆਪਣੇ ਨਾਲ ਹੁੰਦੀਆਂ ਵਧੀਕੀਆਂ ਅਤੇ ਜ਼ੁਲਮ-ਤਸ਼ੱਦਦ ਦਾ ਜ਼ਿਕਰ ਕੀਤਾ ਜਿਸ ਦੇ ਫਲਸਰੂਪ ਸਾਰੇ ਦੇਸ਼ ਭਗਤ ਕੈਦੀਆਂ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਭੇਜ ਦਿੱਤਾ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੂੰ ਖਿੰਡਾ ਕੇ, ਉਨ੍ਹਾਂ ਦੇ ਸੂਬਿਆਂ ਤੋਂ ਬਾਹਰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਰੱਖਿਆ ਗਿਆ।

*(ਚੱਲਦਾ)*



*ਜੇਲ੍ਹ ਦੇ ਸਿੱਲ੍ਹੇ ਵਰਾਂਡਿਆਂ ਦੀ ਝਲਕ*

***ਗਦਰੀ ਸੂਰਬੀਰਾਂ ਦੇ ਅੰਡੇਮਾਨ ਪਹੁੰਚਣ ਤੋਂ ਪਹਿਲਾਂ ਵੱਖੋ-ਵੱਖਰੇ ਸੂਬਿਆਂ ਤੋਂ ਵੱਖ-ਵੱਖ ਇਨਕਲਾਬੀ ਲਹਿਰਾਂ ਨਾਲ ਜੁੜੇ ਅਨੇਕਾਂ ਦੇਸ਼ ਭਗਤ ਇਸ ਟਾਪੂ 'ਤੇ ਵਾਪਰੇ ਕਹਿਰ ਦਾ ਸ਼ਿਕਾਰ ਹੋ ਚੁੱਕੇ ਸਨ। ਇਕ ਵਾਰ ਇਥੇ ਫਸ ਗਿਆ ਕੈਦੀ ਬੜੀ ਮੁਸ਼ਕਿਲ ਨਾਲ ਹੀ ਜਿਉਂਦਾ ਦੇਸ਼ ਮੁੜਦਾ ਸੀ। ਇਨ੍ਹਾਂ ਕੈਦੀਆਂ ਵਿਚ ਹਿੰਦੂ-ਸਿੱਖ ਵੀ ਸਨ ਤੇ ਮੁਸਲਮਾਨ ਵੀ। ਮੌਲਵੀ ਫਜ਼ਲ-ਉਲ-ਹੱਕ, ਹਿਮਾਚਲ ਸਿੰਘ, ਕੂੜਾ ਸਿੰਘ, ਸਾਲਗਰਾਮ ਬਰੀਹਾ, ਬੈਰੀ ਸਿੰਘ, ਹਾਤੇ ਸਿੰਘ, ਕੁੰਜਲ ਸਿੰਘ, ਕੌੜਾ ਸਿੰਘ, ਲਿਆਕਤ ਅਲੀ, ਲੋਨੇ ਸਿੰਘ, ਨਾਇਕ ਭੀਮ, ਗਰਬਾ ਦਾਸ ਪਟੇਲ, ਸੱਯਦ ਅਲਾਉਦੀਨ ਮੌਲਵੀ, ਨਰਾਇਣ, ਨਰਾਇਣ ਸਿੰਘ, ਵੈਂਕਟਰਾਓ, ਬਹਾਦਰ ਸਿੰਘ, ਦੇਵੀ, ਫੱਤਾ, ਗੁਲਾਬ ਖਾਨ, ਜਵਾਹਰ ਸਿੰਘ, ਮਹੀਬ-ਉਲਾਹ, ਮੰਜੂ ਸ਼ਾਹ, ਮਾਇਆ ਰਾਮ, ਨੂਰਾ, ਕਾਸਿਮ ਖਾਨ ਅਤੇ ਸਰਾਜੁਦੀਨ ਨੂੰ 1857 ਦੇ ਗਦਰ ਵੇਲੇ ਤੇ ਉਸ ਤੋਂ ਪਿੱਛੋਂ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਥਾਂਵਾਂ ਤੋਂ ਗ੍ਰਿਫਤਾਰ ਕਰ ਕੇ ਕਾਲੇ ਪਾਣੀਆਂ ਦੀ ਕਾਲੀ ਕੈਦ ਵਿਚ ਸੁੱਟਿਆ ਗਿਆ।***

## ਮਾਲਵੇ ਦੀਆਂ ਬਾਤਾਂ

# ਖਰਬੂਜਿਆਂ ਵਾਲਾ ਜੱਟ ਤੇ ਰਾਜਾ

ਇਕ ਵਾਰੀ ਇਕ ਜੱਟ ਖਰਬੂਜ਼ਿਆਂ ਦੀ ਰਾਖੀ ਬੈਠਾ ਸੀ। ਉਹਦੇ ਕੋਲ ਰਾਜਾ ਆ ਕੇ ਕਹਿੰਦਾ ਭੁੱਖ ਲੱਗੀ ਐ। ਰਾਜੇ ਨੇ ਭੇਸ ਬਦਲਿਆ ਹੋਇਆ ਸੀ। ਜੱਟ ਨੇ ਉਹਨੂੰ ਖਰਬੂਜਾ ਤੋੜ ਕੇ ਦੇ'ਤਾ। ਉਥੇ ਇਕ ਹੋਰ ਬਹੁਤ ਸੋਹਣਾ ਖਰਬੂਜਾ ਪਿਆ ਸੀ। ਰਾਜਾ ਕਹਿੰਦਾ, ਮੈਂ ਤਾਂ ਆਹ ਖਰਬੂਜਾ ਲੈਣਾ ਐ। ਜੱਟ ਕਹਿੰਦਾ, ਨਹੀਂ ਬਈ ਇਹ ਖਰਬੂਜਾ ਨੀ ਮੈਂ ਦੇਣਾ ਕਿਸੇ ਨੂੰ ਬੀ। ਇਹ ਤਾਂ ਮੈਂ ਰਾਜੇ ਨੂੰ ਤੋਹਫਾ ਦੇਣਾ ਐ ਕੱਲ ਨੂੰ।

ਰਾਜਾ ਤਾਂ ਉਹ ਆਪ ਸੀਗਾ। ਉਹ ਆਂਹਦਾ ਜੇ ਰਾਜੇ ਨੇ ਨਾ ਲਿਆ ਤਾਂ ਫਿਰ? ਜੱਟ ਆਂਹਦਾ ਜਦੋਂ ਐਨੇ ਪਿਆਰ ਨਾਲ ਲੈ ਕੇ ਗਿਆ ਤਾਂ ਉਹਨੇ ਆਪੇ ਲੈ ਲੈਣਾ। ਬਾਕੀ ਸਾਡਾ ਰਾਜਾ ਬਹੁਤ ਚੰਗਾ ਐ। ਰਾਜਾ ਕਹਿੰਦਾ, ਜੇ ਨਾ ਲਿਆ ਫੇਰ? ਜੱਟ ਆਂਹਦਾ, ਫਿਰ ਪਵੇ ਢੱਠੇ ਖੂਹ ਵਿਚ, ਨਾ ਲਵੇ। ਰਾਜਾ ਚੁੱਪ ਕਰਕੇ ਉਥੋਂ ਆ ਗਿਆ।

ਦੂਸਰੇ ਦਿਨ ਜੱਟ ਖਰਬੂਜਾ ਲੈ ਕੇ ਗਿਆ ਤਾਂ ਉਹਨੇ ਰਾਜੇ ਨੂੰ ਸਿਆਣ ਲਿਆ। ਜੱਟ ਸੋਚੇ ਬਈ ਹੁਣ ਕੀ ਬਣੂਗਾ। ਰਾਜੇ ਨੇ ਤਾਂ ਜੱਟ ਨੂੰ ਸਿਆਣ ਈ ਲਿਆ ਸੀਗਾ। ਜੱਟ ਜਾ ਕੇ ਰਾਜੇ ਨੂੰ ਆਂਹਦਾ, ਲਉ ਮਹਾਰਾਜ ਮੈਂ ਥੋਡੇ ਵਾਸਤੇ ਤੋਹਫਾ ਲੈ ਕੇ ਆਂਦਾ। ਰਾਜਾ ਕਹਿੰਦਾ, ਜੇ ਮੈਂ ਨਾ ਲਵਾਂ ਤਾਂ ਫੇਰ ਜੱਟ ਕਹਿੰਦਾ, ਕੱਲ ਵਾਲੀ ਗੱਲ। ਰਾਜੇ ਨੇ ਚੁੱਪ ਕਰਕੇ ਖਰਬੂਜ਼ਾ ਫੜ ਲਿਆ ਤੇ ਜੱਟ ਨੂੰ ਇਨਾਮ ਦੇ ਕੇ ਤੋਰ'ਤਾ।

*-ਨਵਦੀਪ*

# ਬੇਸ਼ਰਮ ਤੇ ਨਿਡਰ ਹੋਏ ਲੁੱਚਪੁਣਾ ਪੇਸ਼ ਕਰਨ ਵਾਲੇ ਗਾਇਕ

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਪਿਛਲੇ ਦਿਨੀਂ 'ਫੇਸਬੁੱਕ' ਸਮੇਤ ਹੋਰ ਕਈ ਸਾਈਟਾਂ 'ਤੇ ਦਿੱਲੀ ਵੱਲ ਦੀ ਇੱਕ ਗਾਇਕਾ ਦਾ ਅਜਿਹਾ ਗੀਤ ਸੁਣਨ ਨੂੰ ਮਿਲਿਆ, ਜਿਸ ਨੇ ਬੱਗਾ ਸਫ਼ਰੀ ਬਾਰੇ ਬਣੀ ਧਾਰਨਾ ਨੂੰ ਵੀ ਤੋੜ ਛੱਡਿਆ। ਗਾਉਣ ਵਾਲੀ ਨੇ ਆਪਣੇ ਨਾਂ ਪਿੱਛੇ 'ਸਿੰਘ' ਲਾਇਆ ਹੋਇਐ, ਪਰ ਗਾਣੇ ਜ਼ਰੀਏ ਉਸ ਨੇ 'ਸਿੰਘ' ਕਹਾਉਣ ਵਾਲਿਆਂ ਨੂੰ ਅਜਿਹਾ ਲਲਕਾਰਿਆ ਕਿ ਉਹ ਵੀ ਕੁਝ ਨਾ ਕਰ ਸਕੇ।

ਗਾਣੇ ਦਾ ਪੂਰਾ ਨਾਂ ਤਾਂ ਇਥੇ ਲਿਖ ਨਹੀਂ ਸਕਦੇ ਤੇ ਨਾ ਹੀ ਗਾਉਣ ਵਾਲੀ ਦੇ ਨਾਂ ਬਾਰੇ ਦੱਸਾਂਗੇ, ਕਿਉਂਕਿ ਉਹ ਤਾਂ ਖੁਦ ਚਾਹੁੰਦੀ ਹੈ ਕਿ ਉਸ ਦੀ ਖੂਬ ਮਸ਼ਹੂਰੀ ਹੋਵੇ। ਪਰ ਦੋ ਕੁ ਖਾਲੀ ਥਾਵਾਂ ਛੱਡ ਗਾਣੇ ਦੀਆਂ ਪਹਿਲੀ ਦੋ ਸਤਰਾਂ ਜ਼ਰੂਰ ਸਾਂਝੀਆਂ ਕਰ ਲੈਂਦੇ ਹਾਂ। 'ਕਿੰਨਾ ਚਿਰ ਹੋ ਗਿਆ ਮੇਰੀ...ਖੁੱਲ੍ਹੀ ਨੂੰ, ਦੱਸ ਕੀ ਜੱਟਾ ਹੋ ਗਿਆ ਅੱਜ ਤੇਰੀ...।' ਇਹ ਘਟੀਆਪਣ ਦੀ ਇੰਤਹਾ ਹੈ ਪਰ ਗਾਉਣ ਵਾਲੀ ਨੇ 'ਫੇਸਬੁੱਕ' 'ਤੇ ਪਾਏ ਵੀਡੀਓ ਵਿਚ ਆਪਣੀ ਫੋਟੋ ਵੀ ਲਾਈ ਹੈ ਤੇ ਨਾਂ ਵੀ ਦਿੱਤਾ ਏ। ਅੱਗੋਂ ਗਾਣਾ ਸੁਣਨ ਵਾਲਿਆਂ 'ਚੋਂ ਅੱਧਿਆਂ ਕੁ ਦੇ ਉਹੀ ਘਸੇ-ਪਿਟੇ ਕੁਮੈਂਟ ਨੇ, 'ਕਮਾਲ ਏ', 'ਨਾਈਸ', 'ਕਦੇ ਸਾਨੂੰ ਵੀ ਮਿਲ ਲਵੇ', ਤੇ ਕੁਝ ਕੁ ਲੋਕਾਂ ਉਸ ਨੂੰ ਜੰਮ ਕੇ ਗਾਲ੍ਹਾਂ ਵੀ ਕੱਢੀਆਂ ਨੇ।

ਹੁਣ ਇਸ ਤੋਂ ਅਗਲੀ ਕਹਾਣੀ ਸੁਣੋ। ਗਾਣਾ ਸੁਣਨ ਮਗਰੋਂ ਕਈ ਪੱਤਰਕਾਰਾਂ ਉਸ ਨੂੰ ਫੋਨ ਕੀਤਾ, 'ਤੁਸੀਂ ਔਰਤ ਹੋ ਕੇ ਆਹ ਕੀ ਕਰਤੂਤ ਕਰ ਦਿੱਤੀ...ਅਸੀਂ ਤੁਹਾਡੇ ਵਰਗੀਆਂ ਗਾਉਣ ਵਾਲੀਆਂ ਖਿਲਾਫ਼ ਖ਼ਬਰ ਛਾਪ ਰਹੇ ਹਾਂ, ਆਪਣੇ ਵਿਚਾਰ ਦਿਓ...ਤੁਹਾਨੂੰ ਏਦਾਂ ਦਾ ਗੰਦ ਬਕਣ ਦੀ ਕੀ ਜ਼ਰੂਰਤ ਸੀ?' ਤਾਂ ਉਸ ਦੇ ਜਵਾਬ ਗਾਣੇ ਨਾਲੋਂ ਵੀ ਵੱਧ ਹੈਰਾਨੀਜਕ ਸਨ।

ਉਸ ਕਿਹਾ, 'ਪਲੀਜ਼ ਤੁਸੀਂ ਮੇਰੇ ਖਿਲਾਫ਼ ਅੱਧੇ-ਅੱਧੇ ਸਫ਼ੇ ਦੀ ਖ਼ਬਰ ਛਾਪਿਓ...ਖ਼ਬਰ ਦੇ ਸਿਰਲੇਖ ਵਿਚ ਮੈਨੂੰ 'ਕਮੀਨੀ, ਘਟੀਆ, ਜ਼ਲੀਲ' ਜ਼ਰੂਰ ਲਿਖਿਓ...ਮੈਂ ਏਦਾਂ ਹੀ ਪਬਲੀਸਿਟੀ ਚਾਹੁੰਦੀ ਹਾਂ...ਹੋ ਸਕੇ ਤਾਂ ਕਿਸੇ ਸੱਭਿਆਚਾਰਕ ਜਥੇਬੰਦੀ ਦੇ ਨੁਮਾਇੰਦਿਆਂ ਨੂੰ ਮੇਰੇ ਘਰ ਦਾ ਘਿਰਾਓ ਕਰਨ ਲਈ ਵੀ ਕਹਿਣਾ।'

ਪੱਤਰਕਾਰਾਂ ਕਿਹਾ, 'ਤੁਹਾਨੂੰ ਇਹੋ ਜਿਹੀਆਂ ਕਰਤੂਤਾਂ ਕਰਕੇ ਮਿਲਦਾ ਕੀ ਏ?' ਤਾਂ ਉਸ ਦਾ ਜਵਾਬ ਸੀ, 'ਸੰਨੀ ਲਿਓਨ ਨੂੰ ਨੰਗੀਆਂ ਫ਼ਿਲਮਾਂ ਵਿਚ ਕੰਮ ਕਰਕੇ ਕੀ ਨਹੀਂ ਮਿਲਿਆ। ਅੱਜ ਉਸ ਨੂੰ ਬਾਲੀਵੁੱਡ ਫ਼ਿਲਮਾਂ ਬਤੌਰ ਹੀਰੋਇਨ ਮਿਲ ਰਹੀਆਂ ਨੇ। ਮੈਂ ਵੀ ਪੰਜਾਬੀ ਗਾਇਕੀ ਦੀ ਸੰਨੀ ਲਿਓਨ ਬਣਨਾ ਚਾਹੁੰਦੀ ਹਾਂ। ਤੁਸੀਂ ਪੰਜਾਬ ਤੇ ਪੰਜਾਬੀ ਦੀ ਗੱਲ ਕਰਦੇ ਰਹੋ, ਮੈਂ ਮਸ਼ਹੂਰੀ ਲੈ ਕੇ ਸਿੱਧੀ ਬਾਲੀਵੁੱਡ 'ਚ ਐਂਟਰੀ ਕਰਾਂਗੀ, ਢੱਠੇ ਖੂਹ 'ਚ ਪਵੇ ਤੁਹਾਡਾ ਵਿਰਸਾ ਤੇ ਸੱਭਿਆਚਾਰ।'

ਹੁਣ ਤੁਸੀਂ ਦੱਸੋ ਕਿ ਇਹੋ ਜਿਹੀ ਗਾਉਣ ਵਾਲੀ ਬਾਰੇ ਕੀ ਲਿਖਿਆ ਜਾਵੇ ਤੇ ਕੀ ਛੱਡਿਆ ਜਾਵੇ। ਇਹ ਉਹੀ 'ਬੀਬੀ' ਹੈ, ਜਿਸ ਨੇ ਪਿੱਛੇ ਜਿਹੇ ਇੱਕ ਐਲਬਮ ਵਿਚ 'ਦਾਰੂ ਪੀਨੀਂ ਆਂ ਨਾਲੇ ਸੂਟਾ ਲਾਉਨੀਂ ਆਂ' ਗਾਇਆ ਸੀ ਤੇ ਇਹ ਗਾਉਣ ਬਦਲੇ ਇਸ ਨੂੰ ਕਿਸੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ। ਲੋਕਾਂ ਉਸ ਨੂੰ ਫੋਨ ਕਰ-ਕਰ



ਕਿਹਾ, 'ਕਮਾਲ ਕਰ ਦਿੱਤੀ ਏ ਮੈਡਮ...ਕਦੇ ਸਾਡੇ ਇਲਾਕੇ ਵੱਲ ਆਏ ਤਾਂ ਦੱਸਿਓ, ਨਾਲੇ ਦਾਰੂ ਪਿਆਵਾਂਗੇ, ਨਾਲੇ ਸੂਟੇ ਲਵਾਵਾਂਗੇ।' ਤੇ ਇਹ ਬੀਬੀ ਹੱਸ-ਹੱਸ ਇੰਜ ਗੱਲਾਂ ਕਰਦੀ ਰਹੀ, ਜਿਵੇਂ ਉਸ ਨੂੰ ਲੋਕਾਂ ਦੇ ਕਹਿਣ ਦਾ ਅਰਥ ਸਮਝ ਹੀ ਨਾ ਆ ਰਿਹਾ ਹੋਵੇ।

ਇਹ ਪਹਿਲੀ ਵਾਰ ਨਹੀਂ ਹੋਇਆ, ਜਦੋਂ ਕਿਸੇ ਗਾਇਕ ਜਾਂ ਗਾਇਕਾ ਨੇ ਅਸ਼ਲੀਲਤਾ ਦੀਆਂ ਹੱਦਾਂ ਪਾਰ ਕੀਤੀਆਂ ਹੋਣ। ਪਰ ਗੁਪਤ ਅੰਗਾਂ ਦਾ ਨਾਂ ਲੈ-ਲੈ ਕੇ ਗਾਉਣ ਦਾ ਰੁਝਾਨ ਉਵੇਂ-ਉਵੇਂ ਜ਼ਿਆਦਾ ਵਧਿਐ, ਜਿਵੇਂ-ਜਿਵੇਂ ਗਾਇਕੀ ਵਿਚ ਮੁਕਾਬਲਾ ਵਧਿਐ। ਇਸ ਕੁੜੀ ਵਰਗੇ ਅਣਗਿਣਤ ਗਾਇਕ ਪੰਜਾਬ ਵਿਚ ਮੌਜੂਦ ਨੇ ਜਿਹੜੇ ਉਡੀਕ ਕਰ ਰਹੇ ਨੇ ਕਿ ਜੇ ਇਹਦਾ ਤਜਰਬਾ ਸਫ਼ਲ ਹੋ ਗਿਆ ਤਾਂ ਆਪਾਂ ਵੀ ਇਹੋ ਜਿਹੇ ਦੋ-ਚਾਰ ਗਾਣੇ ਗਾ ਛੱਡਾਂਗੇ ਤੇ ਬਹੁਤੀ ਗੱਲ ਵਧਦੀ ਦਿਸੀ ਤਾਂ ਕਹਿ ਛੱਡਾਂਗੇ, 'ਅੱਗੇ ਤੋਂ ਖਿਆਲ ਰੱਖਾਂਗੇ।'

ਇਸ ਕੁੜੀ ਤੇ ਇਸ ਵਰਗੀ ਸੋਚ ਵਾਲੇ ਪਤਾ ਨਹੀਂ ਕਿੰਨੇ ਹੀ ਲੋਕਾਂ ਦਾ ਮਾਰਗ ਦਰਸ਼ਕ 'ਹਨੀ ਸਿੰਘ' ਹੈ, ਜਿਸ ਨੇ ਗੰਦ ਪਰੋਸ-ਪਰੋਸ ਕੇ ਏਨੀ ਪ੍ਰਸਿੱਧੀ ਹਾਸਲ ਕਰ ਲਈ ਕਿ ਇੱਕ ਪਾਸੇ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੁੰਦੈ ਤੇ ਉਸੇ ਦਿਨ ਉਸ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੋਜਤ ਸਮਾਗਮ ਵਿਚ ਸੱਦ ਕੇ ਲੁੱਚਪੁਣੇ ਵਾਲੇ ਗਾਣੇ ਸੁਣੇ ਜਾ ਰਹੇ ਹੁੰਦੇ ਨੇ। ਨਗਰ ਨਿਗਮ ਦੀ ਨੱਕ ਥੱਲੇ ਉਸ ਦੇ ਵੱਡ ਅਕਾਰੀ ਬੋਰਡ ਸ਼ਹਿਰ ਦੀਆਂ ਮੁੱਖ ਥਾਂਵਾਂ 'ਤੇ ਲੱਗੇ ਹੁੰਦੇ ਨੇ, ਜਿਨ੍ਹਾਂ 'ਤੇ ਲਿਖਿਆ ਹੁੰਦੈ ਕਿ 'ਮਾਫ਼ੀਆ ਮੁੰਡੀਰ' ਫਲਾਣੀ ਤਰੀਕ ਨੂੰ ਫਲਾਣੀ ਥਾਂ ਪਹੁੰਚ ਰਹੀ ਹੈ।'

ਦੱਸੋ ਭਲਾ ਕੀ ਕੀਤਾ ਜਾ ਸਕਦੈ ਇਹੋ ਜਿਹੇ ਗਾਇਕਾਂ ਦਾ? ਅੱਜ ਤੱਕ ਸਭ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਨੂੰ ਇਸ ਕਰਕੇ ਨਿੰਦਦੇ ਨੇ ਕਿ ਉਨ੍ਹਾਂ ਰਿਸ਼ਤਿਆਂ ਦੇ ਘਾਣ ਵਾਲੇ ਦੋਗਾਣੇ ਗਾਏ। ਉਨ੍ਹਾਂ ਢਕੀਆਂ ਰਿੱਝਣ ਵਾਲੀਆਂ ਗੱਲਾਂ ਤੋਂ ਢੱਕਣ ਲਾਹ ਛੱਡਿਆ। ਉਨ੍ਹਾਂ ਦੇ ਗਾਣਿਆਂ ਨੇ ਸੱਭਿਅਕ ਸਮਾਜ ਨੂੰ ਸ਼ਰਮਸਾਰ ਕਰ ਦਿੱਤਾ। ਪਰ ਉਹਨੇ ਤਾਂ ਮਾਫ਼ੀ ਵੀ ਮੰਗ ਲਈ ਸੀ, ਫੇਰ ਵੀ ਉਹ ਗੋਲੀਆਂ ਦਾ ਸ਼ਿਕਾਰ ਹੋ ਗਿਆ ਤੇ ਅੱਜ ਦੇ ਗਾਉਣ ਵਾਲੇ ਸ਼ਰੇਆਮ ਕਹਿ ਰਹੇ ਨੇ, 'ਹਾਂ, ਅਸੀਂ ਗਾਇਐ...ਲੋਕ ਚੰਗਾ ਸੁਣਦੇ ਹੀ ਨਹੀਂ...ਸਾਡਾ ਕਸੂਰ ਨਹੀਂ, ਤੁਹਾਡਾ ਏ...ਚੱਲਦਾ ਹੀ ਇਹੋ ਜਿਹਾ ਐ, ਤੇ ਅਸੀਂ ਏਵੇਂ ਹੀ ਗਾਵਾਂਗੇ।' ਤੇ ਦੱਸੋ ਅਸੀਂ ਇਨ੍ਹਾਂ ਦਾ ਕੀ ਕਰ ਲਿਆ।

ਥੋੜ੍ਹੀ-ਬਹੁਤ ਸ਼ਰਮ ਦੇ ਚੱਲਦਿਆਂ ਇਹ ਸਭ ਗੀਤ ਟੀ.ਵੀ. ਚੈਨਲਾਂ 'ਤੇ ਨਹੀਂ ਦਿਖਾਏ ਜਾ ਸਕਦੇ। ਪਰ ਜਿਹੜੇ ਗੀਤ ਉਥੇ ਚੱਲਦੇ ਨੇ, ਦਿਮਾਗ਼ 'ਤੇ ਜ਼ੋਰ ਪਾ ਕੇ ਉਨ੍ਹਾਂ ਦੇ ਅਰਥ ਕੱਢੋ, ਕੀ-ਕੀ ਆਖਦੇ ਨੇ ਗਾਉਣ ਵਾਲੇ। ਜਿੱਥੇ ਕਿਤੇ ਮਾਂ ਜਾਂ ਭੈਣ ਦੀ ਗਾਲ੍ਹ ਕੱਢੀ ਹੁੰਦੀ ਏ, ਉਥੇ 'ਟੂੰ..ਟੂੰ' ਕਰ ਦਿੱਤਾ ਜਾਂਦਾ ਏ ਤਾਂ ਜੋ ਪਰਦਾ ਵੀ ਬਣਿਆ ਰਹੇ ਤੇ ਸੁਣਨ ਵਾਲਾ ਸਮਝ ਵੀ ਜਾਵੇ ਕਿ ਇਥੇ ਅਸ਼ਲੀਲ ਗੱਲ ਬੋਲੀ ਹੋਵੇਗੀ।

ਚੈਨਲਾਂ 'ਤੇ ਦੋ ਗੀਤ ਇਨ੍ਹੀਂ ਦਿਨੀਂ ਖੂਬ ਵੱਜ ਰਹੇ ਨੇ। ਇੱਕ 'ਚ ਗਾਉਣ ਵਾਲਾ ਕਹਿ ਰਿਹੈ, 'ਮਾਂਵਾਂ ਬੁੱਕਲਾਂ 'ਚ ਪੁੱਤਾਂ ਨੂੰ ਲੁਕੋਂਦੀਆਂ, ਨੀਂ ਜਦੋਂ ਗੱਲਾਂ ਹੋਣ ਤੇਰੀਆਂ' ਤੇ ਦੂਜੇ ਗਾਣੇ ਵਿਚ ਗਾਇਕ ਆਖਦੈ, 'ਸੱਚ ਜਾਣੀਂ ਆ ਗਿਆ ਸਵਾਦ, ਸਾਨੂੰ ਤੈਥੋਂ ਸੋਹਣੀ ਹੋਰ ਲੱਭ ਗਈ।' ਗਾਣੇ ਸੁਣ-ਸੁਣ ਜਾਪਣ ਲੱਗਦੈ ਕਿ ਕਿੰਨੇ ਵੱਡੇ ਅੱਯਾਸ਼ ਨੇ ਇਹ ਲੋਕ, ਜਿਹੜੇ ਮੁਟਿਆਰ ਦੀ ਉਡੀਕ ਅਤੇ ਹੁਸਨ ਦੀ ਤਾਰੀਫ਼ ਸਿਰਫ਼ ਲੋੜ ਵੇਲੇ ਕਰਦੇ ਨੇ ਤੇ ਜਦੋਂ ਉਹ ਛੱਡ ਜਾਂਦੀ ਏ ਤਾਂ ਉਸ ਨੂੰ ਚਿੜ੍ਹਾਉਣ ਲਈ ਆਪਣੀ ਔਕਾਤ ਦਿਖਾਉਣ ਲੱਗ ਜਾਂਦੇ ਨੇ।

ਇਹ ਵੀ ਸੱਚ ਹੈ ਕਿ ਇਹੋ ਜਿਹੇ ਗੀਤ ਉਹ ਕਲਾਕਾਰ ਜ਼ਿਆਦਾ ਗਾਉਂਦੇ ਨੇ, ਜਿਨ੍ਹਾਂ ਦੀ ਹਾਲੇ ਕੋਈ ਪਛਾਣ ਨਹੀਂ, ਜਿਨ੍ਹਾਂ ਨੂੰ ਗਾਇਨ ਮੰਡੀ 'ਚ ਕੋਈ ਨਹੀਂ ਪੁੱਛਦਾ। ਉਹ ਜਾਣਦੇ ਨੇ ਕਿ ਮੁਕਾਬਲੇ ਦੇ ਦੌਰ ਵਿਚ ਇੱਕ-ਦੋ ਘਟੀਆ ਜਿਹੇ ਗੀਤ ਗਾਵਾਂਗੇ ਤਾਂ ਹੀ ਕਾਲਜੀਏਟਾਂ ਦਾ ਧਿਆਨ ਉਨ੍ਹਾਂ ਵੱਲ ਜਾਵੇਗਾ। ਪਰ ਉਹ ਇਹ ਨਹੀਂ ਸੋਚਦੇ ਕਿ ਟੀ.ਵੀ. 'ਕੱਲੀ ਮੁੰਡੀਰ ਨਹੀਂ ਦੇਖਦੀ, ਹੋਰ ਉਮਰ ਦੇ ਲੋਕ ਵੀ ਦੇਖਦੇ ਨੇ।

ਕੀ 'ਮਾਂਵਾਂ ਬੁੱਕਲਾਂ 'ਚ ਪੁੱਤਾਂ ਨੂੰ...' ਗੀਤ ਸੁਣਿਆਂ ਇਹ ਨਹੀਂ ਜਾਪਦਾ ਕਿ ਗਾਉਣ ਵਾਲਾ ਕਿਸੇ ਦੀ ਧੀ ਨੂੰ ਡਾਇਣ ਦਾ ਦਰਜਾ ਦੇ ਰਿਹੈ ਕਿ ਜਦੋਂ ਉਹ ਗਲੀ 'ਚੋਂ ਲੰਘਦੀ ਏ ਤਾਂ ਮਾਂਵਾਂ ਨੂੰ ਆਪਣੇ ਜਵਾਨ ਪੁੱਤਾਂ ਦੀ ਫ਼ਿਕਰ ਪੈ ਜਾਂਦੀ ਏ ਕਿ ਕਿਤੇ ਇਹ ਉਨ੍ਹਾਂ ਦੇ ਪੁੱਤਾਂ 'ਤੇ ਕਹਿਰ ਨਾ ਕਮਾ ਜਾਏ। 'ਤੈਥੋਂ ਸੋਹਣੀ ਹੋਰ ਲੱਭਗੀ' ਗੀਤ ਸੁਣਿਆਂ ਇੰਜ ਨਹੀਂ ਲੱਗਦਾ ਕਿ ਗਾਇਕ ਦਿੱਲੀ ਦੀ ਜੀ.ਬੀ. ਰੋਡ ਦੇ ਦਲਾਲ ਵਰਗਾ ਹੈ, ਜਿਹੜਾ ਹਰ ਆਉਂਦੀ ਨੂੰ 'ਜੀ ਆਇਆਂ' ਆਖਦਾ ਹੈ ਤੇ ਜਾਣ ਵਾਲੀ ਨੂੰ 'ਜੀ ਜਾਂਦਿਆਂ' ਕਹਿ ਛੱਡਦੈ।

ਪਿਛਲੇ ਦਿਨੀਂ ਪੰਜਾਬ ਦੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਸਰਵਣ ਸਿੰਘ ਫਿਲੌਰ ਨੇ ਪੰਜਾਬੀ ਗਾਇਕੀ ਵਿਚ ਪਰੋਸੀ ਜਾਂਦੀ ਅਸ਼ਲੀਲਤਾ 'ਤੇ ਚਿੰਤਾ ਪ੍ਰਗਟ ਕਰਦਿਆਂ ਚੰਡੀਗੜ੍ਹ ਵਿਚ ਕੁਝ ਲੋਕਾਂ ਨਾਲ ਮੀਟਿੰਗ ਕੀਤੀ ਸੀ, ਜਿਥੇ ਬਹੁਤ ਜਲਦ ਪੰਜਾਬੀ ਗਾਇਕੀ ਲਈ ਵੱਖਰਾ ਸੈਂਸਰ ਬੋਰਡ ਬਣਾਉਣ ਦੀ ਗੱਲ ਹੋਈ। ਮੰਤਰੀ ਨੇ ਕਿਹਾ ਕਿ ਬਹੁਤ ਜਲਦ ਬੋਰਡ ਬਣਾ ਦਿੱਤਾ ਜਾਵੇਗਾ ਅਤੇ ਨਵੀਂ ਸੱਭਿਆਚਾਰਕ ਨੀਤੀ ਉਲੀਕੀ ਜਾਵੇਗੀ। ਦੋ-ਚਾਰ ਦਿਨ ਇਸ ਬਿਆਨ ਅਤੇ ਮੀਟਿੰਗ ਦੀਆਂ ਗੱਲਾਂ ਛਿੜੀਆਂ ਪਰ ਹੁਣ ਇਹ ਮਾਮਲਾ ਕਿੱਥੇ ਕੁ ਰੁਕਿਆ ਹੋਇਐ, ਇਹ ਮੰਤਰੀ ਸਾਹਿਬ ਜਾਨਣ ਜਾਂ ਉਨ੍ਹਾਂ ਨੂੰ ਸਲਾਹਾਂ ਦੇਣ ਵਾਲੇ।

ਕੱਲ੍ਹ ਤੱਕ ਢਾਣੀਆਂ 'ਚ ਬੈਠ ਮੁੰਡੀਰ ਵੱਲੋਂ ਕੁੜੀਆਂ-ਚਿੜੀਆਂ ਬਾਰੇ ਜੋ-ਜੋ ਬਕਿਆ ਜਾਂਦਾ ਸੀ, ਉਹ ਸਾਰਾ ਕੁਝ ਅੱਜ ਸਾਡੇ ਗਾਣਿਆਂ ਵਿਚ ਆ ਚੁੱਕੈ। ਅਸੀਂ ਵਿਆਹ-ਸ਼ਾਦੀਆਂ 'ਤੇ ਇਨ੍ਹਾਂ ਕਲਾਕਾਰਾਂ ਨੂੰ ਲੱਖਾਂ ਰੁਪਿਆ ਦੇ ਕੇ ਸੱਦਦੇ ਵੀ ਹਾਂ ਤੇ ਕੁੜੀਆਂ ਦੀਆਂ ਇੱਜ਼ਤਾਂ ਨਾਲ ਖੇਡਾਂ ਖੇਡਣ ਵਾਲੇ ਗੀਤਾਂ 'ਤੇ ਨੱਚਦੇ ਵੀ ਹਾਂ। ਸ਼ਰਾਬ ਦੀ ਲੋਰ 'ਚ ਇਹ ਵੀ ਭੁੱਲ ਜਾਂਦੇ ਹਾਂ ਕਿ ਅਸੀਂ ਭਰਾ ਵੀ ਹਾਂ, ਬਾਪ ਵੀ, ਚਾਚੇ, ਤਾਏ, ਮਾਮੇ, ਫੁੱਫੜ ਤੇ ਹੋਰ ਕੁਝ ਵੀ। ਬਸ ਸਾਨੂੰ ਪੈਰ ਥਿਰਕਾਉਣ ਲਈ ਸੰਗੀਤ ਚਾਹੀਦੈ, ਬੋਲਾਂ ਤੋਂ ਕੀ ਲੈਣੈ। ਇਹੀ ਕਾਰਨ ਹੈ ਕਿ ਗਾਉਣ ਵਾਲਿਆਂ ਨੇ ਸਾਡੀਆਂ ਧੀਆਂ, ਭੈਣਾਂ ਦੀ ਇੱਜ਼ਤ ਦੀ ਲੁੱਡੀ ਪਾ ਦਿੱਤੀ ਹੈ ਤੇ ਅਸੀਂ ਪਰ੍ਹੇ ਨੂੰ ਮੂੰਹ ਘੁਮਾ ਆਖਦੇ ਹਾਂ, 'ਚੱਲ ਕੋਈ ਨਾ।'

ਪੰਜਾਬੀਆਂ ਦੇ ਬੈਗੈਰਤ ਹੋਣ ਬਾਰੇ ਜਾਣਦਿਆਂ ਵੀ ਸਾਥੋਂ ਲਿਖਣੋਂ ਰਿਹਾ ਨਹੀਂ ਜਾਂਦਾ, ਪਰ ਫੋਨ ਕਰਨ ਵਾਲਿਆਂ ਸਿਰਫ਼ ਇਹੀ ਕਹਿਣਾ ਹੁੰਦੈ, 'ਕੀਤਾ ਕੀ ਜਾਵੇ, ਆਵਾ ਈ ਊਤਿਆ ਪਿਐ।' ਜਾਂ ਉਨ੍ਹਾਂ ਆਖਣਾ ਹੁੰਦੈ, 'ਕੋਈ ਸਾਡੇ ਲਾਇਕ ਸੇਵਾ ਹੋਈ ਤਾਂ ਦੱਸਣਾ।' ਕੋਈ ਪੁੱਛਣ ਵਾਲਾ ਹੋਵੇ, ਹਾਲੇ ਵੀ ਦੱਸਣਾ ਪਵੇਗਾ ਕਿ ਤੁਸੀਂ ਕੀ ਕਰ ਸਕਦੇ ਹੋ, ਹਾਲੇ ਵੀ ਇਹ ਕਹਿਣਾ ਪਵੇਗਾ ਕਿ ਸਾਡੇ ਬੈਡਰੂਮਾਂ ਦਾ ਪਰਦਾ ਵੀ ਚੁੱਕਿਆ ਗਿਐ।

## ਕਾਵਿ-ਜਗਤ

### ਜ਼ਿੰਦਗੀ

ਜੇ ਜ਼ਿੰਦਗੀ ਤੈਨੂੰ ਮਿੱਠੀ ਲਗਦੀ,
ਸਾਨੂੰ ਕੋਲ ਬਿਠਾਵੀਂ।
ਜੇ ਜ਼ਿੰਦਗੀ ਤੈਨੂੰ ਕੌੜੀ ਲੱਗੇ,
ਬਹੁਤਾ ਦੂਰ ਨਾ ਜਾਵੀਂ।

ਪੈਰਾਂ ਦੇ ਚਿੰਨ ਯਾਦ ਤੂੰ ਰੱਖੀਂ
ਜਿਸ ਰਸਤੇ ਤੂੰ ਜਾਵੇਂ,
ਆਵਾਜ਼ ਮਾਰਾਂ ਤਾਂ ਸੁਣ ਲਈਂ ਮੈਨੂੰ
ਝੱਟ ਤੂੰ ਵਾਪਿਸ ਆਵੀਂ।

ਰੁੱਤਾਂ ਦਾ ਕੰਮ ਆਉਣਾ-ਜਾਣਾ
ਰੁੱਤਾਂ ਨਾਲ ਨਾ ਰੁੱਸੀਏ,
ਕੋਈ ਇਕ ਰੁੱਤ ਜੇ ਵੈਰ ਕਮਾਵੇ
ਚਿੰਤਾ ਚਿੱਤ ਨਾ ਲਾਵੀਂ।

ਦਿਲ ਦਾ ਹੰਸ ਤਾਂ ਮੋਤੀ ਚਾਹੇ
ਕਾਹਨੂੰ ਕੰਕਰ ਚੁਣੀਏ,
ਵਗਦੇ ਪਾਣੀ ਜੀਵਣ ਵਰਗੇ
ਚਿੱਕੜੀਂ ਹੱਥ ਨਾ ਪਾਵੀਂ।

ਪਲ ਪਲ ਜੋੜ ਕੇ ਉਮਰਾਂ ਰਚੀਏ
ਸਾਹਾਂ ਦੀ ਨਾ ਗਿਣਤੀ ਕਰੀਏ,
ਸ਼ਹਿਦ ਤੋਂ ਮਿੱਠੜੇ ਪਲ ਮੈਂ ਦਿੱਤੇ
ਐਵੇਂ ਨਾ ਸੁੱਟ ਗਵਾਵੀਂ।

ਅੱਖਰਾਂ ਵਿਚ ਦਿਲ ਦੇ ਰਿਸ਼ਤੇ
ਕਦੀ ਨਾ ਪੂਰੇ ਆਉਂਦੇ,
ਝੂਠ ਸੱਚ ਜ਼ਿੰਦਗੀ ਤੋਂ ਛੋਟੇ
ਕੋਈ ਸ਼ੱਕ ਨਾ ਮਨ ਲਿਆਵੀਂ।

ਅਗਲੇ ਪਿਛਲੇ ਸਮੇਂ ਦੀ ਦੁਬਿਧਾ
ਕਿਉਂ ਤੂੰ ਬੋਝਾ ਚੁੱਕਿਆ,
ਇਹ ਜੀਵਨ ਬਸ ਤੂੰ ਤੇ ਤੇਰਾ
ਅੱਜ ਨੂੰ ਅੱਜ ਹੰਢਾਵੀਂ।

*-ਦਿਲਜੋਧ ਸਿੰਘ*
*diljodh@yahoo.com*

---

### ਸੱਚੋ-ਸੱਚ

ਐਸੀ ਖਿੱਚ ਪਈ ਵੇ ਤੇਰੀ,
ਤਨ ਮਨ ਹਰਿਆ ਹੋਇਆ।

ਸਾਰੇ ਹੰਝੂ ਮੋਤੀ ਬਣ ਗਏ,
ਜਿੰਨਾ ਵੀ ਮੈਂ ਰੋਇਆ।

ਜ਼ਿੰਦਗੀ ਦਾ ਮੈਂ ਅੰਮ੍ਰਿਤ ਲੱਭਾ,
ਦਾਗੀ ਪੱਲੂ ਧੋਇਆ।

ਤੂੰ ਅਤੇ ਮੈਂ ਰਲ ਕੇ ਬੈਠੇ,
ਮਨ ਵਿਚ ਮਨ ਪਰੋਇਆ।

ਰਾਹਾਂ ਨੇ ਖੁਦ ਲੇਖਾ ਕੀਤਾ,
ਕਿੱਥੇ ਕਿੰਨਾ ਖਲੋਇਆ।

ਅੱਜ ਦੁਬਿਧਾ ਖੁਦ ਪਈ ਦੱਸੇ,
ਕੀ ਮੈਂ ਅੱਜ ਤਕ ਖੋਇਆ।

ਰੋਜ਼ਨਾਮਾ ਜ਼ਿੰਦਗੀ ਦਾ ਲਿਖਿਆ,
ਹਰ ਅੱਖਰ ਦੁੱਧੀਂ ਧੋਇਆ।

ਇਕ ਇਕ ਅੱਖਰ ਸਮੇਂ ਨੇ ਪੜਿਆ,
ਸ਼ਰਮਸਾਰ ਉਹ ਹੋਇਆ।

ਹਰ ਦਿਸ਼ਾ ਹੁਣ ਤੇਰੇ ਵਰਗੀ,
ਐਸਾ ਸੱਚ ਸੰਜੋਇਆ।

*-ਦਿਲਜੋਧ ਸਿੰਘ*
*diljodh@yahoo.com*

### ਲੀਡਰਾਂ ਨੂੰ ਬੁਖਾਰ

ਜਦੋਂ ਲੀਡਰਾਂ ਨੂੰ
ਚੜ੍ਹਦਾ ਬੁਖਾਰ ਸੱਜਣਾ,
ਝੱਟ ਪਹੁੰਚ ਜਾਂਦੇ
ਵੀਜ਼ਾ ਲੈ ਕੇ ਬਾਹਰ ਸੱਜਣਾ।
ਆਮ ਬੰਦੇ ਨੂੰ ਤਾਂ
ਪਿੰਡਾਂ ਵਿਚ ਜੁੜੇ ਨਾ ਦਵਾਈ
ਐਨਾ ਕਰਜ਼ੇ ਦਾ
ਜੱਟਾਂ ਉਤੇ ਭਾਰ ਸੱਜਣਾ।

ਕੋਈ ਇਥੇ ਆਉਂਦਾ
ਗੋਡੇ ਆਪਣੇ ਲਵਾਉਣ ਲਈ,
ਕੋਈ ਕਾਲਾ ਧੰਨ
ਪਰਦੇਸਾਂ 'ਚ ਲੁਕਾਉਣ ਲਈ।
ਜਨਤਾ ਦਾ ਪੈਸਾ
ਝੂਟੇ ਲੈਂਦੇ ਇਹ ਜਹਾਜ਼ਾਂ ਦੇ,
ਠੰਢੇ ਮੁਲਕਾਂ 'ਚ ਜਾਂਦੇ
ਛੁੱਟੀਆਂ ਬਿਤਾਉਣ ਲਈ।

ਮਾਂ ਬੋਲੀ ਦੇ ਇਹ ਨਾਹਰੇ
ਨਿਤ ਲੋਕਾਂ ਵਿਚ ਲਾਉਂਦੇ ਨੇ,
ਰਲ ਮਿਲ ਕੇ ਸਾਨੂੰ
ਸਾਰੇ ਮੂਰਖ ਬਣਾਉਂਦੇ ਨੇ।
ਸਾਨੂੰ ਕਹਿਣ ਤੁਸੀਂ
ਭੁੱਲ ਜਾਇਓ ਨਾ ਪੰਜਾਬੀ
ਆਪਣੇ ਜੁਆਕ ਇਹ
ਅਮਰੀਕਾ ਪੜ੍ਹਾਉਂਦੇ ਨੇ।

*-ਦੀਪ ਮੰਗਲੀ, ਨਿਊ ਯਾਰਕ*
*ਫੋਨ: 917-254-6768*

---

### ਡਾਲਰ

ਨੋਟ ਕਮਾਓ, ਨੋਟ ਖੁਆਓ,
ਰਿਸ਼ਵਤ ਪਚਾਓ, ਐਬ ਲੁਕਾਓ,
ਉਂਗਲ ਘੁਮਾਓ, ਦੁਨੀਆਂ ਨਚਾਓ।
ਤਿਲਾਂਜਲੀ ਦਿਓ ਈਮਾਨ ਨੂੰ ਪਾਸੇ,
ਵਫਾਦਾਰੀ ਬਦਲੋ, ਝੂਠ ਵਰਤਾਓ।
ਵੋਟ, ਜ਼ਮੀਰਾਂ, ਜਿਸਮ ਖਰੀਦੋ,
ਰੰਗਰਲੀਆਂ ਮਨਾਓ, ਦੁੱਧੀਂ ਨਹਾਓ।
ਨੇਤਾ ਬਣਨ ਦਾ ਨਿਆਰਾ ਸੂਤਰ,
ਨੋਟ ਦਿਖਾਓ, ਆਪ ਮੁਸਕਾਓ,
ਜਨਤਾ ਭਰਮਾਓ, ਲਾਰੇ ਲਗਾਓ।
ਸ਼ਰੇਆਮ ਬਜਾਰੀਂ ਵਿਕਦੀ,
ਜਿਸ ਭਾਅ ਮਿਲੇ ਸੱਤਾ ਹਥਿਆਓ।
ਕਰਾਮਾਤ ਡਾਲਰ ਰੁਪੱਈਏ ਦੀ,
ਮਿਰਗ ਤ੍ਰਿਸ਼ਨਾ ਝਉਲਾ ਪਾਓ।
ਲੋੜਵੰਦ ਵਿਕਾਊ ਦੁਨੀਆਂ,
ਠੁਕਰਾਈ ਜਾਓ ਪੈਰੀਂ ਪੁਆਓ,
ਡੁਗਡੁਗੀ ਵਜਾਓ ਪਿੱਛੇ ਲਾਓ।
ਪੰਨੂ ਮਾਇਆ ਦਾ ਕ੍ਰਿਸ਼ਮਾ ਸਾਰਾ,
ਨਾਮ ਕਮਾਓ, ਅਮਰ ਹੋ ਜਾਓ।

*-ਚਰਨਜੀਤ ਸਿੰਘ ਪੰਨੂ*
*ਸੈਨ ਹੋਜ਼ੇ, ਕੈਲੀਫੋਰਨੀਆ*

---

### ਧੀਆਂ

ਧੀਆਂ ਪੁੱਤਰਾਂ ਵਿਚ ਫਰਕ ਨਾ ਕੋਈ
ਕਹਿੰਦੇ ਲੋਕ ਸਿਆਣੇ।
ਧੀ ਪਰਾਇਆ ਧਨ ਹੁੰਦੀ
ਪੁੱਤਰਾਂ ਨਾਲ ਵੇਲ ਵਧੇ
ਪੀੜ੍ਹੀ ਦਰ ਪੀੜ੍ਹੀ ਤੋਰਨ ਖਾਤਿਰ
ਦੁਨੀਆਂ ਰਹਿੰਦੀ ਵਿਚ ਭਾਣੇ।
ਧੀਆਂ ਪੁੱਤਰਾਂ...

ਧੀਆਂ ਨੂੰ ਮਾਰਨਾ ਛੱਡਦੇ ਨਹੀਂ
ਪੀੜ੍ਹੀ ਦੀ ਫਿਕਰ ਕਰੋ
ਪੁੱਤਰ ਪੁੱਤਰ ਕਰਦੇ ਹੋ
ਇਹ ਕਿਸ ਦੇ ਨਾਲ ਵਿਆਹੇ ਜਾਣੇ।

ਤੁਸੀਂ ਕਿਸੇ ਦੀਆਂ ਧੀਆਂ ਵਿਆਹ ਕੇ
ਆਪਣੀ ਗ੍ਰਹਿਸਥੀ ਤੋਰੀ ਏ
ਧੀ ਜੰਮੀ ਤਾਂ ਬੱਠਲ ਪਾਣੀ ਪਾ
ਨਿੱਕੀ ਜਿੰਦੜੀ ਰੋਹੜੀ ਏ
ਉਪਰ ਵਾਲਾ ਲੇਖਾ ਮੰਗੂ
ਫਿਰ ਅੱਥਰੂ ਪੂੰਝੇ ਨਹੀਂ ਜਾਣੇ।

ਸਦਾ ਇਹ ਸੁੱਖ ਮਾਪਿਆਂ ਦੀ ਮੰਗਣ
ਮੈਂ ਕਹਿੰਦਾ ਧੀਆਂ ਘਰ-ਘਰ ਜੰਮਣ
ਹਰ ਦੁੱਖ ਨੂੰ ਅੱਗੇ ਹੋ ਕੇ
ਪੁੱਤਰਾਂ ਵਾਂਗ ਆਪ ਇਹ ਥੰਮ੍ਹਣ
ਅਗਲੇ ਘਰ ਜਾ ਕੇ ਵੇਲ ਵਧਾਵਣ
ਇਹ ਗੱਲ ਸਾਰਾ ਜੱਗ ਜਾਣੇ।

ਆਉਣ ਦਿਓ ਇਹ ਕਰਮਾਂ ਵਾਲੀਆਂ
ਘਰ ਭਾਗ ਲਗਾਉਣਗੀਆਂ
ਜਦੋਂ ਸਹੁਰੇ ਘਰ ਤੁਰ ਗਈਆਂ
ਕੂੰਜਾਂ ਵਾਂਗਰ ਫੇਰੀ ਪਾਉਣਗੀਆਂ
ਇਹ ਹੁਣ ਹੱਥ ਤੁਹਾਡੇ ਲੋਕੋ
ਉਪਰ ਵਾਲਾ ਸਭ ਦੀ ਰਮਜ਼ ਪਛਾਣੇ।
ਧੀਆਂ ਹਰ ਖੇਤਰ ਵਿਚ ਵੇਖੋ
ਪੁੱਤਰਾਂ ਨਾਲੋਂ ਅੱਗੇ ਨੇ
ਕਰਮ ਕਮਾਈਆਂ, ਬਣਨ ਸਹਾਰਾ
ਜਿਵੇਂ ਸ਼ੇਰ ਇਹ ਬੱਗੇ ਨੇ
ਇਹ ਹੁਣ ਹਰ ਕੁਰਸੀ 'ਤੇ ਬੈਠੀਆਂ
ਦੇਖੋ ਇਹ ਗੱਲ ਸਾਰਾ ਜੱਗ ਜਾਣੇ।

ਸੰਧੂ ਜਸਬੀਰ ਛੱਡ ਝੁਰਨਾ ਤੂੰ
ਜੋ ਜੈਸਾ ਕਰੂ ਵੈਸਾ ਫਲ ਪਾਊ
ਪਤਾ ਲੱਗੂ ਜਦ ਲੇਖਾ ਮੰਗਣ ਵਾਲਾ
ਆਪਣੇ ਕੋਲ ਬੁਲਾਊ
ਨਾ ਬਣੋ ਇਥੇ ਪਾਪਾਂ ਦੇ ਭਾਗੀ
ਬਣ ਜੋ ਬੀਬੇ ਰਾਣੇ।
ਧੀਆਂ ਪੁੱਤਰ ਵਿਚ ਫਰਕ ਨਾ ਕੋਈ
ਕਹਿੰਦੇ ਲੋਕ ਸਿਆਣੇ।

*-ਸੰਧੂ ਜਸਬੀਰ ਸਿੰਘ*
*ਫੋਨ: 559-251-2093*

# ਵਾਅਦੇ ਨਿਭਦੇ ਨੇ ਯਾਰੋ ਕੁਰਬਾਨ ਹੋ ਕੇ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮਾਂ ਦੀ ਮਮਤਾ ਦੁਹਾਈ ਪਾਉਂਦੀ ਹੋਈ ਕਹਿੰਦੀ ਹੈ ਕਿ ਪੁੱਤ ਡਾਲਰਾਂ ਨੇ ਨਾਲ ਨਹੀਂ ਜਾਣਾ, ਆਪਣੇ ਬਣਵਾਸ ਦੀ ਉਮਰ ਲੰਬੀ ਨਾ ਕਰ, ਵਤਨਾਂ ਨੂੰ ਆ ਜਾ, ਮਮਤਾ ਦਾ ਨਿੱਘ ਸ਼ਮਸ਼ਾਨ ਦੀ ਅੱਗ ਵਿਚ ਮੱਚ ਕੇ ਸੁਆਹ ਨਾ ਹੋ ਜਾਵੇ। ਤੈਨੂੰ ਮਿਲ ਕੇ ਮੈਨੂੰ ਮੇਰੀ ਆਖਰੀ ਮੰਜ਼ਿਲ ਸੁਖਾਲੀ ਮਿਲ ਜਾਊਗੀ। ਬਾਪ ਆਪਣੀ ਸਰਦਾਰੀ ਵਾਲੀ ਮੁੱਛ ਨੂੰ ਕਿਸੇ ਕੀਮਤ 'ਤੇ ਥੱਲੇ ਨਹੀਂ ਕਰਨੀ ਚਾਹੁੰਦਾ। ਕਹਿ ਦਿੰਦਾ ਹੈ ਕਿ ਇਸ ਤੋਂ ਅੱਗੇ ਰਹਿਮ ਦੀ ਅਪੀਲ ਕਰ ਦੇਵਾਂਗੇ। ਬਾਪ ਨੇ ਜਿਵੇਂ ਰੋਬਟ ਬੀ. ਜੌਬ ਨਾਲ ਇਕੱਠਿਆਂ ਲਾਅ ਪੜ੍ਹਿਆ ਹੋਵੇ।

ਬੱਚੇ ਜਵਾਨੀ ਦੀ ਦਹਿਲੀਜ਼ ਟੱਪ ਕੇ ਕਹਿੰਦੇ ਨੇ, "ਜਦੋਂ ਸਾਨੂੰ ਬਾਪ ਦੇ ਲਾਡ-ਪਿਆਰ ਦੀ ਲੋੜ ਸੀ, ਉਸ ਸਮੇਂ ਤਾਂ ਸਾਨੂੰ ਪੁਰਾਣੇ ਕੱਪੜਿਆਂ ਵਾਂਗ ਗਲੋਂ ਲਾਹ ਕੇ ਸੁੱਟ ਗਿਆ ਸੀ। ਮਸਾਂ ਅਸੀਂ ਤੁਹਾਡੀ ਗੈਰ-ਹਾਜ਼ਰੀ ਵਿਚ ਡਰ ਵਿਚੋਂ ਨਿਕਲੇ ਹਾਂ, ਹੁਣ ਤੁਸੀਂ ਫਿਰ ਸਾਨੂੰ ਹੁਕਮਾਂ ਦੀ ਕੁੜਿੱਕੀ ਵਿਚ ਫਸਾਉਣ ਲੱਗੇ ਹੋ।" ਜਿਸ ਨਾਲ ਚਾਰ ਲਾਵਾਂ ਲਈਆਂ ਸਨ, ਉਹ ਤੇਰਾਂ ਸਾਲ ਤੋਂ ਵੱਖ ਬੈਠੀ ਕਹਿੰਦੀ ਹੈ ਕਿ ਤੁਸੀ ਤਾਂ ਪਹਿਲਾਂ ਕਦੇ ਮੇਰੀ ਗੱਲ ਨਹੀਂ ਸੀ ਮੰਨੀ, ਹੁਣ ਤਾਂ ਕੀ ਮੰਨਣੀ ਹੈ। ਜਦੋਂ ਕਾਲੀਆਂ ਜ਼ੁਲਫਾਂ ਨੇ ਬੱਗੀਆਂ ਪੁਸ਼ਾਕਾਂ ਪਾ ਲਈਆਂ, ਹੁਣ ਵੀ ਆਪਣੀ ਮਰਜ਼ੀ ਕਰੋ। ਨੇੜਲੇ ਸੱਜਣ-ਮਿੱਤਰ ਕਹਿੰਦੇ, "ਹੁਣ ਤਾਂ ਤੇਰੇ ਕੋਲੇ ਇੰਨੀ ਜ਼ਮੀਨ-ਜਾਇਦਾਦ, ਕੋਠੀ, ਗੱਡੀਆਂ, ਪਲਾਟ, ਨਕਦ, ਬਥੇਰਾ ਕੁਝ ਹੈ; ਜਾ ਕੇ ਪਿੰਡ ਜੁਆਕ ਸਾਂਭ।" ਮੇਰੇ ਨਾਲੋਂ ਮੇਰੇ ਘਰ ਦਾ ਉਨ੍ਹਾਂ ਨੂੰ ਸ਼ਾਇਦ ਜ਼ਿਆਦਾ ਪਤਾ ਹੈ। ਉਹ ਮੇਰੇ ਜੁਆਕਾਂ ਦੀ ਗੱਲ ਕਰਦੇ ਨੇ, ਉਨ੍ਹਾਂ ਨੂੰ ਆਪਣਿਆਂ ਦਾ ਪਤਾ ਨਹੀਂ ਕਿ ਉਨ੍ਹਾਂ ਦੇ ਮੁੰਡੇ-ਕੁੜੀਆਂ ਕੀ ਕਰਦੇ ਨੇ? ਸ਼ਾਇਦ ਸਿਆਣਿਆਂ ਨੇ ਠੀਕ ਕਿਹਾ ਹੈ ਕਿ ਜੇ ਆਪਣੇ ਘਰ ਦਾ ਹਾਲ-ਚਾਲ ਜਾਣਨਾ ਹੋਵੇ ਤਾਂ ਆਪਣੇ ਗੁਆਂਢੀ ਨਾਲ ਲੜ ਪਓ, ਸਭ ਸੁਣਾ ਦਿਊ।

ਮੈਂ ਆਪਣੇ ਦਿਲ ਵਿਚ ਸੋਚਦਾ ਹਾਂ ਕਿ ਮੇਰੇ ਨਾਲ ਦੇ ਮਿੱਤਰ ਬਾਹਰਲੇ ਦੇਸ਼ਾਂ ਵਿਚ ਸੈਟ ਹੋ ਗਏ ਹਨ। ਜਿਹੜੇ ਇਕ-ਦੋ ਰਹਿੰਦੇ ਹਨ, ਉਹ ਆਪਣੇ ਪਰਿਵਾਰਾਂ ਵਿਚ ਖੰਡ-ਖੀਰ ਹੋਏ ਪਏ ਨੇ। ਜਿਹੜੇ ਬਜ਼ੁਰਗਾਂ ਤੋਂ ਪੁਰਾਣੀਆਂ ਗੱਲਾਂ-ਬਾਤਾਂ ਦਾ ਧਨ ਇਕੱਠਾ ਕੀਤਾ ਸੀ, ਉਹ ਤਾਂ ਸ਼ੁਕਰੀਆ ਦਾ ਵਿਆਜ ਬਿਨਾ ਲਿਆਂ ਹੀ ਜਹਾਨੋਂ ਤੁਰ ਗਏ ਹਨ। ਉਨ੍ਹਾਂ ਬਿਨਾ ਤਾਂ ਸੱਥ ਸੁੰਨੀ ਸਰਾਂ ਜਾਪੂਗੀ। ਜਿਹੜੇ ਮੇਰੇ ਆਉਣ ਤੋਂ ਬਾਅਦ ਜੰਮੇ ਹਨ, ਮੇਰੇ ਪਿੰਡ ਦੀਆਂ ਗਲੀਆਂ ਦੇ ਹਾਣੀ ਬਣ ਗਏ ਹਨ, ਉਨ੍ਹਾਂ ਲਈ ਤਾਂ ਮੈਂ ਅਜਨਬੀ ਤੋਂ ਸਵਾਏ ਕੁਝ ਹੋਰ ਨਹੀਂ ਹੋ ਸਕਦਾ। ਘਰ ਅਤੇ ਖੇਤਾਂ ਦੀਆਂ ਯਾਦਾਂ ਤਾਂ ਕਦੋਂ ਦੀਆਂ ਮਿੱਟ ਗਈਆਂ ਨੇ। ਡਾਲਰਾਂ ਨੇ ਉਨ੍ਹਾਂ ਨੂੰ ਗਰੀਬੀ ਦੇ ਨਾਲ ਹੀ ਦਫ਼ਨ ਕਰ ਦਿੱਤਾ। ਕਿਸ ਕੋਲ ਜਾ ਕੇ ਬੈਠਾਂਗਾ? ਲੋਕ ਵੱਖਰਾ ਤਾਅਨਾ ਮਾਰਨਗੇ। ਇੱਥੇ ਬਣੀ ਹੋਈ ਪਿਆਰ ਦੀ ਡੋਰ ਟੁੱਟ ਜਾਵੇਗੀ। ਆਪਣੇ ਪਾਠਕਾਂ ਦੇ ਪਿਆਰ ਤੋਂ ਭੁੱਖਾ ਮੈਂ ਕਿਵੇਂ ਜੀਅ ਸਕਾਂਗਾ? ਪਿੰਡ ਵਾਲੀ ਜਾਣ-ਪਛਾਣ ਬਣਾਉਂਦਿਆਂ ਮੈਂ ਇੱਥੇ ਵਾਲੀ ਜਾਣ-ਪਛਾਣ ਨੂੰ ਕਿਵੇਂ ਮਾਰ ਸਕਦਾ ਹਾਂ? ਇਹ ਸਭ ਸੋਚਦਾ ਮੈਂ ਡਰ ਜਾਂਦਾ ਹਾਂ।

ਮੈਨੂੰ ਮਾਤਾਵਾਂ ਦੇ ਆਉਂਦੇ ਫੋਨ ਅਸੀਸਾਂ ਦੀ ਝੜੀ ਲਾ ਦਿੰਦੇ ਹਨ। ਆਪਣੀ ਮਾਂ ਨੂੰ ਮਿਲਣ ਲਈ ਇਨ੍ਹਾਂ ਮਾਤਾਵਾਂ ਨੂੰ ਕਿਵੇਂ ਛੱਡ ਜਾਵਾਂ? ਹੋਣਾ ਤਾਂ ਉਹੀ ਹੈ ਜੋ ਪਰਮਾਤਮਾ ਨੂੰ ਭਾਉਂਦਾ ਹੈ। ਸਵੇਰ ਕਿਸ ਨੇ ਦੇਖੀ ਹੈ ਪਰ ਸ਼ਰੀਕਾਂ ਦੇ ਬੋਲੇ ਬੋਲ ਕਈ ਵਾਰ ਜ਼ਖ਼ਮ ਹੋਰ ਡੂੰਘਾ ਕਰਨੋਂ ਨਹੀਂ ਹਟਦੇ। ਲਿਖਣ ਵਾਲਾ ਲਿਖਦਾ ਹੈ ਕਿ 'ਇੱਥੇ ਸਭ ਦਾ ਸਰ ਜਾਂਦਾ, ਕੰਮ ਕਿਸੇ ਦਾ ਰੁਕਦਾ ਨਾ', ਪਰ ਬੰਦਾ ਫਿਰ ਆਪ ਭਗਵਾਨ ਬਣਨੋਂ ਕਿਉਂ ਨਹੀਂ ਹਟਦਾ?

ਪਹਿਲੀ ਕਤਾਰ ਵਾਲੇ ਇਕ ਸੱਜਣ ਨੇ ਬੜਾ ਭਰੋਸਾ ਦਿੱਤਾ ਕਿ ਤੂੰ ਦਿਲ ਨਾ ਛੱਡੀਂ, ਮੇਰੀ ਚੰਦ ਕੌਰ ਨੂੰ ਸਿਟੀਜ਼ਨ ਹੋ ਜਾਣ ਦੇ। ਤੂੰ ਇਸ ਨਾਲ ਵਿਆਹ ਕਰਵਾ ਕੇ ਪੱਕਾ ਹੋ ਜਾਵੀਂ। ਮੈਂ ਤੇਰੀ ਨਿਹਾਲ ਕੌਰ ਨਾਲ ਵਿਆਹ ਕਰਵਾ ਕੇ ਉਸ ਨੂੰ ਇੱਥੇ ਲੈ ਆਵਾਂਗਾ। ਸੱਜਣ ਦਾ ਦਿਲਾਸਾ ਤਾਂ ਬੜਾ ਵੱਡਾ ਸੀ ਪਰ ਚੰਦ ਕੌਰ ਸਿਟੀਜ਼ਨ ਹੋ ਗਈ ਤਾਂ ਸੱਜਣ ਬੋਲਣੋਂ ਹੀ ਹਟ ਗਿਆ। ਮੈਂ ਇਕ ਵਾਰ ਉਸ ਨੂੰ ਉਸ ਦਾ ਵਾਅਦਾ ਯਾਦ ਵੀ ਕਰਵਾਇਆ। ਅੱਗਿਓਂ ਕਹਿੰਦਾ, "ਹੁਣ ਬਈ ਸਖਤਾਈ ਬਹੁਤ ਹੋ ਗਈ।" ਪਿੱਛੋਂ ਪਤਾ ਲੱਗਾ ਕਿ ਆਪਣੀ ਭਤੀਜ ਨੂੰਹ ਨਾਲ ਵਿਆਹ ਕਰਵਾ ਆਇਆ, ਫਿਰ ਪਤਾ ਨਹੀਂ ਸਖਤਾਈ ਘੱਟ ਗਈ ਸੀ!

ਸੰਨ ਦੋ ਹਜ਼ਾਰ ਵਿਚ ਸਾਡੇ ਵਕੀਲ ਦੇ ਦਫ਼ਤਰ ਦੀ ਗੱਲ ਹੈ। ਮੈਂ ਤੇ ਲਾਡੀ ਦੋਵੇਂ ਬੈਠੇ, ਇਕੋ ਬਿਮਾਰੀ ਦੇ ਇਲਾਜ ਲਈ ਆਏ ਸੀ। ਵਕੀਲ ਸਾਹਿਬ ਤੋਂ ਵਿਹਲੇ ਹੋ ਕੇ ਥੱਲੇ ਬੈਂਚ 'ਤੇ ਆ ਬੈਠੇ। ਪਹਿਲੀਆਂ ਹੀ ਗੱਲਾਂ ਦੇ ਤਬਾਦਲੇ ਨਾਲ ਸਾਡੀ ਸੋਚ ਮਿਲ ਗਈ। ਫਿਰ ਕੀ, ਜੋ ਕੁਝ ਸਲਾਹ-ਮਸ਼ਵਰਾ ਕਰਨਾ, ਜਾਣਾ-ਆਉਣਾ, ਇਕੱਠਿਆਂ ਨੇ। ਅੱਜ ਵੀ ਅਸੀਂ ਉਤਨਾ ਹੀ ਨੇੜੇ ਹਾਂ ਜਿੰਨਾ ਪਹਿਲੇ ਦਿਨ ਬੈਂਚ 'ਤੇ ਬੈਠੇ ਨੇੜੇ ਸੀ। ਦੋਵੇਂ ਹੀ ਪੇਪਰਾਂ ਲਈ ਜੱਦੋ-ਜਹਿਦ ਕਰਨ ਲੱਗੇ ਪਰ ਗੱਲ ਨਾ ਬਣੀ। ਸਾਡੇ ਨਾਲ ਦੇ ਤਾਂ ਬਹੁਤ ਅੱਗੇ ਲੰਘ ਗਏ ਪਰ ਅਸੀਂ ਵਰਕ ਪਰਮਿਟ ਜੇਬ ਵਿਚ ਪਾ ਕੇ ਹੀ ਸਬਰ ਕਰ ਲਿਆ। ਦੁੱਖ-ਸੁੱਖ ਫੋਲਦੇ, ਇਕ-ਦੂਜੇ ਨੂੰ ਦਿਲਾਸਾ ਦਿੰਦੇ-ਜੇ ਤੇਰੇ ਪੇਪਰ ਬਣ ਗਏ ਤਾਂ ਤੂੰ ਮੇਰੇ ਬੱਚਿਆਂ ਦਾ ਭਵਿੱਖ ਵਿਚ ਖਿਆਲ ਰੱਖੇਂਗਾ, ਯਾਨਿ ਦੋਸਤੀ ਨੂੰ ਰਿਸ਼ਤੇਦਾਰੀ ਵਿਚ ਬਦਲ ਦਿੱਤਾ ਜਾਊ।

ਲਾਡੀ ਤਾਂ ਸੈਨ ਫਰਾਂਸਿਸਕੋ ਦਾ ਪੁਲ ਟੱਪਦਾ ਥੱਕ ਗਿਆ, ਅਖੀਰ ਘਰ ਵਾਲੀ ਨੂੰ ਤਲਾਕ ਦੇ ਕੇ ਇਥੋਂ ਦੀ ਗੋਰੀ ਨਾਲ ਵਿਆਹ ਕਰਵਾ ਲਿਆ। ਤਿੰਨ ਸਾਲ ਗੋਰੀ ਨੂੰ ਖੂਨ-ਪਸੀਨੇ ਦੀ ਕਮਾਈ ਖਵਾਉਂਦਾ ਰਿਹਾ ਪਰ ਗੋਰੀ ਜ਼ਾਲਮ ਨੇਤਾ ਵਾਂਗੂੰ ਲਾਰੇ ਹੀ ਲਾਈ ਜਾਂਦੀ। ਅਸੀਂ ਰੱਬ ਨੂੰ ਤਾਂ ਦੋਵੇਂ ਬੜਾ ਯਾਦ ਕਰਦੇ ਸੀ ਪਰ ਰੱਬ ਗੱਫੇ ਹੋਰ ਪਾਸੇ ਵੰਡ ਜਾਂਦਾ। ਸਮਾਂ ਬੀਤਿਆ, ਲਾਡੀ ਨੂੰ ਗੱਫਾ ਮਿਲ ਗਿਆ। ਉਸ ਦਾ ਅਸਾਈਲਮ ਕੇਸ ਪਾਸ ਹੋ ਗਿਆ ਜਿਹੜਾ ਵਕੀਲ ਨੇ ਅਜੇ ਬੰਦ ਨਹੀਂ ਸੀ ਕਰਵਾਇਆ। ਵਿਆਹ ਤਾਂ ਹੋ ਗਿਆ ਸੀ ਪਰ ਮੁਕਲਾਵਾ ਪਤਾ ਨਹੀਂ ਕਦੋਂ ਆਉਣਾ ਸੀ! ਲਾਡੀ ਦੀਆਂ ਦੋ ਧੀਆਂ ਤੇ ਇਕ ਪੁੱਤ ਤਾਂ ਆ ਗਿਆ ਪਰ ਲਾਡੀ ਦੀ ਬੰਤੀ ਨਾ ਆ ਸਕੀ ਕਿਉਂਕਿ ਕਾਨੂੰਨਨ ਉਹ ਲਾਡੀ ਦੀ ਘਰਵਾਲੀ ਨਹੀਂ ਸੀ। ਬੰਤੀ ਨੇ ਬੱਚੇ ਲਾਡੀ ਕੋਲ ਭੇਜ ਕੇ ਖਾਲੀ ਢਿੱਡ 'ਤੇ ਹੱਥ ਰੱਖ ਸਬਰ ਦਾ ਘੁੱਟ ਪੀ ਲਿਆ। ਉਡਾਰ ਹੋ ਰਹੇ ਪੰਛੀਆਂ ਨੂੰ ਚੋਗਾ ਖਵਾਉਣਾ, ਉਨ੍ਹਾਂ ਨੂੰ ਉਡਣ ਦਾ ਗੁਰ ਦੇਣਾ ਲਾਡੀ ਦੀ ਜ਼ਿੰਮੇਵਾਰੀ ਬਣ ਗਈ। ਕੰਮ ਦੇ ਨਾਲ-ਨਾਲ ਬੱਚਿਆਂ ਦਾ ਖਿਆਲ, ਮੁਟਿਆਰ ਹੋ ਰਹੀਆਂ ਧੀਆਂ ਦਾ ਫਿਕਰ, ਖੂਹ 'ਚੋਂ ਨਿਕਲੇ ਖੱਡ ਵਿਚ ਡਿੱਗੇ ਵਾਂਗ ਹੋ ਗਿਆ।

ਮੈਂ ਰੱਬ ਦੇ ਭਰੋਸੇ 'ਤੇ ਹੀ ਵਕੀਲ ਦੀ ਉਂਗਲ ਫੜੀ ਤੁਰਦਾ ਗਿਆ। ਪਤਾ ਨਹੀਂ ਲੱਗਾ ਕਦੋਂ ਤੇਰਾਂ ਦੀਵਾਲੀਆਂ ਹਨੇਰੇ ਵਿਚ ਹੀ ਲੰਘਾ ਦਿੱਤੀਆਂ। ਨਵੇਂ ਸਾਲ ਦੀਆਂ ਵਧਾਈਆਂ ਅਸੀਂ ਇਕ-ਦੂਜੇ ਨੂੰ ਦੇਈ ਜਾਂਦੇ, ਦੋਸਤੀ ਵਿਚ ਕੋਈ ਫਰਕ ਨਹੀਂ ਪਿਆ। ਲਾਡੀ ਦਾ ਗਰੀਨ ਕਾਰਡ ਆ ਗਿਆ, ਉਸ ਨੇ ਸਟੋਰ ਵੀ ਲੈ ਲਿਆ। ਇੰਡੀਆ ਜਾ ਆਇਆ ਤੇ ਬੰਤੀ ਨਾਲ ਫਿਰ ਕਾਗ਼ਜ਼ੀ ਲਾਵਾਂ ਲੈ ਲਈਆਂ।

ਹੁਣ ਸਮਾਂ ਆ ਗਿਆ ਸਾਡੇ ਵਾਅਦਿਆਂ ਦੀ ਲਿਖੀ ਚਿੱਠੀ ਨੂੰ ਪੜ੍ਹਨ ਦਾ। ਲਾਡੀ ਦੀ ਵੱਡੀ ਧੀ ਵੀਹ ਸਾਲ ਦੀ ਹੋ ਗਈ, ਮੇਰਾ ਲੜਕਾ ਇੱਕੀ ਦਾ ਹੋ ਗਿਆ ਹੈ। ਅਸੀਂ ਇਕੱਠੇ ਬੈਠ ਗਏ ਅਤੇ ਕੀਤਾ ਹੋਇਆ ਵਾਅਦਾ ਖੋਲ੍ਹਿਆ। ਮੈਂ ਆਪਣੇ ਪਰਿਵਾਰ ਵੱਲੋਂ ਹਾਂ ਕਰ ਦਿੱਤੀ। ਲਾਡੀ ਕਹਿੰਦਾ, "ਮੈਂ ਵੀ ਤਿਆਰ ਹਾਂ, ਅਗਲੇ ਸਾਲ ਵਿਆਹ ਕਰ ਆਵਾਂਗੇ।" ਮੈਂ ਲਾਡੀ ਨੂੰ ਕਿਹਾ ਕਿ ਤੂੰ ਇਸ ਰਿਸ਼ਤੇ ਬਾਰੇ ਅਮਨ ਨਾਲ ਗੱਲ ਕੀਤੀ ਹੈ। ਉਹ ਕਹਿੰਦਾ, "ਅਮਨ ਪਿਤਾ ਦੇ ਫੈਸਲੇ ਦੇ ਉਲਟ ਨਹੀਂ ਜਾਵੇਗੀ।" ਪਰ ਮੈਂ ਅਮਨ ਦੇ ਦਿਲ ਦੀ ਜਾਣਨ ਲਈ ਪੁੱਛਿਆ, "ਅਮਨ, ਤੈਨੂੰ ਬਿੱਕੀ ਕਿਸ ਤਰ੍ਹਾਂ ਦਾ ਲੱਗਿਆ? ਉਨ੍ਹਾਂ ਦਾ ਘਰ, ਆਂਟੀ-ਅੰਕਲ, ਸੱਚੋ-ਸੱਚ ਦਿਲ ਦੀ ਗੱਲ ਕਹਿ ਦੇ।" ਅਮਨ ਸਭ ਕੁਝ ਨੈਟ ਦੇ ਜ਼ਰੀਏ ਦੇਖ ਚੁੱਕੀ ਸੀ।

ਅੰਕਲ ਸੱਚ ਦੱਸਾਂ, "ਮੈਨੂੰ ਸਭ ਕੁਝ ਪਸੰਦ ਹੈ ਪਰ ਮੈਂ ਅਜੇ ਪੰਜ ਸਾਲ ਵਿਆਹ ਨਹੀਂ ਕਰਵਾਉਣਾ ਚਾਹੁੰਦੀ। ਮੈਂ ਪੜ੍ਹ-ਲਿਖ ਕੇ ਕੁਝ ਬਣਨਾ ਚਾਹੁੰਦੀ ਹਾਂ, ਆਪਣੇ ਪੈਰਾਂ 'ਤੇ ਆਪ ਖੜ੍ਹਾ ਹੋਣਾ ਚਾਹੁੰਦੀ ਹਾਂ। ਵਿਆਹ ਲਈ ਮੈਂ ਤਿਆਰ ਹਾਂ। ਜੇ ਤੁਸੀਂ ਪੰਜ ਸਾਲ ਰੁਕ ਜਾਵੋ ਤਾਂ ਠੀਕ ਹੈ।" ਅਮਨ ਨੇ ਆਪਣੇ ਦਿਲ ਦੀ ਰਾਇ ਬਿਆਨ ਕਰ ਦਿੱਤੀ।

"ਮੈਂ ਤਾਂ ਤੁਹਾਡਾ ਵਿਆਹ ਕਰ ਕੇ ਆਪਣੇ ਫਰਜ਼ਾਂ ਤੋਂ ਮੁਕਤੀ ਚਾਹੁੰਦਾ ਹਾਂ।" ਲਾਡੀ ਨੇ ਤਲਖੀ ਨਾਲ ਕਿਹਾ।

"ਲਾਡੀ ਵੀਰ, ਅਮਨ ਠੀਕ ਕਹਿੰਦੀ ਹੈ। ਉਸ ਦੇ ਅਰਮਾਨਾਂ ਨੂੰ ਅਸੀਂ ਪੈਰਾਂ ਵਿਚ ਨਹੀਂ ਮਧੋਲ ਸਕਦੇ। ਸਾਨੂੰ ਤਾਂ ਸਾਡੀ ਧੀ 'ਤੇ ਮਾਣ ਕਰਨਾ ਚਾਹੀਦਾ ਹੈ ਕਿ ਉਹ ਕੁਝ ਬਣ ਕੇ ਵਿਆਹ ਕਰਵਾਉਣਾ ਚਾਹੁੰਦੀ ਹੈ।"

"ਅੰਕਲ ਜੀ, ਮੈਂ ਉਂਜ ਉਸ ਨਾਲ ਨਕਲੀ ਵਿਆਹ ਕਰਵਾ ਕੇ ਲਿਆ ਸਕਦੀ ਹਾਂ।" ਅਮਨ ਨੇ ਕਿਹਾ।

"ਬੇਟਾ ਜੀ, ਉਂਜ ਤਾਂ ਮੈਂ ਵੀ ਕਿਸੇ ਨਾਲ ਵਿਆਹ ਕਰਵਾ ਕੇ ਪੱਕਾ ਹੋ ਸਕਦਾ ਸੀ। ਚੋਰ ਸਿਰ ਨਿਵਾਉਣ ਨਾਲ ਸਾਧ ਨਹੀਂ ਬਣ ਜਾਂਦਾ। ਤੇਰੇ ਪਿਤਾ ਨੇ ਵੀ ਵਿਆਹ ਕਰਵਾਇਆ ਸੀ, ਦੇਖ ਲੈ ਕਿਹੜੇ ਹਾਲਾਤ ਵਿਚੋਂ ਲੰਘਿਆ। ਮੈਂ ਵਾਪਸ ਜਾਣ ਨੂੰ ਪਹਿਲ ਦੇਵਾਂਗਾ। ਆਪਣੇ ਲੜਕੇ ਦੀਆਂ ਝੂਠੀਆਂ ਲਾਵਾਂ ਗੁਰੂ ਗ੍ਰੰਥ ਸਾਹਿਬ ਅੱਗੇ ਨਹੀਂ ਕਰਵਾ ਸਕਦਾ। ਜਿਸ ਪਰਮਾਤਮਾ ਨੇ ਸਾਹ ਸਲਾਮਤ ਰੱਖੇ ਹਨ, ਉਹ ਸਭ ਆਪਣੇ ਕਾਰਜ ਸੰਵਾਰ ਦਿੰਦਾ ਹੈ।" ਮੈਂ ਅਮਨ ਨੂੰ ਬੜੇ ਪਿਆਰ ਨਾਲ ਕਿਹਾ।

ਇਸੇ ਤਰ੍ਹਾਂ ਹੀ ਇਕ ਸੱਜਣ ਹੋਰ ਰਿਸ਼ਤਾ ਕਰਵਾਉਂਦਾ ਸੀ। ਮੈਂ ਕਿਹਾ, "ਵੀਰ ਜੀ, ਪਰਿਵਾਰ ਮੀਟ-ਸ਼ਰਾਬ ਦਾ ਚੰਗਾ ਸ਼ੌਕੀਨ ਲੱਗਦਾ ਹੈ। ਇਨ੍ਹਾਂ ਦੀ ਬੇਟੀ ਵੀ ਆਪਣੇ ਪਰਿਵਾਰ ਦੀ ਮਰਿਆਦਾ ਵਿਚ ਨਹੀਂ ਰਹਿ ਸਕੇਗੀ। ਉਂਜ, ਆਪਣੇ ਲੜਕੇ ਤੋਂ ਵੀ ਪੰਜ-ਚਾਰ ਸਾਲ ਵੱਡੀ ਲੱਗਦੀ ਹੈ। ਆਪਾਂ ਇੱਥੇ ਰਿਸ਼ਤਾ ਨਹੀਂ ਕਰਨਾ।" ਸੱਜਣ ਅੱਗਿਓਂ ਕਹਿੰਦਾ, "ਲੜਕਾ ਇੱਥੇ ਆ ਲੈਣ ਦੇ, ਫਿਰ ਆਪਾਂ ਛੱਡ-ਛਡਾਈ ਕਰ ਲਵਾਂਗੇ। ਰੀਨੋ (ਨਵਾਡਾ) ਵਿਚ ਝੱਟ ਤਲਾਕ ਹੋ ਜਾਂਦਾ ਹੈ।" ਮੈਂ ਸੱਜਣ ਦੀ ਗੱਲ ਸੁਣ ਕੇ ਸੁੰਨ ਹੀ ਹੋ ਗਿਆ। ਦਿਲ ਵਿਚ ਕਿਹਾ ਕਿ ਆਪਣੀ ਅਗਲੀ ਮੁਲਾਕਾਤ ਤੋਂ ਪਹਿਲਾਂ ਜਾਂ ਤਾਂ ਰੱਬ ਤੈਨੂੰ ਚੁੱਕ ਲਵੇ ਜਾਂ ਫਿਰ ਮੈਨੂੰ ਅਜਿਹੀ ਸੋਚ ਦੇ ਮਾਲਕਾਂ ਤੋਂ ਰੱਬ ਹੀ ਬਚਾਵੇ। ਉਂਜ ਇਸ ਕੰਮ ਲਈ ਪੰਜਾਬੀ ਝੱਟ ਹੱਥਾਂ 'ਤੇ ਸਰ੍ਹੋਂ ਜਮਾ ਦਿੰਦੇ ਨੇ।

# ਲੋਕ ਪੱਖੀ ਕਰਮੀਆਂ ਦਾ 'ਸਰਬਤ ਖਾਲਸਾ'

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

27 ਸਤੰਬਰ ਦੀ ਸ਼ਾਮ ਸੀ। ਗੁਰਸ਼ਰਨ ਸਿੰਘ ਨਾਟਕਕਾਰ ਦੇ ਤੁਰ ਜਾਣ ਦਾ ਦਿਨ। ਅਗਲੇ ਦਿਨ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਪੈਂਦਾ ਸੀ। ਪੰਜਾਬ ਦੀਆਂ ਮਜ਼ਦੂਰ, ਕਿਸਾਨ, ਮੁਲਾਜ਼ਮ ਤੇ ਵਿਦਿਆਰਥੀ ਜਥੇਬੰਦੀਆਂ ਦੇ ਆਗੂ ਲੋਕ ਪੱਖੀ ਗੀਤ, ਨਾਟਕ ਤੇ ਨਾਅਰੇ ਲੈ ਕੇ ਬਾਲ ਭਵਨ ਚੰਡੀਗੜ੍ਹ ਦੇ ਵਿਹੜੇ ਵਿਚ ਕੋਨੇ ਕੋਨੇ ਤੋਂ ਪਹੁੰਚੇ ਹੋਏ ਸਨ। ਭਵਨ ਦੇ ਬਾਹਰ ਵਾਲੀ ਸੜਕ ਦਰਜਨਾਂ ਬੱਸਾਂ, ਟਰੱਕਾਂ ਟਰਾਲਿਆਂ, ਕਾਰਾਂ, ਗਡੀਆਂ ਤੇ ਹੋਰ ਵਾਹਨਾਂ ਨਾਲ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਭਰੀ ਹੋਈ ਸੀ। ਕਿਹੜੀ ਗੱਡੀ ਕਿਸ ਜਥੇਬੰਦੀ ਦੀ ਸੀ, ਉਸ ਦੇ ਨਾਂ ਦਾ ਬੈਨਰ ਤੇ ਝੰਡੇ ਦੱਸ ਦਿੰਦੇ ਸਨ। ਢਾਈ ਤਿੰਨ ਦਰਜਨ ਜਥੇਬੰਦੀਆਂ ਦੇ ਰੰਗਕਰਮੀ ਤੇ ਸੰਗ੍ਰਾਮੀ ਹੁਮਹੁਮਾ ਕੇ ਆਏ ਸਨ। ਇਸ ਸਾਂਝੇ ਉਤਸਵ ਨੂੰ ਸ਼ਹੀਦ ਦੇ ਜਨਮ ਦਿਨ ਨਾਲ ਜੋੜ ਕੇ ਇਨਕਲਾਬੀ ਰੰਗਮੰਚ ਦਿਹਾੜੇ ਦਾ ਨਾਂ ਦਿੱਤਾ ਗਿਆ ਸੀ। ਬਾਲ ਭਵਨ ਦੀਆਂ ਕੰਧਾਂ, ਰੁੱਖਾਂ ਤੇ ਸੜਕਾਂ ਦੇ ਖੰਭਿਆਂ ਉਤੇ ਗੁਰਸ਼ਰਨ ਸਿੰਘ ਦੀਆਂ ਤਸਵੀਰਾਂ ਦੇ ਨਾਲ ਭਗਤ ਸਿੰਘ ਦੀ ਪਗੜੀ ਵਾਲੀ ਤਸਵੀਰ ਛਾਈ ਹੋਈ ਸੀ।

ਸਟੇਜ ਨੂੰ ਜਾਣ ਵਾਲੀ ਸੜਕ ਦੇ ਦੋਨੋਂ ਪਾਸੇ ਤਿੰਨ ਦਰਜਨ ਪੁਸਤਕ ਵੇਚਣ ਵਾਲਿਆਂ ਦੇ ਸਟਾਲ ਸਨ ਜਿਨ੍ਹਾਂ ਉਤੇ ਖਰੀਦਣ ਵਾਲਿਆਂ ਦੀ ਭੀੜ ਵੱਡੇ ਜੋੜ ਮੇਲਿਆਂ ਵਾਲੀ ਸੀ। ਨਾਟਕ ਮੇਲਾ ਵੇਖਣ ਵਾਲਿਆਂ ਵਿਚ ਬੁੱਢੇ, ਬੱਚੇ, ਗਭਰੂ ਤੇ ਮੁਟਿਆਰਾਂ ਸਾਰੇ ਹੀ ਸਨ। ਮੋਟੀਆਂ ਐਨਕਾਂ, ਸਿਰਾਂ ਉਤੇ ਪੱਗਾਂ, ਤੇ ਪੱਗਾਂ ਨੂੰ ਖਿਸਕਣ ਤੋਂ ਰੋਕਣ ਲਈ ਬੰਨ੍ਹੇ ਹੋਏ ਪਟਕੇ ਵੱਡੀ ਖਲਕਤ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ। ਕੋਈ ਲੰਗੜਾ ਕੇ ਤੁਰ ਰਿਹਾ ਸੀ ਤੇ ਕਿਸੇ ਨੇ ਪਲਸਤਰ ਵਾਲੀ ਬਾਂਹ ਨੂੰ ਪੱਟੀ ਪਾ ਰੱਖੀ ਸੀ। ਛੋਟੀਆਂ ਤੇ ਵੱਡੀਆਂ ਦਾੜ੍ਹੀਆਂ ਅਤੇ ਗਲਾਂ ਵਿਚ ਗਾਤਰੇ ਵਾਲੀਆਂ ਕਿਰਪਾਨਾਂ ਵਾਲੇ ਵੀ ਸਨ। ਸਰਬ ਸਭਿਆਚਾਰ ਤੇ ਸਰਬਤ ਖਾਲਸਾ ਤੇ ਪ੍ਰਤੀਕ।

ਮਾਰਗ ਦਰਸ਼ਨ ਕਰਨ ਵਾਲੇ ਯੁਵਕਾਂ ਨੇ ਲੜ ਛੱਡਵੀਆਂ ਭਗਤ ਸਿੰਘੀ ਪੱਗਾਂ ਬੰਨ੍ਹੀਆਂ ਹੋਈਆਂ ਸਨ। ਬਿਨਾ ਕੰਮ ਤੋਂ ਖੜ੍ਹੇ ਹੋਣ ਜਾਂ ਰਸਤੇ ਵਿਚ ਬੈਠਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਟੇਜ ਦੀ ਕਾਰਵਾਈ ਧੁਰ ਤੱਕ ਪਹੁੰਚਾਣ ਲਈ ਸੱਤ ਸਕਰੀਨਾਂ ਤੇ ਅਨੇਕਾਂ ਲਾਊਡ ਸਪੀਕਰ ਲੱਗੇ ਹੋਏ ਸਨ। ਜੋ ਦਿਖਾਇਆ ਜਾ ਰਿਹਾ ਸੀ ਦਿੱਸ ਰਿਹਾ ਸੀ ਤੇ ਜੋ ਬੋਲਿਆ ਜਾ ਰਿਹਾ ਸੀ ਸੁਣ ਰਿਹਾ ਸੀ। ਰਾਧਾ ਸੁਆਮੀਆਂ ਦੇ ਸਤਿਸੰਗ ਵਾਲੀ ਪਾਬੰਦੀ ਸੀ। ਮੌਸਮ ਨੇ ਵਾਹਵਾ ਸਾਥ ਦਿੱਤਾ ਸੀ। ਹਵਾ ਚਲ ਰਹੀ ਸੀ ਤੇ ਰੁੱਖਾਂ ਵਿਚੋਂ ਛਣ ਕੇ ਆਉਂਦੀਆਂ ਚੰਨ ਦੀਆਂ ਰਿਸ਼ਮਾਂ ਨੇ ਰੰਗ ਬੰਨ੍ਹਿਆ ਹੋਇਆ ਸੀ। ਦਰਸ਼ਕਾਂ ਦੀ ਗਿਣਤੀ ਪੰਦਰਾਂ ਹਜ਼ਾਰ ਤੋਂ ਘਟ ਨਹੀਂ ਸੀ। ਇਨ੍ਹਾਂ ਵਿਚ ਦਲਿਤ ਵੀ ਸਨ ਤੇ ਉਜਾੜੇ ਦੇ ਮੂੰਹ ਵਿਚ ਆਈ ਕਿਸਾਨੀ ਵੀ।

ਇਨਕਲਾਬੀ ਮੰਚ ਤੋਂ ਦਿੱਤੇ ਜਾਣ ਵਾਲੇ ਸੰਦੇਸ਼ ਵੀ ਉਤਸ਼ਾਹੀ ਤੇ ਭਾਵਪੂਰਤ ਸਨ। ਅਜੋਕੇ ਮਲਕ ਭਾਗੋਆਂ ਦੀ ਸਾਰ ਲੈਣ ਵਾਲੇ ਤੇ ਭੁਖ ਨੰਗ, ਮਹਿੰਗਾਈ, ਕਰਜ਼ੇ, ਬੇਰੋਜ਼ਗਾਰੀ ਨੂੰ ਠਲ੍ਹ ਪਾਉਣ ਦੇ ਸੰਦੇਸ਼ ਨਾਲ ਭਰੇ ਹੋਏ। ਬੋਲਣ ਵਾਲਿਆਂ ਵਿਚ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਤੋਂ ਬਿਨਾ ਮੀਤ ਪ੍ਰਧਾਨ ਡਾ. ਅਰੀਤ ਵੀ ਸੀ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਵੀ। ਸ਼ਾਮ ਦੇ ਚਾਰ ਵਜੇ ਤੋਂ ਅੱਧੀ ਰਾਤ ਤੱਕ ਚੱਲੇ ਪ੍ਰੋਗਰਾਮ ਵਿਚ ਮਾਸਟਰ ਤਰਲੋਚਨ ਸਿੰਘ ਦੀ ਤਿਆਰ ਕੀਤੀ ਦਸਤਾਵੇਜ਼ੀ ਫਿਲਮ 'ਸਦਾ ਸਫਰ 'ਤੇ ਗੁਰਸ਼ਰਨ ਸਿੰਘ', ਚੰਡੀਗੜ੍ਹ ਸਕੂਲ ਆਫ ਡਰਾਮਾ ਵਲੋਂ 'ਖੂਹ', ਅਦਾਕਾਰ ਮੰਚ ਮੁਹਾਲੀ ਵਲੋਂ 'ਟੁੰਡਾ ਹੌਲਦਾਰ', ਮੰਚ ਰੰਗਮੰਚ ਅੰਮ੍ਰਿਤਸਰ ਵਲੋਂ 'ਧਮਕ ਨਗਾਰੇ ਦੀ', ਸੁਚੇਤਕ ਮੰਚ ਮੁਹਾਲੀ ਵਲੋਂ 'ਮਸ਼ਾਲਾਂ ਬਾਲ ਕੇ ਚਲਣਾ' ਆਦਿ ਪ੍ਰੋਗਰਾਮ ਪੇਸ਼ ਕੀਤੇ ਗਏ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸਹਿਯੋਗ ਨਾਲ ਏਨੇ ਵੱਡੇ ਇੱਕਠ ਲਈ ਜਿਹੜਾ ਲੰਗਰ ਤਿਆਰ ਕੀਤਾ ਗਿਆ ਸੀ ਉਹ ਵੀ ਮਿਸਾਲੀ ਸੀ। ਲੰਗਰ ਲਈ 300 ਪਿੰਡਾਂ ਤੋਂ ਆਟਾ, ਦਾਲ, ਚੀਨੀ ਇਕੱਠੀ ਕਰਨ ਵਾਲੇ ਨੁਕੜ ਨਾਟ ਮੰਡਲੀਆਂ ਦੇ ਵਰਕਰ ਸਨ। ਖਾਣ ਲਈ ਉਬਾਲੇ ਗਏ ਚੌਲਾਂ ਦਾ ਢੇਰ ਦੇਖ ਕੇ ਕਣਕਾਂ ਦੇ ਬੋਹਲ ਚੇਤੇ ਆ ਰਹੇ ਸਨ। ਕੇਵਲ ਧਾਲੀਵਾਲ, ਅਨੀਤਾ ਸ਼ਬਦੀਸ਼, ਡਾ. ਸਾਹਬ ਸਿੰਘ, ਟੋਨੀ ਬਾਤਸ਼, ਬਲਰਾਜ ਸਾਗਰ ਤੇ ਹਰਵਿੰਦਰ ਦੀਵਾਨਾ ਦੀਆਂ ਨਾਟਕ ਮੰਡਲੀਆਂ ਨੇ ਮੋਹਾਲੀ, ਅੰਮ੍ਰਿਤਸਰ, ਬਠਿੰਡਾ, ਬਰਨਾਲਾ ਤੇ ਚੰਡੀਗੜ੍ਹ ਵਿਚ ਨਾਟਕ ਕਰਨ ਉਪਰੰਤ ਚੰਡੀਗੜ੍ਹ ਵਾਲੇ ਮਹਾ ਉਤਸਵ ਵਿਚ ਵੀ ਭਰਵਾਂ ਯੋਗਦਾਨ ਦਿੱਤਾ ਹੈ। ਇਸ ਤੋਂ ਪਹਿਲਾਂ ਹਫਤਾ ਭਰ ਉੱਤਰੀ ਖੰਡ ਸਭਿਆਚਾਰਕ ਕੇਂਦਰ ਤੇ ਪੰਜਾਬੀ ਅਕਾਡਮੀ ਦਿੱਲੀ ਦੀ ਸਹਾਇਤਾ ਨਾਲ ਪੰਜਾਬ ਦੀਆਂ ਤਿੰਨਾਂ ਯੂਨੀਵਰਸਿਟੀਆਂ ਵਿਚ ਨਾਟਕ, ਸੈਮੀਨਾਰ ਤੇ ਵਰਕਸ਼ਾਪਾਂ ਨੇ ਇਸ ਉਤਸਵ ਦਾ ਮੂੜ੍ਹਾ ਬੰਨ੍ਹਿਆ ਸੀ। ਏਸ ਸਭ ਕੁਝ ਨੇ ਸਿੱਧ ਕਰ ਦਿੱਤਾ ਹੈ ਕਿ ਹੁਣ ਨਾਟਕ ਨਿਰਾ ਮਨਪਰਚਾਵੇ ਦਾ ਸਾਧਨ ਹੀ ਨਹੀਂ ਰਿਹਾ ਸਗੋਂ ਚੰਗੇਰੇ ਤੇ ਖੁਸ਼ੀਆਂ ਭਰੇ ਜੀਵਨ ਲਈ ਯੋਗ ਜਾਗ੍ਰਤੀ ਦੇਣ ਦਾ ਸਾਧਨ ਵੀ ਬਣ ਚੁਕਿਆ ਹੈ। ਜੇ ਰੰਗ ਕਰਮੀਆਂ ਵਿਚ ਇਹ ਮਿਸਾਲੀ ਏਕਤਾ ਤੇ ਉਮਾਹ ਬਣਿਆ ਰਹੇ ਤਾਂ ਚੰਡੀਗੜ੍ਹ ਵਾਸੀ ਰਾਜਨੀਤਕ ਲਹਿਰ ਦਾ ਰੂਪ ਧਾਰ ਸਕਦੇ ਹਨ।




*ਪੇਸ਼ ਕੀਤੇ ਗਏ ਇਕ ਨਾਟਕ ਦਾ ਦ੍ਰਿਸ਼*

ਮੰਟੋ ਫਾਊਂਡੇਸ਼ਨ ਦੀਆਂ ਪੁਸਤਕਾਂ

ਸਆਦਤ ਹਸਨ ਮੰਟੋ ਜਨਮ ਸ਼ਤਾਬਦੀ ਦੇ ਪ੍ਰਸੰਗ ਵਿਚ ਸਥਾਪਤ ਹੋਈ ਚੰਡੀਗੜ੍ਹ ਦੀ ਮੰਟੋ ਫਾਊਂਡੇਸ਼ਨ ਨੇ ਆਪਣੀ ਉਮਰ ਦੇ ਕੁਝ ਮਹੀਨਿਆਂ ਵਿਚ ਹੀ ਅੱਧੀ ਦਰਜਨ ਨਾਟਕ ਤੇ ਗੋਸ਼ਟੀਆ ਕਰਵਾਉਣ ਤੋਂ ਬਿਨਾ ਪੰਜਾਬੀ ਲੇਖਕ ਮੰਚ ਸਮਰਾਲਾ, ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ, ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਅਤੇ ਇਸ ਖੇਤਰ ਦੇ ਸਿਰ ਕਢ ਪ੍ਰਕਾਸ਼ਕਾਂ ਤੇ ਸਮਾਚਾਰ ਸਮੂਹਾਂ ਦਾ ਸਹਿਯੋਗ ਲੈ ਲਿਆ ਹੈ। ਇਸ ਦੇ ਹੋਂਦ ਵਿਚ ਆਉਣ ਸਦਕਾ ਆਲਮੀ ਉਰਦੂ ਟਰੱਸਟ ਦਿੱਲੀ ਨੇ ਮੰਟੋ ਦੀਆਂ ਤਿੰਨੋ ਬੇਟੀਆਂ ਨਿਗਹਤ, ਨੁਜ਼ਹਤ ਤੇ ਨੁਸਰਤ ਨੂੰ ਭਾਰਤ ਦਾ ਵੀਜ਼ਾ ਦਿਲਵਾਇਆ। ਉਹ ਸਮਰਾਲਾ ਨੇੜੇ ਮੰਟੋ ਦੀ ਜਨਮ ਭੋਂਇ ਅਤੇ ਅੰਮ੍ਰਿਤਸਰ ਦੀਆਂ ਉਹ ਗਲੀਆਂ ਜਿਥੇ ਰਹਿ ਕੇ ਮੰਟੋ ਨੇ ਆਪਣਾ ਲਿਖਣ ਕਾਰਜ ਸ਼ੁਰੂ ਕੀਤਾ, ਵੇਖ ਕੇ ਅੰਤਾਂ ਦੀਆਂ ਖੁਸ਼ ਗਈਆਂ ਹਨ। ਹੁਣ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ ਉਸ ਦੇ ਲਿਖੇ ਵਿਅਕਤੀ ਚਿੱਤਰਾਂ ਦੀ ਪੁਸਤਕ 'ਗੰਜੇ ਫਰਿਸ਼ਤੇ' ਦਾ ਪੰਜਾਬੀ ਅਨੁਵਾਦ ਛਾਪ ਲਿਆ ਹੈ। ਇਸ ਨੂੰ ਪੜ੍ਹਿਆਂ ਇਸਮਤ ਚੁਗਤਾਈ, ਆਗਾ ਹਸ਼ਰ, ਕਾਇਦੇ ਆਜ਼ਮ, ਨਰਗਿਸ ਤੇ ਅਸ਼ੋਕ ਕੁਮਾਰ ਦੇ ਧੁਰ ਅੰਦਰ ਤੱਕ ਜਾਣਾ ਸੌਖਾ ਹੋ ਜਾਂਦਾ ਹੈ। ਹੁਣ ਉਨ੍ਹਾਂ ਨੇ ਮੰਟੋ ਦੀਆਂ ਕਹਾਣੀਆਂ ਦੀ ਚੋਣ ਕਰਨ ਲਈ ਮੰਟੋ ਦੇ ਮੱਦਾਹ ਐਡਵੋਕੇਟ ਰਾਜਿੰਦਰ ਸਿੰਘ ਚੀਮਾ ਦਾ ਸਹਿਯੋਗ ਲੈ ਲਿਆ ਹੈ। ਇਸ ਸਾਰੇ ਕੰਮ ਵਿਚ ਫਾਊਂਡੇਸ਼ਨ ਦੇ ਪ੍ਰਧਾਨ ਜਸਟਿਸ ਐਸ.ਐਸ. ਕੰਗ ਮਾੜੀ ਸਿਹਤ ਦੇ ਬਾਵਜੂਦ ਹੱਲਾਸ਼ੇਰੀ ਤੇ ਉਸਾਰੂ ਸੁਝਾਅ ਦੇਣ ਵਿਚ ਘੌਲ ਨਹੀਂ ਕਰਦੇ।

**ਅੰਤਿਕਾ:**

(ਬਾਵਾ ਬਲਵੰਤ)

ਇਸ ਲਈ ਖਾਂਦਾ ਹਾਂ ਦਰ-ਦਰ ਠੋਕਰਾਂ,
ਜ਼ਿੰਦਗੀ ਨੂੰ ਪਾਣ ਦੀ ਕੋਸ਼ਿਸ਼ 'ਚ ਹਾਂ।
ਹਰ ਪੁਰਾਣੇ ਵਹਿਮ ਤੋਂ ਹੋਵੇਗਾ ਸਾਫ,
ਮੈਂ ਨਵੇਂ ਇਨਸਾਨ ਦੀ ਕੋਸ਼ਿਸ਼ 'ਚ ਹਾਂ।

ਕਹਾਣੀ

# ਠੱਪਾ

*ਕਹਾਣੀਕਾਰ ਅਣਖੀ ਇਬ੍ਰਾਹੀਮਪੁਰੀ ਦੀ ਕਹਾਣੀ 'ਠੱਪਾ' ਪਰਾਈ ਧਰਤੀ 'ਤੇ ਪੁੱਜੇ ਬਾਸ਼ਿੰਦਿਆਂ ਦੀ ਕਥਾ ਹੈ। ਇਸ ਕਥਾ ਦੀਆਂ ਕਈ ਲੜੀਆਂ ਹਨ ਜਿਸ ਵਿਚ ਬਦਕਾਰੀਆਂ ਵੀ ਜੁੜੀਆਂ ਹੋਈਆਂ ਹਨ। ਜਿਵੇਂ ਕਹਿੰਦੇ ਨੇ, ਸੌ ਦਿਨ ਚੋਰ ਦੇ, ਤੇ ਇਕ ਦਿਨ ਸਾਧ ਦਾ। ਇਸ ਹਿਸਾਬ ਪਰਦੇਸ ਵੱਸਦਾ ਬੰਦਾ ਜਿਹੜਾ ਸ਼ਾਰਟਕੱਟ ਰਾਹੀਂ ਜੁਗਾੜ-ਦਰ-ਜੁਗਾੜ ਕਰਦਾ ਹੈ, ਆਖਰਕਾਰ ਫਿਰ ਉਸੇ ਥਾਂ ਆਣ ਖਲੋਂਦਾ ਹੈ ਜਿੱਥੋਂ ਉਸ ਨੇ ਆਪਣਾ ਸਫਰ ਸ਼ੁਰੂ ਕੀਤਾ ਸੀ। ਇਹ ਕਹਾਣੀ ਬੰਦੇ ਨੂੰ ਬੰਦੇ ਦਾ ਪੁੱਤ ਬਣਨ ਦਾ ਰਾਹ ਦੱਸਦੀ ਹੈ। -ਸੰਪਾਦਕ*

## ਅਣਖੀ ਇਬ੍ਰਾਹੀਮਪੁਰੀ

ਠੰਢੀ-ਸਰਦ ਰਾਤ ਹੈ। ਰਾਤ ਦੇ ਬਾਰਾਂ ਵੱਜੇ ਹਨ। ਚੌਥੀ ਮੰਜ਼ਲ ਉਤੇ ਮੇਰੇ ਮਕਾਨ ਦੀ ਬੱਤੀ ਜਗ ਰਹੀ ਹੈ। ਥੱਲੇ ਸੜਕ ਉਤੇ ਹੁਣ ਮੋਟਰਾਂ, ਗੱਡੀਆਂ ਦਾ ਰੌਲਾ-ਰੱਪਾ ਵੀ ਕੁਝ ਘੱਟ ਹੈ। ਟੀ.ਵੀ. ਵਾਲੇ ਵੀ ਪਤਾ ਨਹੀਂ ਕਦੋਂ ਦੇ ਅਲਵਿਦਾ ਕਹਿ ਕੇ ਜਾ ਚੁੱਕੇ ਹਨ। ਖ਼ਾਲੀ ਸੂੰ-ਸੂੰ ਨੇ ਜਿਵੇਂ ਮੈਨੂੰ ਡੂੰਘੀ ਸੋਚ ਤੋਂ ਵਾਪਿਸ ਮੋੜ ਲਿਆਂਦਾ ਹੈ।

ਟੀ.ਵੀ. ਦੀ ਸੂੰ-ਸੂੰ ਵਿਚੋਂ ਮੈਨੂੰ ਮੇਰੇ ਮਕਾਨ ਦੀ ਘੰਟੀ ਵੱਜਦੀ ਸੁਣਾਈ ਦਿੱਤੀ। ਜੱਕੋ-ਤੱਕੀ ਵਿਚ ਮੈਂ ਉਪਰੋਂ ਬਿਜਲੀ ਦਾ ਬਟਨ ਦੱਬਿਆ ਜਿਸ ਨਾਲ ਥੱਲੇ ਦਾ ਖਾਸ ਦਰਵਾਜ਼ਾ ਖੁੱਲ੍ਹਣ ਅਤੇ ਫਿਰ ਭਿੜਨ ਦੀ ਆਵਾਜ਼ ਸੁੰਨੀ ਰਾਤ ਵਿਚ ਮੈਨੂੰ ਚੰਗੀ ਤਰ੍ਹਾਂ ਸੁਣਾਈ ਦਿੱਤੀ। ਮੈਂ ਹੈਰਾਨ ਸੀ, ਇਹ ਕੌਣ ਹੋਵੇਗਾ! ਮੈਂ ਤਾਂ ਸਵੇਰੇ ਸਾਝਰੇ ਕੰਮ ਲਈ ਉਠਣਾ ਹੈ। ਅਜੇ ਮੈਂ ਇਹ ਹੀ ਸੋਚਦਾ ਸੀ ਕਿ ਪੌੜੀਆਂ ਵਿਚ ਆਉਣ ਵਾਲੇ ਦੇ ਪੈਰਾਂ ਦਾ ਖੜਾਕ ਸੁਣ ਕੇ ਮੈਂ ਦਰਵਾਜ਼ੇ ਵਿਚ ਲੱਗੇ ਸ਼ੀਸ਼ੇ ਦੀ ਮੋਰੀ ਰਾਹੀਂ ਦੇਖਣ ਦੀ ਬੜੀ ਉਤਸੁਕਤਾ ਨਾਲ ਕੋਸ਼ਿਸ਼ ਕੀਤੀ। ਪੌੜੀਆਂ ਦੇ ਹਨੇਰੇ ਅਤੇ ਅੰਦਰਲੀ ਬਿਜਲੀ ਦੀ ਲੋਅ ਵਿਚ ਉਹ ਮੈਥੋਂ ਪਛਾਣਿਆ ਨਾ ਗਿਆ। ਇੱਕ ਅਣਪਛਾਤੇ ਚਿਹਰੇ ਨੇ ਦਰਵਾਜ਼ੇ ਉਤੇ ਦਸਤਕ ਦਿੱਤੀ।

"ਭਾਅ ਜੀ, ਸਾਸਰੀ ਕਾਲ।"

"ਆ ਬਈ!"

ਉਹ ਮੇਰੇ ਪਿੱਛੇ-ਪਿੱਛੇ ਆ ਕੇ ਸੋਫ਼ੇ ਉਤੇ ਬੈਠ ਗਿਆ। ਨਕਸ਼ ਪਛਾਣਨ ਵਿਚ ਭਾਵੇਂ ਮੈਨੂੰ ਤਕਲੀਫ਼ ਹੋਈ, ਫਿਰ ਵੀ ਮੈਂ ਪਛਾਣ ਲਿਆ ਸੀ। ਅੱਜ ਤੋਂ ਪੰਜ ਸਾਲ ਪਹਿਲਾਂ ਵਾਲਾ ਪਾਲ, ਪਰ ਜਰਮਨ ਲੋਕਾਂ ਅਤੇ ਯੂਰਪੀ ਲੋਕਾਂ ਵਿਚ ਰਹਿਣ ਕਰ ਕੇ ਹੁਣ ਉਸ ਨੇ ਪਾਲ ਦੀ ਜਗ੍ਹਾ ਪੌਲ ਅਖਵਾਉਣਾ ਸ਼ੁਰੂ ਕੀਤਾ ਹੋਇਆ ਸੀ ਜਿਸ ਤਰ੍ਹਾਂ ਹੋਰ ਬਹੁਤ ਸਾਰੇ ਹਿੰਦੁਸਤਾਨੀਆਂ ਨੇ ਹੈਨਰੀ, ਡੈਨੀ, ਜੌਨੀ, ਸਨੀ ਆਦਿ। ਇਸ ਤਰ੍ਹਾਂ ਦੀਆਂ ਉਸ ਦੀਆਂ ਛੋਟੀਆਂ-ਮੋਟੀਆਂ ਗੱਲਾਂ ਦਾ ਅਕਸਰ ਮੈਨੂੰ ਪਤਾ ਲੱਗਦਾ ਰਹਿੰਦਾ ਸੀ।

ਪੰਜਾਂ ਸਾਲਾਂ ਵਿਚ ਪਾਲ ਵਿਚ ਕਿੰਨਾ ਅੰਤਰ ਆ ਚੁੱਕਿਆ ਸੀ। ਇਟਾਲਵੀ ਡਿਜ਼ਾਇਨ ਦੀ ਪਤਲੂਨ, ਕੁੜਤੀ ਅਤੇ ਜੁੱਤੀ। ਵਾਲਾਂ ਦੀ ਕਟਾਈ ਵੀ ਆਧੁਨਿਕ ਢੰਗ ਦੀ ਕਰਾਈ ਹੋਈ ਸੀ। ਹੈਰਾਨੀ ਤਾਂ ਮੈਨੂੰ ਇਸ ਗੱਲ ਦੀ ਸੀ ਕਿ ਇੰਨੇ ਥੋੜ੍ਹੇ ਜਿਹੇ ਸਮੇਂ ਵਿਚ ਕਿਸੇ ਅਨਪੜ੍ਹ ਮੁੰਡੇ ਨੇ ਆਪਣੇ-ਆਪ ਨੂੰ ਕਿਵੇਂ ਬਿਗਾਨੇ ਸਭਿਆਚਾਰ ਵਿਚ ਢਾਲ ਲਿਆ ਸੀ।

ਉਸ ਦਿਨ ਇਸ ਦੇ ਤਨ ਉਤੇ ਟੁੱਟੀ ਜਿਹੀ ਕਮੀਜ਼, ਕਮੀਜ਼ ਦੇ ਥੱਲੇ ਖ਼ੱਦਰ ਦੀ ਵਾਸਕਟ, ਪਜਾਮੇ ਦੀ ਸ਼ਕਲ ਵਿਚ ਪਤਲੂਨ ਤੇ ਪੈਰੀਂ ਧੌੜੀ ਦੀ ਜੁੱਤੀ ਸੀ ਅਤੇ ਵਾਸਕਟ ਵਿਚ ਥੋੜ੍ਹੇ ਜਿਹੇ ਡਾਲਰ ਸਨ। ਜੇ ਵਾਸਕਟ ਨਾ ਹੁੰਦੀ ਤਾਂ ਏਜੰਟ ਨੇ ਉਹ ਵੀ ਖਿਸਕਾ ਕੇ ਲੈ ਜਾਣੇ ਸਨ। ਉਹ ਸੁੱਤਿਆਂ ਪਿਆਂ ਦਾ ਸਾਰਾ ਸਾਮਾਨ ਸਮੇਟ ਕੇ ਪਤਾ ਨਹੀਂ ਕਿਧਰ ਹਰਨ ਹੋ ਗਿਆ ਸੀ। ਧੱਕੇ-ਧੋੜੇ ਖਾ ਕੇ ਵਿਚਾਰਾ ਚੋਰੀਓਂ ਸਰਹੱਦ ਪਾਰ ਕਰ ਕੇ ਕਿਸੇ ਨਾ ਕਿਸੇ ਤਰ੍ਹਾਂ ਮੇਰੇ ਕੋਲ ਪਹੁੰਚਿਆ ਸੀ ਅਤੇ ਟੈਕਸੀ ਦਾ ਭਾੜਾ ਵੀ ਮੈਂ ਹੀ ਦਿੱਤਾ ਸੀ।

ਮੇਰੇ ਕੋਲ, ਮੇਰੇ ਨਾਲ, ਮੇਰੇ ਘਰ ਉਹ ਦੋ ਸਾਲ ਰਿਹਾ। ਹਰ ਵੇਲੇ ਚੁੱਪ-ਚੁਪੀਤਾ। ਪੀਂਦਾ ਰੋਜ਼ ਸੀ। ਚੰਗਾ ਪਿਆਕੜ ਸੀ। ਉਸ ਆਪਣੀ ਗੱਲ ਕਦੇ ਨਹੀਂ ਸੀ ਦੱਸੀ। ਮੈਥੋਂ ਮੇਰੀਆਂ ਪੁੱਛ ਲੈਂਦਾ ਸੀ, ਪਰ ਪਤਾ ਨਹੀਂ ਕਿਉਂ, ਇੱਕ ਦਿਨ ਮੇਰੇ ਘਰੋਂ ਆਪਣਾ ਸਾਮਾਨ ਚੁੱਕ ਕੇ ਲੈ ਗਿਆ। ਮੁੜ ਕਦੇ ਨਾ ਬਹੁੜਿਆ। ਤੇਰੇ-ਮੇਰੇ ਤੋਂ ਉਸ ਬਾਰੇ ਸੁਣਿਆ ਬਥੇਰੀ ਵਾਰ ਸੀ।

ਉਹੀ ਪਾਲ ਉਸੇ ਤਰ੍ਹਾਂ ਪਹਿਲੇ ਦਿਨ ਵਾਂਗ ਭਿੱਜੀ ਹੋਈ ਕੁਕੜੀ ਬਣਿਆ ਚੁੱਪ ਕਰ ਕੇ ਬੈਠਾ ਸੀ। ਮੈਨੂੰ ਲੋਕਾਂ ਤੋਂ ਪਾਲ ਬਾਰੇ ਸੁਣੀਆਂ ਗੱਲਾਂ ਉਤੇ ਸ਼ੱਕ ਹੋਣ ਲੱਗਿਆ। ਅਖੇ, ਲੋਕਾਂ ਨੂੰ ਦਬਕੇ ਮਾਰਦਾ, ਢਾਅ-ਢਾਅ ਮਾਰਦਾ, "ਤੂੰ ਸਾਲਿਆ ਇੱਥੇ ਦਸਾਂ ਸਾਲਾਂ ਤੋਂ ਏਂ, ਤੂੰ ਕੀ ਖੱਟਿਆ? ਆਹ ਦੇਖ ਪਾਸਪੋਰਟ ਉਤੇ ਠੱਪਾ ਲੱਗਿਆ ਹੋਇਆ। ਤੇ ਤੁਸੀਂ ਵੀ ਲਈ ਫਿਰਦੇ ਹੋ ਗਿੱਦੜ-ਪ੍ਰਵਾਨੇ ਜਿਹੇ। ਹਰ ਛਿਮਾਹੀ ਵਕੀਲ ਨੂੰ ਜਾ ਕੇ ਦਸੌਂਧ ਦਿੰਦੇ ਹੋ।"

ਬਿਨਾਂ ਕਿਸੇ ਗੱਲੋਂ ਆਨੀਂ-ਬਹਾਨੀਂ ਵਿਚਾਰੇ ਸਿਆਸੀ ਪਨਾਹ ਵਾਲਿਆਂ ਨਾਲ ਪੰਗਾ ਲੈ ਕੇ ਉਨ੍ਹਾਂ ਨੂੰ ਉਹ ਪਾਸਪੋਰਟ ਉਤੇ ਲੱਗਿਆ ਠੱਪਾ ਦਿਖਾਉਂਦਾ। ਅਗਲੇ ਚੁੱਪ ਕਰ ਰਹਿੰਦੇ। ਗੱਲ ਕੀ, ਕਿੱਥੇ ਬਾਹਾਂ ਨੂੰ ਸਰੀਰ ਨਾਲ ਲਾ ਕੇ ਤੁਰਦਾ ਹੁੰਦਾ ਸੀ ਅਤੇ ਕਿੱਥੇ ਹੁਣ ਪਹਿਲਵਾਨ ਵਾਂਗ ਬਾਹਾਂ ਘੁਮਾ-ਘੁਮਾ ਕੇ ਤੁਰਦਾ ਸੀ। ਰੱਬ ਨੇੜੇ ਨਹੀਂ ਸੀ ਦਿਸਦਾ। ਥਾਂ-ਥਾਂ ਮਾਲਕਾਂ ਨਾਲ ਲੜਦਾ, ਉਨ੍ਹਾਂ ਨੂੰ ਕੁੱਟਦਾ, ਨਵੇਂ ਥਾਂ ਲਗਦਾ। ਥੋੜ੍ਹੀ ਦੇਰ ਬਾਅਦ ਉਥੇ ਵੀ ਉਹੀ ਕੜ੍ਹੀ ਘੋਲਦਾ। ਹੁਣ ਪਾਲ ਮੇਰੇ ਸਾਹਮਣੇ ਸੀ। ਇਸ ਤਰ੍ਹਾਂ ਦਾ ਲਗਦਾ ਤਾਂ ਨਹੀਂ ਸੀ, ਪਰ ਜੇ ਹੋਵੇਗਾ ਵੀ ਤਾਂ ਉਹਦੇ ਵਿਚ ਹੋਰ ਤਬਦੀਲੀਆਂ ਵੀ ਬਹੁਤ ਆ ਗਈਆਂ ਸਨ। ਪਹਿਲਾਂ ਵਾਂਗ ਹੁਣ ਉਹ ਆਲੇ ਜਿੰਨਾ ਮੂੰਹ ਖੋਲ੍ਹ ਕੇ ਉਬਾਸੀ ਨਹੀਂ ਸੀ ਲੈਂਦਾ। ਮੂੰਹ ਅੱਗੇ ਹੱਥ ਲੈ ਲੈਂਦਾ ਸੀ। ਨਿੱਛ ਹੁਣ 'ਆਛੋ' ਦੀ ਥਾਂ ਬਿਲਕੁਲ 'ਛੀ' ਕਰ ਕੇ ਮਾਰਦਾ ਸੀ। ਮੇਰੇ ਪੁੱਛਣ ਉਤੇ 'ਪਾਲ ਰੋਟੀ ਖਾਣੀ ਐ, ਜਾਂ ਕੁਝ ਪੀਣੈ', ਉਸ ਨੇ ਝੱਟ ਆਪਣੀ ਖ਼ਾਹਿਸ਼ ਅਨੁਸਾਰ ਰੋਟੀ ਖਾਧੀ। ਮੈਂ ਦੇਖਿਆ, ਉਹ ਹੁਣ ਪਸ਼ੂਆਂ ਵਾਂਗ ਜੁਗਾਲੀ ਕਰ ਕੇ ਤੇ ਪਚਾਕੇ ਮਾਰ ਕੇ ਨਹੀਂ ਖਾ ਰਿਹਾ ਸੀ। ਬਿਲਕੁਲ ਮੂੰਹ ਬੰਦ ਕਰ ਕੇ ਰੋਟੀ ਚਬਾ ਰਿਹਾ ਸੀ। ਰੋਟੀ ਖਾ ਕੇ ਉਸ ਨੇ ਪਹਿਲਾਂ ਵਾਂਗ ਕੋਈ ਡਕਾਰ ਵੀ ਨਹੀਂ ਸੀ ਮਾਰਿਆ ਜਿਸ ਨਾਲ ਲਾਗੇ ਬੈਠਿਆਂ ਦਾ ਸਾਰਾ ਖਾਧਾ-ਪੀਤਾ ਬਾਹਰ ਆ ਜਾਵੇ।

ਰੋਟੀ ਖਾ ਕੇ, ਹੱਥ ਧੋ ਕੇ ਉਸ ਨੇ ਸੋਫ਼ੇ ਦੇ ਦੋਨੋਂ ਪਾਸੀਂ ਆਪਣੀਆਂ ਬਾਹਾਂ ਵਿਛਾ ਦਿੱਤੀਆਂ ਜਿਵੇਂ ਉਡਾਰੀ ਮਾਰਨ ਲੱਗਾ ਹੋਵੇ, "ਭਾਅ ਜੀ।"

"ਹਾਂ।" ਮੈਂ ਕਿਹਾ।

ਉਸ ਦੀਆਂ ਅੱਖਾਂ ਵਿਚ ਜਿਵੇਂ ਕੋਈ ਤਰਲਾ ਸੀ, "ਮੇਰੇ ਲਈ ਕੁਝ ਉਪਾਅ ਕਰੋ!" ਉਹ ਬੋਲਿਆ।

"ਓਏ, ਕੀ ਹੋ ਗਿਆ ਤੈਨੂੰ? ਕਾਹਦਾ ਉਪਾਅ ਕੀਤਾ ਜਾਵੇ ਤੇਰਾ? ਤਿੰਨ ਸਾਲਾਂ ਤੋਂ ਤੂੰ ਕਦੀ ਮੇਰੀ ਬਾਤ ਨਹੀਂ ਪੁੱਛੀ। ਉਦੋਂ ਵੀ ਮੈਂ ਇੱਥੇ ਹੀ ਵਸਦਾ ਸੀ। ਤੈਨੂੰ ਕੰਮ ਉਤੇ ਲੁਆਇਆ। ਲੀੜੇ ਖ਼ਰੀਦ ਕੇ ਦਿੱਤੇ। ਜਦ ਤੈਨੂੰ ਖੰਭ ਨਿਕਲ ਆਏ, ਤੂੰ ਉਡਾਰੂ ਹੋ ਗਿਆ, ਤੂੰ ਮੇਰੀ ਬਾਤ ਨ੍ਹੀਂ ਪੁੱਛੀ।"

"ਮਾਫ਼ ਕਰਨਾ ਭਾਅ ਜੀ, ਗ਼ਲਤੀ ਹੋ ਗਈ ਪਰ ਹੁਣ ਨ੍ਹੀਂ ਕਰਦਾ।"

"ਤੁਸੀਂ ਲੋਕ ਮਤਲਬੀ ਹੋ। ਜਦੋਂ ਕੋਈ ਕਿਸੇ ਨੂੰ ਮਿਲਦਾ ਹੈ, ਸਿਰਫ਼ ਮਤਲਬ ਲਈ ਮਿਲਦੈ। ਜਦੋਂ ਮਤਲਬ ਹੱਲ ਹੋ ਜਾਂਦੈ, ਤੁਸੀਂ ਅੱਖਾਂ ਦਿਖਾਉਣ ਲੱਗ ਪੈਂਦੇ ਹੋ।"

"ਇਹੋ ਜਿਹੀ ਤਾਂ ਕੋਈ ਗੱਲ ਨ੍ਹੀਂ, ਭਾਅ ਜੀ।"

"ਬਈ ਮੈਂ ਤਾਂ ਸੁਣਿਐ, ਜਿਨ੍ਹਾਂ ਦੇ ਪਾਸਪੋਰਟਾਂ ਉਤੇ ਪੱਕੇ ਠੱਪੇ ਲੱਗੇ ਹੋਏ ਹਨ, ਉਹ ਹਮਾਤੜਾਂ ਨੂੰ ਦੁੱਕੀ-ਤਿੱਕੀ ਸਮਝਦੇ ਐ।"

ਐਨੀ ਗੱਲ ਸੁਣ ਕੇ ਉਸ ਨੇ ਮੇਰੇ ਅੱਗੇ ਆਪਣਾ ਪਾਸਪੋਰਟ ਖੋਲ੍ਹ ਕੇ ਰੱਖ ਦਿੱਤਾ ਅਤੇ ਬੜੀ ਨਿਮਰਤਾ ਨਾਲ ਕਿਹਾ, "ਲਓ ਦੇਖ ਲਓ ਤੁਸੀਂ ਵੀ ਠੱਪਾ।"

ਸਰਕਾਰ ਨੇ ਤਿੰਨ ਸਾਲ ਬਾਅਦ ਮਿਆਦ ਵਧਾਉਣ ਤੋਂ ਇਨਕਾਰ ਕਰ ਕੇ ਮੁਲਕ ਛੱਡਣ ਦੀ ਮੋਹਰ ਲਾ ਦਿੱਤੀ ਸੀ। ਮੈਂ ਧਿਆਨ ਨਾਲ ਦੇਖਿਆ, ਇੱਕ ਸਫ਼ੇ ਉਤੇ ਵੀਜ਼ਾ ਖ਼ਤਮ ਹੋਣ ਦੀ ਮੋਹਰ ਸੀ। ਜਦੋਂ ਤੱਕ ਉਹ ਬਰਕਰਾਰ ਸੀ, ਉਦੋਂ ਤੱਕ ਉਸ ਦਾ ਸੱਪ ਵਰਗਾ ਫਨ ਖੜ੍ਹਾ ਰਹਿੰਦਾ ਸੀ। ਦੂਜੇ ਸਫ਼ੇ ਉਤੇ ਰੱਦ ਕਰਨ ਦੀ ਮੋਹਰ ਸੀ ਜਿਸ ਕਰ ਕੇ ਹੁਣ ਉਹ ਨਿਢਾਲ ਫਿਰਦਾ ਸੀ।

"ਭਾਅ ਜੀ, ਮੈਂ ਤਾਂ ਮਰ ਗਿਆ। ਮੇਰੇ ਕੋਲ ਤਾਂ ਕਾਣੀ ਕੌਡੀ ਵੀ ਨ੍ਹੀਂ। ਕਿਹੜੇ ਮੂੰਹ ਨਾਲ ਪਿੰਡ ਪਰਤਾਂਗਾ?"

"ਸੁਣਿਆ ਸੀ, ਤੂੰ ਪੈਸੇ ਕਮਾਏ ਐ?"

"ਕਾਹਦੇ ਕਮਾਏ ਐਂ, ਸਭ ਗਧੇ ਦੇ ਢੂਹੇ...।"

ਮੇਰੇ ਨਾਲ ਗੱਲਾਂ ਕਰਦਾ-ਕਰਦਾ ਉਹ ਸੋਫ਼ੇ ਉਤੇ ਸੌਂ ਗਿਆ। ਪੁਲਿਸ ਹੱਥੋਂ ਬਚਣ ਲਈ ਪਤਾ ਨ੍ਹੀਂ ਉਹ ਕਿੰਨੀਆਂ ਕੁ ਰਾਤਾਂ ਦਾ ਉਨੀਂਦਾ ਸੀ।

ਪਾਲ ਮੈਨੂੰ ਛੱਡ ਕੇ ਤੁਰਕੀ ਮੁੰਡਿਆਂ ਨਾਲ ਰਹਿਣ ਲੱਗ ਪਿਆ ਸੀ। ਉਨ੍ਹਾਂ ਨੇ ਉਸ ਨੂੰ ਆਪਣੇ ਧੰਦੇ ਵਿਚ ਭਾਈਵਾਲ ਬਣਾ ਲਿਆ ਸੀ। ਹੋਣਹਾਰ ਸੀ, ਗਰਮ ਖ਼ੂਨ ਸੀ, ਪੈਸਾ ਜੇਬ ਵਿਚ ਆਉਂਦਾ ਦੇਖ ਕੇ ਹੋਰ ਵੀ ਦਲੇਰ ਹੋ ਗਿਆ ਸੀ।

ਤੁਰਕੀ ਮੁੰਡਿਆਂ ਨੇ ਇੱਕ ਅਫ਼ੀਮਚਣ ਨੂੰ ਕੁਝ ਪੈਸੇ ਦੇ ਕੇ ਉਸ ਦੇ ਕਾਗ਼ਜ਼ ਸਿੱਧੇ ਕਰਵਾ ਦਿੱਤੇ ਸਨ। ਉਹ ਆਪ ਭਾਵੇਂ ਜਰਮਨੀ ਬੈਠਾ ਸੀ ਪਰ ਡੈਨਮਾਰਕ ਵਿਚ ਉਸ ਦਾ ਅਦਾਲਤੀ ਵਿਆਹ ਹੋ ਕੇ ਕਾਗ਼ਜ਼ ਜਰਮਨੀ ਆ ਗਏ ਸਨ। ਤਿੰਨ ਸਾਲ ਲਈ ਕੰਮ ਦੀ ਮਨਜ਼ੂਰੀ ਮਿਲ ਗਈ ਸੀ। ਹੁਣ ਉਹ ਦੁਨੀਆਂ-ਜਹਾਨ ਦੀ ਉਡਾਰੀ ਮਾਰ ਸਕਦਾ ਸੀ। ਉਹ ਕਦੇ ਮਰਾਕੋ, ਕਦੇ ਲਿਬਨਾਨ ਅਤੇ ਕਦੇ ਈਥੋਪੀਆ ਜਾਣ ਲੱਗਿਆ। ਹੈਰੋਇਨ-ਗਾਂਜੇ ਦੇ ਢੇਰਾਂ ਦੇ ਢੇਰ ਆਉਣ ਲੱਗੇ। ਸਿਆਸੀ ਪਨਾਹ ਵਰਗੀ ਕੱਚੇ ਧਾਗੇ ਨਾਲ ਬੰਨ੍ਹੀ ਤਲਵਾਰ ਹੁਣ ਉਸ ਦੇ ਸਿਰ ਉਤੇ ਨਹੀਂ ਸੀ ਲਟਕਦੀ ਜਿਸ ਵਿਚ ਉਹ ਆਪਣਾ ਸ਼ਹਿਰ ਵੀ ਛੱਡ ਕੇ ਬਾਹਰ ਨਹੀਂ ਸੀ ਜਾ ਸਕਦਾ। ਹੁਣ ਦੁਨੀਆਂ ਦੀਆਂ ਚਾਰੇ ਦਿਸ਼ਾਵਾਂ ਉਸ ਲਈ ਖੁੱਲ੍ਹੀਆਂ ਸਨ।

ਜਿਸ ਤਰ੍ਹਾਂ ਗ਼ਲਤ ਤਰੀਕੇ ਨਾਲ ਪੈਸੇ ਰੁੱਗਾਂ ਦੇ ਰੁੱਗ ਆਉਂਦੇ ਗਏ, ਉਸੇ ਤਰ੍ਹਾਂ ਉਨ੍ਹਾਂ ਦੇ ਛੱਟੇ ਦਿੱਤੇ ਗਏ। ਨਿੱਤ ਨਵੀਆਂ ਕੁੜੀਆਂ, ਨਿੱਤ ਨਵੀਆਂ ਕਾਰਾਂ।

ਬਾਪੂ ਨੇ ਦੋ ਘੁਮਾਂ ਖੇਤ ਗਹਿਣੇ ਰੱਖ ਕੇ ਇਸ ਨੂੰ ਤੋਰਿਆ ਸੀ ਕਿ ਚਲੋ ਬੁਢਾਪੇ ਵਿਚ ਸੁੱਖ ਦੇਵੇਗਾ। ਆਪ ਉਸ ਨੇ ਸਾਰੀ ਉਮਰ ਹਲ ਦੀ ਕੀਲੀ ਨਹੀਂ ਸੀ ਛੱਡੀ ਪਰ ਉਹ ਇਹ ਨਹੀਂ ਸੀ ਚਾਹੁੰਦਾ ਕਿ ਉਹਦੀ ਔਲਾਦ ਵੀ ਉਹਦੇ ਵਾਂਗ ਸਾਰੀ ਉਮਰ ਮਿੱਟੀ ਵਿਚ ਮਿੱਟੀ ਹੋ ਕੇ ਜਾਨ ਖਪਾਉਂਦੀ ਰਹੇ। ਪੁੱਤ ਸੀ ਕਿ ਨਿੱਤ ਨਵੇਂ ਦਿਨ ਨਵੀਂ ਕੁੜੀ ਲਈ ਨਵੀਂ ਕਾਰ ਖ਼ਰੀਦਦਾ ਸੀ।

ਲੋਕ ਰਾਤ ਨੂੰ ਸੌਂਦੇ ਸਨ ਤਾਂ ਉਹ ਰਾਤ ਨੂੰ ਜਾਗਦੇ ਸਨ। ਦੂਰ-ਦੂਰ ਤੱਕ ਨਾਚ-ਘਰਾਂ, ਬੀਅਰ-ਬਾਰਾਂ ਤੇ ਚਕਲਿਆਂ ਵਿਚ ਮਾਲ ਪੁਚਾਉਂਦੇ ਸਨ ਅਤੇ ਦਿਨੇ ਸੌਂਦੇ ਸਨ। ਪਿਛਲੇ ਸਾਲਾਂ ਵਿਚ ਕਿੰਨੇ ਜਵਾਨ ਮੁੰਡੇ-ਕੁੜੀਆਂ ਜ਼ਹਿਰੀਲੇ ਨਸ਼ਿਆਂ ਨਾਲ ਮਰੇ ਸਨ। ਕਿੰਨੇ ਮੁੰਡਿਆਂ ਦੇ ਯੂਰਪੀ ਕੁੜੀਆਂ ਨਾਲ ਵਿਆਹ ਕਰਵਾਏ ਸਨ। ਕਿੰਨੇ ਮੁੰਡਿਆਂ ਨੂੰ ਜਾਅਲੀ ਤਰੀਕੇ ਨਾਲ ਸਰਹੱਦਾਂ ਟਪਾਈਆਂ ਸਨ। ਮੈਂ ਸੋਚਦਾ ਹਾਂ, ਉਹ ਸਭੋ-ਕਾਸੇ ਦਾ ਪੈਸਾ ਇਹਦਾ ਕਿੱਥੇ ਗਿਆ!

ਉਹੀ ਪਾਲ ਜਿਸ ਨੂੰ ਮੈਂ ਹਰਲ-ਹਰਲ ਕਰਦੇ ਨੂੰ ਸ਼ਹਿਰ ਵਿਚ ਕਈ ਵਾਰ ਦੇਖਿਆ ਸੀ ਅਤੇ ਜੋ ਮੈਨੂੰ ਹਰ ਵਾਰ ਡਿੱਠਾ-ਅਣਡਿੱਠਾ ਕਰ ਕੇ ਅੱਗੇ ਜਾਂ ਪਾਸੇ ਲੰਘਦਾ ਰਿਹਾ ਸੀ, ਹੁਣ ਮੇਰੇ ਸਾਹਮਣੇ ਨੀਂਦ ਵਿਚ ਘੂਕ ਸੁੱਤਾ ਪਿਆ ਸੀ।

ਪਾਲ ਹੁਰਾਂ ਦੇ ਗਰੁਪ ਦੀ ਰੀਸੋ-ਰੀਸੀ ਲੋਕਾਂ ਨੇ ਵੀ ਭੇਡ-ਚਾਲ ਪਾ ਲਈ। ਆਪਸ ਵਿਚ ਵਿਰੋਧ ਵਧ ਗਏ। ਪੁਲਿਸ ਤੱਕ ਸ਼ਿਕਾਇਤਾਂ ਹੋਣ ਲੱਗੀਆਂ। ਜਾਅਲੀ ਆਦਮੀ ਪੱਕੇ ਹੋਣ ਲਈ ਵਿਆਹ ਜਾਅਲੀ ਕਰਵਾਉਂਦੇ ਹਨ, ਬੇਰੁਜ਼ਗਾਰ ਚਰਸ-ਅਫ਼ੀਮ ਦਾ ਧੰਦਾ ਕਰਦੇ ਹਨ, ਗੁਆਂਢੀ ਮੁਲਕਾਂ ਦੀਆਂ ਸਰਹੱਦਾਂ ਤੋਂ ਜਾਅਲੀਆਂ ਨੂੰ ਗ਼ਲਤ ਤਰੀਕਿਆਂ ਨਾਲ ਦਾਖ਼ਲ ਕਰਵਾ ਰਹੇ ਹਨ, ਆਦਿ ਆਦਿ। ਸਰਕਾਰ ਨੇ ਪੁਲਿਸ ਨੂੰ ਚੌਕੰਨਿਆਂ ਕਰ ਦਿੱਤਾ।

ਪੁਲਿਸ ਹਰਲ-ਹਰਲ ਕਰਦੀ ਫਿਰਨ ਲੱਗੀ। ਨਵੇਂ ਕਾਨੂੰਨ ਬਣ ਗਏ। ਜਿਸ ਵੀ ਵਿਦੇਸ਼ੀ ਨੇ ਜਰਮਨ ਕੁੜੀ ਨਾਲ ਵਿਆਹ ਕਰਵਾਇਆ ਹੈ, ਉਸ ਨੂੰ ਉਨੇ ਚਿਰ ਦਾ ਹੀ ਵੀਜ਼ਾ ਮਿਲੇਗਾ ਜਿੰਨਾ ਚਿਰ ਕੁੜੀ ਉਸ ਦੇ ਨਾਲ ਰਹੇਗੀ। ਜਿਸ ਦੀ ਬੀਵੀ ਪਹਿਲੇ ਤਿੰਨ ਸਾਲਾਂ ਦੇ ਅਰਸੇ ਵਿਚ ਮਰ ਜਾਵੇਗੀ, ਉਸ ਦਾ ਵੀਜ਼ਾ ਵੀ ਰੱਦ ਕਰ ਦਿੱਤਾ ਜਾਵੇਗਾ। ਪਾਲ ਦੀ ਘਰਵਾਲੀ ਤਾਂ ਨਸ਼ੇ ਦਾ ਟੀਕਾ ਲਾ ਕੇ ਦੂਜੀ ਦੁਨੀਆਂ ਵਿਚ ਜਾ ਚੁੱਕੀ ਸੀ ਪਰ ਪਾਲ ਕੋਈ ਇਕੱਲਾ ਤਾਂ ਨਹੀਂ ਸੀ। ਉਨ੍ਹਾਂ ਵਿਚੋਂ ਬਹੁਤੇ ਤਾਂ ਉਹ ਵੀ ਸਨ ਜਿਨ੍ਹਾਂ ਨੇ ਸਿਰਫ਼ ਚਲਦੀ ਨਬਜ਼ ਨਾਲ ਹੀ ਕਾਗ਼ਜ਼ ਸਿੱਧੇ ਕਰਵਾਉਣ ਲਈ ਵਿਆਹ ਕਰਵਾਏ ਸਨ।

ਪਾਲ ਨੇ ਬੜੀ ਕੋਸ਼ਿਸ਼ ਕੀਤੀ ਕਿ ਉਸ ਦੇ ਵੀਜ਼ੇ ਦੀ ਮਿਆਦ ਵਧ ਜਾਵੇ ਪਰ ਸਭ ਵਿਅਰਥ। ਪੁਲਿਸ ਨੇ ਪਾਸਪੋਰਟ ਉਤੇ ਵਾਪਸੀ ਦੀ ਮੋਹਰ ਲਾ ਦਿੱਤੀ ਸੀ, "ਅਸੀਂ ਤੈਨੂੰ ਵੀਜ਼ਾ ਤੇਰੀ ਤੀਵੀਂ ਕਰ ਕੇ ਦਿੰਦੇ ਸੀ, ਹੁਣ ਉਹ ਨਹੀਂ ਤਾਂ ਵੀਜ਼ਾ ਵੀ ਨਹੀਂ।"

ਜਿਨ੍ਹਾਂ ਦੀਆਂ ਜਿਉਂਦੀਆਂ ਵੀ ਸਨ, ਉਨ੍ਹਾਂ ਦੀਆਂ ਲੱਭਦੀਆਂ ਨਹੀਂ ਸਨ। ਉਹ ਵੀ ਇਸੇ ਤਰ੍ਹਾਂ ਨੱਠੇ-ਭੱਜੇ ਫਿਰਦੇ ਸਨ। ਸੈਂਕੜੇ ਹੀ ਇਕੋ ਬੇੜੀ ਦੇ ਸਵਾਰ ਸਨ। ਜਦੋਂ ਮਿਆਦ ਵਧਾਉਣ ਜਾਂਦੇ ਤਾਂ ਸਰਕਾਰੀ ਅਧਿਕਾਰੀ ਕਹਿੰਦੇ, "ਆਪਣੀਆਂ ਤੀਵੀਆਂ ਲੈ ਆਵੋ ਅਤੇ ਵੀਜ਼ੇ ਲੈ ਜਾਵੋ।"

ਹੁਣ ਮੁਸ਼ਕਲ ਤਾਂ ਇਹ ਸੀ ਕਿ ਜਿਨ੍ਹਾਂ ਨੇ ਜਿਹੜੀਆਂ ਨਾਲ ਵਿਆਹ ਕਰਵਾ ਕੇ ਠੱਪੇ ਲਗਵਾਏ ਹੋਏ ਸਨ ਅਤੇ ਧੌਣ ਅਕੜਾ ਕੇ ਤੁਰਦੇ ਸਨ, ਉਨ੍ਹਾਂ ਨੂੰ ਉਹ ਕਿੱਥੋਂ ਲੱਭਦੇ? ਉਂਜ ਰੇਲਵੇ ਸਟੇਸ਼ਨ ਉਤੇ ਜਿਹੜੀ ਊਂਘਦੀ ਜਿਹੀ ਦਿੱਸੇ, ਉਸ ਤੋਂ ਪੁੱਛ ਕੇ ਦੇਖ ਲਉ, "ਤੇਰਾ ਨਾਂ ਕੀ ਹੈ?" ਉਹ ਕਹੇਗੀ, "ਸ੍ਰੀਮਤੀ ਸਿੰਘ।"

ਜਿਹੜੀਆਂ ਇਹੋ ਜਿਹੀਆਂ ਸਨ, ਉਹ ਜਿਉਂਦੀਆਂ ਹੀ ਮਰੀਆਂ ਹੋਈਆਂ ਤੋਂ ਭੈੜੀਆਂ ਸਨ। ਨਿਰਾ ਖ਼ਰਚ ਦਾ ਘਰ। ਜਿਨ੍ਹਾਂ ਨੂੰ ਤਿੰਨ ਮਹੀਨੇ ਦਾ ਵੀਜ਼ਾ ਮਿਲਦਾ ਸੀ, ਉਨ੍ਹਾਂ ਵਿਚਾਰਿਆਂ ਨੂੰ ਪਹਿਲਾਂ ਤਾਂ ਵਕੀਲਾਂ ਨੂੰ ਫ਼ੀਸਾਂ ਦੇਣੀਆਂ ਪੈਂਦੀਆਂ ਸਨ, ਫਿਰ ਸ੍ਰੀਮਤੀ ਸਿੰਘ ਲਈ ਨਸ਼ੇ, ਸੂਹਣੇ ਜਿਹੇ ਬਲਾਊਜ਼, ਜੀਨਾਂ, ਜੁੱਤੀਆਂ ਆਦਿ ਲੈ ਕੇ ਦੇਣੀਆਂ ਪੈਂਦੀਆਂ ਸਨ ਤਾਂ ਜੋ ਉਹ ਵਿਦੇਸ਼ ਵਿਭਾਗ ਤੱਕ ਜਾ ਕੇ ਕਹਿ ਸਕੇ ਕਿ ਮੈਂ ਸ੍ਰੀਮਤੀ ਸਿੰਘ ਹਾਂ ਪਰ ਪਾਲ ਦਾ ਤਿੰਨਾਂ ਮਹੀਨਿਆਂ ਵਾਲਾ ਵੀ ਸਿਆਪਾ ਖ਼ਤਮ ਹੋ ਗਿਆ ਸੀ।

ਮੈਂ ਦੇਖਿਆ, ਉਹ ਅਜੇ ਵੀ ਸੋਫ਼ੇ ਉਤੇ ਘੂਕ ਸੁੱਤਾ ਪਿਆ ਸੀ। ਮੈਂ ਉਸ ਦਾ ਹੱਥ ਫੜ ਕੇ ਖਿੱਚਦਿਆਂ ਕਿਹਾ, "ਪਾਲ ਉਠ ਉਏ, ਮੰਜੇ ਉਤੇ ਪੈ।"

ਉਹ ਘਬਰਾਹਟ ਜਿਹੀ ਨਾਲ ਇਕਦਮ ਉਠਿਆ ਅਤੇ ਫਿਰ ਮੰਜੇ ਉਤੇ ਇਕਦਮ ਟੇਢਾ ਹੋ ਗਿਆ। ਮੈਂ ਬੱਤੀ ਬੁਝਾ ਕੇ ਵੱਖਰੇ ਮੰਜੇ ਉਤੇ ਪੈ ਗਿਆ।

ਸਵੇਰੇ ਉਠ ਕੇ ਬਾਥਰੂਮ ਜਾਣ, ਦਾੜ੍ਹੀ ਦੀ ਸ਼ੇਵ ਬਣਾਉਣ, ਬੁਰਸ਼ ਕਰਨ, ਨਹਾਉਣ-ਧੋਣ- ਇਨ੍ਹਾਂ ਸਾਰੇ ਕੰਮਾਂ ਲਈ ਮੈਨੂੰ ਹਰ ਰੋਜ਼ ਇੱਕ ਘੰਟਾ ਚਾਹੀਦਾ ਹੈ। ਇਹ ਮੇਰਾ ਨਿੱਤ ਦਾ ਨੇਮ ਹੈ। ਮੈਂ ਬੁਰਸ਼ ਕਰ ਰਿਹਾ ਸੀ। ਮੈਨੂੰ ਦਰਵਾਜ਼ਾ ਖੜਕਣ ਦੀ ਬਿੜਕ ਜਿਹੀ ਆਈ। ਮੈਂ ਸੋਚਿਆ, ਪਾਲ ਨੂੰ ਕਾਹਲੀ ਹੋਵੇਗੀ, ਇਸ ਕਰ ਕੇ ਉਸ ਨੇ ਦਰ ਖੜਕਾਇਆ ਹੈ। "ਠਹਿਰ ਯਾਰ, ਰਤਾ ਦੋ ਮਿੰਟ ਹੋਰ!" ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ। ਪਾਣੀ ਦੀ ਟੂਟੀ ਦੇ ਖੜਾਕ ਵਿਚ ਮੈਨੂੰ ਕੋਈ ਜਵਾਬ ਨਾ ਸੁਣਿਆ। ਬੰਦ ਦਰਵਾਜ਼ੇ ਅਤੇ ਵਗਦੇ ਪਾਣੀ ਦੀ ਆਵਾਜ਼ ਕਾਰਨ ਫਿਰ ਮੈਨੂੰ ਦਰਵਾਜ਼ੇ ਉਤੇ ਦਸਤਕ ਕਰਨ ਦੀ ਖ਼ੜਾਕ ਸੁਣੀ। ਮੈਂ ਬਾਥਰੂਮ ਦਾ ਦਰ ਖੋਲ੍ਹ ਕੇ ਕਮਰੇ ਵਿਚ ਨਿਗ੍ਹਾ ਮਾਰੀ, ਪਾਲ ਚਾਕੂ ਵਾਂਗ ਇਕੱਠਾ ਹੋ ਕੇ ਉਸੇ ਤਰ੍ਹਾਂ ਸੁੱਤਾ ਪਿਆ ਸੀ। ਫਿਰ ਮੈਂ ਪੌੜੀਆਂ ਵੱਲ ਦਾ ਬਾਹਰਲਾ ਦਰਵਾਜ਼ਾ ਖੋਲ੍ਹਿਆ। ਬਾਹਰ ਚਾਰ ਭਲੇ-ਮਾਣਸ ਗੋਰੇ ਹੱਥਾਂ ਵਿਚ ਕਾਗ਼ਜ਼ਾਂ ਦੀਆਂ ਫ਼ਾਈਲਾਂ ਲਈ ਖੜ੍ਹੇ ਸਨ। ਉਨ੍ਹਾਂ ਨੇ ਇੱਕ ਹੱਥ ਨਾਲ ਆਪਣੀਆਂ ਟੋਪੀਆਂ ਲਾਹੁੰਦਿਆਂ ਅਤੇ ਦੂਜੇ ਹੱਥ ਨਾਲ ਆਪਣੇ ਸ਼ਨਾਖ਼ਤੀ ਕਾਰਡ ਦਿਖਾਉਂਦਿਆਂ ਕਿਹਾ, "ਮਾਫ਼ ਕਰਨਾ! ਅਸੀਂ ਗੁਪਤ ਪੁਲਿਸ ਵਿਭਾਗ ਦੇ ਆਦਮੀ ਹਾਂ। ਅਸੀਂ ਹਰਪਾਲ ਨਾਂ ਦੇ ਬੰਦੇ ਦੀ ਤਲਾਸ਼ ਵਿਚ ਹਾਂ। ਅਸੀਂ ਤੁਹਾਡੇ ਘਰ ਦੀ ਤਲਾਸ਼ੀ ਲੈ ਸਕਦੇ ਹਾਂ?"

"ਹਾਂ।" ਮੇਰੇ ਮੂੰਹੋਂ ਕੁਦਰਤੀ ਹੀ ਨਿਕਲ ਗਿਆ।

ਮੈਂ ਛੇਤੀ ਦੇਣੀ ਝੱਗ ਨਾਲ ਲਿਬੜਿਆ ਮੂੰਹ ਪੂੰਝਣ ਲਈ ਬਾਥਰੂਮ ਵਿਚ ਵੜਨ ਹੀ ਲੱਗਿਆ ਸੀ ਕਿ ਪਿਛੋਂ ਇੱਕ ਆਦਮੀ ਨੇ ਮੇਰੇ ਕੰਨ ਉਤੇ ਘੁੱਗੀ ਰੱਖ ਦਿੱਤੀ।

"ਖ਼ਬਰਦਾਰ।" ਉਹ ਕੜਕਿਆ।

"ਸਾਹਿਬ, ਮੈਂ ਝੱਗ ਨਾਲ ਲਿਬੜਿਆ ਹੋਇਆ ਮੂੰਹ ਸਾਫ਼ ਕਰਨਾ ਸੀ।" ਮੈਂ ਤਰਲਾ ਕੀਤਾ।

ਉਨ੍ਹਾਂ ਵਿਚੋਂ ਇੱਕ ਜਦੋਂ ਪਾਲ ਨੂੰ ਜਗਾ ਰਿਹਾ ਸੀ, ਤਾਂ ਦੂਜਾ ਮੈਨੂੰ ਉਸ ਦੀ ਫ਼ੋਟੋ ਦਿਖਾ ਕੇ ਪੁੱਛਣ ਲੱਗਿਆ, "ਇਸ ਆਦਮੀ ਨੂੰ ਤੂੰ ਜਾਣਦੈਂ?"

ਮੈਨੂੰ ਜਵਾਬ ਦੇਣ ਦੀ ਲੋੜ ਨਾ ਪਈ, ਉਦੋਂ ਨੂੰ ਪਾਲ ਉਠ ਖਲੋਇਆ।

"ਤੇਰਾ ਨਾਂ ਹਰਪਾਲ ਏ? ਪਾਸਪੋਰਟ ਕਿੱਥੇ ਹੈ ਤੇਰਾ?"

ਪਾਲ ਨੇ ਸਿਰਹਾਣੇ ਥੱਲੇ ਪਿਆ ਪਾਸਪੋਰਟ ਕੱਢ ਕੇ ਉਨ੍ਹਾਂ ਨੂੰ ਫੜਾ ਦਿੱਤਾ।

"ਹਾਂ ਜੀ, ਇਹ ਹੀ ਹੈ, ਮਿਲ ਗਿਆ।" ਪਾਸਪੋਰਟ ਦੇਖਣ ਵਾਲੇ ਨੇ ਤਸਦੀਕ ਕੀਤੀ ਅਤੇ ਉਨ੍ਹਾਂ ਦੀ ਆਪਸ ਵਿਚਲੀ ਘੁਸਰ-ਮੁਸਰ ਮੇਰੇ ਪੱਲੇ ਨਾ ਪਈ।

"ਚਲ ਬਈ ਹੋ ਖੜ੍ਹਾ।"

ਪਾਲ ਉਠ ਕੇ ਖੜ੍ਹ ਗਿਆ।

"ਤੇ ਤੇਰਾ ਪਾਸਪੋਰਟ?" ਜਿਸ ਆਦਮੀ ਨੇ ਮੇਰੇ ਕੰਨ ਉਤੇ ਪਿਸਤੌਲ ਰੱਖਿਆ ਹੋਇਆ ਸੀ, ਉਸ ਨੇ ਮੈਨੂੰ ਕਮਰੇ ਵੱਲ ਧੱਕਿਆ। ਪਾਸਪੋਰਟ ਮੈਂ ਅਲਮਾਰੀ ਵਿਚੋਂ ਕੱਢ ਕੇ ਉਹਦੇ ਹੱਥ ਵਿਚ ਫੜਾ ਦਿੱਤਾ।

ਪੈਰੀਂ ਜੁੱਤੀ ਪਾਉਂਦਾ ਹੋਇਆ ਪਾਲ ਬੋਲਿਆ, "ਮਾਰ ਲਿਆ ਇਸ ਸਾਲੇ ਠੱਪੇ ਨੇ, ਸਹੀ ਲਗਦਾ ਵੀ ਮਾੜਾ, ਗ਼ਲਤ ਲੱਗਿਆ ਵੀ ਮਾੜਾ।"

"ਬਕਵਾਸ ਬੰਦ ਕਰ। ਸਾਨੂੰ ਤੁਹਾਡੀ ਜ਼ੁਬਾਨ ਸਮਝ ਨਹੀਂ ਪੈਂਦੀ। ਜਿਹੜੀ ਗੱਲ ਕਰਨੀ ਹੈ, ਸਾਡੀ ਜ਼ੁਬਾਨ ਵਿਚ ਕਰੋ।" ਉਨ੍ਹਾਂ ਵਿਚੋਂ ਇੱਕ ਬੋਲਿਆ। "ਖ਼ੂਨੀ ਕੁੱਤੇ ਨਾ ਹੋਣ ਕਿਤੋਂ ਦੇ!" ਉਨ੍ਹਾਂ ਨੇ ਗਾਲ ਕੱਢੀ। ਅਸੀਂ ਚੁੱਪ ਕਰ ਰਹੇ।

ਪਾਲ ਦੇ ਕੰਨਾਂ ਉਤੇ ਅਤੇ ਮੇਰੇ ਕੰਨਾਂ ਉਤੇ ਕੱਪੜੇ ਪਾਉਂਦੇ ਹੋਇਆਂ ਵੀ ਉਨ੍ਹਾਂ ਨੇ ਪਿਸਤੌਲ ਤਾਣੀ ਰੱਖਿਆ।

"ਸਾਹਿਬ, ਮੈਂ ਤਾਂ ਕੰਮ ਉਤੇ ਜਾਣੈ, ਮੈਨੂੰ ਤਾਂ ਜਾਣ ਦਿਉ।" ਮੈਂ ਤਰਲਾ ਜਿਹਾ ਕੀਤਾ।

"ਤੂੰ ਕਿਥੇ ਜਾਣੈ? ਤੂੰ ਜਾਣਦੈਂ, ਤੂੰ ਮੁਜਰਮ ਨੂੰ ਆਪਣੇ ਕਮਰੇ ਵਿਚ ਪਨਾਹ ਦੇ ਕੇ ਰੱਖਿਆ ਹੈ। ਸੂਰ ਨਾ ਹੋਣ ਕਿਤੋਂ ਦੇ। ਆਵਾਸੀ। ਇਨ੍ਹਾਂ ਦੀਆਂ ਮਾਂਵਾਂ ਜਰਮਨੀ ਵੱਲ ਮੂੰਹ ਕਰ ਕੇ ਹੀ ਜਣਦੀਆਂ ਨੇ!" ਕਰੜ-ਬਰੜੀ ਦਾੜ੍ਹੀ ਵਾਲਾ ਬੋਲਿਆ।

ਹੱਥ ਪਿੱਛੇ ਕਰਵਾ ਕੇ, ਕੜੀਆਂ ਲਾ ਕੇ ਉਨ੍ਹਾਂ ਨੇ ਸਾਨੂੰ ਦੋਨਾਂ ਨੂੰ ਅੱਗੇ ਲਾ ਲਿਆ। ਅਸੀਂ ਸਵੇਰ ਦੇ ਘੁਸਮੁਸੇ ਵਿਚ ਮਕਾਨ ਦੀਆਂ ਪੌੜੀਆਂ ਠਿੱਪਕ-ਠਿੱਪਕ ਕਰ ਕੇ ਉਤਰ ਗਏ।

*ਹੁਣ ਮੁਸ਼ਕਲ ਤਾਂ ਇਹ ਸੀ ਕਿ ਜਿਨ੍ਹਾਂ ਨੇ ਜਿਹੜੀਆਂ ਨਾਲ ਵਿਆਹ ਕਰਵਾ ਕੇ ਠੱਪੇ ਲਗਵਾਏ ਹੋਏ ਸਨ ਅਤੇ ਧੌਣ ਅਕੜਾ ਕੇ ਤੁਰਦੇ ਸਨ, ਉਨ੍ਹਾਂ ਨੂੰ ਉਹ ਕਿੱਥੋਂ ਲੱਭਦੇ? ਉਂਜ ਰੇਲਵੇ ਸਟੇਸ਼ਨ ਉਤੇ ਜਿਹੜੀ ਊਂਘਦੀ ਜਿਹੀ ਦਿੱਸੇ, ਉਸ ਤੋਂ ਪੁੱਛ ਕੇ ਦੇਖ ਲਉ, "ਤੇਰਾ ਨਾਂ ਕੀ ਹੈ?" ਉਹ ਕਹੇਗੀ, "ਸ੍ਰੀਮਤੀ ਸਿੰਘ।"*

*ਜਿਹੜੀਆਂ ਇਹੋ ਜਿਹੀਆਂ ਸਨ, ਉਹ ਜਿਉਂਦੀਆਂ ਹੀ ਮਰੀਆਂ ਹੋਈਆਂ ਤੋਂ ਭੈੜੀਆਂ ਸਨ। ਨਿਰਾ ਖ਼ਰਚ ਦਾ ਘਰ। ਜਿਨ੍ਹਾਂ ਨੂੰ ਤਿੰਨ ਮਹੀਨੇ ਦਾ ਵੀਜ਼ਾ ਮਿਲਦਾ ਸੀ, ਉਨ੍ਹਾਂ ਵਿਚਾਰਿਆਂ ਨੂੰ ਪਹਿਲਾਂ ਤਾਂ ਵਕੀਲਾਂ ਨੂੰ ਫ਼ੀਸਾਂ ਦੇਣੀਆਂ ਪੈਂਦੀਆਂ ਸਨ, ਫਿਰ ਸ੍ਰੀਮਤੀ ਸਿੰਘ ਲਈ ਨਸ਼ੇ, ਸੂਹਣੇ ਜਿਹੇ ਬਲਾਊਜ਼, ਜੀਨਾਂ, ਜੁੱਤੀਆਂ ਆਦਿ ਲੈ ਕੇ ਦੇਣੀਆਂ ਪੈਂਦੀਆਂ ਸਨ ਤਾਂ ਜੋ ਉਹ ਵਿਦੇਸ਼ ਵਿਭਾਗ ਤੱਕ ਜਾ ਕੇ ਕਹਿ ਸਕੇ ਕਿ ਮੈਂ ਸ੍ਰੀਮਤੀ ਸਿੰਘ ਹਾਂ ਪਰ ਪਾਲ ਦਾ ਤਿੰਨਾਂ ਮਹੀਨਿਆਂ ਵਾਲਾ ਵੀ ਸਿਆਪਾ ਖ਼ਤਮ ਹੋ ਗਿਆ ਸੀ।*



## ਕੰਮ ਨਾਲ ਨੇਹ

# ਨੇਹਾ ਧੂਪੀਆ



ਪਿਛਲੇ ਕੁਝ ਸਾਲਾਂ ਵਿਚ ਸੈਕਸ ਸਿੰਬਲ ਦੀ ਇਮੇਜ ਤੋਂ ਇਲਾਵਾ ਹਰ ਤਰ੍ਹਾਂ ਦੇ ਕਿਰਦਾਰਾਂ ਵਿਚ ਹੱਥ ਅਜ਼ਮਾ ਰਹੀ ਨੇਹਾ ਧੂਪੀਆ ਫ਼ਿਲਮਾਂ ਵਿਚ ਆਪਣੇ ਕੰਮ ਤੋਂ ਸੰਤੁਸ਼ਟ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਉਹ ਆਪਣੇ ਕੰਮ ਤੋਂ ਖੁਸ਼ ਤਾਂ ਹੈ ਪਰ ਸੰਤੁਸ਼ਟ ਨਹੀਂ ਹੈ। ਨੇਹਾ ਨੇ ਫ਼ਿਲਮ 'ਜੂਲੀ' ਵਿਚ ਆਪਣੇ ਕਾਮੁਕ ਦ੍ਰਿਸ਼ਾਂ ਨਾਲ ਕਾਫੀ ਸੁਰਖੀਆਂ ਬਟੋਰੀਆਂ ਸਨ। ਇਸ ਫ਼ਿਲਮ ਵਿਚ ਉਸ ਨੇ ਇਕ ਵੇਸਵਾ ਦਾ ਕਿਰਦਾਰ ਨਿਭਾਇਆ ਸੀ। ਇਸ ਫ਼ਿਲਮ ਦੀ ਸੀਕੁਏਲ ਬਾਰੇ ਨੇਹਾ ਦਾ ਕਹਿਣਾ ਹੈ ਕਿ ਉਹ ਇਸ ਦਾ ਸੀਕੁਏਲ ਕਰ ਤਾਂ ਸਕਦੀ ਹੈ ਪਰ ਫਿਲਹਾਲ ਅਜੇ ਇਸ ਬਾਰੇ ਨਹੀਂ ਸੋਚ ਰਹੀ। ਕੁਝ ਸਾਲਾਂ ਬਾਅਦ ਉਹ ਇਸ ਫ਼ਿਲਮ ਦੇ ਸੀਕੁਏਲ ਨੂੰ ਕਰ ਸਕਦੀ ਹੈ। ਮਿਸ ਇੰਡੀਆ ਰਹਿ ਚੁੱਕੀ ਨੇਹਾ ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਦੱਖਣ ਭਾਰਤੀ ਫ਼ਿਲਮਾਂ ਨਾਲ ਕੀਤੀ ਸੀ। ਬਾਲੀਵੁੱਡ ਵਿਚ ਉਸ ਦੀ ਐਂਟਰੀ ਹੈਰੀ ਬਵੇਜਾ ਦੀ ਫ਼ਿਲਮ 'ਕਿਆਮਤ: ਸਿਟੀ ਅੰਡਰ ਥ੍ਰੈੱਟ' ਨਾਲ ਹੋਈ ਸੀ ਜਿਸ ਪਿੱਛੋਂ ਉਸ 'ਤੇ ਸੈਕਸੀ ਅਦਾਕਾਰਾ ਦਾ ਠੱਪਾ ਲੱਗ ਗਿਆ।

## ਆਸਕਰ ਲਈ ਨਾਮਜ਼ਦ ਹੋਈ 'ਬਰਫੀ'



ਅਨੁਰਾਗ ਬਾਸੂ ਦੇ ਨਿਰਦੇਸ਼ਨ ਵਿਚ ਤੇ ਰਣਬੀਰ ਕਪੂਰ ਦੀ ਅਭਿਨੈ ਵਾਲੀ ਹਾਲ ਹੀ ਵਿਚ ਰਿਲੀਜ਼ ਹੋਈ ਬਾਲੀਵੁੱਡ ਦੀ ਫਿਲਮ 'ਬਰਫੀ' ਨੂੰ ਅਗਲੇ ਸਾਲ ਫਰਵਰੀ ਵਿਚ ਹੋਣ ਵਾਲ ਆਸਕਰ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। 'ਬਰਫੀ' ਨੇ ਇਹ ਮਾਣ 19 ਫਿਲਮਾਂ ਨੂੰ ਪਛਾੜ ਕੇ ਪ੍ਰਾਪਤ ਕੀਤਾ ਹੈ। ਇਹ ਫਿਲਮ ਇਕ ਪ੍ਰੇਮ ਕਹਾਣੀ ਹੈ ਤੇ ਇਸ ਫਿਲਮ ਵਿਚ ਰਣਬੀਰ ਕਪੂਰ ਨੇ ਬਹਿਰੇ ਤੇ ਗੂੰਗੇ ਪਾਤਰ ਦੀ ਭੂਮਿਕਾ ਨਿਭਾਈ ਹੈ। ਇਸ ਫਿਲਮ ਵਿਚ ਪ੍ਰਿਯੰਕਾ ਚੋਪੜਾ ਨੇ ਇਕ ਮਾਨਿਸਕ ਬਿਮਾਰੀ ਤੋਂ ਪੀੜਤ ਲੜਕੀ ਦਾ ਕਿਰਦਾਰ ਨਿਭਾਇਆ ਹੈ ਤੇ ਇਸ ਫਿਲਮ ਨਾਲ ਦੱਖਣ ਦੀ ਸਟਾਰ ਅਦਾਕਾਰਾ ਈਲੇਨਾ ਡੀ. ਕਰੂਜ਼ ਨੇ ਬਾਲੀਵੁੱਡ ਵਿਚ ਦਸਤਕ ਦਿੱਤੀ ਹੈ। ਬਰਫੀ ਨੂੰ 20 ਫਿਲਮਾਂ ਵਿਚੋਂ ਚੁਣ ਕੇ ਆਸਕਰ ਲਈ ਭੇਜਿਆ ਗਿਆ ਹੈ। 14 ਸਤੰਬਰ ਨੂੰ ਰਿਲੀਜ਼ ਹੋਈ ਇਸ ਫਿਲਮ ਵਿਚ ਸੰਵਾਦ ਬਹੁਤ ਘੱਟ ਹਨ ਪਰ ਫਿਰ ਵੀ ਆਲੋਚਕਾਂ ਤੇ ਦਰਸ਼ਕਾਂ ਵਲੋਂ ਇਸ ਫਿਲਮ ਨੂੰ ਪਸੰਦ ਕੀਤਾ ਗਿਆ ਹੈ। ਫਿਲਮ ਦੀ ਕਾਮਯਾਬੀ ਤੋਂ ਰਣਬੀਰ ਖੁਸ਼ ਹੈ।

## ਇਕ ਸੀਨ ਨੇ ਰੇਖਾ ਨੂੰ ਸਟਾਰ ਬਣਾਇਆ

ਉਸ ਵੇਲੇ ਰੇਖਾ ਦੀ ਫ਼ਿਲਮ ਇੰਡਸਟਰੀ ਵਿਚ ਬਸ ਐਂਟਰੀ ਹੀ ਹੋਈ ਸੀ। ਈਸਟ ਅਫਰੀਕਾ ਦੇ ਪਾਲ ਭਰਾ ਕੁਲਜੀਤ ਤੇ ਸ਼ਤਰੂਜੀਤ ਉਨ੍ਹਾਂ ਨੂੰ ਮਦਰਾਸ ਤੋਂ ਆਪਣੀ ਫ਼ਿਲਮ 'ਅਨਜਾਨਾ ਸਫਰ' ਦੀ ਹੀਰੋਇਨ ਬਣਾ ਕੇ ਲਿਆਏ ਸਨ। ਹਿੰਦੀ ਵਿਚ ਸਾਈਨ ਕੀਤੀ ਇਹ ਰੇਖਾ ਦੀ ਪਹਿਲੀ ਫ਼ਿਲਮ ਸੀ ਜਿਸ 'ਚ ਹੀਰੋ ਵਿਸ਼ਵਜੀਤ ਸਨ। ਰੇਖਾ ਦੀ ਉਮਰ ਉਦੋਂ ਪੰਦਰਾਂ ਸਾਲ ਸੀ। ਬਚਪਨਾ ਅਜੇ ਗਿਆ ਨਹੀਂ ਸੀ ਪਰ ਮਾਂ ਪੁਸ਼ਪਬੱਲੀ ਦੇ ਦਬਾਅ ਕਾਰਨ ਉਨ੍ਹਾਂ ਨੂੰ ਫ਼ਿਲਮਾਂ ਵਿਚ ਆਉਣਾ ਪਿਆ।

7 ਅਗਸਤ, 1969 ਨੂੰ ਰੇਖਾ ਦੀ ਇਸ ਫ਼ਿਲਮ ਦਾ ਮਹੂਰਤ ਹੋਇਆ। ਸ਼ੂਟਿੰਗ ਦੌਰਾਨ ਰੇਖਾ ਨਾਲ ਉਹ ਘਟਨਾ ਵਾਪਰੀ ਜਿਸ ਨੇ ਉਨ੍ਹਾਂ ਨੂੰ ਰਾਤੋ-ਰਾਤ ਫ਼ਿਲਮੀ ਦੁਨੀਆ ਵਿਚ ਚਰਚਿਤ ਕਰ ਦਿੱਤਾ। ਇਹੀ ਨਹੀਂ ਪਿੱਛੋਂ ਅੰਤਰਰਾਸ਼ਟਰੀ ਮੈਗਜ਼ੀਨ 'ਲਾਈਫ' ਤੱਕ ਨੇ ਉਨ੍ਹਾਂ ਦਾ ਸਪੈਸ਼ਲ ਫੋਟੋ ਸੈਸ਼ਨ ਕਰਵਾਇਆ। 'ਅਨਜਾਨਾ ਸਫਰ' ਦੀ ਸ਼ੂਟਿੰਗ ਦਾ ਸ਼ੈਡਿਊਲ ਪਹਿਲਾਂ ਬਾਂਦਰਾ ਦੇ ਮਹਿਬੂਬ ਸਟੂਡੀਓ ਵਿਚ ਚੱਲ ਰਿਹਾ ਸੀ। ਨਵੀਆਂ ਹੀਰੋਇਨਾਂ ਨਾਲ ਛੋਟ ਲੈਣਾ ਫ਼ਿਲਮੀ ਦੁਨੀਆ ਵਿਚ ਹਮੇਸ਼ਾ ਆਮ ਗੱਲ ਰਹੀ ਹੈ ਪਰ ਇਸ ਵਾਰ ਜੋ ਹੋਇਆ, ਉਹ ਸਕੈਂਡਲ ਤੇ ਸਟੋਰੀ ਬਣ ਗਿਆ।



ਨਿਰਮਾਤਾ ਕੁਲਜੀਤ ਪਾਲ ਨੇ ਫੈਸਲਾ ਕੀਤਾ ਕਿ ਫ਼ਿਲਮ ਵਿਚ ਇਕ ਜ਼ੋਰਦਾਰ 'ਕਿਸਿੰਗ ਸੀਨ' ਰੱਖਿਆ ਜਾਏ। ਉਦੋਂ ਕਿਸੇ ਫ਼ਿਲਮ ਵਿਚ ਅਜਿਹਾ ਦ੍ਰਿਸ਼ 'ਧਮਾਕੇਦਾਰ' ਗੱਲ ਅਖਵਾਉਂਦਾ ਸੀ। ਕੁਲਜੀਤ ਤੇ ਫ਼ਿਲਮ ਦੇ ਨਿਰਦੇਸ਼ਕ ਰਾਜਾ ਨਵਾਥੇ ਨੇ ਹੀਰੋ ਵਿਸ਼ਵਜੀਤ ਨਾਲ ਮਿਲ ਕੇ ਯੋਜਨਾ ਬਣਾਈ ਕਿ ਰੇਖਾ ਨੂੰ ਦੱਸੇ ਬਿਨਾਂ ਅਚਾਨਕ ਸੀਨ ਫ਼ਿਲਮਾ ਲਿਆ ਜਾਏ। ਕੈਮਰਾ ਯੂਨਿਟ ਨੂੰ ਖਾਸ ਦ੍ਰਿਸ਼ ਨੂੰ ਕੈਦ ਕਰਨ ਲਈ ਤਿਆਰ ਰਹਿਣ ਦਾ ਆਰਡਰ ਦਿੱਤਾ ਗਿਆ। ਸ਼ਾਟ ਸ਼ੁਰੂ ਹੋਇਆ ਤੇ ਵਿਸ਼ਵਜੀਤ ਰੇਖਾ ਵੱਲ ਵਧੇ।

ਅਚਾਨਕ ਵਿਸ਼ਵਜੀਤ ਨੇ ਆਪਣੇ ਬੁੱਲ੍ਹ ਰੇਖਾ ਦੇ ਬੁੱਲ੍ਹਾਂ 'ਤੇ ਰੱਖ ਦਿੱਤੇ। ਰੇਖਾ ਅਚਾਨਕ ਪੈਦਾ ਹੋਈ ਇਸ ਸਥਿਤੀ ਤੋਂ ਘਬਰਾ ਗਈ ਤੇ ਠੰਡੀ ਪੈ ਗਈ। ਬਿਨਾਂ ਦੱਸਿਆਂ ਫ਼ਿਲਮਾਏ ਗਏ ਇਸ ਸੀਨ ਨਾਲ ਰੇਖਾ ਨੂੰ ਅਜਿਹਾ ਸਦਮਾ ਲੱਗਾ ਕਿ ਉਹ ਸਾਰਾ ਦਿਨ ਚੁੱਪ ਧਾਰੀ ਬੈਠੀ ਰਹੀ। ਗੁੱਸਾ ਉਸ ਦੇ ਅੰਦਰ ਹੀ ਅੰਦਰ ਉਬਾਲੇ ਖਾਂਦਾ ਰਿਹਾ। ਫ਼ਿਲਮੀ ਦੁਨੀਆ ਵਿਚ ਇਸ 'ਕਿੱਸ' ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਤੇ ਇਸ ਗੱਲ ਨਾਲ ਰੇਖਾ ਨੂੰ ਇੰਨੀ ਕੁ ਪਬਲੀਸਿਟੀ ਮਿਲੀ ਕਿ ਅੰਤਰਰਾਸ਼ਟਰੀ ਮੈਗਜ਼ੀਨ 'ਲਾਈਫ' ਨੇ ਆਪਣੇ ਏਸ਼ੀਆਈ ਐਡੀਸ਼ਨ ਵਿਚ ਉਨ੍ਹਾਂ ਦੇ ਚੁੰਮਣ ਦੇ ਦ੍ਰਿਸ਼ ਪ੍ਰਕਾਸ਼ਿਤ ਕੀਤੇ।

## ਕੁਦੇਸਣ: 'ਵਿਮੈਨ ਫਰਾਮ ਦਾ ਈਸਟ'




ਜੀਤ ਮਠਾਰੂ ਵੱਲੋਂ ਨਿਰਮਿਤ ਤੇ ਨਿਰਦੇਸ਼ਿਤ ਪੰਜਾਬੀ ਤੇ ਹਿੰਦੀ ਭਾਸ਼ਾ ਵਿਚ ਬਣੀ ਫ਼ਿਲਮ 'ਵਿਮੈਨ ਫਰਾਮ ਦ ਈਸਟ' ਪਹਿਲਾਂ ਲੰਦਨ ਏਸ਼ੀਅਨ ਫ਼ਿਲਮ ਫੈਸਟੀਵਲ ਲੰਦਨ ਤੇ ਪੰਜਾਬੀ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਟੋਰਾਂਟੋ ਵਿਖੇ ਤਹਿਲਕਾ ਮਚਾਉਣ ਤੋਂ ਬਾਅਦ ਹੁਣ ਸਾਊਥ ਏਸ਼ੀਆ ਫ਼ਿਲਮ ਫੈਸਟੀਵਲ (ਸੈਫ਼) ਵੈਨਕੂਵਰ ਲਈ ਚੁਣੀ ਗਈ ਹੈ ਜੋ 31 ਅਕਤੂਬਰ ਤੋਂ 5 ਨਵੰਬਰ ਤੱਕ ਵੈਨਕੂਵਰ ਵਿਚ ਹੋ ਰਿਹਾ ਹੈ। ਇਹ ਫ਼ਿਲਮ ਜਤਿੰਦਰ ਸਿੰਘ ਬਰਾੜ ਦੇ ਪ੍ਰਸਿੱਧ ਨਾਟਕ 'ਕੁਦੇਸਣ' 'ਤੇ ਆਧਾਰਤ ਹੈ। ਫ਼ਿਲਮ ਦੇ ਕੈਮਰਾਮੈਨ 'ਗਦਰ' ਤੇ 'ਜੋ ਜੀਤਾ ਵਹੀ ਸਿਕੰਦਰ' ਫੇਮ ਨਾਜੀਬ ਖਾਨ ਹੈ। ਫ਼ਿਲਮ ਦੇ ਮੁੱਖ ਪਾਤਰ ਨੂੰ ਪੰਜਾਬੀ ਰੰਗਮੰਚ, ਰੇਡੀਓ ਤੇ ਦੂਰਦਰਸ਼ਨ ਦੇ ਬਿਹਤਰੀਨ ਅਦਾਕਾਰਾ ਸੁਖਬੀਰ ਸਿੰਘ ਨੇ ਨਿਭਾਇਆ ਹੈ ਤੇ ਕੁਦੇਸਣ ਦੀ ਭੂਮਿਕਾ ਵਿਚ ਭੋਜਪੁਰੀ ਫ਼ਿਲਮਾਂ ਦੀ ਚਰਚਿਤ ਅਭਿਨੇਤਰੀ ਪਾਖੀ ਹੇਗੜੇ ਹੈ। ਇਸ ਦੇ ਹੋਰ ਕਲਾਕਾਰ ਜੀਤ ਮਠਾੜੂ, ਨਿਰਮਲ ਰਿਸ਼ੀ, ਸੁਖਬੀਰ ਰਜੀਆ, ਸਤਿੰਦਰ ਕੌਰ, ਸਤਵੰਤ ਬੱਲ, ਪ੍ਰਦੀਪ ਸੰਧੂ, ਮਲਕੀਤ ਰੌਣੀ, ਰਾਜਵਿੰਦਰ ਸਮਰਾਲਾ, ਜਿਗਰ ਗਿੱਲ, ਸਚਿੰਦਰ, ਇੰਦਰਜੀਤ ਸਹਾਰਨੀ ਤੇ ਕੁਲਦੀਪ ਹਨ।

## ਅਮਿੱਟ ਪੈੜਾਂ ਛੱਡ ਗਿਆ ਗੁਰਦਾਸਪੁਰੀਆ

ਦੇਵ ਅਨੰਦ ਉਹ ਵਾਹਿਦ ਕਲਾਕਾਰ ਸੀ ਜਿਸ ਨੇ ਹਿੰਦੀ ਸਿਨੇਮਾ ਦੇ ਕੁੱਲ ਸੌ ਕੁ ਸਾਲ ਪੁਰਾਣੇ ਸਫ਼ਰ ਵਿਚ ਤਕਰੀਬਨ ਪੈਂਹਠ ਸਾਲ ਬੜੀ ਸ਼ਾਨ ਤੇ ਸਨਮਾਨ ਨਾਲ ਬਿਤਾਏ ਸਨ। ਸਾਲ 2001 ਵਿਚ 'ਪਦਮ ਭੂਸ਼ਨ' ਤੇ ਸਾਲ 2003 ਵਿਚ 'ਦਾਦਾ ਸਾਹਿਬ ਫਾਲਕੇ ਪੁਰਸਕਾਰ' ਪ੍ਰਾਪਤ ਕਰਨ ਵਾਲੇ ਇਸ ਗੁਣਵਾਨ ਫਨਕਾਰ ਨੇ ਸੰਨ 1946 ਵਿਚ ਆਈ 'ਪ੍ਰਭਾਤ ਫ਼ਿਲਮਜ਼' ਦੀ ਪੇਸ਼ਕਸ਼ 'ਹਮ ਏਕ ਹੈਂ' ਰਾਹੀਂ ਬਾਲੀਵੁੱਡ ਵਿਚ ਕਦਮ ਰੱਖਿਆ ਤੇ ਸੰਨ 1948 ਵਿਚ ਆਪਣੀ ਪਹਿਲੀ ਸੁਪਰਹਿੱਟ ਫ਼ਿਲਮ 'ਜ਼ਿੱਦੀ' ਨਾਲ ਹਰ ਦਿਲ ਵਿਚ ਥਾਂ ਬਣਾ ਲਈ ਸੀ।

ਬੜੀ ਛੇਤੀ ਹੀ ਆਪਣੀ ਸੂਝ-ਬੂਝ ਦਾ ਮੁਜ਼ਾਹਰਾ ਕਰਦਿਆਂ ਉਸ ਨੇ 1949 ਵਿਚ ਆਪਣੀ ਫ਼ਿਲਮ ਕੰਪਨੀ 'ਨਵਕੇਤਨ ਫ਼ਿਲਮਜ਼' ਦੀ ਨੀਂਹ ਰੱਖੀ। ਇਸ ਕੰਪਨੀ ਵੱਲੋਂ ਚੇਤਨ ਅਨੰਦ ਦੇ ਨਿਰਦੇਸ਼ਨ ਹੇਠ ਬਣਾਈ ਗਈ ਪਹਿਲੀ ਫ਼ਿਲਮ 'ਅਫ਼ਸਰ' ਬੇਹੱਦ ਸਫ਼ਲ ਰਹੀ ਸੀ ਤੇ ਦੇਵ ਅਨੰਦ ਦੇ ਕੈਰੀਅਰ ਨੂੰ ਇਕ ਨਵੀਂ ਦਿਸ਼ਾ ਦਿੱਤੀ ਸੀ। 'ਬਾਜ਼ੀ', 'ਮੁਨੀਮ ਜੀ', 'ਗਾਈਡ', 'ਪ੍ਰੇਮ ਪੁਜਾਰੀ', 'ਸੀ.ਆਈ.ਡੀ.', 'ਜਿਊਲ ਥੀਫ਼', 'ਹਰੇ ਰਾਮਾ ਹਰੇ ਕ੍ਰਿਸ਼ਨਾ', 'ਅਸਲੀ-ਨਕਲੀ', 'ਹਮ ਦੋਨੋ', 'ਕਾਲਾ ਬਾਜ਼ਾਰ', 'ਅਮਰਦੀਪ', 'ਮੰਜ਼ਿਲ', 'ਲਵ ਮੈਰਿਜ' ਤੇ 'ਜੌਨੀ ਮੇਰਾ ਨਾਮ'

### ਦੇਵ ਅਨੰਦ



ਜਿਹੀਆਂ ਸੈਂਕੜੇ ਹਿੱਟ ਫ਼ਿਲਮਾਂ ਕਰਨ ਵਾਲੇ ਮਹਾਨ ਫ਼ਨਕਾਰ ਦੇਵ ਅਨੰਦ ਦੀ ਪ੍ਰਸੰਸਾ ਇਸ ਗੱਲੋਂ ਵੀ ਕਰਨੀ ਬਣਦੀ ਹੈ ਕਿ ਉਸ ਨੇ ਗੁਰੂ ਦੱਤ, ਜ਼ੀਨਤ ਅਮਾਨ, ਸ਼ਤਰੂਘਨ ਸਿਨਹਾ, ਜੈਕੀ ਸ਼ਰਾਫ਼ ਤੇ ਤੱਬੂ ਜਿਹੀਆਂ ਸ਼ਖ਼ਸੀਅਤਾਂ ਨੂੰ ਬਾਲੀਵੁੱਡ ਲਈ ਖੋਜ ਕੇ ਲਿਆਂਦਾ ਸੀ।

ਪੰਜਾਬ ਦੀ ਮਿੱਟੀ ਦੇ ਜੰਮਪਲ ਦੇਵ ਅਨੰਦ ਦੇ ਪਿਤਾ ਲਾਲਾ ਕਿਸ਼ੋਰੀ ਮੱਲ ਇਕ ਵਕੀਲ ਸਨ ਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਸ਼ਕਰਗੜ੍ਹ ਦੇ ਵਸਨੀਕ ਸਨ। 26 ਸਤੰਬਰ, 1923 ਨੂੰ ਜਨਮੇ ਦੇਵ ਦਾ ਪੂਰਾ ਨਾਂ ਧਰਮ ਦੇਵ ਅਨੰਦ ਸੀ ਤੇ 19 ਜੁਲਾਈ, 1943 ਨੂੰ ਉਹ ਫਰੰਟੀਅਰ ਮੇਲ ਵਿਚ ਬੈਠ ਕੇ ਆਪਣੇ ਸੁਪਨਿਆਂ ਨੂੰ ਹਕੀਕੀ ਰੂਪ ਦੇਣ ਲਈ ਮੁੰਬਈ ਜਾ ਪੁੱਜਿਆ ਸੀ। ਹਿੰਦੀ ਸਿਨੇਮਾ ਨਾਲ ਪਾਈ ਦਿਲ ਤੇ ਰੂਹ ਦੀ ਸਾਂਝ ਉਸ ਨੇ ਆਖਰੀ ਸਾਹਾਂ ਤੱਕ ਨਿਭਾਈ ਸੀ। 88 ਸਾਲ ਦੀ ਉਮਰ ਵਿਚ 4 ਦਸੰਬਰ, 2011 ਨੂੰ ਸਦੀਵੀ ਵਿਛੋੜਾ ਦੇ ਜਾਣ ਵਾਲੇ ਇਸ ਫ਼ਿਲਮਕਾਰ ਦੇ ਯੋਗਦਾਨ ਦੀਆਂ ਬਾਤਾਂ ਜ਼ਮਾਨਾ ਰਹਿੰਦੀ ਦੁਨੀਆ ਤੱਕ ਪਾਉਂਦਾ ਰਹੇਗਾ। ਹੁਣੇ-ਹੁਣੇ ਦੇਵ ਅਨੰਦ ਦੇ ਪੁੱਤਰ ਸੁਨੀਲ ਅਨੰਦ ਨੇ ਮੁੰਬਈ ਵਿਚ ਉਸ ਦਾ ਜਨਮ ਦਿਨ ਮਨਾਇਆ ਜਿਸ ਵਿਚ ਉਸ ਦੇ ਪੁਰਾਣੇ ਬੇਲੀ ਸ਼ਾਮਲ ਹੋਏ। ਇਨ੍ਹਾਂ ਨੇ ਰਲ ਕੇ ਦੇਵ ਦੀਆਂ ਗੱਲਾਂ ਕੀਤੀਆਂ।



Vista
CCTV TECHNOLOGY
Corporate people first choice for Security
High End HD Series
SPECIAL OFFER
4 CAMERAS WITH 4 CH DVR
LED MONITOR INCLUDED
$1649
$1349 +Tax
SPECIAL OFFER
8 CAMERAS INSTALLATION INCLUDED
LED MONITOR INCLUDED
$2349 +Tax
SPECIAL OFFER
12 CAMERAS INSTALLATION INCLUDED
LED MONITOR INCLUDED
$4249
$3749 +Tax
• HIGH QUALITY PRODUCT WITH 2 YEARS WARRANTY
• HIGH BRAND REPUTATION
• 16 YEARS HISTORY IN CCTV
• ADVANCE PRODUCT DESIGN
• TRAINED TECHNICAL STAFF
• PROFESSIONAL INSTALLATION
Why Vista CCTV TECHNOLOGY
24/7 HIGH END SECURITY SOLUTION
WE INSTALL ANYWHERE IN USA
16 YEARS EXPERIENCE IN CCTV BUSINESS
2 Years Warranty
QUALITY & RESOLUTION BUILD BY TECHNOLOGY NOT BY THE PRICE
Buy Online : www.ezchase.com
Email : commvision@sbcglobal.net
Call Sukhpal 661-586-5080
Customer Service : 1-800-235-1391
• NOW YOU CAN WATCH YOUR BUSINESS ON YOUR ANY SMART PHONE




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP


Beats of Life (BOL) Entertainment, LLC
in Association with
Therapeutic Residential Services Inc.
present
Awaaz-e-Sufi
ਸੂਫੀਆਨਾ ਗਾਇਕੀ ਵਿੱਚ ਇੱਕ ਚਮਕਦਾ ਨਾਮ
ਨਿਵੇਕਲਾ ਅਤੇ ਦਿਲਕਸ਼ ਅੰਦਾਜ,
ਸੁਰ ਅਤੇ ਸ਼ਾਇਰੀ ਦਾ ਸੁਮੇਲ
ਡਾ. ਮਮਤਾ ਜੋਸ਼ੀ
ਇੱਕ ਸ਼ਾਮ ਸੂਫੀਆਨਾ ਗਾਇਕੀ ਦੇ ਨਾਮ
BRIEF INTRO ABOUT DR. MAMTA JOSHI:
• SHIV KUMAR BATALVI AWARDEE
• LAL CHAND YAMLA JATT AWARDEE
• SARAWATI AWARDEE
• INTERNATIONAL AWARDEE BY HIGH COMMISSION, U.K. (SCOTLAND, LONDON AND CANADA)
• 1ST WORLD CUP KABADDI IN PUNJAB INAUGURATED BY DR. MAMTA'S PERFORMANCE
• EXCLUSIVE MUSICAL EVENING IN BOLLYWOOD CELEBRITY AWARD CEREMONY "VIRSA-2011" IN MUMBAI BY DR. MAMTA JOSHI
• 1ST PUNJABI SINGER WHO SANG RABINDRA NATH TAGORE (1ST ASIAN NOBEL PRIZE WINNER) POETRY IN PUNJABI
• A RENOWNED SUFI SINGER DR. MAMTA JOSHI IS A PROFESSOR OF MUSIC IN INDIA
Dr. Mamta Joshi
Live in Concert
To book a show in your city or sponsorship call:
Dr. Jasbir Singh Lohan 559-940-8311
http://www.bolusa.org

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ, ਕਿਤੇ ਵੇਖ ਕੇ ਨਾ ਘਬਰਾ ਜਾਣਾ।

## ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੇ ਲਹੂ ਵੀਟਵੇਂ ਸੰਘਰਸ਼ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## ਸਨਿਚਰਵਾਰ, 13 ਅਕਤੂਬਰ 2012
## (12 ਤੋਂ 8 ਵਜੇ ਤੱਕ)

**ਸਥਾਨ: ਐਸ.ਈ.ਐਸ. ਹਾਲ**
**10428 ਈਸਟ ਸਟਾਕਟਨ ਬੁਲੇਵਾਰਡ**
**ਐਲਕ ਗਰੋਵ, ਕੈਲੀਫੋਰਨੀਆ - 95624**

*ਉਨ੍ਹਾਂ ਦੀ ਸ਼ਹਾਦਤ ਦੇ ਅਸੀਂ ਸੱਚੇ ਗਵਾਹ ਬਣ ਕੇ, ਉਨ੍ਹਾਂ ਦੇ ਖੂਨ ਦੀ ਗਾਥਾ ਹੈ ਦੀਵਾਰ 'ਤੇ ਲਿਖਣੀ।*


*ਬਾਬਾ ਰਾਮ ਸਿੰਘ*


*ਬਾਬਾ ਕਰਤਾਰ ਸਿੰਘ ਦੁੱਕੀ*


*ਸੰਤ ਵਿਸਾਖਾ ਸਿੰਘ*


*ਬਾਬਾ ਸੋਹਣ ਸਿੰਘ ਭਕਨਾ*


*ਲਾਲਾ ਹਰਦਿਆਲ*

**ਸਤਿਕਾਰਯੋਗ ਭੈਣੋ ਤੇ ਭਰਾਵੋ,**

ਗਦਰ ਪਾਰਟੀ ਦਾ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੀ ਲੜਾਈ ਵਿਚ ਮੁੱਖ ਸਥਾਨ ਹੈ, ਜਿਸ ਨੇ ਉਠ ਰਹੀਆਂ ਹੋਰ ਆਜ਼ਾਦੀ ਪ੍ਰਾਪਤੀ ਦੀਆਂ ਲਹਿਰਾਂ ਨੂੰ ਪ੍ਰਭਾਵਤ ਕੀਤਾ ਤੇ ਜਾਨਾਂ ਵਾਰਨ ਲਈ ਪ੍ਰੇਰਨਾ ਦਾ ਸਰੋਤ ਬਣੀ। ਇਸ ਸਾਲ ਦਾ ਮੇਲਾ ਬਾਬਾ ਕਰਤਾਰ ਸਿੰਘ ਦੁੱਕੀ ਤੇ ਸੰਤ ਵਿਸਾਖਾ ਸਿੰਘ ਨੂੰ ਸਮਰਪਿਤ ਹੈ। ਅਗਲੇਰਾ ਸਾਲ 2013 ਇਸ ਲਹਿਰ ਦੀ ਸ਼ਤਾਬਦੀ ਦਾ ਸਾਲ ਹੈ, ਜਿਸ ਨੂੰ ਮਨਾਉਣ ਲਈ ਹੁਣ ਤੋਂ ਹੀ ਕਮਰਕੱਸੇ ਕਰਨੇ ਹੋਣਗੇ। ਅਸੀਂ ਗਦਰੀ ਬਾਬਿਆਂ ਦੇ ਨਾਂ 'ਤੇ ਇਥੇ ਕੰਮ ਕਰ ਰਹੀਆਂ ਵੱਖ-ਵੱਖ ਜਥੇਬੰਦੀਆਂ ਨੂੰ ਇਹ ਸ਼ਤਾਬਦੀ ਵਰ੍ਹਾ ਇਕਜੁੱਟ ਹੋ ਕੇ ਮਨਾਉਣ ਦੀ ਬੇਨਤੀ ਕਰਦੇ ਹਾਂ ਅਤੇ ਮੇਲੇ 'ਤੇ ਆਉਣ ਦਾ ਖੁੱਲ੍ਹਾ ਸੱਦਾ ਦਿੰਦੇ ਹਾਂ।

ਭੰਗੜਾ ਨਾਈਟ ਟੀਮ ਦਾ ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।

**ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ**


ਮੰਚ ਸੰਚਾਲਨ
ਜਸਵੰਤ ਸ਼ਾਦ

### ਪੁੱਜ ਰਹੇ ਕਲਾਕਾਰ


*ਬਲਜੀਤ ਮਾਲਵਾ*

ਬਲਜੀਤ ਮਾਲਵਾ, ਸੁਲਤਾਨ ਅਖ਼ਤਰ, ਜੋਗਾ ਸਿੰਘ ਕਾਫਰ, ਜੀਵਨ ਰੱਤੂ, ਪੰਮੀ ਮਾਨ, ਪੂਨਮ ਮਲਹੋਤਰਾ, ਦਲਬੀਰ ਸਿੰਘ ਬੇਕਰਜ਼ਫੀਲਡ, ਜੀਤਾ ਗਿੱਲ, ਢਾਡੀ ਜਥਾ ਗੁਰਨਾਮ ਸਿੰਘ ਭੰਡਾਲ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਲਾਈ ਜਾਵੇਗੀ।*

### ਪੁੱਜ ਰਹੀਆਂ ਸ਼ਖ਼ਸੀਅਤਾਂ

ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਰਾ ਜਗਦੀਸ਼ ਖੰਗੂੜਾ
ਬਾਬਾ ਵਿਸਾਖਾ ਸਿੰਘ ਦੇ ਪਰਿਵਾਰ 'ਚੋਂ ਅਮਰੀਕ ਸਿੰਘ ਸੰਧੂ ਤੇ ਭਰਪੂਰ ਸਿੰਘ
ਕਿਰਪਾਲ ਸਿੰਘ ਸੰਧੂ ਫਰਿਜ਼ਨੋ
ਦੁੱਲਾ ਸਿੰਘ ਜਲਾਲਦੀਵਾਲਾ ਦੀ ਪੋਤਰੀ ਗਿਆਨ ਕੌਰ
ਜਗਜੀਤ ਸਿੰਘ ਬਾਗੀ ਦੇ ਜਵਾਈ ਗੁਰਚਰਨ ਸਿੰਘ ਬੈਂਸ
ਦੇਵਾ ਸਿੰਘ ਧੂਤ ਦੇ ਪੁੱਤਰ ਦਲਵਿੰਦਰ ਸਿੰਘ ਧੂਤ


**ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ**
916-420-2390
**ਸਕੱਤਰ: ਬਜਿੰਦਰ ਸਿੰਘ ਭੱਟੀ**
209-480-2275

**ਨਾਮਧਾਰੀ ਸੰਗਤ: ਕੇਵਲ ਸਿੰਘ**
707-208-4931
**ਬਲਦੇਵ ਸਿੰਘ**
408-390-5577

**ਸਮਿਤਰ ਸਿੰਘ ਉਪਲ**
530-695-1716
**ਕਰਮਜੀਤ ਕੰਗ**
661-205-5214

**ਪਰਮਜੀਤ ਸਿੰਘ ਸੰਧੂ**
510-387-6997
**ਬਲਵੰਤ ਬਾਂਕਾ**
916-271-4216


**ਪ੍ਰਬੰਧਕ:** ਸਮਿਤਰ ਉਪਲ, ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਜਗਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਧੂ-ਕਬੱਡੀ ਕੋਚ, ਜੁਝਾਰ ਸਿੰਘ ਗਿੱਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਫਰੈਂਕ ਜੌਹਨਸਨ, ਰਾਕੇਸ਼, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਹਰਪਾਲ ਸਿੰਘ ਸੰਘਾ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਮੱਖਣ ਸਿੰਘ ਦੌਲਤਪੁਰੀ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ ਲੋਡਾਈ, ਰਛਪਾਲ ਸਿੰਘ ਫਰਵਾਲਾ।

**ਸਪਾਂਸਰ:** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਪੰਜਾਬੀ ਸਾਹਿਤ ਸਭਾ ਬੇ-ਏਰੀਆ, ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਊਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜ ਭਗਵੰਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਡੀ ਜੇ ਏ ਜੇ, ਪਰਮਜੀਤ ਸਿੰਘ ਭੁੱਟਾ।